


Real Estate Services
BUY, SELL or RENT
Queens, Long Island
& Manhattan



Sunny Singh

Ph: 917-679-0029
E-mail: sunny.singhre@gmail.com



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Nineteenth Year of Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 19, May 12, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਸ਼ਾਹਕੋਟ ਜ਼ਿਮਨੀ ਚੋਣ ਦਾ ਬਣਿਆ ਸ਼ਾਹੀ ਠਾਠ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਧਾਨ ਸਭਾ ਦੀ ਸ਼ਾਹਕੋਟ ਜ਼ਿਮਨੀ ਚੋਣ ਸਿਆਸਤ ਦੇ ਨਵੇਂ ਰੰਗ ਦਿਖਾ ਰਹੀ ਹੈ। ਹਾਕਮ ਧਿਰ ਕਾਂਗਰਸ ਜਿਥੇ ਆਪਣੇ 'ਦਾਗੀ' ਉਮੀਦਵਾਰ ਕਰ ਕੇ ਵਿਵਾਦਾਂ ਵਿਚ ਘਿਰੀ ਹੋਈ ਹੈ, ਉਥੇ ਮੁੱਖ ਵਿਰੋਧੀ ਧਿਰ- ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਚੋਣ ਲੜਨ ਦੇ ਹੱਕ ਵਿਚ ਨਾ ਹੋਣ ਕਰ ਕੇ ਸਿਆਸੀ ਖਲਾਅ ਪੈਦਾ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਅਜਿਹੇ ਹਾਲਾਤ ਦੇਖ ਕੇ ਭਾਵੇਂ ਕੱਛਾਂ ਵਜਾ ਰਹੇ ਹਨ ਪਰ ਉਪ ਚੋਣ ਹਮੇਸ਼ਾ ਹਾਕਮ ਧਿਰ ਦੀ ਝੋਲੀ ਪੈਣ ਵਾਲਾ ਫਾਰਮੂਲਾ ਉਸ ਲਈ ਚੁਣੌਤੀ ਤੋਂ ਘੱਟ ਨਹੀਂ। ਇਹ ਹਲਕਾ ਅਕਾਲੀਆਂ ਦਾ ਗੜ੍ਹ ਹੈ, ਪਰ ਸੂਬੇ ਵਿਚ ਸੱਤਾ ਬਦਲੀ ਨਵੇਂ ਸਮੀਕਰਨਾਂ ਵੱਲ ਸੰਕੇਤ ਦੇ ਰਹੀ ਹੈ।

ਕਾਂਗਰਸ ਲਈ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਸਿਆਸੀ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਜਦੋਂ ਸੱਤਾਧਾਰੀ ਧਿਰ ਦੇ ਉਮੀਦਵਾਰ ਦੇ ਐਲਾਨ ਦੇ ਮਹਿਜ਼ 24 ਘੰਟਿਆਂ ਅੰਦਰ ਉਸ ਖਿਲਾਫ ਪਰਚਾ ਦਰਜ ਹੋਇਆ ਹੋਵੇ। ਕਾਂਗਰਸੀ ਉਮੀਦਵਾਰ ਖਿਲਾਫ ਕਾਰਵਾਈ ਨੇ ਇਸ ਦਾਅਵੇ ਨੂੰ ਹੋਰ ਪੱਕਾ ਕਰ ਦਿੱਤਾ ਹੈ ਕਿ ਅਫਸਰਸ਼ਾਹੀ ਉਤੇ ਕੈਪਟਨ ਸਰਕਾਰ ਦੀ ਪਕੜ ਢਿੱਲੀ ਹੈ। ਕਾਂਗਰਸੀ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਉਤੇ ਨਾਜਾਇਜ਼ ਮਾਈਨਿੰਗ ਦੇ ਦੋਸ਼ ਹਨ। ਕਾਂਗਰਸ ਪਾਰਟੀ ਪਰਚਾ ਦਰਜ ਹੋਣ ਦੇ ਬਾਵਜੂਦ ਜਿਥੇ ਸ਼ੇਰੋਵਾਲੀਆ ਨੂੰ ਮੈਦਾਨ ਵਿਚੋਂ ਹਟਾਉਣ ਲਈ ਤਿਆਰ ਨਹੀਂ, ਉਥੇ ਪਰਚਾ ਦਰਜ ਕਰਨ ਵਾਲਾ ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਜਿਦ 'ਤੇ ਅੜਿਆ ਹੋਇਆ ਹੈ ਕਿ ਜੇ ਪਰਚਾ ਰੱਦ ਹੋਇਆ ਤਾਂ ਉਹ ਹਾਈ ਕੋਰਟ ਜਾਵੇਗਾ। ਉਧਰ, ਕਿਹਾ ਜਾ ਰਿਹਾ ਹੈ ਕਿ ਕਾਂਗਰਸ ਨੇ ਇਸ ਥਾਣੇਦਾਰ ਦੇ ਵਿਰੋਧੀਆਂ ਨਾਲ ਮਿਲੇ ਹੋਣ ਦੇ 'ਸਬੂਤ' ਲੱਭ ਲਏ ਹਨ।

ਇਸ ਤੋਂ ਇਲਾਵਾ ਥਾਣੇਦਾਰ ਦਾ ਜਲੰਧਰ ਦੇ ਇਕ ਵੱਡੇ

*(ਬਾਕੀ ਸਫਾ 6 ਉਤੇ)*




*ਪੰਜਾਬ ਟਾਈਮਜ਼ ਦੀ 18ਵੀਂ ਵਰ੍ਹੇਗੰਢ ਮੌਕੇ ਸ਼ਿਕਾਗੋ ਵਿਚ 5 ਮਈ ਨੂੰ ਹੋਏ ਸਮਾਗਮ ਦੌਰਾਨ ਮੁੱਖ ਬੁਲਾਰੇ ਵਰਿਆਮ ਸਿੰਘ ਸੰਧੂ, ਪ੍ਰਿੰ. ਸਰਵਣ ਸਿੰਘ ਤੇ ਡਾ. ਗੁਰਬਖਸ਼ ਸਿੰਘ ਭੰਡਾਲ (ਖੜ੍ਹੇ ਖੱਬਿਓਂ 8ਵੇਂ, 9ਵੇਂ ਤੇ 11ਵੇਂ) ਮੁੱਖ ਮਹਿਮਾਨ ਪ੍ਰੋ. ਜਗਿੰਦਰ ਸਿੰਘ ਰਮਦੇਵ (ਖੱਬਿਓਂ ਛੇਵੇਂ) ਅਤੇ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰਾਂ ਨਾਲ (ਰਿਪੋਰਟ ਅਗਲੇ ਅੰਕ ਵਿਚ)*

## ਅਕਾਲ ਤਖਤ ਸਾਹਮਣੇ ਢਾਡੀ ਦੀਵਾਨ ਵਾਲਾ ਵਿਵਾਦ ਨਿਬੜਿਆ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਢਾਡੀ ਦੀਵਾਨ ਸਜਾਉਣ ਦੇ ਸਮੇਂ ਸਬੰਧੀ ਢਾਡੀ ਸਭਾਵਾਂ ਵਿਚ ਚੱਲ ਰਿਹਾ ਵਿਵਾਦ ਆਖਰਕਾਰ ਮੁੱਕ ਗਿਆ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਦੋਵਾਂ ਢਾਡੀ ਸਭਾਵਾਂ ਦੇ ਆਗੂਆਂ ਨਾਲ ਗੱਲਬਾਤ ਕਰ ਕੇ ਝਗੜੇ ਨੂੰ ਹੱਲ ਕਰ ਦਿੱਤਾ ਗਿਆ। ਭਵਿਖ ਵਿਚ ਸਮੂਹ ਢਾਡੀ ਜਥਿਆਂ ਨੂੰ ਢਾਡੀ ਦਰਬਾਰ ਲਾਉਣ ਵਾਸਤੇ ਬਰਾਬਰ ਦਾ ਸਮਾਂ ਦਿੱਤਾ ਜਾਵੇਗਾ। ਅਕਾਲ ਤਖਤ ਦੇ ਸਕੱਤਰੇਤ ਵਿਖੇ ਜਥੇਦਾਰ ਵੱਲੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਅਤੇ ਮੀਰੀ ਪੀਰੀ ਢਾਡੀ ਸਭਾ ਦੇ ਆਗੂਆਂ ਨੂੰ ਸੱਦਿਆ ਗਿਆ। ਢਾਡੀ ਸਭਾਵਾਂ ਦੇ ਗਿਲੇ ਸ਼ਿਕਵੇ ਸੁਣਨ ਮਗਰੋਂ ਮਸਲੇ ਨੂੰ ਹੱਲ ਕਰਨ ਲਈ ਤਜਵੀਜ਼ ਪੇਸ਼ ਕੀਤੀ ਗਈ, ਜਿਸ ਤਹਿਤ ਢਾਡੀ ਸਭਾਵਾਂ ਦੀ ਥਾਂ ਹੁਣ ਨਿੱਜੀ ਤੌਰ ਉਤੇ ਢਾਡੀ ਜਥਿਆਂ ਨੂੰ ਬਰਾਬਰ ਸਮਾਂ ਦਿੱਤਾ ਜਾਵੇਗਾ।

ਨਵੇਂ ਨਿਯਮਾਂ ਮੁਤਾਬਕ ਦੋਵੇਂ ਢਾਡੀ ਸਭਾਵਾਂ ਦੇ ਜਥੇ ਤਿੰਨ-ਤਿੰਨ ਦਿਨ ਦੀਵਾਨ ਸਜਾਉਣਗੇ। ਛੇ ਦਿਨਾਂ ਬਾਅਦ ਅਕਾਲ ਤਖਤ ਦੀ ਹਦਾਇਤ ਉਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਢਾਡੀ ਜਥਿਆਂ ਦੀ ਡਿਊਟੀ ਲਾਈ ਜਾਵੇਗੀ, ਜਿਸ ਮੁਤਾਬਕ ਜਥੇ ਢਾਡੀ ਦੀਵਾਨ ਲਾਉਣਗੇ ਅਤੇ ਸਾਰਿਆਂ ਨੂੰ ਬਰਾਬਰ ਸਮਾਂ ਮਿਲੇਗਾ। ਦੱਸ ਦਈਏ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਅਤੇ ਮੀਰੀ ਪੀਰੀ ਢਾਡੀ ਸਭਾ ਵਿਚਾਲੇ ਦੀਵਾਨ ਲਾਉਣ ਲਈ ਦਿੱਤੇ ਸਮੇਂ ਦੀ ਵੰਡ ਕਾਰਨ ਵਿਵਾਦ ਪੈਦਾ ਹੋ ਗਿਆ ਸੀ। ਇਕ ਧਿਰ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਵਧੇਰੇ ਜਥੇ ਹਨ, ਇਸ ਲਈ ਦੀਵਾਨ ਸਜਾਉਣ ਦਾ ਸਮਾਂ ਵੀ ਵੱਧ ਮਿਲਣਾ ਚਾਹੀਦਾ ਹੈ।

ਦੋਵਾਂ ਦੇ ਵਿਵਾਦ ਕਾਰਨ ਸ੍ਰੀ ਅਕਾਲ ਤਖਤ ਦੇ ਸਾਹਮਣੇ ਦੀਵਾਨ ਲਾਉਣ ਉਤੇ ਰੋਕ ਲਾ ਦਿੱਤੀ ਗਈ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਨੇ ਅਕਾਲ ਤਖਤ ਦੇ ਜਥੇਦਾਰ ਦੇ ਫੈਸਲੇ ਦੇ ਵਿਰੋਧ ਵਿਚ ਖਾਲਸਾ ਹੈਰੀਟੇਜ ਸਟਰੀਟ

*(ਬਾਕੀ ਸਫਾ 6 ਉਤੇ)*



Ad Space Available
Please Call,
Ph: 847-359-0746



Harpreet Singh
WorldWide Travel
www.fly2world.com
866 66 INDIA
46342

Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ
734 838 9998
24 ਘੰਟੇ ਐਮਰਜੈਂਸੀ ਸੇਵਾ





Fares shown are from Detroit for departure between Sep 5th and Dec 8th. Fare may change without notice, please call for more details. Other conditions

Ad Space Available
Please Call,
Ph: 847-359-0746

# ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਅਮਰੀਕਾ ਦਾ ਵਫਦ ਕਰਨਾਟਕ ਚੋਣਾਂ ਵਿਚ ਸਰਗਰਮ

**ਟਾਂਡਾ, ਉੜਮੁੜ (ਬਿਊਰੋ):** ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਦੀ ਅਗਵਾਈ 'ਚ ਓਵਰਸੀਜ਼ ਕਾਂਗਰਸ ਅਮਰੀਕਾ ਦਾ ਵਫਦ ਕਰਨਾਟਕ ਚੋਣਾਂ ਵਿਚ ਪੂਰੀ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਕਾਂਗਰਸ ਹਾਈ ਕਮਾਂਡ ਨੇ ਕਰਨਾਟਕ ਵਿਚ ਪੱਛੜੇ ਵਰਗਾਂ ਅਤੇ ਸਿੱਖ ਭਾਈਚਾਰੇ ਦੀ ਵੱਡੀ ਵਸੋਂ ਨੂੰ ਵੇਖਦਿਆਂ ਸ. ਮਹਿੰਦਰ ਸਿੰਘ ਗਿਲਜ਼ੀਆਂ ਨੂੰ ਉਚੇਚੇ ਤੌਰ 'ਤੇ ਚੋਣ ਪ੍ਰਚਾਰ ਲਈ ਬੁਲਾਇਆ ਹੈ। ਜ਼ਿਕਰਯੋਗ ਹੈ ਕਿ ਸ. ਮਹਿੰਦਰ ਸਿੰਘ ਗਿਲਜ਼ੀਆਂ ਪੰਜਾਬ ਦੇ ਹਲਕਾ ਉੜਮੁੜ ਤੋਂ ਕਾਂਗਰਸੀ ਵਿਧਾਇਕ ਸੰਗਤ ਸਿੰਘ ਗਿਲਜ਼ੀਆਂ ਦੇ ਭਰਾ ਹਨ।

ਸ. ਮਹਿੰਦਰ ਸਿੰਘ ਗਿਲਜ਼ੀਆਂ ਨੇ ਦੱਸਿਆ ਕਿ ਕਰਨਾਟਕ ਵਿਚ ਕਾਂਗਰਸ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਕਰ ਰਹੀ ਹੈ ਅਤੇ ਕਾਂਗਰਸੀ ਉਮੀਦਵਾਰਾਂ ਨੂੰ ਹੋਰ ਮਜਬੂਰ ਕਰਨ ਲਈ ਪਰਵਾਸੀ ਭਾਰਤੀ ਆਪਣਾ ਯੋਗਦਾਨ ਪਾ ਰਹੇ ਹਨ। ਉਹ ਪਿਛਲੇ ਕਈ ਦਿਨਾਂ ਤੋਂ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਵਿਸ਼ਵ ਪ੍ਰਧਾਨ ਸੈਮ ਪਿਤਰੋਦਾ ਦੇ ਦਿਸ਼ਾ-ਨਿਰਦੇਸ਼ ਅਧੀਨ ਪ੍ਰਭਾਵਸ਼ਾਲੀ ਢੰਗ ਨਾਲ ਕਰਨਾਟਕ ਵਿਚ ਵਸਦੇ ਪਰਵਾਸੀ ਭਾਰਤੀ ਪਰਿਵਾਰਾਂ ਅਤੇ ਖਾਸਕਰ ਸਿੱਖ ਭਾਈਚਾਰੇ ਨੂੰ ਮੁੜ ਕਾਂਗਰਸ ਦੇ ਹੱਕ ਵਿਚ ਫਤਵਾ ਦੇਣ ਲਈ ਲਾਮਬੰਦ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਕਰਨਾਟਕ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਇਤਿਹਾਸਕ ਗੁਰਦੁਆਰਾ ਨਾਨਕ ਝੀਰਾ (ਬਿਦਰ) ਨਤਮਸਤਕ ਹੋਏ, ਜਿਥੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਿਰੋਪਾਓ ਨਾਲ ਨਿਵਾਜਿਆ। ਸ. ਗਿਲਜ਼ੀਆਂ ਅਤੇ ਗੁਰਦੁਆਰਾ ਸਾਹਿਬ ਟਰੱਸਟ ਦੇ ਪ੍ਰਧਾਨ ਬਲਬੀਰ ਸਿੰਘ ਨੇ ਰਾਹੁਲ ਗਾਂਧੀ ਨੂੰ ਗੁਰਦੁਆਰਾ ਨਾਨਕ ਝੀਰਾ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਮੌਕੇ ਮਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ ਕਿ 2019 'ਚ ਰਾਹੁਲ ਗਾਂਧੀ ਦੇਸ਼ ਦੇ ਪ੍ਰਧਾਨ ਮੰਤਰੀ ਬਣਨਗੇ ਅਤੇ ਦੇਸ਼ ਦੇ ਹਰੇਕ ਵਰਗ ਦੇ ਸੁਪਨਿਆਂ ਨੂੰ ਪੂਰਾ ਕਰਨਗੇ।





## ਭਾਰਤ ਦੀ ਵਿਕਾਸ ਦਰ 7.3 ਫੀਸਦੀ ਰਹਿਣ ਦੀ ਉਮੀਦ

**ਨਵੀਂ ਦਿੱਲੀ:** ਫਿੱਚ ਗਰੁੱਪ ਦੀ ਕੰਪਨੀ ਬੀ.ਐਮ.ਆਈ. ਰਿਸਰਚ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਦੀ ਵਿਕਾਸ ਦਰ ਮੌਜੂਦਾ ਵਿੱਤੀ ਵਰ੍ਹੇ ਵਿਚ 7.3 ਫੀਸਦੀ ਰਹਿਣ ਦੀ ਉਮੀਦ ਹੈ। ਉਸਾਰੀ, ਉਤਪਾਦਨ ਅਤੇ ਸੇਵਾਵਾਂ ਖੇਤਰ ਵਿਚ ਜ਼ੋਰਦਾਰ ਸਰਗਰਮੀ ਕਰ ਕੇ ਆਰਥਿਕ ਵਿਕਾਸ ਦਰ ਮਜ਼ਬੂਤ ਰਹੇਗੀ।

## ਅਮਰੀਕੀ ਯੂਨੀਵਰਸਿਟੀਆਂ 'ਚ ਪੜ੍ਹ ਰਹੇ ਨੇ 2.11 ਲੱਖ ਭਾਰਤੀ ਵਿਦਿਆਰਥੀ

**ਵਾਸ਼ਿੰਗਟਨ:** ਅਮਰੀਕਾ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿਚ 211,703 ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਸਰਕਾਰੀ ਰਿਪੋਰਟ 'ਚ ਆਖਿਆ ਗਿਆ ਹੈ ਕਿ ਅਮਰੀਕਾ 'ਚ ਚੀਨ ਦੇ ਸਭ ਤੋਂ ਵਧ 377,070 ਵਿਦਿਆਰਥੀ ਪੜ੍ਹਦੇ ਹਨ। ਦੂਜੇ ਨੰਬਰ ਉਤੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਆਉਂਦੀ ਹੈ। ਛੇ ਮਹੀਨਿਆਂ 'ਚ ਚੀਨ ਤੋਂ 6,305 ਵਿਦਿਆਰਥੀ ਅਮਰੀਕਾ ਆਏ ਜਦਕਿ ਭਾਰਤ ਨੇ 2,356 ਵਿਦਿਆਰਥੀ ਭੇਜੇ। ਅਸਲ ਵਿਚ ਅਮਰੀਕਾ ਦੇ ਸਾਰੇ ਕੌਮਾਂਤਰੀ ਵਿਦਿਆਰਥੀਆਂ ਵਿਚੋਂ 77 ਫੀਸਦੀ ਏਸ਼ੀਆ 'ਚ ਰਹਿੰਦੇ ਹਨ। ਰਿਪੋਰਟ ਮੁਤਾਬਕ ਦੁਨੀਆਂ ਦੀ ਸਭ ਤੋਂ ਵਧ ਆਬਾਦੀ ਵਾਲੇ ਦੋ ਮੁਲਕਾਂ ਭਾਰਤ ਅਤੇ ਚੀਨ ਦੇ ਵਿਦਿਆਰਥੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ ਪਰ ਏਸ਼ਿਆਈ ਵਿਦਿਆਰਥੀਆਂ ਦੀ ਗਿਣਤੀ ਵਿਚ ਥੋੜ੍ਹੀ ਕਮੀ ਆਈ ਹੈ।

## ਮੰਗਲ 'ਤੇ ਭੂਚਾਲਾਂ ਦੀ ਖੋਜ ਲਈ ਨਾਸਾ ਦਾ ਮਿਸ਼ਨ 'ਇਨਸਾਈਟ' ਰਵਾਨਾ

**ਨਵੀਂ ਦਿੱਲੀ:** ਮੰਗਲ ਗ੍ਰਹਿ ਦੀ ਸਤ੍ਹਾ 'ਤੇ ਜਾ ਕੇ ਖੋਜ ਕਰਨ ਲਈ ਨਾਸਾ ਦਾ ਮਿਸ਼ਨ 'ਇਨਸਾਈਟ' ਰਵਾਨਾ ਹੋ ਗਿਆ ਹੈ। ਇਸ ਪ੍ਰੋਜੈਕਟ 'ਤੇ 99.3 ਕਰੋੜ ਡਾਲਰ ਖਰਚ ਆਏ ਹਨ। ਉਮੀਦ ਕੀਤੀ ਜਾਂਦੀ ਹੈ ਕਿ ਇਸ ਨਾਲ ਮੰਗਲ ਗ੍ਰਹਿ ਦੀਆਂ ਅੰਦਰੂਨੀ ਹਾਲਤਾਂ ਬਾਰੇ ਇਨਸਾਨੀ ਸਮਝ ਪੀਡੀ ਹੋਵੇਗੀ ਤੇ ਉਥੇ ਇਨਸਾਨੀ ਖੋਜੀ ਭੇਜਣ ਦੇ ਯਤਨਾਂ ਬਾਰੇ ਵੀ ਜਾਣਕਾਰੀ ਹਾਸਲ ਹੋਵੇਗੀ। ਸਭ ਕੁਝ ਠੀਕ ਰਿਹਾ ਤਾਂ ਲੈਂਡਰ ਮਿਸ਼ਨ 26 ਨਵੰਬਰ ਨੂੰ ਲਾਲ ਗ੍ਰਹਿ 'ਤੇ ਅੱਪੜ ਜਾਵੇਗਾ।

## ਪਾਇਲਟ ਵੱਲੋਂ ਏਅਰਹੋਸਟੈਸ ਨਾਲ ਛੇੜਖਾਨੀ

**ਮੁੰਬਈ:** ਏਅਰ ਇੰਡੀਆ ਦੀ ਏਅਰਹੋਸਟੈਸ ਨੇ ਅਹਿਮਦਾਬਾਦ-ਮੁੰਬਈ ਉਡਾਣ ਦੌਰਾਨ ਪਾਇਲਟ 'ਤੇ ਉਸ ਨਾਲ ਛੇੜਖਾਨੀ ਦਾ ਇਲਜ਼ਾਮ ਲਾਇਆ ਹੈ। ਪੁਲਿਸ ਮੁਤਾਬਕ ਉਡਾਣ ਦੌਰਾਨ ਹੀ ਸ਼ਿਕਾਇਤਕਰਤਾ ਏਅਰਹੋਸਟੈਸ ਤੇ ਮੁਲਜ਼ਮ ਪਾਇਲਟ ਵਿਚਾਲੇ ਝੜਪ ਹੋ ਗਈ ਸੀ ਜਿਸ ਪਿੱਛੋਂ ਮਹਿਲਾ ਨੇ ਸਹਾਰ ਥਾਣੇ ਵਿਚ ਕੇਸ ਦਰਜ ਕਰਾਇਆ।


## ਭਾਰਤੀ ਕੁੜੀ ਦੇ ਦਿਲ ਦੇ ਰੋਗਾਂ ਬਾਰੇ ਪ੍ਰਾਜੈਕਟ ਨੂੰ ਇਨਾਮ

**ਸਿੰਗਾਪੁਰ:** ਚੇਨਈ 'ਚ ਜੰਮੀ 18 ਵਰ੍ਹਿਆਂ ਦੀ ਲੜਕੀ ਵਿਜਿਆ ਕੁਮਾਰ ਰਾਘਵੀ ਨੇ ਦਿਲ ਦੇ ਰੋਗਾਂ ਬਾਰੇ ਅਧਿਐਨ ਲਈ ਇਸ ਸਾਲ ਦਾ 'ਏ ਸਟਾਰ' ਟੇਲੈਂਟ ਸਰਚ ਐਵਾਰਡ ਜਿੱਤਿਆ ਹੈ। ਉਹ 611 ਵਿਦਿਆਰਥੀਆਂ 'ਚੋਂ ਮੋਹਰੀ ਰਹੀ। ਉਸ ਨੂੰ ਨਗਦ ਇਨਾਮ, ਕਾਨਫਰੰਸ ਲਈ ਵਿਦੇਸ਼ ਦਾ ਦੌਰਾ, ਟਰਾਫੀ ਅਤੇ ਸਰਟੀਫਿਕੇਟ ਨਾਲ ਨਿਵਾਜਿਆ ਗਿਆ ਹੈ।

ਰਾਘਵੀ ਨੇ ਕਿਹਾ ਕਿ ਉਸ ਨੇ ਦੋ ਸਾਲਾਂ ਤੱਕ ਹਾਈਪਰਟ੍ਰੋਫਿਕ ਕਾਰਡੀਓਮਾਇਓਪੈਥੀ ਪ੍ਰੋਜੈਕਟ ਦੀ ਤਿਆਰੀ ਕੀਤੀ। ਇਸ ਤਹਿਤ ਮਰੀਜ਼ ਦੇ ਦਿਲ ਦੀ ਧੜਕਣ ਅਨਿਯਮਤ ਹੋ ਜਾਂਦੀ ਹੈ। ਉਹ ਜਾਂ ਤਾਂ ਤੇਜ਼ ਚੱਲਦੀ ਹੈ ਜਾਂ ਹੌਲੀ ਹੋ ਜਾਂਦੀ ਹੈ ਅਤੇ ਇਸੇ ਆਧਾਰ ਉਤੇ ਰਾਘਵੀ ਨੇ ਪ੍ਰੋਜੈਕਟ ਉਤੇ ਕੰਮ ਕੀਤਾ ਹੈ।

## ਨਵੇਂ ਸਿਮ ਲਈ ਆਧਾਰ ਨੰਬਰ ਜ਼ਰੂਰੀ ਨਹੀਂ

**ਨਵੀਂ ਦਿੱਲੀ:** ਟੈਲੀਕਾਮ ਕੰਪਨੀਆਂ ਵੱਲੋਂ ਕਿਸੇ ਵੀ ਸ਼ਨਾਖਤੀ ਦਸਤਾਵੇਜ਼ ਜਿਵੇਂ ਵੋਟਰ ਕਾਰਡ ਜਾਂ ਡਰਾਈਵਿੰਗ ਲਾਈਸੈਂਸ ਨਾਲ ਨਵਾਂ ਸਿਮ ਜਾਰੀ ਕੀਤਾ ਜਾ ਸਕਦਾ ਹੈ ਅਤੇ ਉਸ ਲਈ ਆਧਾਰ ਕਾਰਡ ਦੀ ਲੋੜ ਨਹੀਂ ਹੈ, ਪਰ ਮੋਬਾਈਲ ਨੰਬਰ ਆਧਾਰ ਨੰਬਰ ਨਾਲ ਜੋੜਨਾ ਹੀ ਪਏਗਾ।

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


ਡਰਾਈਵਰਾਂ ਦੀ ਲੋੜ ਹੈ
61 ਸੈਂਟ ਪ੍ਰਤੀ ਮੀਲ

ਨਵੀਂ ਮਸ਼ੀਨਰੀ
ਸਿਰਫ ਸੋਮਵਾਰ ਤੋਂ ਸ਼ੁੱਕਰਵਾਰ, ਵੀਕਐਂਡ 'ਤੇ ਘਰ
ਯੋਗਤਾਵਾਂ: ਘੱਟੋ ਘੱਟ ਦੋ ਸਾਲ ਦਾ ਤਜਰਬਾ
ਉਮਰ ਘੱਟੋ ਘੱਟ 23 ਸਾਲ
ਸਾਫ ਸੁਥਰਾ ਐਮ. ਵੀ. ਆਰ. ਹੋਵੇ
ਸੰਪਰਕ ਕਰੋ, ਫੋਨ: (219) 307-9515
Drivers Needed
61 Cents Per Mile
New Equipment , Monday to Friday only, Weekend Off
Qualifications: Minimum 2 Years Experience
Age 23, Clean MVR
Ph: (219) 307-9515

## ਸਿੱਖ ਜਥੇਬੰਦੀਆਂ ਵੱਲੋਂ ਵਿਸ਼ਵ ਹਿੰਦੂ ਕਾਨਫਰੰਸ ਦੇ ਵਿਰੋਧ ਦਾ ਐਲਾਨ

**ਨਿਊ ਯਾਰਕ:** ਅਮਰੀਕਾ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਜਥੇਬੰਦੀਆਂ ਦੀ ਸਾਂਝੀ ਕੋਆਰਡੀਨੇਸ਼ਨ ਕਮੇਟੀ ਨੇ ਐਲਾਨ ਕੀਤਾ ਹੈ ਕਿ ਸ਼ਿਕਾਗੋ ਵਿਚ 7 ਤੋਂ 9 ਸਤੰਬਰ ਤੱਕ ਹਿੰਦੂ ਜਥੇਬੰਦੀਆਂ ਵੱਲੋਂ ਕਰਾਈ ਜਾਣ ਵਾਲੀ ਵਿਸ਼ਵ ਹਿੰਦੂ ਕਾਨਫਰੰਸ ਦਾ ਸਖਤ ਵਿਰੋਧ ਕੀਤਾ ਜਾਵੇਗਾ।

ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਸਮੇਤ ਹਰਜਿੰਦਰ ਸਿੰਘ, ਵੀਰ ਸਿੰਘ ਤੇ ਦਵਿੰਦਰ ਸਿੰਘ ਨੇ ਆਖਿਆ ਕਿ ਇਹ ਵਿਸ਼ਵ ਹਿੰਦੂ ਕਾਨਫਰੰਸ ਆਰ. ਐਸ. ਐਸ. ਅਤੇ ਭਾਜਪਾ ਵੱਲੋਂ ਕੀਤੀ ਜਾ ਰਹੀ ਹੈ, ਜਿਸ ਦਾ ਸਿੱਖ ਜਥੇਬੰਦੀਆਂ ਤਿੰਨੇ ਦਿਨ ਸਖਤ ਵਿਰੋਧ ਕਰਨਗੀਆਂ। ਇਸ ਮੌਕੇ ਘਿਰਾਉ ਵੀ ਕੀਤੇ ਜਾਣਗੇ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਜਥੇਬੰਦੀਆਂ ਵੱਲੋਂ ਸਵਾਮੀ ਵਿਵੇਕਾਨੰਦ ਦਾ ਨਾਂ ਵਰਤ ਕੇ ਹਿੰਦੂਤਵ ਦੇ ਭਗਵੇਂਕਰਨ ਦੇ ਏਜੰਡੇ ਨੂੰ ਫੈਲਾਉਣ ਲਈ ਯਤਨ ਕੀਤਾ ਜਾ ਰਿਹਾ ਹੈ।

## ਭਾਰਤੀ-ਅਮਰੀਕੀ ਪ੍ਰੋਫੈਸਰ ਨੂੰ ਖੋਜ ਲਈ ਗ੍ਰਾਂਟ

**ਹਿਊਸਟਨ:** ਇਕ ਭਾਰਤੀ-ਅਮਰੀਕੀ ਪ੍ਰੋਫੈਸਰ ਤਾਹਿਰ ਹੁਸੈਨ ਨੂੰ ਗੁਰਦਿਆਂ ਦੇ ਸੈੱਲਾਂ ਬਾਰੇ ਖੋਜ ਲਈ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਐਨ.ਆਈ.ਐਚ. ਤੋਂ 16 ਲੱਖ ਡਾਲਰ ਦੀ ਗ੍ਰਾਂਟ ਮਿਲੀ ਹੈ। ਹੁਸੈਨ ਹਿਊਸਟਨ ਯੂਨੀਵਰਸਿਟੀ ਵਿਚ ਫਾਰਮਾਕੋਲੋਜੀ ਦੇ ਪ੍ਰੋਫੈਸਰ ਹਨ। ਉਨ੍ਹਾਂ ਅਜਿਹੇ ਸੈੱਲਾਂ ਦੀ ਖੋਜ ਕੀਤੀ ਹੈ ਜੋ ਸੋਜਿਸ਼ ਤੋਂ ਬਚਾਅ ਲਈ ਪ੍ਰੋਟੀਨ ਛੱਡਦੇ ਹਨ।

# ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਨ ਮਨਾਇਆ

**ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਰਾਮਗੜ੍ਹੀਆ ਸੁਸਾਇਟੀ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਹਿਜ ਪਾਠ ਦੇ ਭੋਗ ਉਪਰੰਤ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਕਮਲਜੀਤ ਸਿੰਘ ਮਠਾਰੂ ਨੇ ਸੰਗਤ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ। ਉਪਰੰਤ ਸਜੇ ਦੀਵਾਨ ਵਿਚ ਭਾਈ ਗੁਲਜ਼ਾਰ ਸਿੰਘ ਅਤੇ ਭਾਈ ਮਨਜੀਤ ਸਿੰਘ ਦੇ ਕੀਰਤਨੀ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਕਥਾਵਾਚਕ ਭਾਈ ਪੰਜਾਬ ਸਿੰਘ ਦਿੱਲੀ ਵਾਲਿਆਂ ਨੇ ਸਰਦਾਰ ਆਹਲੂਵਾਲੀਆ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਕਿਵੇਂ ਉਨ੍ਹਾਂ ਸਿੱਖ ਕੌਮ ਦੀ ਯੋਗ ਅਗਵਾਈ ਕੀਤੀ ਅਤੇ ਹੱਕ-ਸੱਚ ਦੀ ਲੜਾਈ ਲੜਦਿਆਂ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ।

ਭਾਈ ਬੱਲੜਵਾਲ ਦੇ ਢਾਡੀ ਜਥੇ ਨੇ ਬੀਰ ਰਸੀ ਵਾਰਾਂ ਰਾਹੀਂ ਸੰਗਤ ਵਿਚ ਜੋਸ਼ ਪੈਦਾ ਕੀਤਾ ਅਤੇ ਸਰਦਾਰ ਆਹਲੂਵਾਲੀਆ ਦੇ ਦਲੇਰੀ ਅਤੇ ਕੌਮ ਦੀ ਅਗਵਾਈ ਦਾ ਬਿਆਨ ਸੁਚੱਜੇ ਢੰਗ ਨਾਲ ਸੁਣਾਇਆ। ਅਖੀਰ ਵਿਚ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਓਂਕਾਰ ਸਿੰਘ ਨੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਸਿੱਖ ਕੌਮ ਦੇ ਹੀਰਿਆਂ ਦੇ ਦਿਨ ਮਨਾਉਂਦੇ ਰਹੀਏ।

# ਕਠੂਆ ਕੇਸ ਦੀ ਸੁਣਵਾਈ ਪੰਜਾਬ ਤਬਦੀਲ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਠੂਆ ਗੈਂਗਰੇਪ ਤੇ ਹੱਤਿਆ ਦੇ ਕੇਸ ਦਾ ਮੁਕੱਦਮਾ ਪਠਾਨਕੋਟ ਵਿਚ ਤਬਦੀਲ ਕਰ ਦਿੱਤਾ ਹੈ। ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਇਹ ਵੀ ਹਦਾਇਤ ਕੀਤੀ ਕਿ ਮੁਕੱਦਮੇ ਦੀ ਸੁਣਵਾਈ ਰੋਜ਼-ਬ-ਰੋਜ਼ ਆਧਾਰ ਉਤੇ ਫਾਸਟ ਟਰੈਕ ਤੇ ਬਿਨਾਂ ਹੋਰ ਦੇਰੀ ਤੋਂ ਕੀਤੀ ਜਾਵੇ ਤੇ ਕਾਰਵਾਈ ਕੈਮਰੇ ਉਤੇ ਰਿਕਾਰਡ ਕੀਤੀ ਜਾਵੇ ਪਰ ਬੈਂਚ ਨੇ ਕੇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਤੋਂ ਗੁਰੇਜ਼ ਕੀਤਾ ਤੇ ਕਿਹਾ ਕਿ ਜਾਂਚ ਮੁਕੰਮਲ ਹੋਣ ਤੋਂ ਬਾਅਦ ਦੋਸ਼ ਪੱਤਰ ਦਾਇਰ ਹੋ ਚੁੱਕੇ ਹਨ। ਲਿਹਾਜ਼ਾ ਸੀ.ਬੀ.ਆਈ. ਜਾਂਚ ਦੀ ਕੋਈ ਲੋੜ ਨਹੀਂ।

ਬੈਂਚ ਨੇ ਕਿਹਾ ਕਿ ਮੁਕੱਦਮੇ ਦੀ ਕਾਰਵਾਈ ਅਜਿਹੀ ਹੋਣੀ ਚਾਹੀਦੀ ਹੈ ਕਿ ਇਸ ਵਿਚ ਸ਼ਾਮਲ ਹੋਣ ਸਮੇਂ ਪੀੜਤ, ਗਵਾਹ ਜਾਂ ਮੁਲਜ਼ਮ ਕਿਸੇ ਨੂੰ ਵੀ ਡਰ ਨਾ ਮਹਿਸੂਸ ਹੋਵੇ।

ਬੈਂਚ ਨੇ ਕਿਹਾ ਕਿ ਮੁਕੱਦਮੇ ਦੀ ਕਾਰਵਾਈ ਜੰਮੂ ਕਸ਼ਮੀਰ ਵਿਚ ਲਾਗੂ ਰਣਬੀਰ ਪੀਨਲ ਕੋਡ ਅਨੁਸਾਰ ਚਲਾਈ ਜਾਵੇ ਤੇ ਪੀੜਤ ਪਰਿਵਾਰ ਤੇ ਮੁਲਜ਼ਮਾਂ ਦੋਵੇਂ ਧਿਰਾਂ ਲਈ ਨਿਆਂਪੂਰਨ ਢੰਗ ਨਾਲ ਮੁਕੰਮਲ ਕੀਤੀ ਜਾਵੇ। ਦੱਸ ਦਈਏ ਕਿ ਜੰਮੂ ਕਸ਼ਮੀਰ ਦੇ ਕਠੂਆ ਨੇੜੇ ਇਕ ਪਿੰਡ ਵਿਚ ਲੰਘੀ 10 ਜਨਵਰੀ ਨੂੰ ਅੱਠ ਸਾਲ ਦੀ ਬੱਚੀ ਲਾਪਤਾ ਹੋ ਗਈ ਸੀ ਤੇ ਹਫਤੇ ਬਾਅਦ ਉਸ ਦੀ ਲਾਸ਼ ਜੰਗਲੀ ਇਲਾਕੇ 'ਚੋਂ ਮਿਲੀ ਸੀ।

# ਨਵੀਂ ਖਣਨ ਨੀਤੀ ਕਿਸੇ ਬੰਨ੍ਹੇ ਨਾ ਲੱਗੀ

**ਚੰਡੀਗੜ੍ਹ:** ਕੈਪਟਨ ਸਰਕਾਰ ਦੀ ਵਜ਼ਾਰਤੀ ਸਬ ਕਮੇਟੀ ਵੱਲੋਂ ਬਣਾਈ ਗਈ ਨਵੀਂ ਰੇਤਾ ਨੀਤੀ ਨੂੰ ਲੈ ਕੇ ਮੈਂਬਰਾਂ ਵਿਚਾਲੇ ਰੇੜਕਾ ਪੈਦਾ ਹੋ ਗਿਆ ਹੈ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਨਵੀਂ ਰੇਤਾ ਨੀਤੀ ਬਾਰੇ ਰਿਪੋਰਟ ਮੁੱਖ ਮੰਤਰੀ ਨੂੰ ਸੌਂਪ ਦਿੱਤੀ ਹੈ ਪਰ ਰਿਪੋਰਟ ਨੂੰ ਅੰਤਿਮ ਰੂਪ ਦੇਣ ਸਮੇਂ ਸੱਦੀ ਗਈ ਮੀਟਿੰਗ ਵਿਚ ਕਈ ਮੰਤਰੀ ਹਾਜ਼ਰ ਨਾ ਹੋਏ।

ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਰੇਤੇ ਦੀ ਨਾਜਾਇਜ਼ ਖੁਦਾਈ ਦਾ ਇਕ ਅਹਿਮ ਚੋਣ ਮੁੱਦਾ ਸੀ ਤੇ ਕਾਂਗਰਸ ਨੇ ਰੇਤ ਮਾਫੀਆ ਖਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਸਰਕਾਰ ਇਸ ਵਾਅਦੇ ਪੂਰਾ ਕਰਨ ਉਤੇ ਖਰੀ ਨਹੀਂ ਉਤਰੀ ਸਗੋਂ ਰੇਤਾ ਦੇ ਮਾਮਲੇ ਤੋਂ ਸਰਕਾਰ ਦੇ ਅਕਸ ਨੂੰ ਕਾਫੀ ਢਾਹ ਲੱਗੀ ਹੈ। ਕੀਮਤਾਂ ਨੂੰ ਹੇਠਾਂ ਲਿਆਉਣ ਅਤੇ ਨਵੀਂ ਖਣਨ ਨੀਤੀ ਬਣਾਉਣ ਲਈ ਕੈਬਨਿਟ ਮੰਤਰੀ ਨਵਜੋਤ ਸਿੱਧੂ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਜ਼ਾਰਤੀ ਸਬ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੇ ਆਪਣੀ ਪਿਛਲੀ ਮੀਟਿੰਗ ਵਿਚ ਨਵੀਂ ਨੀਤੀ ਬਾਰੇ ਲਗਭਗ ਸਹਿਮਤੀ ਬਣਾ ਲਈ ਸੀ ਪਰ ਰਿਪੋਰਟ ਨੂੰ ਅੰਤਿਮ ਰੂਪ ਦੇਣ ਲਈ ਸੱਦੀ ਗਈ ਮੀਟਿੰਗ ਵਿਚ ਕਮੇਟੀ ਦੇ ਦੋ ਮੈਂਬਰ ਅਤੇ ਨਵੇਂ ਮੰਤਰੀ ਵੀ ਹਾਜ਼ਰ ਨਹੀਂ ਸਨ। ਕਮੇਟੀ ਦੇ ਇਕ ਸੀਨੀਅਰ ਮੈਂਬਰ ਨੇ ਕਿਹਾ ਕਿ ਕਮੇਟੀ ਦੇ ਮੁਖੀ ਨਵਜੋਤ ਸਿੱਧੂ ਨੂੰ ਬਹੁਤ ਕਾਹਲੀ ਹੈ ਤੇ ਇਸ ਕਰ ਕੇ ਉਨ੍ਹਾਂ ਬਾਕੀ ਮੈਂਬਰਾਂ ਦੀ ਉਡੀਕ ਕੀਤੇ ਬਗੈਰ ਹੀ ਰਿਪੋਰਟ ਸੌਂਪ ਦਿੱਤੀ ਗਈ ਹੈ।

## ਮਾਲਿਆ ਦੀਆਂ ਸੰਪਤੀਆਂ ਕੁਰਕ ਕਰਨ ਦੇ ਮੁੜ ਹੁਕਮ

**ਨਵੀਂ ਦਿੱਲੀ:** ਅਦਾਲਤ ਨੇ ਕਾਰੋਬਾਰੀ ਵਿਜੈ ਮਾਲਿਆ ਦੀਆਂ ਸੰਪਤੀਆਂ ਅਟੈਚ ਕਰਨ ਲਈ ਨਵੇਂ ਸਿਰਿਉਂ ਹਦਾਇਤਾਂ ਜਾਰੀ ਕੀਤੀਆਂ ਹਨ। ਮਾਲਿਆ ਨੂੰ ਵਿਦੇਸ਼ੀ ਕਰੰਸੀ ਦੇ ਨੇਮ ਫੇਰਾ ਦੀ ਉਲੰਘਣਾ ਨਾਲ ਸਬੰਧਤ ਕਾਲੇ ਧਨ ਦੇ ਕੇਸ ਵਿਚ ਸੰਮਨਾਂ ਦੀ ਤਾਮੀਲ ਨਾ ਕਰਨ ਕਰ ਕੇ ਪਹਿਲਾਂ ਹੀ ਭਗੌੜਾ ਕਰਾਰ ਦਿੱਤਾ ਹੋਇਆ ਹੈ।

ਚੀਫ ਮੈਟਰੋਪੋਲਿਟਨ ਮੈਜਿਸਟ੍ਰੇਟ ਦੀਪਕ ਸ਼ੇਰਾਵਤ ਨੇ ਇਹ ਹੁਕਮ ਉਦੋਂ ਜਾਰੀ ਕੀਤੇ ਜਦੋਂ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਤਰਫੋਂ ਪੇਸ਼ ਹੋਏ ਵਿਸ਼ੇਸ਼ ਸਰਕਾਰੀ ਵਕੀਲ ਐਨ.ਕੇ. ਮੱਤਾ ਨੇ ਅਦਾਲਤ ਨੂੰ ਦੱਸਿਆ ਕਿ ਏਜੰਸੀ ਨੂੰ ਕੁਰਕੀ ਲਈ ਜ਼ਿੰਮੇਵਾਰ ਅਧਿਕਾਰੀਆਂ ਤੋਂ ਹਾਲੇ ਤੱਕ ਕੋਈ ਜਵਾਬ ਨਹੀਂ ਮਿਲਿਆ। ਮਾਮਲੇ ਉਤੇ ਸੁਣਵਾਈ 5 ਜੁਲਾਈ ਤੱਕ ਮੁਲਤਵੀ ਕਰ ਦਿੱਤੀ ਗਈ।

## ਦਿੱਲੀ ਵਿਚ ਰੋਜ਼ਾਨਾ 5 ਔਰਤਾਂ ਨਾਲ ਜਬਰ ਜਨਾਹ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਵਿਚ ਸਾਲ ਦੇ ਪਹਿਲੇ ਸਾਢੇ ਤਿੰਨ ਮਹੀਨਿਆਂ ਦੌਰਾਨ ਰੋਜ਼ਾਨਾ ਪੰਜ ਤੋਂ ਜ਼ਿਆਦਾ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਾਪਰੀਆਂ ਹਨ। ਦਿੱਲੀ ਪੁਲਿਸ ਦੇ ਅੰਕੜਿਆਂ ਮੁਤਾਬਕ ਪਿਛਲੇ



ਸਾਲ ਦਰਜ ਕੀਤੇ ਗਏ ਬਲਾਤਕਾਰ ਦੇ 96.63 ਫੀਸਦੀ ਕੇਸਾਂ ਵਿਚ ਪੀੜਤਾ, ਮੁਲਜ਼ਮਾਂ ਨੂੰ ਜਾਣਦੀ ਸੀ। ਅੰਕੜਿਆਂ ਮੁਤਾਬਕ ਇਸ ਸਾਲ 15 ਅਪਰੈਲ ਤੱਕ 578 ਬਲਾਤਕਾਰ ਦੇ ਕੇਸ ਦਰਜ ਹੋਏ ਜਦਕਿ ਪਿਛਲੇ ਸਾਲ ਇਸੇ ਵਕਫੇ ਦੌਰਾਨ 563 ਕੇਸ ਸਾਹਮਣੇ ਆਏ ਸਨ। ਪੁਲਿਸ ਨੇ ਕਿਹਾ ਕਿ ਕੇਸਾਂ ਦੇ ਤੇਜ਼ੀ ਨਾਲ ਦਰਜ ਕਰਨ ਕਰ ਕੇ ਅਜਿਹੇ ਮਾਮਲਿਆਂ 'ਚ ਵਾਧਾ ਨਜ਼ਰ ਆ ਰਿਹਾ ਹੈ। ਉਂਜ ਛੇੜਖਾਨੀ ਦੇ ਕੇਸਾਂ ਵਿਚ ਪਿਛਲੇ ਸਾਲ ਨਾਲੋਂ ਗਿਰਾਵਟ ਦਰਜ ਹੋਈ ਹੈ।


## Matrimonials

### ਵਰ ਦੀ ਲੋੜ ਹੈ

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 16-19

### ਲੜਕੀ ਦੀ ਲੋੜ ਹੈ

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 12/4

punjabtimesusa.com

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 17-20

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-830-1877 (USA) or email: Er.pawandeep23@gmail.com, Pannupetroleum@gmail.com 16-19


# ਪਤੀ ਦੇ ਪਾਸਪੋਰਟ 'ਤੇ ਇੰਗਲੈਂਡ ਤੋਂ ਦਿੱਲੀ ਪੁੱਜੀ ਮਹਿਲਾ

**ਲੰਡਨ:** ਭਾਰਤੀ ਮੂਲ ਦੀ ਕਾਰੋਬਾਰੀ ਮਹਿਲਾ ਗੀਤਾ ਮੋਧਾ (55) ਆਪਣੇ ਪਤੀ ਦੇ ਪਾਸਪੋਰਟ ਉਤੇ ਮੈਨਚੈਸਟਰ ਤੋਂ ਭਾਰਤ ਪਹੁੰਚ ਗਈ। ਗੰਭੀਰ ਕੋਤਾਹੀ ਦਾ ਭਾਰਤ 'ਚ ਪਤਾ ਲੱਗਣ ਮਗਰੋਂ ਅਮੀਰਾਤ ਏਅਰਲਾਈਨਜ਼ ਨੇ ਇਸ ਦੀ ਜਾਂਚ ਆਰੰਭ ਦਿੱਤੀ ਹੈ।

ਮੈਨਚੈਸਟਰ ਦੇ ਰੁਸ਼ੋਲਮੇ ਇਲਾਕੇ 'ਚ ਅਲੰਕਾਰ ਬੁਟੀਕ ਚਲਾਉਣ ਵਾਲੀ ਗੀਤਾ 23 ਅਪਰੈਲ ਨੂੰ ਕਾਰੋਬਾਰੀ ਦੌਰੇ ਲਈ ਗਲਤੀ ਨਾਲ ਪਤੀ ਦਿਲੀਪ ਦਾ ਪਾਸਪੋਰਟ ਲੈ ਕੇ ਹਵਾਈ ਅੱਡੇ ਪਹੁੰਚੀ ਸੀ।

'ਮੈਨਚੈਸਟਰ ਈਵਨਿੰਗ ਨਿਊਜ਼' ਮੁਤਾਬਕ ਉਹ ਉਡਾਣ ਫੜਨ 'ਚ ਕਾਮਯਾਬ ਰਹੀ ਅਤੇ ਦੁਬਈ ਵਿਚ ਠਹਿਰਾਅ ਦੌਰਾਨ ਉਸ ਨੂੰ ਕੁਝ ਵੀ ਨਹੀਂ ਆਖਿਆ ਗਿਆ ਪਰ ਦਿੱਲੀ ਪੁੱਜਣ 'ਤੇ ਇਹ ਗਲਤੀ ਫੜੀ ਗਈ। ਓਵਰਸੀਜ਼ ਇੰਡੀਅਨ ਸਿਟੀਜ਼ਨਸ਼ਿਪ ਹੋਣ ਕਰ ਕੇ ਗੀਤਾ ਨੂੰ ਦਿੱਲੀ ਇਮੀਗਰੇਸ਼ਨ ਉਤੇ ਪਾਸਪੋਰਟ ਦਿਖਾਉਣਾ ਪਿਆ ਜਿਥੇ ਉਸ ਨੂੰ ਭਾਰਤ 'ਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਉਸ ਨੂੰ ਦੁਬਈ ਮੋੜ ਦਿੱਤਾ ਗਿਆ ਤਾਂ ਜੋ ਉਹ ਆਪਣਾ ਸਹੀ ਪਾਸਪੋਰਟ ਲਿਆ ਸਕੇ।

# ਪੂਤਿਨ ਨੇ ਚੌਥੀ ਵਾਰ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ

**ਮਾਸਕੋ:** ਵਲਾਦੀਮੀਰ ਪੂਤਿਨ ਨੇ ਚੌਥੀ ਵਾਰ ਰੂਸ ਦੇ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਲਗਭਗ ਦੋ ਦਹਾਕਿਆਂ ਤੋਂ ਸੱਤਾ 'ਚ ਹਨ ਤੇ ਇਸ ਵਕਤ ਜਦੋਂ ਰੂਸ ਦਾ ਕਈ ਪੱਛਮੀ ਦੇਸ਼ਾਂ ਨਾਲ ਤਣਾਅ ਬਣਿਆ ਹੋਇਆ ਹੈ ਤਾਂ ਉਨ੍ਹਾਂ ਦੇ ਕਾਰਜਕਾਲ ਦੀ ਛੇ ਸਾਲਾ ਇਕ ਹੋਰ ਪਾਰੀ ਸ਼ੁਰੂ ਹੋ ਗਈ ਹੈ।

65 ਸਾਲਾ ਪੂਤਿਨ 1999 ਵਿਚ ਸੱਤਾ ਵਿਚ ਆਏ ਸਨ ਤੇ ਹੁਣ ਉਹ ਜੋਸੇਫ ਸਟਾਲਿਨ ਤੋਂ ਬਾਅਦ ਰੂਸ ਦੇ ਸਭ ਤੋਂ ਲੰਮਾ ਸਮਾਂ ਸੱਤਾ ਵਿਚ ਰਹਿਣ ਵਾਲੇ ਆਗੂ ਬਣਨ ਦੇ ਰਾਹ ਉਤੇ ਹਨ। ਮਾਰਚ ਮਹੀਨੇ ਹੋਈਆਂ ਚੋਣਾਂ ਵਿਚ ਪੂਤਿਨ ਨੂੰ 77 ਫੀਸਦੀ ਵੋਟਾਂ ਮਿਲੀਆਂ ਸਨ ਪਰ ਉਨ੍ਹਾਂ ਦੇ ਕੱਟੜ ਵਿਰੋਧੀ ਉਤੇ ਪਾਬੰਦੀ ਲਾ ਦਿੱਤੀ ਗਈ ਸੀ।

ਸ੍ਰੀ ਪੂਤਿਨ ਨੇ ਆਪਣੇ ਚੌਥੇ ਕਾਰਜਕਾਲ ਦੌਰਾਨ ਦੇਸ਼ ਦੇ ਅਰਥਚਾਰੇ ਵਿਚ ਨਵੀਂ ਰੂਹ ਫੂਕਣ ਦਾ ਅਹਿਦ ਲਿਆ ਹੈ। ਸਹੁੰ ਚੁੱਕ ਸਮਾਗਮ ਮੌਕੇ ਉਨ੍ਹਾਂ ਰੂਸੀ ਸੰਵਿਧਾਨ ਉਤੇ ਹੱਥ ਰੱਖ ਕੇ ਕਿਹਾ, ''ਮੈਂ ਸਮਝਦਾ ਹਾਂ ਕਿ ਇਹ ਮੇਰਾ ਫਰਜ਼ ਤੇ ਮੇਰੀ ਜ਼ਿੰਦਗੀ ਦਾ ਨਿਸ਼ਾਨਾ ਹੈ ਕਿ ਰੂਸ ਲਈ ਸਭ ਕੁਝ ਸੰਭਵ ਬਣਾ ਸਕਾਂ।''


To Advertise with Punjab Times
Call: 847-359-0746

ਤੰਦੂਰੀਏ, ਹਲਵਾਈ, ਡੋਸਾ ਮੇਕਰ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਤੰਦੂਰੀਆ, ਡੋਸਾ ਮੇਕਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

8-


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

# ਸਰਕਾਰੀ ਜ਼ਮੀਨਾਂ ਦੱਬਣ ਦਾ ਵਿਵਾਦ ਮੁੜ ਭਖਿਆ

**ਚੰਡੀਗੜ੍ਹ:** ਪੰਜਾਬ ਵਿਚ ਰਸੂਖਵਾਨਾਂ ਵੱਲੋਂ ਸਰਕਾਰੀ ਜ਼ਮੀਨਾਂ ਉਤੇ ਕਬਜ਼ਿਆਂ ਦਾ ਮਾਮਲਾ ਇਕ ਵਾਰ ਫਿਰ ਉਭਰ ਆਇਆ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਹੇਠਲੀ ਕੈਬਨਿਟ ਸਬ ਕਮੇਟੀ ਨੇ ਇਨ੍ਹਾਂ ਜ਼ਮੀਨਾਂ ਤੋਂ ਕਬਜ਼ੇ ਛੁਡਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਐਸ.ਐਸ. ਸਾਰੋਂ ਦੀ ਅਗਵਾਈ ਹੇਠ ਇਕ ਕਮੇਟੀ ਕਾਇਮ ਕੀਤੀ ਹੈ।

ਪੰਜਾਬ ਵਿਚ ਸਰਕਾਰੀ ਵਿਭਾਗਾਂ ਦੀ 5 ਤੋਂ 6 ਲੱਖ ਏਕੜ ਜ਼ਮੀਨ ਉਤੇ ਸਿਆਸਤਦਾਨਾਂ ਅਤੇ ਆਈ.ਏ.ਐਸ.-ਆਈ.ਪੀ.ਐਸ. ਅਫਸਰਾਂ ਨੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਮੁਹਾਲੀ ਜ਼ਿਲ੍ਹੇ ਦੇ ਹੀ 2585 ਏਕੜ ਵਿਚੋਂ 2435 ਏਕੜ ਜ਼ਮੀਨ ਉਪਰ ਕਬਜ਼ੇ ਹਨ। ਮੁਹਾਲੀ ਜ਼ਿਲ੍ਹੇ ਅੰਦਰ ਹੀ ਨਾਜਾਇਜ਼ ਕਬਜ਼ੇ ਵਾਲੀ ਸਰਕਾਰੀ ਜ਼ਮੀਨ ਦੀ ਕੁੱਲ ਕੀਮਤ 2 ਲੱਖ ਕਰੋੜ ਰੁਪਏ ਤੋਂ ਵੱਧ ਹੈ ਤੇ ਪੰਜਾਬ ਸਿਰ ਇੰਨਾ ਹੀ ਕਰਜ਼ਾ ਚੜ੍ਹਿਆ ਹੋਇਆ ਹੈ। ਮੁਹਾਲੀ ਜ਼ਿਲ੍ਹੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੂਰੇ ਪੰਜਾਬ ਦੀ ਨਾਜਾਇਜ਼ ਕਬਜ਼ੇ ਵਾਲੀ ਸਰਕਾਰੀ ਜ਼ਮੀਨ ਦੀ ਕਿੰਨੀ ਕੀਮਤ ਹੋਵੇਗੀ। ਜ਼ਿਲ੍ਹਾ ਪ੍ਰਸ਼ਾਸਨ ਮੁਹਾਲੀ ਵੱਲੋਂ ਮੁਹੱਈਆ ਕਰਵਾਏ ਅੰਕੜਿਆਂ ਮੁਤਾਬਕ ਮਾਜਰੀ ਪਿੰਡ ਵਿਚ 128 ਏਕੜ ਵਿਚੋਂ 90 ਏਕੜ, ਪੱਲ੍ਹਨਪੁਰ ਵਿਚ 20 ਵਿਚੋਂ 20 ਏਕੜ, ਕਸਾਲਾ ਵਿਚ 95 ਵਿਚੋਂ 95 ਏਕੜ, ਪੜੌਲ ਵਿਚ 318 ਵਿਚੋਂ 299 ਏਕੜ, ਸਿਆਲਬਾ ਵਿਚ 16 ਵਿਚੋਂ 16 ਏਕੜ, ਦੁੱਲਵਾਂ ਖੱਦਰੀ ਵਿਚ 945 ਵਿਚੋਂ 945 ਏਕੜ, ਹੁਸ਼ਿਆਰਪੁਰ ਵਿਚ 177 ਵਿਚੋਂ 177 ਏਕੜ, ਢਕੋਰਾਂ ਕਲਾਂ ਵਿਚ 84 ਵਿਚੋਂ 84 ਏਕੜ, ਢਕੋਰਾਂ ਖੁਰਦ ਵਿਚ 15 ਵਿਚੋਂ 15 ਏਕੜ, ਚੰਦਪੁਰ ਵਿਚ 86 ਵਿਚੋਂ 86 ਏਕੜ, ਮੁੱਲਾਂਪੁਰ ਗਰੀਬਦਾਸ ਵਿਚ 5 ਵਿਚੋਂ 5 ਏਕੜ, ਫਿਰੋਜ਼ਪੁਰ ਵਿਚ 23 ਵਿਚੋਂ 23 ਏਕੜ, ਨਾਡਾ ਵਿਚ 307 ਵਿਚੋਂ 307 ਏਕੜ, ਮਹਿਮੂਦਪੁਰ ਵਿਚ 14 ਵਿਚੋਂ 14 ਏਕੜ ਅਤੇ ਭਾਂਖਰਪੁਰ ਵਿਚ 352 ਵਿਚੋਂ 259 ਏਕੜ ਉਪਰ ਕਬਜ਼ਾ ਹੈ।

ਦੋ ਹੋਰ ਪਿੰਡਾਂ ਦੇ ਵੇਰਵੇ ਦਿੰਦਿਆਂ ਦੱਸਿਆ ਗਿਆ ਹੈ ਕਿ ਕਰੋਰਾਂ ਵਿਚ 22 ਹਜ਼ਾਰ ਕਨਾਲ ਅਤੇ ਨਾਡਾ ਵਿਚ 16113 ਕਨਾਲ ਜ਼ਮੀਨ ਖੁਰਦ ਬੁਰਦ ਕੀਤੀ ਜਾ ਰਹੀ ਹੈ। ਜਸਟਿਸ (ਸੇਵਾ ਮੁਕਤ) ਕੁਲਦੀਪ ਸਿੰਘ ਦੀ ਅਗਵਾਈ ਹੇਠਲੇ ਜਾਂਚ ਕਮਿਸ਼ਨ ਵੱਲੋਂ ਵੀ ਇਸ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ। ਸੂਬੇ ਵਿਚ ਸਰਕਾਰੀ ਜ਼ਮੀਨਾਂ ਦੀ ਸਥਿਤੀ ਜਾਣਨ ਲਈ ਸਬ ਕਮੇਟੀ ਨੇ ਸਮੂਹ ਵਿਭਾਗਾਂ/ਬੋਰਡ/ਕਾਰਪੋਰੇਸ਼ਨਾਂ ਅਤੇ ਹੋਰ ਸਰਕਾਰੀ ਅਦਾਰਿਆਂ ਤੋਂ ਆਪਣੀਆਂ ਸਰਕਾਰੀ ਜ਼ਮੀਨਾਂ ਦੇ ਵੇਰਵੇ ਮੰਗੇ ਹਨ। ਨਾਲ ਹੀ ਨਾਜਾਇਜ਼ ਕਬਜ਼ੇ ਵਾਲੀ ਜ਼ਮੀਨ, ਇਨ੍ਹਾਂ ਸਬੰਧੀ ਮੁਕੱਦਮੇਬਾਜ਼ੀ ਅਤੇ ਖਾਲੀ ਪਈ ਜ਼ਮੀਨ ਦੇ ਵੇਰਵੇ ਵੀ ਮੰਗੇ ਹਨ। ਮੀਟਿੰਗ ਵਿਚ ਇਹ ਵੀ ਧਿਆਨ ਵਿਚ ਆਇਆ ਕਿ ਕਈ ਵਿਭਾਗਾਂ ਦੀ ਜ਼ਮੀਨ ਦਾ ਰਿਕਾਰਡ ਮਾਲ ਵਿਭਾਗ ਦੇ ਰਿਕਾਰਡ ਨਾਲ ਮੇਲ ਨਹੀਂ ਖਾ ਰਿਹਾ, ਜਿਸ ਨੂੰ ਦਰੁਸਤ ਕਰਨ ਲਈ ਕਿਹਾ ਗਿਆ ਹੈ।

### ਮੁੜ ਸੋਨੇ ਦੀ ਚਿੜੀ ਬਣ ਸਕਦਾ ਹੈ ਪੰਜਾਬ...

**ਚੰਡੀਗੜ੍ਹ:** ਜੇਕਰ ਇਕੱਲੇ ਮੁਹਾਲੀ ਜ਼ਿਲ੍ਹੇ ਦੀਆਂ ਸਰਕਾਰੀ ਜ਼ਮੀਨਾਂ ਤੋਂ ਲੀਡਰਾਂ ਤੇ ਵੱਡੇ ਅਫਸਰਾਂ ਦੇ ਕਬਜ਼ੇ ਛੁਡਾ ਲਏ ਜਾਣ ਤਾਂ ਪੰਜਾਬ ਦਾ ਸਾਰਾ ਕਰਜ਼ ਲਹਿ ਸਕਦਾ ਹੈ। ਇਹ ਹੈਰਾਨੀਜਨਕ ਖੁਲਾਸਾ ਸਰਕਾਰੀ ਰਿਪੋਰਟ ਵਿਚ ਹੀ ਹੋਇਆ ਹੈ।

ਮੁਹਾਲੀ ਜ਼ਿਲ੍ਹੇ ਵਿਚ ਨਾਜਾਇਜ਼ ਕਬਜ਼ੇ ਵਾਲੀ ਸਰਕਾਰੀ ਜ਼ਮੀਨ ਦੀ ਕੁੱਲ ਕੀਮਤ ਦੋ ਲੱਖ ਕਰੋੜ ਰੁਪਏ ਤੋਂ ਵੱਧ ਹੈ। ਪੰਜਾਬ ਸਿਰ ਇੰਨਾ ਹੀ ਕਰਜ਼ਾ ਚੜ੍ਹਿਆ ਹੋਇਆ ਹੈ। ਅਹਿਮ ਗੱਲ ਇਹ ਹੈ ਕਿ ਜੇਕਰ ਮੁਹਾਲੀ ਜ਼ਿਲ੍ਹੇ ਵਿਚ ਇੰਨੀ ਜ਼ਮੀਨ ਕਬਜ਼ਾਈ ਹੈ ਤਾਂ ਪੂਰੇ ਪੰਜਾਬ ਦੀ ਨਾਜਾਇਜ਼ ਕਬਜ਼ੇ ਵਾਲੀ ਸਰਕਾਰੀ ਜ਼ਮੀਨ ਦੀ ਕਿੰਨੀ ਕੀਮਤ ਹੋਵੇਗੀ। ਸਪਸ਼ਟ ਹੈ ਕਿ ਜੇਕਰ ਰਸੂਖਵਾਨਾਂ ਕੋਲੋਂ ਸਰਕਾਰੀ ਜ਼ਮੀਨ ਛੁਡਾ ਲਈ ਜਾਵੇ ਤਾਂ ਪੰਜਾਬ ਮੁੜ ਸੋਨੇ ਦੀ ਚਿੜੀ ਬਣ ਜਾਏਗਾ।

## ਲੰਗਰ 'ਤੇ ਜੀ.ਐਸ.ਟੀ. ਨਾਲ ਖੁੰਦਕ ਕੱਢ ਰਹੇ ਨੇ ਮੋਦੀ: ਰਾਮੂਵਾਲੀਆ

**ਜਲੰਧਰ:** ਸਮਾਜਵਾਦੀ ਪਾਰਟੀ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ ਨੇ ਜੀ.ਐਸ.ਟੀ. ਦੇ ਮੁੱਦੇ ਉਤੇ ਕੇਂਦਰ ਸਰਕਾਰ ਉਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲੰਗਰ ਉਤੇ ਜੀ.ਐਸ.ਟੀ. ਲਾ ਕੇ ਕੋਈ ਖੁੰਦਕ ਕੱਢ ਰਹੇ ਹਨ। ਸ੍ਰੀ ਰਾਮੂਵਾਲੀਆ ਨੇ 1975 ਵਿਚ ਲੱਗੀ ਐਮਰਜੈਂਸੀ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਿੱਖੀ ਸਰੂਪ ਵਾਲੀ ਤਸਵੀਰ ਮੀਡੀਆ ਅੱਗੇ ਪੇਸ਼ ਕਰਦਿਆਂ ਕਿਹਾ ਕਿ ਮੋਦੀ 19 ਮਹੀਨੇ ਸਿੱਖ ਬਣ ਕੇ ਪੰਜਾਬ ਵਿਚ ਰਹੇ ਸਨ। ਇਸ ਦੌਰਾਨ ਮੋਦੀ ਪੰਜਾਬ ਦੇ ਗੁਰਦੁਆਰਿਆਂ ਵਿਚ ਵੀ ਰਹੇ ਤੇ ਲੰਗਰ ਵੀ ਛਕਿਆ, ਪਰ ਹੁਣ ਇਹ ਸਭ ਕੁਝ ਵਿਸਾਰ ਕੇ ਲੰਗਰ 'ਤੇ ਟੈਕਸ ਲਾ ਦਿੱਤਾ ਹੈ।



# ਕੇਂਦਰ ਨੇ ਪੰਜਾਬ ਪੁਲਿਸ ਤੋਂ ਖੋਹੀ ਜੇਲ੍ਹ ਸੁਰੱਖਿਆ ਦੀ ਜ਼ਿੰਮੇਵਾਰੀ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਦੀਆਂ ਸੱਤ ਉਚ ਸੁਰੱਖਿਆ (ਹਾਈ ਸਕਿਊਰਿਟੀ) ਵਾਲੀਆਂ ਜੇਲ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ




ਸੈਂਟਰਲ ਇੰਡਸਟਰੀਅਲ ਸਕਿਊਰਿਟੀ ਫੋਰਸ (ਸੀ.ਆਈ.ਐਸ.ਐਫ.) ਦੇ ਸਪੁਰਦ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸੀ.ਆਈ.ਐਸ.ਐਫ. ਦੀ ਤਾਇਨਾਤੀ ਦਾ ਖਰਚਾ ਰਾਜ ਸਰਕਾਰ ਨੂੰ ਸਹਿਣ ਕਰਨਾ ਹੋਵੇਗਾ, ਜਿਸ ਨਾਲ ਪਹਿਲਾਂ ਤੋਂ ਵਿੱਤੀ ਮੁਸ਼ਕਲਾਂ ਨਾਲ ਜੂਝ ਰਹੇ ਸੂਬੇ ਉਤੇ ਬੋਝ ਹੋਰ ਵਧੇਗਾ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਸੂਬੇ ਦੀਆਂ ਜੇਲ੍ਹਾਂ ਲਈ ਦੋ ਕੰਪਨੀਆਂ ਤਾਇਨਾਤ ਕਰਨ ਨੂੰ ਸਿਧਾਂਤਕ ਤੌਰ ਉਤੇ ਪ੍ਰਵਾਨਗੀ ਦਿੱਤੀ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੀਟਿੰਗਾਂ ਦੌਰਾਨ ਸੂਬੇ ਦੀਆਂ ਜੇਲ੍ਹਾਂ ਵਿਚ ਬੰਦ ਗੈਂਗਸਟਰਾਂ ਅਤੇ ਹੋਰ ਖਤਰਨਾਕ ਅਪਰਾਧੀਆਂ ਦਾ ਮੁੱਦਾ ਉਠਾਉਂਦਿਆਂ ਇਨ੍ਹਾਂ ਜੇਲ੍ਹਾਂ ਦੇ ਸੁਰੱਖਿਆ ਪ੍ਰਬੰਧ ਨੀਮ ਫੌਜੀ ਬਲਾਂ ਹਵਾਲੇ ਕਰਨ ਉਤੇ ਜ਼ੋਰ ਦਿੱਤਾ ਸੀ।

ਪੰਜਾਬ ਸਰਕਾਰ ਦਾ ਤਰਕ ਸੀ ਕਿ ਜੇਕਰ ਸੂਬੇ ਦੀਆਂ ਜੇਲ੍ਹਾਂ ਦੇ ਸੁਰੱਖਿਆ ਪ੍ਰਬੰਧ ਸਖਤ ਨਾ ਕੀਤੇ ਗਏ ਤਾਂ ਨਾਭਾ ਜੇਲ੍ਹ ਕਾਂਡ ਵਰਗਾ ਹੋਰ ਕੋਈ ਕਾਂਡ ਵਾਪਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਮੱਦੇਨਜ਼ਰ ਕੇਂਦਰੀ ਗ੍ਰਹਿ ਮੰਤਰਾਲੇ ਨੇ ਸੂਬੇ ਦੀਆਂ ਜੇਲ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨੀਮ ਫੌਜੀ ਬਲਾਂ ਨੂੰ ਦੇਣ ਦੀ ਪ੍ਰਵਾਨਗੀ ਦੇ ਦਿੱਤੀ।

ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਇਸ ਫੈਸਲੇ ਨਾਲ ਜੇਲ੍ਹਾਂ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ, ਗੈਂਗਸਟਰਾਂ ਦੀਆਂ ਗਤੀਵਿਧੀਆਂ ਤੇ ਅਪਰਾਧ ਰੋਕਣ ਵਿਚ ਸਫਲਤਾ ਮਿਲੇਗੀ। ਉਂਜ, ਸੂਬੇ ਦੇ ਨਵੇਂ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪਿਛਲੇ ਦਿਨੀਂ ਜੇਲ੍ਹ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਵਿਚ ਚਿਤਾਵਨੀ ਦਿੱਤੀ ਸੀ ਕਿ ਜਿਸ ਜੇਲ੍ਹ ਵਿਚੋਂ ਮੋਬਾਈਲ ਫੋਨ ਜਾਂ ਨਸ਼ੀਲੇ ਪਦਾਰਥ ਮਿਲਣਗੇ, ਉਸ ਜੇਲ੍ਹ ਦੇ ਸੁਪਰਡੈਂਟ ਨੂੰ ਤੁਰਤ ਮੁਅੱਤਲ ਕਰ ਦਿੱਤਾ ਜਾਵੇਗਾ।

### ਪੰਜਾਬ ਦੀ ਪ੍ਰਭੂਸੱਤਾ ਨੂੰ ਵੱਡਾ ਖੋਰਾ ਲੱਗੇਗਾ: ਗਾਂਧੀ

**ਚੰਡੀਗੜ੍ਹ:** ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਪੰਜਾਬ ਦੀਆਂ ਸੱਤ ਜੇਲ੍ਹਾਂ ਦੀ ਕਮਾਨ ਸੈਂਟਰਲ ਇੰਡਸਟਰੀਅਲ ਸਿਕਿਊਰਿਟੀ ਫੋਰਸ ਨੂੰ ਦੇਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਨੇ ਸਰਕਾਰ ਦੇ ਇਸ ਫੈਸਲੇ ਨੂੰ ਪੰਜਾਬ ਦੀ ਪ੍ਰਭੂਸੱਤਾ ਲਈ ਵੱਡਾ ਖੋਰਾ ਕਰਾਰ ਦਿੱਤਾ ਹੈ। ਡਾ. ਗਾਂਧੀ ਦਾ ਕਹਿਣਾ ਹੈ ਕਿ ਇਸ ਤੋਂ ਬਾਅਦ ਪੰਜਾਬ ਦੀ ਕਾਨੂੰਨ ਤੇ ਵਿਵਸਥਾ ਦੀ ਭਾਈਵਾਲ ਵੀ ਕੇਂਦਰ ਸਰਕਾਰ ਹੋਵੇਗੀ।

### ਜੇਲ੍ਹਾਂ ਦੀਆਂ ਕੰਟੀਨਾਂ 'ਚੋਂ ਮਿਲ ਸਕੇਗੀ ਰੋਟੀ

**ਲੁਧਿਆਣਾ:** ਹੁਣ ਕੇਂਦਰੀ ਜੇਲ੍ਹਾਂ ਵਿਚ ਬਣੀਆਂ ਕੰਟੀਨਾਂ ਵਿਚ ਰੋਟੀ ਮਿਲਣ ਦੀ ਸੰਭਾਵਨਾ ਬਣ ਗਈ ਹੈ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਵਿਚ ਕੰਟੀਨਾਂ ਖੋਲ੍ਹਣ ਦਾ ਪ੍ਰਸਤਾਵ ਸਰਕਾਰ ਨੂੰ ਭੇਜਿਆ ਗਿਆ ਹੈ, ਜਿਥੇ ਕੈਦੀਆਂ ਵੱਲੋਂ ਤਿਆਰ ਰੋਟੀ ਮਿਲੇਗੀ। ਕੰਟੀਨ ਤੋਂ 200 ਰੁਪਏ ਵਿਚ ਰੋਟੀ ਮਿਲ ਜਾਇਆ ਕਰੇਗੀ। ਜੇਲ੍ਹ ਵਿਚ ਬੰਦ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਮੁਲਾਕਾਤੀਆਂ ਨੂੰ ਘੰਟਿਆਂ ਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ। ਪੰਜਾਬ ਦੀਆਂ ਕਈ ਜੇਲ੍ਹਾਂ ਵਿਚ ਕੰਟੀਨ ਨਹੀਂ ਹੈ, ਇਸ ਲਈ ਮੁਲਾਕਾਤੀਆਂ ਨੂੰ ਭੁੱਖੇ-ਪਿਆਸੇ ਬੈਠਣਾ ਪੈਂਦਾ ਸੀ। ਕਈ ਲੋਕ ਤਾਂ ਘਰੋਂ ਹੀ ਖਾਣਾ ਲੈ ਕੇ ਆਉਂਦੇ ਹਨ।

# ਰਸੂਖਵਾਨ ਬੈਂਕ ਡਿਫਾਲਟਰਾਂ ਤੋਂ ਵਸੂਲੀ ਬਣੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਵਿਚ ਸਹਿਕਾਰੀ ਵਿਭਾਗ ਅਧੀਨ ਖੇਤੀਬਾੜੀ ਵਿਕਾਸ ਬੈਂਕ ਲਈ ਸਿਆਸੀ ਰਸੂਖਵਾਨਾਂ ਤੋਂ ਕਰਜ਼ੇ ਦੀ ਵਸੂਲੀ ਵੱਡੀ ਚੁਣੌਤੀ ਬਣੀ ਹੋਈ ਹੈ। ਵਿਭਾਗ ਮੁਤਾਬਕ ਵੱਡੇ ਕਿਸਾਨਾਂ ਸਿਰ 276 ਕਰੋੜ ਰੁਪਏ ਦਾ ਕਰਜ਼ਾ ਹੈ, ਜਿਸ ਦੀ ਵਸੂਲੀ ਅਸੰਭਵ ਹੋਈ ਪਈ ਹੈ। ਇਨ੍ਹਾਂ ਵਿਚ 25 ਵਿਅਕਤੀ ਅਜਿਹੇ ਹਨ, ਜੋ ਰਾਜਨੀਤਿਕ ਪ੍ਰਭਾਵ ਵਾਲੇ ਮੰਨੇ ਜਾਂਦੇ ਹਨ।

ਰਾਜਸੀ ਰਸੂਖ ਵਾਲਿਆਂ ਤੋਂ ਬੈਂਕ ਨੇ 10 ਕਰੋੜ ਰੁਪਏ ਤੋਂ ਵੱਧ ਦੀ ਵਸੂਲੀ ਕਰਨੀ ਹੈ। ਇਨ੍ਹਾਂ ਵਿਚ ਜ਼ਿਆਦਾ ਗਿਣਤੀ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂਆਂ ਦੀ ਹੈ। ਇਨ੍ਹਾਂ ਵਿਚੋਂ ਕਈਆਂ ਨੇ ਤਾਂ ਕਰਜ਼ੇ ਦੀ ਕੋਈ ਕਿਸ਼ਤ ਮੋੜੀ ਹੀ ਨਹੀਂ। ਬਾਦਲ ਪਰਿਵਾਰ ਦੇ ਸਭ ਤੋਂ ਕਰੀਬੀ ਮੰਨੇ ਜਾਂਦੇ ਮਲੋਟ ਖੇਤਰ ਨਾਲ ਸਬੰਧਤ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ, ਸਾਬਕਾ ਅਕਾਲੀ ਸੰਸਦ ਮੈਂਬਰ ਅਮਰੀਕ ਸਿੰਘ ਆਲੀਵਾਲ, ਸਰੂਪ ਸਿੰਘ ਢਿੱਲੋਂ, ਰਜਿੰਦਰ ਕੌਰ ਹਿੰਦ ਮੋਟਰਜ਼ ਬਰਨਾਲਾ, ਕਾਂਗਰਸ ਆਗੂ ਰਮਨ ਭੱਲਾ, ਅਕਾਲੀ ਆਗੂ ਸੁਰਿੰਦਰ ਸਿੰਘ ਧੂਰੀ ਦਾ ਪੁੱਤ ਰਮਨਜੋਤ ਸਿੰਘ ਤੇ ਭਾਜਪਾ ਦੇ ਨੇਤਾ ਵੀ ਸ਼ਾਮਲ ਹਨ। ਸਭ ਤੋਂ ਵੱਡੇ ਡਿਫਾਲਟਰ ਵਜੋਂ 'ਆਪ' ਨਾਲ ਸਬੰਧਤ ਗੁਰਮੀਤ ਸਿੰਘ ਦਾ ਜ਼ਿਕਰ ਕੀਤਾ ਗਿਆ ਹੈ। ਬੈਂਕ ਅਧਿਕਾਰੀਆਂ ਮੁਤਾਬਕ 'ਆਪ' ਆਗੂ ਨੇ 78 ਲੱਖ ਰੁਪਏ ਦਾ ਕਰਜ਼ਾ ਲਿਆ ਸੀ ਤੇ ਇਸ ਸਮੇਂ ਕਰਜ਼ੇ ਦੀ ਰਕਮ ਵਧ ਕੇ ਇਕ ਕਰੋੜ 40 ਲੱਖ ਰੁਪਏ ਤੱਕ ਪਹੁੰਚ ਚੁੱਕੀ ਹੈ।

ਬੈਂਕ ਅਧਿਕਾਰੀਆਂ ਵੱਲੋਂ ਜ਼ਿਆਦਾਤਰ ਮਾਮਲਿਆਂ ਵਿਚ ਡਿਫਾਲਟਰ ਕਰਜ਼ਦਾਰ ਦੀ ਜ਼ਮੀਨ ਨਿਲਾਮ ਕਰਨ ਅਤੇ ਗ੍ਰਿਫਤਾਰੀ ਵਾਰੰਟ ਹਾਸਲ ਕਰਨ ਦੀ ਕਾਰਵਾਈ ਵੀ ਸ਼ੁਰੂ ਹੋਈ ਸੀ, ਪਰ ਸਿਆਸੀ ਦਬਾਅ ਕਾਰਨ ਅਮਲ ਨਾ ਹੋ ਸਕਿਆ। ਬੈਂਕ ਅਧਿਕਾਰੀਆਂ ਦਾ ਦੱਸਣਾ ਹੈ ਕਿ ਦਿਆਲ ਸਿੰਘ ਕੋਲਿਆਂਵਾਲੀ ਦੇ ਕਰਜ਼ੇ ਦਾ ਮਾਮਲਾ ਦੇਖਿਆ ਜਾਵੇ ਤਾਂ ਕਰਜ਼ੇ ਦੀ ਵਸੂਲੀ ਲਈ 2 ਕੇਸਾਂ ਵਿਚ ਜ਼ਮੀਨ ਦੀ ਨਿਲਾਮੀ ਕੀਤੀ ਜਾ ਸਕਦੀ ਹੈ। ਸੂਤਰਾਂ ਮੁਤਾਬਕ ਕਾਰਵਾਈ ਕਰਨ ਲਈ ਸੀਨੀਅਰ ਅਧਿਕਾਰੀਆਂ ਵੱਲੋਂ ਬੈਂਕ ਦੀ ਸਬੰਧਤ ਸ਼ਾਖਾ ਮਲੋਟ ਦੇ ਪ੍ਰਬੰਧਕ ਨੂੰ ਕਾਰਵਾਈ ਸ਼ੁਰੂ ਕਰਨ ਲਈ ਕਿਹਾ, ਪਰ ਸ਼ਾਖਾ ਪ੍ਰਬੰਧਕ ਨੇ ਕੋਈ ਕਾਰਵਾਈ ਨਹੀਂ ਕੀਤੀ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਨੁਸਾਰ ਮਲੋਟ ਸ਼ਾਖਾ ਦੇ ਪ੍ਰਬੰਧਕ ਨੂੰ ਮੁਅੱਤਲ ਕਰ ਦਿੱਤਾ ਹੈ। ਇਸੇ




ਤਰ੍ਹਾਂ ਦੁਸਹਾ ਦੇ ਹੀ ਇਕ ਅਕਾਲੀ ਆਗੂ ਭਗਵੰਤ ਸਿੰਘ ਤੋਂ ਵੀ ਬੈਂਕ ਨੇ 57 ਲੱਖ ਰੁਪਏ ਦੀ ਵਸੂਲੀ ਕਰਨੀ ਹੈ। ਹਾਲਾਂਕਿ ਹੋਰ ਕੇਸਾਂ ਵਾਂਗ ਕਰਜ਼ਾ ਨਾ ਮੋੜਨ ਦੀ ਸੂਰਤ ਵਿਚ ਬੈਂਕ ਭਗਵੰਤ ਸਿੰਘ ਤੇ ਉਸ ਦੇ ਪੁੱਤ ਦੀ ਜ਼ਮੀਨ ਜੋ ਬੈਂਕ ਕੋਲ ਗਿਰਵੀ ਰੱਖੀ ਸੀ, ਦੀ ਨਿਲਾਮੀ ਕਰਨ ਦੇ ਸਮਰੱਥ ਹੈ। ਬੈਂਕ ਨੇ ਦਿਆਲ ਸਿੰਘ ਕੋਲਿਆਂਵਾਲੀ ਤੇ ਪਰਿਵਾਰ ਦੇ ਹੋਰ ਮੈਂਬਰਾਂ ਤੋਂ ਇਕ ਕਰੋੜ 5 ਲੱਖ ਰੁਪਏ ਵਸੂਲਣੇ ਹਨ।

ਅਕਾਲੀ ਆਗੂ ਮਲਵਿੰਦਰ ਸਿੰਘ ਪਿੰਡ ਚੌੜਾ (ਪਟਿਆਲਾ) ਤੋਂ 14 ਲੱਖ 52 ਹਜ਼ਾਰ ਰੁਪਏ ਦੀ ਵਸੂਲੀ ਕਰਨੀ ਹੈ। ਇਸ ਤੋਂ ਇਲਾਵਾ ਅਮਰੀਕ ਸਿੰਘ ਆਲੀਵਾਲ ਤੋਂ 80 ਲੱਖ ਰੁਪਏ, ਲਹਿਰਾਗਾਗਾ ਦੇ ਅਕਾਲੀ ਆਗੂ ਨਿਰੰਜਣ ਸਿੰਘ ਭੁਟਾਲ ਤੋਂ 20 ਲੱਖ 60 ਹਜ਼ਾਰ ਰੁਪਏ, ਕਪੂਰਥਲਾ ਨਾਲ ਸਬੰਧਤ ਅਕਾਲੀ ਆਗੂ ਤੇ ਸਾਬਕਾ ਟਰਾਂਸਪੋਰਟ ਮੰਤਰੀ ਰਘਬੀਰ ਸਿੰਘ ਤੋਂ 86 ਲੱਖ 56 ਹਜ਼ਾਰ 575 ਰੁਪਏ, ਰਜਿੰਦਰ ਕੌਰ ਹਿੰਦ ਮੋਟਰਜ਼ ਤੋਂ 41 ਲੱਖ 30 ਹਜ਼ਾਰ ਰੁਪਏ, ਕਾਂਗਰਸ ਨਾਲ ਸਬੰਧਤ ਆਗੂ ਰਮਨ ਭੱਲਾ ਤੋਂ 20 ਲੱਖ 70 ਹਜ਼ਾਰ ਰੁਪਏ, ਮੁਕੇਰੀਆਂ ਦੇ ਭਾਜਪਾ ਆਗੂ ਬਲਰਾਜ ਸਿੰਘ ਤੋਂ 62 ਲੱਖ ਰੁਪਏ, ਅਬੋਹਰ ਦੇ ਅਕਾਲੀ ਆਗੂ ਇੰਦਰਸੇਨ ਤੋਂ 63 ਲੱਖ 92 ਹਜ਼ਾਰ ਰੁਪਏ, ਅਕਾਲੀ ਆਗੂ ਜਗਤਾਰ ਸਿੰਘ ਦਸੂਹਾ ਤੋਂ 19 ਲੱਖ ਰੁਪਏ ਕਰਜ਼ਾ ਵਸੂਲਣਾ ਹੈ। ਅਬੋਹਰ ਦੇ ਹੀ ਕਾਂਗਰਸੀ ਆਗੂ ਰਾਜਿੰਦਰ ਕੁਮਾਰ ਤੇ ਪਰਿਵਾਰ ਨੇ 56 ਲੱਖ ਰੁਪਏ ਦਾ ਕਰਜ਼ਾ ਮੋੜਨਾ ਹੈ। ਗਿੱਦੜਬਾਹਾ ਦੇ ਅਕਾਲੀ ਪਰਿਵਾਰ ਰਾਜਵਿੰਦਰ ਸਿੰਘ ਤੋਂ 69 ਲੱਖ ਰੁਪਏ, ਡੇਰਾਬਸੀ ਦੇ ਧਰਵੰਤ ਸਿੰਘ ਤੋਂ 60 ਲੱਖ ਰੁਪਏ, ਬਰਨਾਲਾ ਦੇ ਕਾਂਗਰਸੀ ਆਗੂ ਪਰਦੀਪ ਸਿੰਘ ਤੋਂ 29 ਲੱਖ 50 ਹਜ਼ਾਰ ਰੁਪਏ, ਸੁਰਿੰਦਰ ਸਿੰਘ ਧੂਰੀ ਦੇ ਪੁੱਤਰ ਤੋਂ 17 ਲੱਖ ਰੁਪਏ, ਕਿਸਾਨ ਯੂਨੀਅਨ ਨਾਲ ਸਬੰਧਤ ਤਿੰਨ ਆਗੂਆਂ ਸਾਹਿਬ ਸਿੰਘ ਤੋਂ ਬੁਢਲਾਡਾ ਤੋਂ 39 ਲੱਖ ਰੁਪਏ, ਬਲਦੇਵ ਸਿੰਘ ਮੁਕਤਸਰ ਤੋਂ 42 ਲੱਖ ਤੇ ਸੁਖਦੇਵ ਕੌਰ ਪਤਨੀ ਦਾਰਾ ਸਿੰਘ ਤੋਂ 40 ਲੱਖ 70 ਹਜ਼ਾਰ ਰੁਪਏ ਲੈਣੇ ਹਨ। ਸੁਰਜੀਤ ਸਿੰਘ ਬੁਢਲਾਡਾ ਤੋਂ 32 ਲੱਖ ਲੈਣੇ ਹਨ। ਇਸ ਵਿਅਕਤੀ ਦਾ ਸਬੰਧ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਰਿਹਾ ਹੈ।

ਇਸੇ ਤਰ੍ਹਾਂ ਮਘਾਣੀਆਂ ਦੇ ਅਕਾਲੀ ਆਗੂ ਗੁਰਪਿਆਰ ਸਿੰਘ ਨੇ ਬੈਂਕ ਦਾ 31 ਲੱਖ ਰੁਪਏ ਦਾ ਕਰਜ਼ਾ ਮੋੜਨਾ ਹੈ। ਕਾਂਗਰਸ ਦੇ ਮੁਕਤਸਰ ਜ਼ਿਲ੍ਹੇ ਨਾਲ ਸਬੰਧਤ ਹਰਮੀਤ ਸਿੰਘ ਨੇ 36 ਲੱਖ 80 ਹਜ਼ਾਰ ਰੁਪਏ ਦਾ ਕਰਜ਼ਾ ਦੇਣਾ ਹੈ। ਭਾਜਪਾ ਆਗੂ ਕਮਲ ਕੁਮਾਰ ਜੋ ਅਬੋਹਰ ਖੇਤਰ ਦਾ ਰਹਿਣ ਵਾਲਾ ਹੈ, ਨੇ 24 ਲੱਖ 70 ਹਜ਼ਾਰ ਰੁਪਏ ਦਾ ਕਰਜ਼ਾ ਅਜੇ ਦੇਣਾ ਹੈ। ਪੰਜਾਬ ਦੇ ਸਾਬਕਾ ਆਈਏਐਸ ਅਧਿਕਾਰੀ ਸਰੂਪ ਸਿੰਘ ਢਿੱਲੋਂ ਅਤੇ ਉਸ ਦੇ ਪੁੱਤ ਮਨਰਾਜ ਸਿੰਘ ਨੇ 12 ਲੱਖ ਰੁਪਏ ਦਾ ਕਰਜ਼ਾ ਮੋੜਨਾ ਹੈ।

### ਕਾਰਵਾਈ ਲਈ ਪਹਿਲਾ ਨੰਬਰ ਕੋਲਿਆਂਵਾਲੀ ਦਾ

**ਚੰਡੀਗੜ੍ਹ:** ਪੰਜਾਬ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਵੱਡੇ ਕਿਸਾਨਾਂ ਜਿਵੇਂ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ ਅਤੇ ਹੋਰਨਾਂ ਤੋਂ ਕਰਜ਼ੇ ਦੀ ਵਸੂਲੀ ਲਈ ਵਿਭਾਗ ਵੱਲੋਂ ਸਖਤੀ ਨਾਲ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਹਿਕਾਰੀ ਅਦਾਰਿਆਂ ਦਾ ਕਰਜ਼ਾ ਨਾ ਮੋੜਨ ਵਾਲਿਆਂ ਵਿਚ ਕਾਂਗਰਸ ਨਾਲ ਸਬੰਧਤ ਆਗੂ ਵੀ ਸ਼ਾਮਲ ਹਨ। ਇਨ੍ਹਾਂ ਵੱਡੇ ਕਿਸਾਨਾਂ ਵੱਲ 276 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ, ਜਿਸ ਸਬੰਧੀ ਹਰ ਮਹੀਨੇ 20 ਵੱਡੇ ਕਿਸਾਨਾਂ ਖਿਲਾਫ ਕਾਰਵਾਈ ਅਰੰਭੀ ਜਾਵੇਗੀ।

### ਜੱਜ 'ਤੇ ਜੁੱਤੀ ਸੁੱਟਣ ਵਾਲੇ ਨੂੰ 18 ਸਾਲ ਜੇਲ੍ਹ

**ਲਾਹੌਰ:** ਅਤਿਵਾਦ ਵਿਰੋਧੀ ਅਦਾਲਤ ਨੇ ਜੱਜ ਉਤੇ ਜੁੱਤੀ ਸੁੱਟਣ ਵਾਲੇ ਪਾਕਿਸਤਾਨੀ ਇਜਾਜ਼ ਅਹਿਮਦ ਨੂੰ 18 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਉਸ ਨੂੰ 30 ਲੱਖ ਰੁਪਏ ਦਾ ਜੁਰਮਾਨਾ ਵੀ ਕੀਤਾ ਗਿਆ ਹੈ। ਡਕੈਤੀ ਦੇ ਮਾਮਲੇ ਦੀ ਸੁਣਵਾਈ ਦੌਰਾਨ ਇਜਾਜ਼ ਨੇ ਸੀਨੀਅਰ ਸਿਵਲ ਜੱਜ ਜ਼ਾਹਿਦ ਕਯੂਮ ਉਤੇ 20 ਮਾਰਚ ਨੂੰ ਜੁੱਤੀ ਸੁੱਟੀ ਸੀ। ਉਹ ਇਸ ਗੱਲੋਂ ਨਾਰਾਜ਼ ਸੀ ਕਿ ਜ਼ਮਾਨਤ ਮਿਲਣ ਦੇ ਬਾਵਜੂਦ ਲਿਖਤੀ ਹੁਕਮ ਜਾਰੀ ਨਾ ਹੋਣ ਕਰ ਕੇ ਉਹ ਜੇਲ੍ਹ ਅੰਦਰ ਬੰਦ ਹੈ।

# ਇਤਿਹਾਸ ਦੀ ਕਿਤਾਬ ਦਾ ਮਾਮਲਾ ਹੋਰ ਭਖਿਆ

## ਕਿਤਾਬ ਵਿਚ ਵੱਡੀ ਗੜਬੜ ਦੇ ਦਾਅਵੇ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੀ ਕਿਤਾਬ ਵਿਚੋਂ ਪੰਜਾਬ ਅਤੇ ਗੁਰੂਆਂ ਦੇ ਇਤਿਹਾਸ ਦੀ ਜਾਣਕਾਰੀ ਮਨਫੀ ਕਰਨ ਦਾ ਮਾਮਲਾ ਹੋਰ ਭਖ ਗਿਆ ਹੈ। ਬੇਸ਼ੱਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਿਤਾਬ ਵਿਚੋਂ ਸਿੱਖ ਇਤਿਹਾਸ ਨਾਲ ਛੇੜਛਾੜ ਤੋਂ ਇਨਕਾਰ ਕਰ ਰਹੇ ਹਨ ਪਰ ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਰਿਪੋਰਟ ਵਿਚ ਹੋਏ ਕੁਝ ਖੁਲਾਸਿਆਂ ਕਾਰਨ ਵਿਵਾਦ ਹੋਰ ਵਧ ਗਿਆ ਹੈ। ਉਧਰ, ਮਾਮਲਾ ਭਖਦਾ ਵੇਖ ਪੰਜਾਬ ਸਰਕਾਰ ਨੇ ਕਿਤਾਬ ਵਿਚਲੀਆਂ ਗਲਤੀਆਂ ਲਈ ਮੁਆਫੀ ਮੰਗੀ ਹੈ ਅਤੇ ਗਲਤੀਆਂ ਦੀ ਸੁਧਾਈ ਕਰਨ ਦਾ ਫੈਸਲਾ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਚਿਤਾਵਨੀ ਦਿੱਤੀ ਹੈ ਕਿ ਕਾਂਗਰਸ ਨੂੰ ਸਿੱਖਾਂ ਤੇ ਪੰਜਾਬੀਆਂ ਦੇ ਜਜ਼ਬਾਤਾਂ ਨਾਲ ਖੇਡਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਜਾਂਚ ਕਮੇਟੀ ਨੇ ਰਿਪੋਰਟ ਵਿਚ ਦੱਸਿਆ ਹੈ ਕਿ ਇਤਿਹਾਸ ਦੀ ਕਿਤਾਬ ਵਿਚ ਵੱਡੀਆਂ ਗੜਬੜੀਆਂ ਹਨ। ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਨਵੀਂ ਕਿਤਾਬ 'ਚ ਸ਼ਹੀਦ ਊਧਮ ਸਿੰਘ ਬਾਰੇ ਹੈਰਾਨੀਜਨਕ ਤੱਥ ਪੇਸ਼ ਕੀਤੇ ਗਏ ਹਨ। ਕਿਤਾਬ ਵਿਚ ਕਿਹਾ ਗਿਆ ਹੈ ਕਿ ਸ਼ਹੀਦ ਊਧਮ ਸਿੰਘ ਨੇ ਫਾਂਸੀ ਤੋਂ ਪਹਿਲਾਂ ਵਾਰਿਸ ਸ਼ਾਹ ਵੱਲੋਂ ਲਿਖੀ ਹੀਰ ਦੀ ਸਹੁੰ ਚੁੱਕੀ ਸੀ ਜਦਕਿ ਇਸ ਤੋਂ ਪਹਿਲੀਆਂ ਕਿਤਾਬਾਂ ਅਨੁਸਾਰ ਊਧਮ ਸਿੰਘ ਨੇ ਫਾਂਸੀ ਤੋਂ ਪਹਿਲਾਂ ਗੁਟਕਾ ਸਾਹਿਬ ਦੀ ਸਹੁੰ ਚੁੱਕੀ ਸੀ।

ਇੰਨਾ ਹੀ ਨਹੀਂ ਕਿਤਾਬ ਵਿਚ ਲਿਖਿਆ ਹੈ ਕਿ ਜੇਕਰ ਵਿਦਿਆਰਥੀਆਂ ਨੇ ਮੰਗਲ ਪਾਂਡੇ ਬਾਰੇ ਜਾਣਨਾ ਹੈ ਤਾਂ ਉਹ ਆਮਿਰ ਖਾਨ ਤੇ ਰਾਣੀ ਮੁਖਰਜੀ ਦੀ ਫਿਲਮ ਦੇਖਣ। ਇਸ ਫਿਲਮ ਵਿਚੋਂ ਇਤਿਹਾਸਕ ਤੱਥ ਲੈ ਕੇ ਉਸ ਉਤੇ ਲਿਖਣ ਲਈ ਵੀ ਕਿਹਾ ਗਿਆ ਹੈ। ਮੰਗਲ ਪਾਂਡੇ 1857 ਦੀ ਆਜ਼ਾਦੀ ਦੀ ਲੜਾਈ ਦਾ ਪਹਿਲਾ ਸ਼ਹੀਦ ਸੀ।


ਪਹਿਲਾਂ ਤੋਂ ਮੌਜੂਦ ਇਤਿਹਾਸਕ ਤੱਥਾਂ ਮੁਤਾਬਕ ਸੂਫੀ ਮੱਤ ਦਾ ਜਨਮਦਾਤਾ ਬਾਬਾ ਫਰੀਦ ਜੀ ਨੂੰ ਮੰਨਿਆ ਜਾਂਦਾ ਹੈ ਪਰ ਨਵੀਂ ਕਿਤਾਬ ਅਨੁਸਾਰ ਸਖੀ ਸਰਵਰ ਸਈਅਦ ਅਹਿਮਦ ਸੁਲਤਾਨ ਵੱਲੋਂ ਸੂਫੀ ਮੱਤ ਦੀ ਸ਼ੁਰੂਆਤ ਹੋਈ ਦੱਸੀ ਗਈ ਹੈ। ਸਖੀ ਸਰਵਰ ਨੂੰ ਹਿੰਦੂਆਂ ਤੇ ਮੁਸਲਮਾਨਾਂ ਨਾਲ ਜੋੜ ਦਿੱਤਾ ਗਿਆ ਹੈ। ਕਿਤਾਬ ਵਿਚ ਇਸ ਗੱਲ ਦਾ ਵੀ ਜ਼ਿਕਰ ਕੀਤਾ ਗਿਆ ਕਿ ਪਾਕਿਸਤਾਨ ਦੀ ਮਸ਼ਹੂਰ ਗਾਇਕਾ ਰੇਸ਼ਮਾ ਨੇ ਸਖੀ ਸਰਵਰ ਦਾ ਗੀਤ 'ਲਾਲ ਮੇਰੀ ਪੱਤ ਰੱਖਿਓ' ਗਾਇਆ ਸੀ।

ਸਿੱਖ ਧਰਮ ਵਿਚ ਗੁਰਗੱਦੀ ਪ੍ਰਥਾ ਪ੍ਰਚੱਲਤ ਸੀ, ਗੁਰਗੱਦੀ ਸੌਂਪ ਕੇ ਹੀ ਅਗਲਾ ਗੁਰੂ ਮੰਨਿਆ ਜਾਂਦਾ ਸੀ ਪਰ ਕਿਤਾਬ ਵਿਚ ਗੁਰਗੱਦੀ ਨੂੰ 'ਨਿਯੁਕਤੀ' ਕਰਾਰ ਦਿੰਦਿਆਂ ਲਿਖਿਆ ਹੈ ਕਿ ਗੁਰੂ ਅੰਗਦ ਦੇਵ ਜੀ ਦੀ ਨਿਯੁਕਤੀ ਹੋਈ ਸੀ।

ਸ਼ਹਾਦਤ ਦਾ ਜ਼ਿਕਰ ਨਾ ਕਰਦਿਆਂ ਲਿਖਿਆ ਹੈ ਕਿ ਮੀਰ ਮਨੂੰ ਨੇ ਸਿੱਖਾਂ ਨੂੰ ਫਾਹੇ ਲਾਇਆ ਸੀ। ਇਤਿਹਾਸ ਨਾਲ ਕੀਤੀ ਛੇੜਛਾੜ ਦਾ ਪ੍ਰਮਾਣ ਇਹ ਵੀ ਹੈ ਕਿ ਕਿਤਾਬ ਵਿਚ ਗੁਰੂ ਨਾਨਕ ਦੇਵ ਜੀ ਦੀ ਭਗਤੀ ਲਹਿਰ ਨੂੰ ਰਾਮ ਭਗਤੀ ਲਹਿਰ ਨਾਲ ਜੋੜ ਦਿੱਤਾ ਗਿਆ ਹੈ।

ਕਿਤਾਬ ਵਿਚ ਪੰਜਾਬੀਆਂ ਵੱਲੋਂ ਆਜ਼ਾਦੀ ਲਹਿਰ ਵਿਚ ਪਾਏ ਯੋਗਦਾਨ ਨੂੰ ਬਿਲਕੁਲ ਖਤਮ ਕਰ ਦਿੱਤਾ ਹੈ। ਇਥੋਂ ਤੱਕ ਕਿਹਾ ਗਿਆ ਹੈ ਕਿ ਪੰਜਾਬ ਦਾ ਆਜ਼ਾਦੀ ਲਹਿਰ ਨਾਲ ਕੋਈ ਖਾਸ ਵਾਸਤਾ ਨਹੀਂ ਸੀ। ਸਗੋਂ ਆਜ਼ਾਦੀ ਦੇ ਜ਼ਿਆਦਾਤਰ ਨਾਇਕ ਪੰਜਾਬ ਤੋਂ ਬਾਹਰੀ ਸੂਬਿਆਂ ਦੇ ਦੱਸੇ ਗਏ ਹਨ।








### ਕੈਪਟਨ ਵੱਲੋਂ ਅਕਾਲੀਆਂ ਵੱਲ ਉਂਗਲ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਵਿਅੰਗਮਈ ਢੰਗ ਨਾਲ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੁਣ ਨਵੇਂ ਸਿਲੇਬਸ 'ਤੇ ਸਵਾਲ ਖੜ੍ਹੇ ਕਰ ਰਿਹਾ ਹੈ ਜਦਕਿ ਇਸ ਕਮੇਟੀ ਨੂੰ ਅਸਲ ਵਿਚ ਉਸ (ਗਠਜੋੜ ਸਰਕਾਰ) ਵੱਲੋਂ ਹੀ ਗਠਿਤ ਕੀਤਾ ਗਿਆ ਸੀ। ਇਸ ਕਮੇਟੀ ਨੇ ਸਕੂਲ ਦੇ ਸਿਲੇਬਸ 'ਤੇ ਮੁੜ ਕਾਰਜ ਕੀਤਾ ਹੈ। ਮੁੱਖ ਮੰਤਰੀ ਨੇ ਹੈਰਾਨੀ ਪ੍ਰਗਟਾਈ ਕਿ ਗਿਆਰ੍ਹਵੀਂ ਕਲਾਸ ਦੇ ਇਤਿਹਾਸ ਦੀ ਜਿਸ ਕਿਤਾਬ ਨੂੰ ਮੁੱਦਾ ਬਣਾ ਕੇ ਵਿਰੋਧੀ ਧਿਰ ਵੱਲੋਂ ਹਮਲੇ ਕੀਤੇ ਜਾ ਰਹੇ ਹਨ, ਉਹ ਤਾਂ ਅਜੇ ਤੱਕ ਜਾਰੀ ਹੀ ਨਹੀਂ ਕੀਤੀ ਗਈ।

### ਸਰਕਾਰ ਨੇ ਬਣਾਈ ਸਥਾਈ ਕਮੇਟੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਾਰ੍ਹਵੀਂ ਜਮਾਤ ਦੇ ਇਤਿਹਾਸ ਦੇ ਸਿਲੇਬਸ ਵਿਚ ਤਬਦੀਲੀ ਦੇ ਮਸਲੇ ਉਤੇ ਛੇ ਵੱਡੇ ਇਤਿਹਾਸਕਾਰਾਂ ਦੀ ਕਮੇਟੀ ਬਣਾ ਦਿੱਤੀ ਹੈ। ਕੈਪਟਨ ਨੇ ਕਿਹਾ ਕਿ ਇਸ ਛੇ ਮੈਂਬਰੀ ਕਮੇਟੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਮੈਂਬਰ ਲਏ ਜਾਣਗੇ ਤੇ ਇਸ ਦੀ ਅਗਵਾਈ ਪ੍ਰੋ. ਕਿਰਪਾਲ ਸਿੰਘ ਹਿਸਟੋਰੀਅਨ ਕਰਨਗੇ।

### ਸ਼੍ਰੋਮਣੀ ਕਮੇਟੀ ਦਾ ਸਰਕਾਰ ਨੂੰ ਅਲਟੀਮੇਟਮ

**ਅੰਮ੍ਰਿਤਸਰ:** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 12ਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਗ਼ਚ ਕੀਤੇ ਫੇਰਬਦਲ ਖਿਲਾਫ ਸ਼੍ਰੋਮਣੀ ਕਮੇਟੀ ਪੰਜਾਬ ਸਰਕਾਰ ਨੂੰ 10 ਦਿਨ ਦਾ ਅਲਟੀਮੇਟਮ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ 10 ਦਿਨਾਂ ਅੰਦਰ ਪੁਰਾਣਾ ਸਿਲੇਬਸ ਲਾਗੂ ਕੀਤਾ ਜਾਵੇ ਨਹੀਂ ਤਾਂ 19 ਮਈ ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿਚ ਪੰਥਕ ਇਕੱਠ ਕੀਤਾ ਜਾਵੇਗਾ ਤੇ ਅੱਗੇ ਦੀ ਰਣਨੀਤੀ ਤੈਅ ਕੀਤੀ ਜਾਵੇਗੀ।

# ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਮੁੜ ਭੰਬਲਭੂਸਾ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਵਿਚ ਸੋਧ ਤੋਂ ਬਾਅਦ ਗੁਰਪੁਰਬ, ਸ਼ਹੀਦੀ ਪੁਰਬ ਅਤੇ ਹੋਰ ਦਿਨ ਤਿਉਹਾਰਾਂ ਦੀਆਂ ਤਰੀਕਾਂ ਵਿਚ ਹਰ ਵਰ੍ਹੇ ਆਉਂਦੇ ਬਦਲਾਅ ਦੌਰਾਨ ਇਸ ਵਾਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਦੇ ਗੁਰਗੱਦੀ



ਦਿਵਸ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਦੀਆਂ ਤਰੀਕਾਂ ਵਿਚ ਵੀ ਵੱਡਾ ਬਦਲਾਅ ਆਇਆ ਹੈ। ਇਸ ਕਾਰਨ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਛੇਵੇਂ ਪਾਤਸ਼ਾਹ ਦਾ ਗੁਰਗੱਦੀ ਦਿਵਸ 7 ਜੂਨ ਨੂੰ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।

ਨਾਨਕਸ਼ਾਹੀ ਕੈਲੰਡਰ ਵਿਚ ਕੀਤੀ ਸੋਧ ਤੋਂ ਬਾਅਦ ਇਸ ਕੈਲੰਡਰ ਨੂੰ ਮੁੜ ਚੰਦਰ ਚਾਲ ਉਤੇ ਅਧਾਰਤ ਕੈਲੰਡਰ ਵਿਚ ਤਬਦੀਲ ਕਰ ਦਿੱਤਾ ਗਿਆ ਸੀ, ਜਿਸ ਕਾਰਨ ਹਰ ਵਰ੍ਹੇ ਤਰੀਕਾਂ ਵਿਚ ਬਦਲਾਅ ਹੁੰਦਾ ਹੈ। ਚੰਦਰ ਚਾਲ ਤਹਿਤ ਸਾਲ ਦੇ ਦਿਨ 365 ਦਿਨਾਂ ਦੀ ਥਾਂ ਤੇ ਦਿਨ ਘਟਦੇ ਵਧਦੇ ਰਹਿੰਦੇ ਹਨ। ਲਗਭਗ ਚਾਰ ਸਾਲਾਂ ਬਾਅਦ ਹਰ ਵਰ੍ਹੇ ਵਿਚ ਇਕ 'ਮੱਲ ਮਾਸ' ਵਜੋਂ ਇਕ ਮਹੀਨਾ ਵਾਧੂ ਸ਼ਾਮਲ ਕੀਤਾ ਜਾਂਦਾ ਹੈ, ਜਿਸ ਕਾਰਨ ਸਾਲ 13 ਮਹੀਨਿਆਂ ਦਾ ਬਣ ਜਾਂਦਾ ਹੈ। ਇਸ ਵਰ੍ਹੇ ਵਿਚ ਵੀ 13 ਮਹੀਨੇ ਹੋਣ ਕਾਰਨ ਗੁਰਪੁਰਬਾਂ ਅਤੇ ਸ਼ਹੀਦੀ ਪੁਰਬ ਦੀਆਂ ਤਰੀਕਾਂ ਵਿਚ ਵੱਡਾ ਬਦਲਾਅ ਆਇਆ ਹੈ। ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਵਰ੍ਹੇ ਪੰਜ ਜੂਨ ਨੂੰ ਨਿਰਧਾਰਤ ਕੀਤਾ ਗਿਆ ਸੀ ਜਦੋਂ ਕਿ ਸੋਧੇ ਹੋਏ ਕੈਲੰਡਰ ਮੁਤਾਬਕ ਇਹ ਹਰ ਵਰ੍ਹੇ ਕਦੇ ਮਈ ਅਤੇ ਕਦੇ ਜੂਨ ਵਿਚ ਆਉਂਦਾ ਹੈ। ਇਸ ਵਰ੍ਹੇ ਇਹ 17 ਜੂਨ ਨੂੰ ਮਨਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਦਾ ਗੁਰਗੱਦੀ ਦਿਵਸ ਇਸ ਵਰ੍ਹੇ ਸੋਧੇ ਹੋਏ ਕੈਲੰਡਰ ਮੁਤਾਬਕ 8 ਮਈ ਨੂੰ ਆ ਗਿਆ ਸੀ, ਜਿਸ ਨੂੰ ਹੁਣ ਕੈਲੰਡਰ ਕਮੇਟੀ ਦੀ ਮੀਟਿੰਗ ਮਗਰੋਂ 7 ਜੂਨ ਨੂੰ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।

ਪੰਜਵੇਂ ਗੁਰੂ ਦੇ ਸ਼ਹੀਦੀ ਪੁਰਬ ਅਤੇ ਛੇਵੇਂ ਗੁਰੂ ਦੇ ਗੁਰਤਾਗੱਦੀ ਦਿਵਸ ਵਿਚ ਲਗਭਗ 40 ਦਿਨਾਂ ਦਾ ਅੰਤਰ ਆਉਣ ਮਗਰੋਂ ਇਸ ਸਬੰਧੀ ਸਿੱਖ ਸੰਗਤ ਵੱਲੋਂ ਸ਼ਿਕਾਇਤ ਕੀਤੀ ਜਾ ਰਹੀ ਸੀ। ਇਹ ਸ਼ਿਕਾਇਤਾਂ ਅਕਾਲ ਤਖਤ ਦੇ ਜਥੇਦਾਰ ਕੋਲ ਵੀ ਪੁੱਜੀਆਂ ਸਨ। ਇਨ੍ਹਾਂ ਸ਼ਿਕਾਇਤਾਂ ਦੇ ਆਧਾਰ ਉਤੇ ਹੀ ਉਨ੍ਹਾਂ ਨੇ ਇਹ ਮਾਮਲਾ ਕੈਲੰਡਰ ਕਮੇਟੀ ਕੋਲ ਵਿਚਾਰਨ ਲਈ ਭੇਜਿਆ ਸੀ। ਕੈਲੰਡਰ ਕਮੇਟੀ ਦੀ ਹੋਈ ਮੀਟਿੰਗ ਵਿਚ ਕੀਤੇ ਫੈਸਲੇ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਅਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਸ਼ਹੀਦੀ ਪੁਰਬ ਅਤੇ ਗੁਰਗੱਦੀ ਦਿਵਸ ਦੀਆਂ ਤਰੀਕਾਂ ਵਿਚ ਪਾਈ ਜਾ ਰਹੀ ਦੁਵਿਧਾ ਕਾਰਨ ਸਬ ਕਮੇਟੀ ਵੱਲੋਂ ਮਾਮਲਾ ਵਿਚਾਰਿਆ ਗਿਆ ਸੀ ਅਤੇ ਰਿਪੋਰਟ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭੇਜੀ ਸੀ। ਉਨ੍ਹਾਂ ਆਖਿਆ ਕਿ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਛੇਵੇਂ ਗੁਰੂ ਦਾ ਗੁਰਗੱਦੀ ਦਿਵਸ 7 ਜੂਨ ਨੂੰ ਮਨਾਇਆ ਜਾਵੇਗਾ। ਦੱਸਣਯੋਗ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਅਤੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਕਾਰਨ ਹਰ ਵਰ੍ਹੇ ਹੀ ਗੁਰਪੁਰਬ ਅਤੇ ਸ਼ਹੀਦੀ ਪੁਰਬ ਦੀਆਂ ਤਰੀਕਾਂ ਵਿਚ ਵਖਰੇਵੇਂ ਆ ਰਹੇ ਹਨ, ਜਿਸ ਕਾਰਨ ਸੰਗਤ ਵਿਚ ਨਿਰੰਤਰ ਦੁਵਿਧਾ ਬਣੀ ਹੋਈ ਹੈ। ਸੰਗਤ ਵੱਲੋਂ ਇਹ ਦਿਨ ਦਿਹਾੜੇ ਦੋ-ਦੋ ਵਾਰ ਮਨਾਏ ਜਾ ਰਹੇ ਹਨ। ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਲਾਗੂ ਕਰਨ ਦੀ ਨਿਰੰਤਰ ਹੋ ਰਹੀ ਮੰਗ ਨੂੰ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਦੋਵਾਂ ਵੱਲੋਂ ਹੁਣ ਤੱਕ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਕੈਲੰਡਰ ਵਿਵਾਦ ਕਾਰਨ ਸਿੱਖ ਸੰਗਤ ਵਿਚ ਵੀ ਪਾੜਾ ਵਧਿਆ ਹੈ।

## ਡੇਰਾ ਮਾਮਲਾ: ਖੱਟਾ ਸਿੰਘ ਨੇ ਦਿੱਤੀ ਗਵਾਹੀ

**ਪੰਚਕੂਲਾ:** ਡੇਰਾ ਸਿਰਸਾ ਦੇ ਸ਼ਰਧਾਲੂ ਰਣਜੀਤ ਸਿੰਘ ਅਤੇ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਕਤਲਾਂ ਦੇ ਮਾਮਲੇ ਦਾ ਅਹਿਮ ਗਵਾਹ ਤੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦਾ ਸਾਬਕਾ ਡਰਾਈਵਰ ਖੱਟਾ ਸਿੰਘ ਪੰਚਕੂਲਾ ਸਥਿਤ ਵਿਸ਼ੇਸ਼ ਸੀ.ਬੀ.ਆਈ. ਅਦਾਲਤ 'ਚ ਪੇਸ਼ ਹੋਇਆ। ਖੱਟਾ ਸਿੰਘ ਨੂੰ ਅਦਾਲਤ ਨੇ ਪੇਸ਼ੀ ਲਈ ਨੋਟਿਸ ਭੇਜਿਆ ਸੀ, ਜਿਸ ਤਹਿਤ ਉਸ ਨੇ ਆਪਣੇ ਬਿਆਨ ਦਰਜ ਕਰਵਾਏ। ਖੱਟਾ ਸਿੰਘ ਨੇ ਦੱਸਿਆ ਕਿ ਕੁਝ ਗੱਲਾਂ ਰਹਿ ਗਈਆਂ ਸਨ, ਜਿਹੜੀਆਂ ਉਸ ਨੇ ਕੋਰਟ ਵਿਚ ਦੱਸੀਆਂ ਹਨ। ਉਸ ਮੁਤਾਬਕ ਹੁਣ ਉਸ ਨੂੰ ਕਿਸੇ ਕਿਸਮ ਦਾ ਡਰ ਨਹੀਂ। ਉਹ ਸੱਚਾਈ ਦੱਸ ਕੇ ਰਹੇਗਾ।



ਗੌਰਤਲਬ ਹੈ ਕਿ ਵਿਸ਼ੇਸ਼ ਸੀ.ਬੀ.ਆਈ. ਕੋਰਟ ਪੰਚਕੂਲਾ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖਿਲਾਫ਼ ਕਈ ਮਾਮਲਿਆਂ ਦੀ ਸੁਣਵਾਈ ਲੰਬੇ ਸਮੇਂ ਤੋਂ ਚੱਲ ਰਹੀ ਹੈ। ਇਨ੍ਹਾਂ ਮਾਮਲਿਆਂ ਵਿਚ ਸਾਧਵੀਆਂ ਦਾ ਜਿਨਸੀ ਸ਼ੋਸ਼ਣ ਤੇ ਕਈ ਸਾਧੂਆਂ ਨੂੰ ਨਪੁੰਸਕ ਬਣਾਏ ਜਾਣ, ਰਣਜੀਤ ਸਿੰਘ ਹੱਤਿਆ ਮਾਮਲਾ ਅਤੇ 25 ਅਗਸਤ, 2017 ਨੂੰ ਹੋਏ ਦੰਗਿਆਂ ਦੇ ਕਈ ਮਾਮਲੇ ਸ਼ਾਮਲ ਹਨ।

## ਸੁਰਵੀਨ ਚਾਵਲਾ ਖਿਲਾਫ ਧੋਖਾਧੜੀ ਦਾ ਕੇਸ

**ਹੁਸ਼ਿਆਰਪੁਰ:** ਅਦਾਕਾਰਾ ਸੁਰਵੀਨ ਚਾਵਲਾ, ਉਸ ਦੇ ਪਤੀ ਅਤੇ ਭਰਾ ਖਿਲਾਫ਼ ਹੁਸ਼ਿਆਰਪੁਰ ਸਿਟੀ ਥਾਣੇ ਵਿਚ ਧੋਖਾਧੜੀ ਦਾ



ਕੇਸ ਦਰਜ ਹੋਇਆ ਹੈ। ਸ਼ਿਕਾਇਤਕਰਤਾ ਸਤਪਾਲ ਗੁਪਤਾ ਨੇ ਦੋਸ਼ ਲਾਇਆ ਕਿ ਸੁਰਵੀਨ ਅਤੇ ਉਸ ਦੇ ਪਰਿਵਾਰ ਨੇ ਉਨ੍ਹਾਂ ਨਾਲ 40 ਲੱਖ ਰੁਪਏ ਦੀ ਧੋਖਾਧੜੀ ਕੀਤੀ ਹੈ।

ਸ਼ਿਕਾਇਤ ਮੁਤਾਬਕ ਸ੍ਰੀ ਗੁਪਤਾ ਦੇ ਲੜਕੇ ਪੰਕਜ ਦੀ ਵਾਕਫੀ ਸੁਰਵੀਨ ਦੇ ਚੰਡੀਗੜ੍ਹ ਰਹਿੰਦੇ ਭਰਾ ਮਨਵਿੰਦਰ ਸਿੰਘ ਨਾਲ ਸੀ ਜਿਸ ਨੇ ਉਨ੍ਹਾਂ ਨੂੰ ਸੁਰਵੀਨ ਚਾਵਲਾ ਅਤੇ ਉਸ ਦੇ ਸਾਥੀ ਅਕਸ਼ੇ ਠੱਕਰ (ਹੁਣ ਪਤੀ) ਨਾਲ ਮਿਲਾਇਆ ਅਤੇ ਸਾਰਿਆਂ ਨੇ ਉਸ ਨੂੰ ਹਿੰਦੀ ਫਿਲਮ 'ਨਿੱਲ ਬਟੇ ਸੰਨਾਟਾ' ਦੇ ਨਿਰਮਾਣ ਵਿਚ ਪੈਸਾ ਲਾਉਣ ਲਈ ਰਾਜ਼ੀ ਕਰ ਲਿਆ। ਉਨ੍ਹਾਂ ਨੂੰ ਇਹੀ ਦੱਸਿਆ ਗਿਆ ਕਿ ਮੂਲ ਰਕਮ ਦੇ ਨਾਲ-ਨਾਲ ਫਿਲਮ ਤੋਂ ਹੋਣ ਵਾਲੀ ਆਮਦਨ ਦਾ ਹਿੱਸਾ ਵੀ ਦਿੱਤਾ ਜਾਵੇਗਾ, ਪਰ ਉਨ੍ਹਾਂ ਨਾਲ ਧੋਖਾ ਕੀਤਾ ਗਿਆ।

## ਬਾਪੂ ਸੂਰਤ ਸਿੰਘ ਖਾਲਸਾ ਦੇ ਇਲਾਜ 'ਤੇ 42 ਲੱਖ ਖਰਚਾ

**ਲੁਧਿਆਣਾ:** ਬੰਦੀ ਸਿੱਖ ਕੈਦੀਆਂ ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਦਿਆਨੰਦ ਹਸਪਤਾਲ ਵਿਚ ਜੇਰੇ ਇਲਾਜ ਬਾਪੂ ਸੂਰਤ ਸਿੰਘ ਖਾਲਸਾ ਦੇ ਇਲਾਜ ਉਤੇ ਪਿਛਲੇ 3 ਸਾਲ ਵਿਚ 42 ਲੱਖ ਦਾ ਖਰਚਾ ਆ ਚੁੱਕਾ ਹੈ ਪਰ ਸਰਕਾਰ ਵੱਲੋਂ ਇਸ ਰਕਮ ਦੀ ਹਸਪਤਾਲ ਨੂੰ ਅਦਾਇਗੀ ਨਹੀਂ ਕੀਤੀ ਜਾ ਰਹੀ ਹੈ।



ਦੱਸ ਦਈਏ ਕਿ ਬੰਦੀ ਸਿੱਖ ਕੈਦੀਆਂ ਦੀ ਰਿਹਾਈ ਲਈ ਖਾਲਸਾ ਨੇ ਆਪਣੇ ਘਰ 'ਚ ਭੁੱਖ ਹੜਤਾਲ ਸ਼ੁਰੂ ਕੀਤੀ ਸੀ ਜਦੋਂ ਉਨ੍ਹਾਂ ਦੀ ਹਾਲਤ ਵਿਗੜੀ ਤਾਂ ਪ੍ਰਸ਼ਾਸਨ ਵੱਲੋਂ ਦਿਆਨੰਦ ਹਸਪਤਾਲ ਦਾਖਲ ਕਰਵਾਇਆ ਗਿਆ ਜਿਥੇ ਸਰਕਾਰ ਵੱਲੋਂ ਖਾਲਸਾ ਦਾ ਇਲਾਜ ਸਰਕਾਰੀ ਖਰਚੇ ਉਤੇ ਕਰਨ ਦਾ ਐਲਾਨ ਕੀਤਾ ਗਿਆ। ਪਿਛਲੇ ਕਾਫੀ ਸਮੇਂ ਤੋਂ ਬਾਪੂ ਖਾਲਸਾ ਦਿਆਨੰਦ ਹਸਪਤਾਲ ਵਿਚ ਜੇਰੇ ਇਲਾਜ ਹਨ ਤੇ ਉਨ੍ਹਾਂ ਨੂੰ ਇਕ ਵੱਖਰਾ ਨਿੱਜੀ ਕਮਰਾ ਦਿੱਤਾ ਗਿਆ ਹੈ ਅਤੇ ਸੁਰੱਖਿਆ ਲਈ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਖਾਲਸਾ ਦੇ ਇਲਾਜ ਉਪਰ ਹੁਣ ਤੱਕ 42 ਲੱਖ ਰੁਪਏ ਦਾ ਖਰਚਾ ਹੋ ਚੁੱਕਾ ਹੈ ਪਰ ਸਰਕਾਰ ਵੱਲੋਂ ਹਸਪਤਾਲ ਨੂੰ ਇਸ ਦੀ ਅਦਾਇਗੀ ਨਹੀਂ ਕੀਤੀ ਗਈ। ਇਸ ਦੀ ਪੁਸ਼ਟੀ ਕਰਦਿਆਂ ਦਿਆਨੰਦ ਹਸਪਤਾਲ ਦੀ ਪ੍ਰਬੰਧਕੀ ਕਮੇਟੀ ਦੇ ਮੁਖੀ ਪ੍ਰੇਮ ਗੁਪਤਾ ਨੇ ਦੱਸਿਆ ਕਿ ਇਸ ਸਬੰਧੀ ਸਰਕਾਰ ਨੂੰ ਬਿੱਲ ਭੇਜੇ ਗਏ ਹਨ ਪਰ ਸਰਕਾਰ ਵੱਲੋਂ ਅਦਾਇਗੀ ਨਹੀਂ ਕੀਤੀ ਗਈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਦਿੱਲੀ ਦੇ ਇਕ ਕਲੱਬ ਵਿਚ ਸਿੱਖ ਨੌਜਵਾਨ ਦਾ ਕਤਲ

**ਨਵੀਂ ਦਿੱਲੀ:** ਦਿੱਲੀ ਦੇ ਪੰਜਾਬੀ ਬਾਗ ਇਲਾਕੇ ਵਿਚਲੇ ਇਕ ਕਲੱਬ ਵਿਚ ਗਾਣਾ ਵਜਾਉਣ ਨੂੰ ਲੈ ਕੇ ਹੋਈ ਤਲਖੀ ਮਗਰੋਂ ਸਿੱਖ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਦਿੱਲੀ ਪੁਲਿਸ ਨੇ ਮੁਲਜ਼ਮ ਨੂੰ ਵਾਰਦਾਤ ਲਈ ਇਸਤੇਮਾਲ ਕੀਤੇ ਚਾਕੂ ਸਮੇਤ ਗ੍ਰਿਫਤਾਰ ਕੀਤਾ ਹੈ।

ਵਿਜੈਦੀਪ ਸਿੰਘ ਨਾਂ ਦਾ ਨੌਜਵਾਨ ਆਪਣੇ ਸਾਥੀਆਂ ਨਾਲ ਪੰਜਾਬੀ ਬਾਗ ਵਿਚ 'ਰਫਤਾਰ' ਨਾਂ ਦੇ ਪੱਬ ਵਿਚ ਦੋਸਤ ਇਸ਼ਮਤ ਦਾ ਜਨਮ ਦਿਨ ਮਨਾਉਣ ਗਿਆ ਸੀ। ਉਹ ਹਰੀ ਨਗਰ ਵਿਚ ਜਿੰਮ ਚਲਾਉਂਦਾ ਸੀ। ਪਾਰਟੀ ਦੌਰਾਨ ਉਸ ਨੇ ਡੀਜੇ ਵਾਲੇ ਨੂੰ ਆਪਣੀ ਪਸੰਦ ਦਾ ਗਾਣਾ ਵਜਾਉਣ ਲਈ ਕਿਹਾ, ਪਰ ਡੀਜੇ ਵਾਲੇ ਨੇ ਪੱਬ ਬੰਦ ਹੋਣ ਦਾ ਸਮਾਂ ਦੱਸ ਕੇ ਗਾਣਾ ਚਲਾਉਣ ਤੋਂ ਨਾਂਹ ਕਰ ਦਿੱਤੀ। ਇਸ ਦੌਰਾਨ ਦੋਵਾਂ ਦਰਮਿਆਨ ਤਕਰਾਰ ਹੋ ਗਈ, ਜੋ ਮਗਰੋਂ ਭਿਆਨਕ ਰੂਪ ਧਾਰ ਗਈ। ਮੁਲਜ਼ਮ ਨੇ ਰਸੋਈ ਵਿਚੋਂ ਚਾਕੂ ਚੁੱਕ ਕੇ ਵਿਜੈਜੀਤ ਉਪਰ ਹਮਲਾ ਕਰ ਦਿੱਤਾ।

## 'ਆਪ' ਦੀ ਪੰਜਾਬ ਲੀਡਰਸ਼ਿਪ ਦੇ ਰੋਸੇ ਦੂਰ ਕਰਨ ਦੇ ਯਤਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਦੇ ਇੰਚਾਰਜ ਅਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਆਪਣੀ ਦੋ ਰੋਜ਼ਾ ਪੰਜਾਬ ਫੇਰੀ ਦੌਰਾਨ ਪੰਜਾਬ ਅਤੇ ਦਿੱਲੀ ਵਿਚਲੇ ਸਿਆਸੀ ਖੱਪੇ ਨੂੰ ਪੂਰਨ ਦਾ ਭਰਪੂਰ ਯਤਨ ਕੀਤਾ। ਇਸ ਦੌਰਾਨ ਉਨ੍ਹਾਂ ਨਵੀਂ ਲੀਡਰਸ਼ਿਪ ਨੂੰ ਉਭਾਰਨ ਦੇ ਹੱਕ ਵਿਚ ਹਾਮੀ ਭਰੀ।

ਸ੍ਰੀ ਸਿਸੋਦੀਆ ਵੱਲੋਂ 'ਆਪ' ਵਿਧਾਇਕਾਂ ਨਾਲ ਕੀਤੀ ਬੰਦ ਕਮਰਾ ਮੀਟਿੰਗ ਦੌਰਾਨ ਪਾਰਟੀ ਹਾਈਕਮਾਂਡ ਬਾਰੇ ਉਨ੍ਹਾਂ ਦੇ ਮਨ ਵਿਚ ਪੈਦਾ ਹੋਏ ਤੌਖਲੇ ਦੂਰ ਕਰਨ ਦੇ ਵੀ ਸੰਕੇਤ ਮਿਲੇ ਹਨ। ਜ਼ਿਕਰਯੋਗ ਹੈ ਕਿ ਜਦੋਂ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਡਰੱਗ ਰੈਕੇਟ ਮਾਮਲੇ ਵਿਚ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਮੁਆਫੀ ਮੰਗੀ ਸੀ ਤਾਂ ਉਸ ਵੇਲੇ ਸੂਬੇ ਦੇ ਬਹੁਗਿਣਤੀ ਵਿਧਾਇਕਾਂ ਨੇ ਦਿੱਲੀ ਦੀ ਲੀਡਰਸ਼ਿਪ ਖਿਲਾਫ਼ ਵਿਰੋਧ ਦਰਜ ਕੀਤਾ ਸੀ। ਜਦਕਿ ਹੁਣ ਇਸ ਮੀਟਿੰਗ ਮਗਰੋਂ ਤਕਰੀਬਨ ਸਮੂਹ ਵਿਧਾਇਕਾਂ ਨੇ ਸ੍ਰੀ ਸਿਸੋਦੀਆ ਨੂੰ ਦਿੱਲੀ ਲੀਡਰਸ਼ਿਪ ਦੀ ਅਗਵਾਈ ਹੇਠ ਹੀ ਚੱਲਣ ਦਾ ਭਰੋਸਾ ਦਿੱਤਾ ਹੈ।

ਹਾਲਾਂਕਿ ਇਸ ਮੌਕੇ ਵਿਧਾਇਕ ਐਚ.ਐਸ. ਫੂਲਕਾ, ਕੰਵਰ ਸੰਧੂ ਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਗੈਰਹਾਜ਼ਰ ਰਹੇ। ਸੂਤਰਾਂ ਅਨੁਸਾਰ ਇਸ ਮੀਟਿੰਗ ਵਿਚ ਸੂਬਾਈ ਤੇ ਦਿੱਲੀ ਦੀ ਲੀਡਰਸ਼ਿਪ ਵਿਚਕਾਰ ਉਪਜੀ ਵਿਰੋਧ ਦੀ ਸਥਿਤੀ ਨੂੰ ਪਹਿਲ ਦੇ ਆਧਾਰ ਉਤੇ ਵਿਚਾਰਿਆ ਗਿਆ। ਸ੍ਰੀ ਸਿਸੋਦੀਆ ਨੇ ਦੋ ਦਿਨ ਦੀ ਪੰਜਾਬ ਫੇਰੀ ਮੌਕੇ ਪਾਰਟੀ ਦੇ ਵੱਖ-ਵੱਖ ਵਿੰਗਾਂ ਦੀ ਬਣਤਰ ਉਤੇ ਵੀ ਵਿਚਾਰ ਵਟਾਂਦਰਾ ਕੀਤਾ। ਹਾਈਕਮਾਂਡ ਦੀ ਪ੍ਰਵਾਨਗੀ ਤੋਂ ਬਾਅਦ ਹੁਣ ਕਈ ਵਿੰਗਾਂ ਦਾ ਐਲਾਨ ਕੀਤੇ ਜਾਣ ਦੀ ਵੀ ਸੰਭਾਵਨਾ ਜਤਾਈ ਜਾ ਰਹੀ ਹੈ। ਇਨ੍ਹਾਂ ਵਿੰਗਾਂ ਵਿਚ ਕੁਝ ਵਿਧਾਇਕਾਂ ਨੂੰ ਜਥੇਬੰਦਕ ਜ਼ਿੰਮੇਵਾਰੀਆਂ ਦਿੱਤੀਆਂ ਜਾ ਸਕਦੀਆਂ ਹਨ। ਸੂਤਰਾਂ ਅਨੁਸਾਰ ਸ੍ਰੀ ਸਿਸੋਦੀਆ ਵੱਲੋਂ ਲੀਡਰਸ਼ਿਪ ਨਾਲ ਕੀਤੀਆਂ ਮੀਟਿੰਗਾਂ ਵਿਚ ਇਹ ਸਾਫ ਕਰ ਦਿੱਤਾ ਗਿਆ ਹੈ ਕਿ ਨੀਤੀਗਤ ਫੈਸਲੇ ਕਰਨ ਦੇ ਅਧਿਕਾਰ ਪਾਰਟੀ ਦੇ ਆਗੂਆਂ ਕੋਲ ਹੀ ਹੋਣਗੇ ਅਤੇ ਵਿਧਾਇਕ ਦਲ ਵਿਧਾਨ ਸਭਾ ਅੰਦਰ ਮੋਰਚਾ ਸੰਭਾਲੇਗਾ।

## ਪੰਜਾਬ ਸਰਕਾਰ ਨੇ ਇਰਾਕ ਕਾਂਡ ਪੀੜਤਾਂ ਦੀ ਫੜੀ ਬਾਂਹ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਨੇ ਇਰਾਕ ਦੇ ਮੌਸੂਲ ਵਿਚ ਮਾਰੇ ਗਏ 26 ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਤਰਸ ਦੇ ਆਧਾਰ ਉਤੇ ਮਾਲੀ ਮਦਦ ਅਤੇ ਰੁਜ਼ਗਾਰ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਨੌਕਰੀ ਮਿਲਣ ਤੱਕ ਪੀੜਤ ਪਰਿਵਾਰਾਂ ਨੂੰ ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਸਹਾਇਤਾ ਦਿੱਤੀ ਜਾਵੇਗੀ।

ਇਰਾਕ ਵਿਚ ਮਾਰੇ ਗਏ 26 ਪੰਜਾਬੀਆਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਪੰਜ ਲੱਖ ਰੁਪਏ ਐਕਸ-ਗ੍ਰੇਸ਼ੀਆ ਦੇ ਹਿਸਾਬ ਨਾਲ 1.30 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਮਾਰੇ ਗਏ ਇਕ ਵਿਅਕਤੀ ਦਾ ਕਾਨੂੰਨੀ ਤੌਰ ਉਤੇ ਕੋਈ ਵਾਰਿਸ ਨਹੀਂ ਹੈ ਤੇ ਇਸ ਲਈ 26 ਵਾਰਸਾਂ ਨੂੰ ਸਹਾਇਤਾ ਦਿੱਤੀ ਹੈ। ਪੀੜਤ ਪਰਿਵਾਰਾਂ ਦੇ ਦੁੱਖ ਅਤੇ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦਿਆਂ ਕੈਬਨਿਟ ਨੇ 21 ਨਵੰਬਰ, 2002 ਵਿਚ ਨੋਟੀਫਾਈ ਕੀਤੀ ਗਈ ਸੂਬਾਈ ਸਰਕਾਰ ਦੀ ਮੌਜੂਦਾ ਨੀਤੀ ਵਿਚ ਢਿੱਲ ਦੇਣ ਦਾ ਫੈਸਲਾ ਕੀਤਾ। ਹਾਲਾਂਕਿ ਇਸ ਨੀਤੀ ਦੀਆਂ ਬਾਕੀ ਸ਼ਰਤਾਂ ਬਰਕਰਾਰ ਰਹਿਣਗੀਆਂ।

## ਉਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਹੋਏ 'ਬੇਘਰ'

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਵਾਲੇ ਸ਼ਖਸ ਨੂੰ ਆਮ ਨਾਗਰਿਕ ਦੇ ਬਰਾਬਰ ਹੋਣ ਦਾ ਤਰਕ ਦਿੰਦਿਆਂ ਉਤਰ ਪ੍ਰਦੇਸ਼ ਦੇ ਕਈ ਸਾਬਕਾ ਮੁੱਖ ਮੰਤਰੀਆਂ ਨੂੰ 'ਬੇਘਰ' ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਦਿੱਤੇ ਆਦੇਸ਼ 'ਚ ਕਿਹਾ ਕਿ ਉਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸਰਕਾਰੀ ਬੰਗਲਿਆਂ ਦੇ ਹੱਕਦਾਰ ਨਹੀਂ ਹੋਣਗੇ, ਕਿਉਂਕਿ ਸਰਕਾਰ ਦੀ ਇਹ ਸੰਪਤੀ ਦੇਸ਼ ਦੇ ਲੋਕਾਂ ਦੀ ਸੰਪਤੀ ਹੈ। ਸਰਬਉਚ ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਮੁਲਾਇਮ ਸਿੰਘ ਯਾਦਵ, ਅਖਿਲੇਸ਼ ਯਾਦਵ, ਮਾਇਆਵਤੀ ਤੇ ਕਈ ਹੋਰ ਨੇਤਾ ਸਰਕਾਰੀ ਬੰਗਲਿਆਂ ਦੇ ਸੁੱਖ ਤੋਂ ਵਾਂਝੇ ਹੋ ਜਾਣਗੇ। ਸਾਲ 2016 'ਚ ਅਖਿਲੇਸ਼ ਯਾਦਵ ਸਰਕਾਰ ਨੇ ਅਜਿਹੇ ਇਕ ਅਦਾਲਤੀ ਫੈਸਲੇ ਦੀ ਕਾਨੂੰਨੀ ਤਰਮੀਮ ਕਰ ਕੇ ਸਾਬਕਾ ਮੁੱਖ ਮੰਤਰੀਆਂ ਲਈ ਸਰਕਾਰੀ ਬੰਗਲੇ ਦਾ ਇੰਤਜ਼ਾਮ ਕੀਤਾ ਸੀ।

ਕਾਨੂੰਨ ਦੀ ਤਰਮੀਮ ਤੋਂ ਬਾਅਦ 5 ਸਾਬਕਾ ਮੁੱਖ ਮੰਤਰੀ ਸਰਕਾਰੀ ਬੰਗਲਿਆਂ ਦੇ ਹੱਕਦਾਰ ਬਣ ਗਏ ਸਨ ਜਿਨ੍ਹਾਂ 'ਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਰਾਜਸਥਾਨ ਦੇ ਰਾਜਪਾਲ ਕਲਿਆਣ ਸਿੰਘ, ਮੁਲਾਇਮ ਸਿੰਘ ਯਾਦਵ, ਮਾਇਆਵਤੀ ਅਤੇ ਐਨ. ਡੀ. ਤਿਵਾੜੀ ਸ਼ਾਮਲ ਹਨ। ਗੈਰ-ਸਰਕਾਰੀ ਸੰਗਠਨਾਂ 'ਲੋਕ ਪ੍ਰਹਰੀ' ਨੇ 2004 ਵਿਚ ਲਾਈ ਪਟੀਸ਼ਨ ਉਤੇ ਇਹ ਫੈਸਲਾ ਸੁਣਾਇਆ ਹੈ।

### -ਕਤਲੇਆਮ 84-

## 34 ਵਰ੍ਹਿਆਂ ਪਿੱਛੋਂ ਮੁਆਵਜ਼ੇ ਲਈ ਪਟੀਸ਼ਨ

**ਚੰਡੀਗੜ੍ਹ:** ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਮੁਲਕ ਵਿਚ ਹੋਏ ਸਿੱਖ ਕਤਲੇਆਮ ਦੇ ਤਕਰੀਬਨ 34 ਵਰ੍ਹਿਆਂ ਬਾਅਦ ਇਕ ਪਰਿਵਾਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਦਾ ਰੁਖ ਕਰ ਕੇ ਮੁਆਵਜ਼ੇ ਦੀ ਮੰਗ ਕੀਤੀ ਹੈ।

ਜਸਟਿਸ ਰਾਕੇਸ਼ ਕੁਮਾਰ ਜੈਨ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਕੇਂਦਰ, ਹਰਿਆਣਾ ਸਰਕਾਰ ਅਤੇ ਹੋਰ ਧਿਰਾਂ ਨੂੰ 23 ਮਈ ਲਈ ਨੋਟਿਸ ਜਾਰੀ ਕਰ ਦਿੱਤਾ ਹੈ। ਪਟੀਸ਼ਨ 'ਚ ਹਰਬੰਸ ਕੌਰ (82) ਨੇ ਕਿਹਾ ਹੈ ਕਿ ਦੰਗਾਕਾਰੀਆਂ ਦੇ ਹਮਲੇ 'ਚ ਉਸ ਦੇ ਪਤੀ ਜੋਗਿੰਦਰ ਸਿੰਘ ਦੀ ਮੌਤ ਹੋ ਗਈ ਸੀ। ਪਟੌਦੀ ਪੁਲਿਸ ਸਟੇਸ਼ਨ 'ਚ ਮਾਮਲਾ ਦਰਜ ਕਰਵਾਇਆ ਗਿਆ ਸੀ। ਅਪਰੈਲ 2012 'ਚ ਹਾਈ ਕੋਰਟ ਨੇ ਜਾਂਚ ਦਾ ਘੇਰਾ ਵਧਾ ਕੇ ਪਟੌਦੀ ਤੇ ਗੁੜਗਾਉਂ ਜ਼ਿਲ੍ਹੇ ਦੇ ਹੋਰ ਇਲਾਕਿਆਂ ਤੱਕ ਕਰ ਦਿੱਤਾ ਸੀ। ਹਰੇਕ ਵਿਅਕਤੀ ਦੀ ਮੌਤ ਲਈ 15-15 ਲੱਖ ਰੁਪਏ ਤੇ ਨੁਕਸਾਨੀ ਜਾਇਦਾਦ ਲਈ ਪੰਜ ਲੱਖ ਰੁਪਏ ਦੀ ਸਿਫਾਰਸ਼ ਕੀਤੀ ਗਈ ਸੀ। ਪਰ ਕਮਿਸ਼ਨ ਸਥਾਪਤ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਸੀ ਜਿਸ ਕਰ ਕੇ ਉਹ ਮੁਆਵਜ਼ੇ ਲਈ ਦਾਅਵਾ ਨਹੀਂ ਪੇਸ਼ ਕਰ ਸਕੇ।

## ਸ਼ਾਹਕੋਟ ਜ਼ਿਮਨੀ ਚੋਣ ਦਾ ਬਣਿਆ ਸ਼ਾਹੀ ਠਾਠ

**(ਸਫਾ ਇਕ ਦੀ ਬਾਕੀ)**

ਹੋਟਲ ਦਾ ਵੀਡੀਓ ਵਾਇਰਲ ਹੋਇਆ ਹੈ, ਜਿਸ ਵਿਚ ਉਹ ਕਿਸੇ ਔਰਤ ਨਾਲ ਦਿਖਾਈ ਦੇ ਰਿਹਾ ਹੈ। ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ 'ਤੇ ਆ ਰਹੇ ਸਮੇਂ ਅਤੇ ਮਿਤੀ ਦੇ ਹਿਸਾਬ ਨਾਲ ਇਹ ਫੁਟੇਜ ਉਸੇ ਰਾਤ ਦੀ ਹੈ ਜਦੋਂ ਇਸ ਅਫਸਰ ਨੇ ਲਾਡੀ ਸ਼ੇਰੋਵਾਲੀਆ ਖਿਲਾਫ਼ ਪਰਚਾ ਦਰਜ ਕੀਤਾ ਸੀ। ਇਸੇ ਰਾਤ ਬਾਜਵਾ ਦੇ ਨਾਮ 33 ਹਜ਼ਾਰ ਰੁਪਏ ਦਾ ਸ਼ਰਾਬ ਦਾ ਹੀ ਬਿੱਲ ਬਣਿਆ ਹੈ। ਕਾਂਗਰਸ ਦਾ ਦਾਅਵਾ ਹੈ ਕਿ ਥਾਣੇਦਾਰ ਨੇ ਪਰਚਾ ਦਰਜ ਕਰਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਲੀਡਰ ਸੁਖਪਾਲ ਸਿੰਘ ਖਹਿਰਾ ਅਤੇ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਨਾਲ ਫੋਨ ਉਤੇ ਗੱਲ ਕੀਤੀ ਸੀ। ਇਹ ਮਾਮਲਾ ਚੋਣ ਕਮਿਸ਼ਨ ਕੋਲ ਵੀ ਪੁੱਜ ਗਿਆ ਹੈ।

ਦੱਸ ਦਈਏ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਅਗਲੇ ਵਰ੍ਹੇ ਆਮ ਚੋਣਾਂ ਤੋਂ ਪਹਿਲਾਂ ਇਸ ਉਪ ਚੋਣ ਨੂੰ ਕਾਫੀ ਅਹਿਮ ਮੰਨ ਰਹੀਆਂ ਹਨ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਜ਼ਿਮਨੀ ਚੋਣ ਲਈ ਇੰਨਾ ਜ਼ੋਰ ਲੱਗਾ ਹੋਇਆ ਹੋਵੇ। ਇਥੋਂ ਤੱਕ ਕਿ ਸਿਆਸਤ ਤੋਂ ਸੰਨਿਆਸ ਦੀ ਤਿਆਰੀ ਕਰੀ ਬੈਠੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਕਾਫੀ ਸਰਗਰਮ ਲੱਗ ਰਹੇ ਹਨ। ਆਮ ਆਦਮੀ ਪਾਰਟੀ ਵੀ ਇਸ ਚੋਣ ਨੂੰ ਪੰਜਾਬ ਵਿਚ ਵਾਪਸੀ ਵਜੋਂ ਦੇਖ ਰਹੀ ਹੈ। ਹਾਲਾਂਕਿ ਸੂਬਾ ਪ੍ਰਧਾਨ ਭਗਵੰਤ ਮਾਨ ਅਤੇ ਪਾਰਟੀ ਦੇ ਭੁਲੱਥ ਤੋਂ ਵਿਧਾਇਕ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਖਹਿਰਾ ਇਹ ਚੋਣ ਲੜਨ ਦੇ ਹੱਕ ਵਿਚ ਨਹੀਂ ਸਨ। ਇਨ੍ਹਾਂ ਆਗੂਆਂ ਦਾ ਦਾਅਵਾ ਹੈ ਕਿ ਪਾਰਟੀ ਅਜੇ ਚੋਣ ਜਿੱਤਣ ਦੀ ਹਾਲਤ ਵਿਚ ਨਹੀਂ ਹੈ।

ਇਸ ਉਪ ਚੋਣ ਦਾ ਇਕ ਅਹਿਮ ਪੱਖ ਇਹ ਹੈ ਕਿ ਇਸ ਵਾਰ ਸਿਆਸੀ ਧਿਰਾਂ ਹਲਕੇ ਦੇ ਅਹਿਮ ਮਸਲਿਆਂ ਦੀ ਥਾਂ ਇਕ ਦੂਜੇ ਨੂੰ ਘੇਰਨ ਉਤੇ ਵੱਧ ਜ਼ੋਰ ਦੇ ਰਹੀਆਂ ਹਨ। ਵਿਧਾਨ ਸਭਾ ਚੋਣਾਂ 'ਚ ਜਿਥੇ ਨਸ਼ੇ ਵੱਡਾ ਮੁੱਦਾ ਬਣੇ ਸਨ, ਉਥੇ ਰੇਤੇ ਦੀ ਨਾਜਾਇਜ਼ ਮਾਈਨਿੰਗ ਵੀ ਅਕਾਲੀ-ਭਾਜਪਾ ਦੀ ਹਾਰ ਦਾ ਵੱਡਾ ਕਾਰਨ ਰਹੀ ਹੈ, ਪਰ ਹੁਣ ਕਾਂਗਰਸ ਦੇ ਆਪਣੇ ਹੀ ਆਗੂਆਂ ਦੇ ਇਸ ਮਾਮਲੇ ਵਿਚ ਫਸਣ ਕਾਰਨ ਚੋਣ ਕਾਫੀ ਦਿਲਚਸਪ ਹੋਣ ਦੀ ਸੰਭਾਵਨਾ ਹੈ। ਸ਼੍ਰੋਮਣੀ ਅਕਾਲੀ ਦਲ ਇਸ ਮੁੱਦੇ ਨੂੰ ਆਪਣਾ ਹਥਿਆਰ ਬਣਾ ਕੇ ਕਾਂਗਰਸ ਨੂੰ ਘੇਰ ਰਿਹਾ ਹੈ।

ਸ਼ਾਹਕੋਟ ਹਲਕੇ ਦੀ ਚੋਣ 28 ਮਈ ਨੂੰ ਹੋਣੀ ਹੈ। ਇਹ ਸੀਟ ਵਿਧਾਇਕ ਅਜੀਤ ਸਿੰਘ ਕੋਹਾੜ ਦੀ ਮੌਤ ਕਾਰਨ ਖਾਲੀ ਹੋਈ ਸੀ। ਅਜੀਤ ਸਿੰਘ ਕੋਹਾੜ ਸ਼ਾਹਕੋਟ ਹਲਕੇ ਤੋਂ ਲਗਾਤਾਰ 5 ਵਾਰ ਵਿਧਾਇਕ ਬਣੇ ਸਨ ਤੇ ਕੈਬਨਿਟ ਵਿਚ ਮੰਤਰੀ ਦੇ ਅਹੁਦੇ ਉਤੇ ਵੀ ਰਹਿ ਚੁੱਕੇ ਹਨ। ਇਹ ਚੋਣ ਜਿਥੇ ਕੈਪਟਨ ਸਰਕਾਰ ਦੇ ਸਵਾ ਸਾਲ ਦੇ ਸ਼ਾਸਨ ਦੀ ਪਰਖ ਹੋਵੇਗੀ, ਉਥੇ ਅਕਾਲੀ ਦਲ ਵੱਲੋਂ ਆਪਣੇ ਗੜ੍ਹ ਨੂੰ ਸਲਾਮਤ ਰੱਖਣਾ ਚੁਣੌਤੀ ਹੈ।

ਅਕਾਲੀ ਦਲ ਨੇ ਨੈਬ ਸਿੰਘ ਕੋਹਾੜ ਨੂੰ ਮੈਦਾਨ ਵਿਚ ਉਤਾਰਿਆ ਹੋਇਆ ਹੈ ਜਦ ਕਿ ਆਮ ਆਦਮੀ ਪਾਰਟੀ ਨੇ ਰਤਨ ਸਿੰਘ ਕਾਕੜਕਲਾਂ ਨੂੰ ਉਮੀਦਵਾਰ ਐਲਾਨਿਆ ਹੈ। ਸ੍ਰੀ ਕਾਕੜਕਲਾਂ ਪਾਰਟੀ ਦਾ ਪੁਰਾਣਾ ਵਲੰਟੀਅਰ ਅਤੇ ਜ਼ਿਲ੍ਹਾ ਜਲੰਧਰ ਦਿਹਾਤੀ ਇਕਾਈ ਦਾ ਸਕੱਤਰ ਹੈ। ਅਕਾਲੀ ਦਲ (ਅੰਮ੍ਰਿਤਸਰ) ਵੀ ਬਹੁਜਨ ਮੁਕਤੀ ਪਾਰਟੀ ਨਾਲ ਗੱਠਜੋੜ ਕਰ ਕੇ ਸੁਲੱਖਣ ਸਿੰਘ ਨਾਲ ਮੈਦਾਨ ਵਿਚ ਨਿੱਤਰਿਆ ਹੈ।

## ਅਕਾਲ ਤਖਤ ਸਾਹਮਣੇ ਢਾਡੀ ਦੀਵਾਨ ਵਾਲਾ ਵਿਵਾਦ ਨਿਬੜਿਆ

**(ਸਫਾ ਇਕ ਦੀ ਬਾਕੀ)**

ਵਿਚ ਦੀਵਾਨ ਸਜਾ ਦਿੱਤਾ। ਇਸ ਜਥੇ ਦਾ ਦੋਸ਼ ਸੀ ਕਿ ਇਸ ਸਾਰੀ ਕਾਰਵਾਈ ਪਿੱਛੇ ਕੋਈ ਡੂੰਘੀ ਸਾਜ਼ਿਸ਼ ਹੈ। ਅਕਾਲ ਤਖਤ ਦੇ ਸਾਹਮਣੇ ਦੀਵਾਨ ਸਜਾਉਣ ਦੀ ਪਰੰਪਰਾ ਬਹਾਲ ਹੋਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਪਿਛਲੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਕੋਲ ਵੀ ਪੁੱਜਾ ਸੀ, ਪਰ ਇਸ ਦਾ ਸਮੇਂ ਸਿਰ ਹੱਲ ਨਾ ਕਰਨ ਕਰ ਕੇ ਗੱਲ ਇਥੋਂ ਤੱਕ ਪੁੱਜ ਗਈ ਸੀ।

## ਵਿਆਹ ਬੰਧਨ ਵਿਚ ਬੱਝੇ ਸੋਨਮ ਕਪੂਰ ਤੇ ਆਨੰਦ ਆਹੂਜਾ

**ਮੁੰਬਈ:** ਬਾਲੀਵੁੱਡ ਅਦਾਕਾਰਾ ਸੋਨਮ ਕਪੂਰ ਨੇ ਆਪਣੇ ਪ੍ਰੇਮੀ ਅਤੇ ਸਨਅਤਕਾਰ ਆਨੰਦ ਆਹੂਜਾ ਨਾਲ ਵਿਆਹ ਕਰਵਾ ਲਿਆ। ਆਨੰਦ ਕਾਰਜ ਦੀ ਇਸ ਰਸਮ ਵਿਚ ਉਸ ਦੇ ਪਰਿਵਾਰਕ ਮੈਂਬਰਾਂ ਅਤੇ ਬਾਲੀਵੁੱਡ ਤੋਂ ਉਸ ਦੇ ਕਰੀਬੀਆਂ ਨੇ ਸ਼ਿਰਕਤ ਕੀਤੀ। ਫੈਸ਼ਨ ਦੇ ਵੱਖ-ਵੱਖ ਅੰਦਾਜ਼ ਅਤੇ ਵੱਖ-ਵੱਖ ਤਰ੍ਹਾਂ ਦੀਆਂ ਪੋਸ਼ਾਕਾਂ ਨੂੰ ਲੈ ਕੇ ਹਮੇਸ਼ਾ ਚਰਚਾ ਵਿਚ ਰਹਿਣ ਵਾਲੀ ਸੋਨਮ ਦੁਲਹਨ ਦੇ ਲਿਬਾਸ ਵਿਚ ਬੇਹੱਦ ਸੋਹਣੀ ਨਜ਼ਰ ਆ ਰਹੀ ਸੀ। ਬਾਲੀਵੁੱਡ ਸੁਪਰ ਸਟਾਰ ਅਮਿਤਾਭ ਬਚਨ ਆਪਣੇ ਪੁੱਤਰ ਅਭਿਸ਼ੇਕ ਅਤੇ ਧੀ ਸ਼ਵੇਤਾ ਨਾਲ ਇਥੇ ਪਹੁੰਚੇ।


**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਦਿਆਲ ਸਿੰਘ ਕਾਲਜ ਦੇ 'ਸੰਘੀਕਰਨ' ਉਤੇ ਅੜੀ ਬਰਕਰਾਰ

**ਚੰਡੀਗੜ੍ਹ:** ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਮ ਚੁੱਪ-ਚੁਪੀਤੇ ਬਦਲਣ ਦਾ ਮਾਮਲਾ ਭਖਦਾ ਜਾ ਰਿਹਾ ਹੈ। ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵਡੇਕਰ ਜਿਥੇ ਦਾਅਵਾ ਕੀਤਾ ਕਿ ਨਾਮ ਬਦਲਣ ਦੀ ਕੋਸ਼ਿਸ਼ ਕਰਨ ਵਾਲਿਆਂ ਖਿਲਾਫ਼ ਕਾਰਵਾਈ ਹੋਵੇਗੀ, ਉਥੇ ਸੰਸਥਾ ਦੇ ਚੇਅਰਮੈਨ ਅਮਿਤਾਭ ਸਿਨਹਾ ਨੇ ਕੇਂਦਰ ਨੂੰ ਲਲਕਾਰਦਿਆਂ ਆਖ ਦਿੱਤਾ ਹੈ ਕਿ ਦਿੱਲੀ ਯੂਨੀਵਰਸਿਟੀ ਖੁਦਮੁਖਤਿਆਰ ਸੰਸਥਾ ਹੈ ਅਤੇ ਸਰਕਾਰ ਉਸ ਦੇ ਪ੍ਰਸ਼ਾਸਕੀ ਮਾਮਲਿਆਂ 'ਚ ਦਖਲ ਨਹੀਂ ਦੇ ਸਕਦੀ।

ਉਨ੍ਹਾਂ ਸਿੱਧੇ ਤੌਰ ਉਤੇ ਮਨੁੱਖੀ ਵਸੀਲਾ ਵਿਕਾਸ ਮੰਤਰੀ ਪ੍ਰਕਾਸ਼ ਜਾਵਡੇਕਰ ਨਾਲ ਆਢਾ ਲੈ ਲਿਆ ਹੈ ਅਤੇ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਕਰਨ ਲਈ ਵੰਗਾਰਿਆ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ ਸ੍ਰੀ ਜਾਵਡੇਕਰ ਨੇ ਕਿਹਾ ਸੀ ਕਿ ਸਰਕਾਰ ਦਿਆਲ ਸਿੰਘ ਕਾਲਜ ਦਾ ਨਾਮ ਬਦਲੇ ਜਾਣ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਮੰਤਰਾਲੇ ਦੀ ਸਹਿਮਤੀ ਤੋਂ ਬਿਨਾਂ ਕਾਲਜ ਦਾ ਨਾਮ ਬਦਲੇ ਜਾਣ ਕਰ ਕੇ ਉਹ ਪ੍ਰਬੰਧਕ ਕਮੇਟੀ ਖਿਲਾਫ਼ ਕਾਰਵਾਈ ਕਰਨਗੇ। ਨਾਮ ਬਦਲੀ ਵਾਲਾ ਵਿਵਾਦ ਕਾਲਜ ਵੱਲੋਂ 25 ਅਪਰੈਲ ਨੂੰ ਕਰਵਾਏ ਗਏ ਸਮਾਗਮ ਦੌਰਾਨ ਸੁਰਜੀਤ ਹੋਇਆ। ਸਮਾਗਮ




ਵਾਸਤੇ ਲਾਏ ਬੈਨਰਾਂ ਉਪਰ 'ਵੰਦੇ ਮਾਤਰਮ ਦਿਆਲ ਸਿੰਘ ਕਾਲਜ, ਯੂਨੀਵਰਸਿਟੀ ਆਫ ਦੇਹਲੀ' ਲਿਖਿਆ ਹੋਇਆ ਸੀ। ਇਸ ਤਬਦੀਲੀ ਬਾਰੇ ਪਹਿਲਾਂ ਕਿਸੇ ਨੂੰ ਕੁਝ ਨਹੀਂ ਦੱਸਿਆ ਗਿਆ। ਇਹ ਮੰਨਿਆ ਜਾ ਰਿਹਾ ਸੀ ਕਿ ਕਾਲਜ ਦੀ ਗਵਰਨਿੰਗ ਕੌਂਸਲ ਦੇ 17 ਨਵੰਬਰ 2017 ਦੇ ਫੈਸਲੇ ਦੇ ਤਿੱਖੇ ਵਿਰੋਧ ਅਤੇ ਇਸ ਬਾਰੇ ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਵੱਲੋਂ ਰਾਜ ਸਭਾ ਵਿਚ ਦਿੱਤੇ ਗਏ ਭਰੋਸੇ ਤੋਂ ਬਾਅਦ ਨਾਮ ਬਦਲੀ ਵਾਲਾ ਫੈਸਲਾ ਠੰਢੇ ਬਸਤੇ ਵਿਚ ਪੈ ਚੁੱਕਾ ਸੀ, ਪਰ 25 ਅਪਰੈਲ ਵਾਲੇ ਸਮਾਗਮ ਦੇ ਵਾਇਰਲ ਹੋਏ ਵੀਡੀਓਜ਼ ਨੇ ਇਸ ਨੂੰ ਸੁਰਜੀਤ ਕਰ ਦਿੱਤਾ।

ਦੱਸ ਦਈਏ ਕਿ ਸਰਦਾਰ ਦਿਆਲ ਸਿੰਘ ਮਜੀਠੀਆ 19ਵੀਂ ਸਦੀ ਦੇ ਮਹਾਨ ਸਮਾਜ ਸੁਧਾਰਕ ਤੇ ਦੂਰਅੰਦੇਸ਼ ਪਰਉਪਕਾਰੀ ਸਨ। ਉਨ੍ਹਾਂ ਨੇ ਜਿਥੇ ਟ੍ਰਿਬਿਊਨ ਟਰੱਸਟ ਸਥਾਪਤ ਕਰ ਕੇ ਲਾਹੌਰ ਵਿਚ 'ਦਿ ਟ੍ਰਿਬਿਊਨ' ਅਖਬਾਰ ਸ਼ੁਰੂ ਕੀਤਾ, ਉਥੇ ਪੰਜਾਬ ਨੈਸ਼ਨਲ ਬੈਂਕ, ਦਿਆਲ ਸਿੰਘ ਲਾਇਬ੍ਰੇਰੀ ਤੇ ਦਿਆਲ ਸਿੰਘ ਕਾਲਜ ਵਰਗੇ ਅਦਾਰੇ ਵੀ ਕਾਇਮ ਕਰਵਾਏ। ਉਨ੍ਹਾਂ ਦੀ ਵਸੀਅਤ ਮੁਤਾਬਕ 1910 ਵਿਚ ਲਾਹੌਰ ਵਿਚ ਸਥਾਪਤ ਹੋਇਆ ਕਾਲਜ ਭਾਰਤ ਦੀ ਵੰਡ ਤੋਂ ਬਾਅਦ ਕਰਨਾਲ ਤੇ ਦਿੱਲੀ ਵਿਚ ਦੋ ਕਾਲਜਾਂ ਦੇ ਰੂਪ ਵਿਚ ਮੁੜ ਵਜੂਦ ਵਿਚ ਆਇਆ। ਲਾਹੌਰ ਵਿਚ ਇਹ ਅਜੇ ਵੀ ਕਾਇਮ ਹੈ ਅਤੇ ਦਿਆਲ ਸਿੰਘ ਸਰਕਾਰੀ ਕਾਲਜ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਜਦੋਂ ਤੋਂ ਅਮਿਤਾਭ ਸਿਨਹਾ, ਦਿੱਲੀ ਵਾਲੇ ਕਾਲਜ ਗਵਰਨਿੰਗ ਕੌਂਸਲ ਦੇ ਮੁਖੀ ਬਣੇ, ਉਨ੍ਹਾਂ ਨੇ ਕਾਲਜ ਦੇ 'ਸੰਘੀਕਰਨ' ਦੇ ਯਤਨ ਸ਼ੁਰੂ ਕੀਤੇ ਹੋਏ ਸਨ। ਕਾਲਜ ਨੂੰ ਸ਼ਾਮ ਦੀ ਥਾਂ ਸਵੇਰ ਦੇ ਕਾਲਜ 'ਚ ਬਦਲਣ ਦੇ ਬਹਾਨੇ ਇਸ ਦਾ ਨਾਂ ਵੰਦੇ ਮਾਤਰਮ ਮਹਾਂਵਿਦਿਆਲਿਆ ਰੱਖਣ ਦੀ ਤਜਵੀਜ਼ ਨੂੰ ਪਿਛਲੇ ਸਾਲ ਨਵੰਬਰ ਮਹੀਨੇ ਅਮਲੀ ਰੂਪ ਦੇਣਾ ਸ਼ੁਰੂ ਹੋ ਗਿਆ ਸੀ।

## ਐਨ.ਡੀ.ਏ. 'ਚ ਅਕਾਲੀਆਂ ਦੀ ਹੈਸੀਅਤ ਪਤਾ ਲੱਗੀ: ਸਰਨਾ

**ਅੰਮ੍ਰਿਤਸਰ:** ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਆਰ.ਐਸ.ਐਸ. ਨੇ ਬਾਦਲ ਦਲੀਆਂ ਨੂੰ ਉਨ੍ਹਾਂ ਦੀ ਐਨ.ਡੀ.ਏ. ਵਿਚ ਹੈਸੀਅਤ ਵਿਖਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਥੋੜ੍ਹੇ ਸਮੇਂ ਲਈ ਥਾਪੇ ਕਾਲਜ ਦੇ ਚੇਅਰਮੈਨ ਨੇ ਕੇਂਦਰੀ ਮੰਤਰੀ ਦੀ ਚਿੱਠੀ ਜਾਰੀ ਹੋਣ ਦੇ ਬਾਵਜੂਦ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦੀ ਹਿਮਾਕਤ ਕੀਤੀ ਹੈ।

## ਪ੍ਰਧਾਨ ਮੰਤਰੀ ਨੂੰ ਪੱਤਰ ਲਿਖੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਦਿਆਲ ਸਿੰਘ ਕਾਲਜ ਦੇ ਨਾਮ ਦੇ ਮੁੱਦੇ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਹ ਮਾਮਲਾ ਮੁੜ ਕੇਂਦਰ ਸਰਕਾਰ ਕੋਲ ਲਿਜਾਇਆ ਜਾਵੇਗਾ। ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਵੀ ਭਾਰਤ ਸਰਕਾਰ ਕੋਲ ਇਸ ਮਾਮਲੇ ਵਿਚ ਪਹੁੰਚ ਕੀਤੀ ਗਈ ਸੀ ਤੇ ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਾਲਜ ਦਾ ਨਾਂ ਦਿਆਲ ਸਿੰਘ ਕਾਲਜ ਹੀ ਰੱਖਣ ਦਾ ਭਰੋਸਾ ਦਿੱਤਾ ਸੀ। ਇਸ ਦੇ ਬਾਵਜੂਦ ਕਾਲਜ ਕਮੇਟੀ ਦੇ ਚੇਅਰਮੈਨ ਅਮਿਤਾਭ ਸਿਨਹਾ ਵੱਲੋਂ ਕਾਲਜ ਦਾ ਨਾਂ ਬਦਲਣ ਦੀ ਜ਼ਿੱਦ ਕੀਤੀ ਜਾ ਰਹੀ ਹੈ।

## ਨਸ਼ੇੜੀ ਪਿਉ ਹੱਥੋਂ 2 ਸਾਲਾ ਬੱਚੇ ਦਾ ਕਤਲ

**ਲੁਧਿਆਣਾ:** ਅਸ਼ੋਕ ਨਗਰ ਨੇੜੇ ਜਾਂਦੀਆਂ ਰੇਲਵੇ ਲਾਈਨਾਂ ਉਤੇ ਪਿਉ ਵੱਲੋਂ ਆਪਣੇ 2 ਸਾਲਾ ਬੱਚੇ ਦਾ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਬੱਚੇ ਦੀ ਸ਼ਨਾਖਤ ਮੋਤੀ (2) ਪੁੱਤਰ ਛੋਟੇ ਲਾਲ ਵਜੋਂ ਕੀਤੀ ਗਈ ਹੈ। ਛੋਟੇ ਲਾਲ ਆਪਣੇ ਪਰਿਵਾਰ ਨਾਲ ਰੇਲਵੇ ਲਾਈਨ ਨੇੜੇ ਝੁੱਗੀ ਬਣਾ ਕੇ ਰਹਿ ਰਿਹਾ ਸੀ। ਉਸ ਦੀਆਂ ਚਾਰ ਲੜਕੀਆਂ ਤਨਕਸ਼ੀ, ਪੂਲੀਆ, ਭਾਰਤੀ ਤੇ ਨੰਦਨੀ ਹਨ। ਇਹ ਲੜਕੀਆਂ ਤੇ ਮ੍ਰਿਤਕ ਲੜਕਾ ਮੋਤੀ ਰੇਲਵੇ ਲਾਈਨ ਦੇ ਨੇੜੇ ਖੇਡ ਰਹੇ ਸਨ।

ਉਨ੍ਹਾਂ ਦਾ ਪਿਉ ਛੋਟੇ ਲਾਲ ਵੀ ਉਥੇ ਹੀ ਬੈਠਾ ਸੀ। ਛੋਟੇ ਲਾਲ ਨਸ਼ੇ ਵਿਚ ਧੁੱਤ ਸੀ। ਉਹ ਬੱਚਿਆਂ ਨੂੰ ਆਵਾਜ਼ਾਂ ਮਾਰ ਕੇ ਆਪਣੇ ਕੋਲ ਬੁਲਾਉਣ ਲੱਗ ਪਿਆ, ਪਰ ਬੱਚੇ ਉਸ ਕੋਲ ਨਹੀਂ ਜਾ ਰਹੇ ਸਨ, ਜਿਸ ਉਤੇ ਛੋਟੇ ਲਾਲ ਨੇ ਰੇਲਵੇ ਲਾਈਨ ਨੇੜੇ ਪਏ ਪੱਥਰ ਬੱਚਿਆਂ ਨੂੰ ਮਾਰਨੇ ਸ਼ੁਰੂ ਕਰ ਦਿੱਤੇ। ਲੜਕੀਆਂ ਤਾਂ ਉਥੋਂ ਭੱਜ ਆਈਆਂ, ਪਰ ਮੋਤੀ ਛੋਟਾ ਹੋਣ ਕਾਰਨ ਤੇਜ਼ੀ ਨਾਲ ਨਹੀਂ ਭੱਜ ਸਕਿਆ। ਪਿਉ ਵੱਲੋਂ ਮਾਰੇ ਗਏ ਪੱਥਰਾਂ ਵਿਚ ਇਕ ਪੱਥਰ ਮੋਤੀ ਦੇ ਸਿਰ ਦੇ ਨੇੜੇ ਜਾ ਲੱਗਾ, ਜਿਸ ਕਾਰਨ ਉਸ ਦੀ ਮੌਤ ਹੋ ਗਈ।

# ਕਰਜ਼ਾ ਮੁਕਤੀ: ਦੂਜੇ ਪੜਾਅ ਤਹਿਤ 22 ਕਰੋੜ ਦੀ ਮੁਆਫੀ

**ਮਾਨਸਾ:** ਪੰਜਾਬ ਸਰਕਾਰ ਨੇ ਕਰਜ਼ਾ ਰਾਹਤ ਸਕੀਮ ਦੇ ਦੂਜੇ ਪੜਾਅ ਤਹਿਤ 6000 ਕਿਸਾਨਾਂ ਦਾ 22 ਕਰੋੜ ਦਾ ਕਰਜ਼ਾ ਮੁਆਫ ਕੀਤਾ ਹੈ। ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੂਜੇ ਪੜਾਅ ਦੀ ਰਸਮੀ ਸ਼ੁਰੂਆਤ ਕਰਦਿਆਂ 10 ਕਿਸਾਨਾਂ ਨੂੰ ਕਰਜ਼ਾ ਮੁਆਫੀ ਪ੍ਰਮਾਣ ਪੱਤਰ ਦਿੱਤੇ।

ਇਹ ਸਮਾਗਮ ਸਰਕਾਰੀ ਨਾ ਹੋ ਕੇ ਰਾਜਸੀ ਹੋ ਨਿੱਬੜਿਆ। ਕਰਜ਼ਾ ਮੁਆਫੀ ਦੇ ਇਸ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਮਾਨਸਾ ਜ਼ਿਲ੍ਹੇ ਵਿਚਲੇ ਤਿੰਨੇ ਵਿਧਾਇਕਾਂ ਨੂੰ ਪ੍ਰਸ਼ਾਸਨ ਵੱਲੋਂ ਕੋਈ ਸੱਦਾ-ਪੱਤਰ ਨਹੀਂ ਭੇਜਿਆ ਗਿਆ। ਇਸ ਜ਼ਿਲ੍ਹੇ ਵਿਚ ਸਰਦੂਲਗੜ੍ਹ ਤੋਂ ਅਕਾਲੀ ਦਲ ਦੇ ਵਿਧਾਇਕ ਦਿਲਰਾਜ ਸਿੰਘ ਭੂੰਦੜ, ਮਾਨਸਾ ਅਤੇ ਬੁਢਲਾਡਾ ਤੋਂ 'ਆਪ' ਦੇ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਅਤੇ ਪ੍ਰਿੰਸੀਪਲ ਬੁੱਧ ਰਾਮ ਕੋਈ ਬੁਲਾਵਾ ਨਾ ਮਿਲਣ ਕਾਰਨ ਸਮਾਗਮ ਵਿਚ ਨਹੀਂ ਪੁੱਜ ਸਕੇ।

ਸ੍ਰੀ ਮਾਨਸ਼ਾਹੀਆ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਨੂੰ ਸੱਦਿਆ ਜਾਂਦਾ ਤਾਂ ਉਹ ਪਾਰਟੀ ਹਿੱਤਾਂ ਤੋਂ ਉਪਰ ਉਠ ਕੇ ਕਿਸਾਨ ਭਲਾਈ ਲਈ ਜ਼ਰੂਰ ਸਮਾਗਮ ਵਿਚ ਪੁੱਜ ਕੇ ਡੁੱਬਦੀ ਕਿਸਾਨੀ ਨੂੰ ਬਚਾਉਣ ਲਈ ਆਪਣੇ ਸੁਝਾਅ ਦਿੰਦੇ।

ਵਿੱਤ ਮੰਤਰੀ ਸ੍ਰੀ ਬਾਦਲ ਨੇ ਕਿਹਾ ਕਿ ਇਸ ਕਰਜ਼ਾ ਰਾਹਤ ਸਕੀਮ ਤਹਿਤ 4000 ਕਰੋੜ ਰੁਪਏ ਕੋਆਪ੍ਰੇਟਿਵ ਬੈਂਕ ਦੇ ਅਦਾਰਿਆਂ ਦੀ ਕਰਜ਼ਾ ਮੁਆਫੀ ਅਤੇ 6000 ਕਰੋੜ ਰੁਪਏ ਨੈਸ਼ਨਲਾਈਜ਼ ਬੈਂਕ ਜਾਂ ਪ੍ਰਾਈਵੇਟ ਬੈਂਕਾਂ ਦਾ ਜੋ ਕਰਜ਼ਾ ਕਿਸਾਨਾਂ ਸਿਰ ਹੈ, ਉਹ ਮੁਆਫ ਕੀਤਾ ਜਾਵੇਗਾ। ਇਹ ਸਾਰੀ ਪ੍ਰਕਿਰਿਆ ਸਤੰਬਰ 2018 ਤੱਕ ਮੁਕੰਮਲ ਕਰ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣਨ ਦੇ ਇਕ ਸਾਲ ਦੇ ਵਕਫੇ ਅੰਦਰ ਸਰਕਾਰੀ ਖਜ਼ਾਨੇ ਦੀ ਆਮਦਨ ਵਿਚ ਵਾਧਾ ਹੋਇਆ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਫੈਸਲਾ ਲਿਆ ਹੈ ਕਿ ਅਨੁਸੂਚਿਤ ਜਾਤੀ ਦੇ ਖੇਤ ਮਜ਼ਦੂਰਾਂ, ਜਿਨ੍ਹਾਂ ਨੇ ਐਸਸੀ. ਕਾਰਪੋਰੇਸ਼ਨ ਤੋਂ ਕਰਜ਼ਾ ਲਿਆ ਹੈ, ਦਾ ਵੀ 50 ਹਜ਼ਾਰ ਤੱਕ ਰੁਪਏ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ।



## ਪੰਜਾਬ ਵਿਸ਼ੇਸ਼ ਪੈਕੇਜ ਦਾ ਹੱਕਦਾਰ: ਮਨਪ੍ਰੀਤ

**ਬਠਿੰਡਾ:** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰ ਤੋਂ ਮੰਗ ਕੀਤੀ ਕਿ ਮਹਾਰਾਸ਼ਟਰ ਦੀ ਤਰਜ਼ ਉਤੇ ਪੰਜਾਬ ਦੇ ਖੁਦਕੁਸ਼ੀ ਪੀੜਤ ਪਰਿਵਾਰਾਂ ਲਈ ਵੀ ਵਿਸ਼ੇਸ਼ ਪੈਕੇਜ ਐਲਾਨਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨਰਮਾ ਪੱਟੀ ਦੀ ਕਿਸਾਨੀ ਵੀ ਮਹਾਰਾਸ਼ਟਰ ਦੇ ਵਿਦਰਭ ਖਿੱਤੇ ਵਾਂਗ ਮੰਦਹਾਲੀ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਇਸ ਲਈ ਪੰਜਾਬ ਵੀ ਇਸ ਰਾਹਤ ਪੈਕੇਜ ਦਾ ਹੱਕਦਾਰ ਹੈ।

# ਖੱਟਰ ਦੀ ਕੈਪਟਨ ਨੂੰ ਰਾਵੀ ਦਾ ਪਾਣੀ ਰੋਕਣ ਦੀ ਸਲਾਹ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਰਾਵੀ ਦਰਿਆ ਦਾ ਪਾਣੀ ਪਾਕਿਸਤਾਨ ਵਿਚ ਜਾਣ ਤੋਂ ਰੋਕਣ ਲਈ



ਪੱਤਰ ਲਿਖ ਕੇ ਦਰਿਆਈ ਪਾਣੀਆਂ ਦੇ ਵਿਵਾਦ ਨੂੰ ਮੁੜ ਛੇੜ ਦਿੱਤਾ ਹੈ। ਉਨ੍ਹਾਂ ਨੇ ਇਸ ਮੁੱਦੇ ਦੇ ਹੱਲ ਲਈ ਦੋਵਾਂ ਸੂਬਿਆਂ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਸੱਦਣ ਦੀ ਵੀ ਸਲਾਹ ਦਿੱਤੀ ਹੈ।

ਪੰਜਾਬ ਸਰਕਾਰ ਨੇ ਮੌਨਸੂਨ ਦੇ ਮੌਸਮ ਵਿਚ ਰਾਵੀ ਦਰਿਆ ਦੇ ਪਾਕਿਸਤਾਨ ਨੂੰ ਜਾਂਦੇ ਪਾਣੀ ਨੂੰ ਰੋਕਣ ਲਈ ਸ਼ਾਹਪੁਰ ਕੰਢੀ ਡੈਮ ਬਣਾਉਣ ਲਈ ਜੰਮੂ ਕਸ਼ਮੀਰ ਸਰਕਾਰ ਨਾਲ ਗੱਲਬਾਤ ਸ਼ੁਰੂ ਕੀਤੀ ਹੋਈ ਹੈ। ਅਗਲੇ ਦੋ, ਤਿੰਨ ਮਹੀਨਿਆਂ ਵਿਚ ਦੋਵਾਂ ਸੂਬਿਆਂ ਵਿਚਾਲੇ ਵੱਖ-ਵੱਖ ਮੁੱਦਿਆਂ ਉਤੇ ਸਹਿਮਤੀ ਬਣਨ ਦੇ ਆਸਾਰ ਹਨ। ਡੈਮ ਦੀ ਉਸਾਰੀ ਦਾ ਕੰਮ ਕਈ ਸਾਲ ਪਹਿਲਾਂ ਰੁਕ ਗਿਆ ਸੀ ਤੇ ਇਸ ਦੀ ਉਸਾਰੀ ਸ਼ੁਰੂ ਕਰਵਾਉਣ ਲਈ ਪੰਜਾਬ ਸਰਕਾਰ ਨੇ ਸਾਲ ਪਹਿਲਾਂ ਸਰਗਰਮੀ ਸ਼ੁਰੂ ਕੀਤੀ ਹੈ ਤੇ ਇਸ ਬਾਰੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਤੇ ਸਿੰਜਾਈ ਮੰਤਰੀ ਦੀ ਜੰਮੂ ਕਸ਼ਮੀਰ ਦੇ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਹੋ ਚੁੱਕੀ ਹੈ ਤੇ ਕੁਝ ਮੁਢਲੇ ਅੜਿੱਕੇ ਦੂਰ ਹੋਣ ਬਾਰੇ ਪਤਾ ਲੱਗਾ ਹੈ।

ਹਰਿਆਣਾ ਦੇ ਮੁੱਖ ਮੰਤਰੀ ਨੇ ਆਪਣੇ ਪੱਤਰ ਵਿਚ ਪੰਜਾਬ ਦੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਪੰਜਾਬ ਤੇ ਹਰਿਆਣਾ ਵਿਚ ਪਾਣੀ ਦੀ ਬਹੁਤ ਵੱਡੀ ਸਮੱਸਿਆ ਪੈਦਾ ਹੋ ਚੁੱਕੀ ਹੈ ਤੇ ਜ਼ਮੀਨ ਹੇਠਲਾ ਪਾਣੀ ਬਹੁਤ ਜ਼ਿਆਦਾ ਡੂੰਘਾ ਹੋ ਚੁੱਕਾ ਹੈ ਤੇ ਇਸ ਨੂੰ ਕੱਢਣਾ ਆਸਾਨ ਨਹੀਂ ਰਹਿ ਗਿਆ। ਉਨ੍ਹਾਂ ਆਪਣੇ ਸੂਬੇ ਦੇ ਮੁੱਖ ਸਕੱਤਰ ਅਤੇ ਸਿੰਜਾਈ ਸਕੱਤਰ ਨੂੰ ਫੌਰੀ ਲੋੜੀਂਦੇ ਕਦਮ ਚੁੱਕਣ ਲਈ ਕਿਹਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨੇ ਇਸ ਤਰ੍ਹਾਂ ਦਾ ਪੱਤਰ ਲਿਖ ਕੇ ਜਿਥੇ ਪੰਜਾਬ ਦੇ ਪਾਣੀਆਂ ਉਤੇ ਆਪਣਾ ਇਕ ਵਾਰ ਫਿਰ ਹੱਕ ਜਤਾਉਣ ਦੀ ਕੋਸ਼ਿਸ਼ ਕੀਤੀ ਹੈ ਉਥੇ ਹੀ ਹਰਿਆਣਾ ਨੂੰ ਰਾਵੀ ਦਰਿਆ ਦੇ ਪਾਣੀ ਵਿਚੋਂ ਬਣਦਾ ਹਿੱਸਾ ਮਿਲਣ ਦੀ ਸੰਭਾਵਨਾ ਬਾਰੇ ਨਵੀਂ ਚਰਚਾ ਨੇ ਵੀ ਜਨਮ ਲੈ ਲਿਆ ਹੈ।

# ਰੂਬੇਲਾ ਤੇ ਖਸਰਾ ਟੀਕਾਕਰਨ ਮੁਹਿੰਮ ਵਿਵਾਦਾਂ ਵਿਚ ਆਈ

**ਗੁਰਦਾਸਪੁਰ:** ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਰੂਬੇਲਾ ਤੇ ਖਸਰਾ ਟੀਕਾਕਰਨ ਮੁਹਿੰਮ ਪੰਜਾਬ ਵਿਚ ਸਫਲਤਾ ਪੂਰਵਕ ਨੇਪਰੇ ਚੜ੍ਹਦੀ ਨਜ਼ਰ ਨਹੀਂ ਆ ਰਹੀ। ਪੰਜਾਬ ਵਿਚ 75 ਲੱਖ ਬੱਚਿਆਂ ਨੂੰ ਟੀਕਾ ਲਾਉਣ ਦਾ ਮਿਥਿਆ ਟੀਚਾ ਪੂਰਾ ਕਰਨਾ ਮੁਸ਼ਕਿਲ ਲੱਗ ਰਿਹਾ ਹੈ। ਸੋਸ਼ਲ ਮੀਡੀਆ ਉਤੇ ਫੈਲ ਰਹੀਆਂ ਅਫਵਾਹਾਂ ਤੇ ਲੋਕਾਂ ਨੂੰ ਇਸ ਦੀ ਜਾਣਕਾਰੀ ਨਾ ਹੋਣਾ ਇਸ ਦੀ ਮੁੱਖ ਵਜ੍ਹਾ ਹੈ। ਹਾਲਾਂਕਿ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਸਿਵਲ ਸਰਜਨਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਆਪਣੇ ਇਲਾਕੇ ਦੇ ਮੋਹਤਬਰਾਂ, ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਨਾਲ ਮਿਲ ਕੇ ਲੋਕਾਂ ਨੂੰ ਇਸ ਮੁਹਿੰਮ ਤੋਂ ਜਾਗਰੂਕ ਕਰਵਾਉਣ ਪਰ ਇਸ ਦੇ ਬਾਵਜੂਦ ਇਹ ਮੁਹਿੰਮ ਰਸਤੇ 'ਚ ਹੀ ਦਮ ਤੋੜਦੀ ਨਜ਼ਰ ਆ ਰਹੀ ਹੈ। ਸੋਸ਼ਲ ਮੀਡੀਆ ਉਤੇ ਫੈਲੀ ਅਫਵਾਹ ਪਿਛੋਂ ਹੁਣ ਜਦੋਂ ਟੀਕਾ ਲੱਗਣ ਤੋਂ ਬਾਅਦ ਕਿਸੇ ਬੱਚੇ ਨੂੰ ਬੁਖਾਰ ਹੁੰਦਾ ਹੈ ਤਾਂ ਲੋਕ ਇਸ ਟੀਕੇ ਦਾ ਬੁਰਾ ਪ੍ਰਭਾਵ ਸਮਝ ਰਹੇ ਹਨ ਜਦੋਂ ਕਿ



ਅਜਿਹੀ ਵੈਕਸੀਨ ਦੇਣ 'ਤੇ ਬੁਖਾਰ ਵਰਗੇ ਛੋਟੇ ਮੋਟੇ ਲੱਛਣ ਸਾਹਮਣੇ ਆਉਣਾ ਆਮ ਗੱਲ ਹੈ।

ਵੱਟਸਐਪ, ਫੇਸਬੁੱਕ ਤੇ ਹੋਰ ਸੋਸ਼ਲ ਮੀਡੀਆ ਉਪਰ ਰੁਬੇਲਾ ਤੇ ਖਸਰਾ ਟੀਕਾਕਰਨ ਸਬੰਧੀ ਝੂਠੀਆਂ ਅਫਵਾਹਾਂ ਫੈਲਾਉਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਸਬਕ ਸਿਖਾਉਣ ਲਈ ਸਿਹਤ ਵਿਭਾਗ ਹਰਕਤ 'ਚ ਆ ਗਿਆ ਹੈ ਅਤੇ ਜੋ ਵੀ ਵਿਅਕਤੀ ਅਜਿਹੇ ਮੈਸੇਜ ਜਾਂ ਕੋਈ ਵੀਡੀਓ ਵੱਟਸਐਪ ਗਰੁੱਪਾਂ ਵਿਚ ਜਾਂ ਹੋਰ ਸੋਸ਼ਲ ਮੀਡੀਆ ਉਤੇ ਪਾ ਰਿਹਾ ਹੈ, ਉਸ ਵਿਅਕਤੀ ਦੇ ਫੋਨ ਨੰਬਰ ਤੋਂ ਟਰੇਸ ਕਰ ਕੇ ਉਸ ਦਾ ਪਤਾ ਲਗਾ ਕੇ ਜ਼ਿਲ੍ਹਿਆਂ ਦੇ ਸਿਵਲ ਸਰਜਨ ਪੁਲਿਸ ਮੁਖੀਆਂ ਨੂੰ ਉਨ੍ਹਾਂ ਖਿਲਾਫ਼ ਲਿਖਤੀ ਸ਼ਿਕਾਇਤ ਕਰ ਰਹੇ ਹਨ।

## ਨਾਵਲਕਾਰ ਜਸਦੇਵ ਸਿੰਘ ਧਾਲੀਵਾਲ ਨਹੀਂ ਰਹੇ

**ਮਾਲੇਰਕੋਟਲਾ:** ਪੰਜਾਬੀ ਦੇ ਨਾਮਵਰ ਨਾਵਲਕਾਰ ਜਸਦੇਵ ਸਿੰਘ ਧਾਲੀਵਾਲ (ਸੇਵਾ ਮੁਕਤ ਏ.ਡੀ.ਸੀ.) ਦਾ ਦੇਹਾਂਤ ਹੋ ਗਿਆ। ਸ੍ਰੀ ਧਾਲੀਵਾਲ ਦਾ ਜਨਮ ਮਾਲੇਰਕੋਟਲਾ ਤਹਿਸੀਲ ਦੇ ਪਿੰਡ ਦਸੌਂਧਾ ਸਿੰਘ ਵਾਲਾ ਵਿਚ ਬਿਸ਼ਵੇਦਾਰ ਗੁਰਦਿਆਲ ਸਿੰਘ ਧਾਲੀਵਾਲ ਦੇ ਘਰ 15 ਜੁਲਾਈ 1937 ਨੂੰ ਹੋਇਆ ਸੀ। ਸ੍ਰੀ ਧਾਲੀਵਾਲ ਨੇ ਆਪਣੇ ਸਾਹਿਤਕ ਸਫਰ ਦੌਰਾਨ ਪੰਜਾਬੀ ਮਾਂ ਬੋਲੀ ਦੀ ਝੋਲੀ 'ਚ 16 ਪੁਸਤਕਾਂ ਜਿਨ੍ਹਾਂ ਵਿਚ ਪਿਆਰ ਬੇਵਫਾ ਨਹੀਂ, ਦਿਲ ਦਾ ਕੌਲ ਫੁੱਲ, ਚੰਗੇ ਦਿਨਾਂ ਦੀ ਉਡੀਕ, ਅੱਧੀ ਰਾਤ ਤੋਂ ਬਾਅਦ ਆਦਿ ਸ਼ਾਮਲ ਹਨ। ਇਨ੍ਹਾਂ 'ਚ ਜ਼ਿਆਦਾਤਰ ਨਾਵਲ ਹਨ। ਉਨ੍ਹਾਂ ਅਖੀਰਲਾ ਨਾਵਲ, 'ਉਹ ਅਜੇ ਜਿਊਣਾ ਚਾਹੁੰਦੀ ਸੀ' ਛਪਿਆ ਹੈ।

# ਭਾਰਤ ਦੇ ਹਵਾ ਪ੍ਰਦੂਸ਼ਣ ਬਾਰੇ ਅੰਕੜਿਆਂ ਨੇ ਫਿਕਰ ਵਧਾਇਆ

**ਚੰਡੀਗੜ੍ਹ:** ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਵੱਲੋਂ ਦੁਨੀਆਂ ਵਿਚ ਹਵਾ ਪ੍ਰਦੂਸ਼ਣ ਸਬੰਧੀ ਪੇਸ਼ ਕੀਤੇ ਅੰਕੜਿਆਂ ਨੇ ਵੱਡੇ ਖਤਰੇ ਵੱਲ ਇਸ਼ਾਰਾ ਕੀਤਾ ਹੈ। ਦੁਨੀਆਂ ਦੇ 14 ਅਤਿ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 13 ਸ਼ਹਿਰ ਭਾਰਤ ਦੇ ਦੱਸੇ ਗਏ ਹਨ। ਇਹ ਮਾਪ ਹਵਾ ਵਿਚ ਇਕੱਠੇ ਕੀਤੇ ਗਏ ਜ਼ਹਿਰੀਲੇ ਕਣਾਂ ਦਾ ਹੈ। ਪਿਛਲੇ ਕਾਫੀ ਸਾਲਾਂ ਤੋਂ ਕੌਮਾਂਤਰੀ ਵਾਤਾਵਰਣ ਨਾਲ ਜੁੜੀਆਂ ਵੱਡੀਆਂ ਕੌਮਾਂਤਰੀ ਸੰਸਥਾਵਾਂ ਤੋਂ ਅਜਿਹੀਆਂ ਰਿਪੋਰਟਾਂ ਮਿਲਦੀਆਂ ਰਹਿੰਦੀਆਂ ਹਨ।

ਹਵਾ ਪ੍ਰਦੂਸ਼ਣ ਨਾਲ ਹਰ ਸਾਲ ਲਗਭਗ 70 ਲੱਖ ਮੌਤਾਂ ਹੁੰਦੀਆਂ ਹਨ, ਇਨ੍ਹਾਂ ਵਿਚੋਂ ਤਕਰੀਬਨ 24 ਲੱਖ ਮੌਤਾਂ ਭਾਰਤ ਵਿਚ ਹੀ ਹੁੰਦੀਆਂ ਹਨ, ਭਾਵ 34 ਫੀਸਦੀ ਮੌਤਾਂ ਸਿਰਫ ਭਾਰਤ ਵਿਚ ਹੀ ਹੁੰਦੀਆਂ ਹਨ। ਹਵਾ ਵਿਚ ਵਧਦੇ ਜ਼ਹਿਰੀਲੇ ਕਣ ਦਿਲ, ਫੇਫੜਿਆਂ ਅਤੇ ਸਾਹ ਦੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ। ਅਜਿਹੀਆਂ ਬਿਮਾਰੀਆਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਵਧਦੇ ਕੈਂਸਰ ਦੇ ਮਰੀਜ਼ ਜ਼ਹਿਰੀਲੇ ਵਾਤਾਵਰਣ ਦੀ ਹੀ ਦੇਣ ਹਨ।

ਵਾਤਾਵਰਣ ਵਿਚ ਸੁਧਾਰ ਲਿਆਉਣ ਸਬੰਧੀ ਕਾਨੂੰਨ ਬਣਾਏ ਜਾ ਰਹੇ ਹਨ ਪਰ ਇਨ੍ਹਾਂ ਉਤੇ ਅਮਲ ਕਰਨਾ ਹਾਲੇ ਬਾਕੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਨੇ 2016 ਵਿਚ 2.5 ਮਾਈਕਰੋ ਮੀਟਰ ਤੋਂ ਵੀ ਘੱਟ ਦੇ ਘੇਰੇ ਵਿਚ ਪਾਰਟੀਕੁਲੇਟ ਮੈਟਰ (ਹਵਾ ਵਿਚ ਜ਼ਹਿਰੀਲੇ ਕਣਾਂ) ਦੇ 2.5 ਤੋਂ ਵੱਧ ਪੱਧਰ (ਪੀਐਮ2.5) ਵਾਲੇ ਦੁਨੀਆਂ ਦੇ ਜਿਹੜੇ 15 ਸ਼ਹਿਰਾਂ ਦੀ ਸੂਚੀ ਜਾਰੀ ਕੀਤੀ ਸੀ, ਉਨ੍ਹਾਂ ਵਿਚੋਂ 14 ਸ਼ਹਿਰ ਭਾਰਤੀ ਹਨ। ਇਨ੍ਹਾਂ ਵਿਚ ਕੌਮੀ ਰਾਜਧਾਨੀ ਦਿੱਲੀ, ਕਾਨਪੁਰ, ਵਾਰਾਣਸੀ, ਪਟਿਆਲਾ, ਸ੍ਰੀਨਗਰ, ਗਯਾ, ਆਗਰਾ ਤੇ ਪਟਨਾ ਆਦਿ ਸ਼ਾਮਲ ਹਨ। ਰਿਪੋਰਟ ਮੁਤਾਬਕ ਜ਼ਹਿਰੀਲੇ ਕਣਾਂ ਵਾਲੀ ਹਵਾ ਦੇ ਸਾਹ ਰਾਹੀਂ ਇਨਸਾਨੀ ਸਰੀਰ ਵਿਚ ਜਾਣ ਦੇ ਆਸਾਰ ਸਾਫ ਹਵਾ ਨਾਲੋਂ ਵੱਧ ਰਹਿੰਦੇ ਹਨ। ਇਸ ਰਿਪੋਰਟ ਵਿਚ ਯੂਪੀ ਦੇ ਕਾਨਪੁਰ ਨੂੰ ਸੰਸਾਰ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਕਰਾਰ ਦਿੱਤਾ ਗਿਆ ਹੈ, ਜਿਥੇ ਹਵਾ ਵਿਚ ਪ੍ਰਤੀ ਘਣ ਮੀਟਰ ਵਿਚ ਪੀਐਮ2.5 ਦੀ ਔਸਤ 173 ਮਾਈਕਰੋਗ੍ਰਾਮ ਪਾਈ ਗਈ ਹੈ। ਪੀਐਮ2.5 ਦੇ ਮਾਮਲੇ ਵਿਚ ਕੌਮੀ ਰਾਜਧਾਨੀ ਦਿੱਲੀ ਦਾ ਛੇਵਾਂ ਨੰਬਰ ਹੈ, ਜਿਸ ਵਿਚ ਇਹ ਔਸਤ 143 ਸੀ, ਜਦੋਂ ਕਿ ਪੀਐਮ10 ਦੇ ਮਾਮਲੇ ਵਿਚ ਦਿੱਲੀ ਦਾ ਤੀਜਾ ਆਲਮੀ ਦਰਜਾ ਹੈ। ਗਰੀਨ ਪੀਸ ਇੰਡੀਆ ਮੁਤਾਬਕ ਦਿੱਲੀ ਪੀਐਮ10 ਦੇ ਚਾਰ ਮੁੱਖ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ ਚੋਟੀ ਉਤੇ ਹੈ, ਜਿਥੇ ਇਸ ਦਾ ਸਭ ਤੋਂ ਵੱਡਾ ਕਾਰਨ ਵਾਹਨਾਂ ਤੋਂ ਪੈਦਾ ਹੁੰਦੀ ਧੂੜ ਹੈ। ਸੂਚੀ ਵਿਚ ਪਟਿਆਲਾ 13ਵੇਂ ਤੇ ਸ੍ਰੀਨਗਰ 10ਵੇਂ ਸਥਾਨ ਉਤੇ ਹੈ।

ਪੀਐਮ2.5 ਪੱਖੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੰਸਦੀ ਹਲਕਾ ਵਾਰਾਣਸੀ 2016 ਵਿਚ ਸੰਸਾਰ ਦਾ ਤੀਜਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਸੀ ਤੇ ਪੀਐਮ10 ਦੇ ਮਾਮਲੇ ਵਿਚ ਇਸ ਦਾ ਛੇਵਾਂ ਨੰਬਰ ਸੀ। ਇਸੇ ਤਰ੍ਹਾਂ ਬਿਹਾਰ ਦੀ ਰਾਜਧਾਨੀ ਪਟਨਾ ਦਾ ਦੋਵਾਂ ਪੀਐਮ2.5 ਤੇ ਪੀਐਮ10 ਦੇ ਮਾਮਲੇ 'ਚ ਦੁਨੀਆਂ ਵਿੱਚ ਪੰਜਵਾਂ ਸਥਾਨ ਹੈ।



### ਗ੍ਰੀਨ ਟ੍ਰਿਬਿਊਨਲ ਨੇ ਪ੍ਰਦੂਸ਼ਿਤ ਸ਼ਹਿਰਾਂ ਬਾਰੇ ਮੰਗਿਆ ਜਵਾਬ

**ਨਵੀਂ ਦਿੱਲੀ:** ਕੌਮੀ ਗ੍ਰੀਨ ਟ੍ਰਿਬਿਊਨਲ ਨੇ ਦਿੱਲੀ, ਚਾਰ ਉਤਰੀ ਰਾਜਾਂ ਅਤੇ ਬਿਹਾਰ ਤੋਂ ਵਿਸ਼ਵ ਸਿਹਤ ਸੰਗਠਨ ਵੱਲੋਂ ਵਿਸ਼ਵ ਵਿਚ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਬਾਰੇ ਜਾਰੀ ਤਾਜ਼ਾ ਰਿਪੋਰਟ ਬਾਰੇ ਜਵਾਬ ਮੰਗਿਆ ਹੈ।

ਵਿਸ਼ਵ ਸਿਹਤ ਸੰਗਠਨ ਦੇ ਵਿਸ਼ਵ ਹਵਾ ਪ੍ਰਦੂਸ਼ਣ ਅੰਕੜਿਆਂ ਮੁਤਾਬਕ ਵਿਸ਼ਵ ਦੇ ਸਭ ਤੋਂ ਵੱਧ 15 ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 14 ਭਾਰਤ ਵਿਚ ਹਨ ਅਤੇ ਸਭ ਤੋਂ ਮਾੜੀ ਹਾਲਤ ਕਾਨਪੁਰ ਦੀ ਹੈ ਅਤੇ ਉਸ ਪਿੱਛੋਂ ਫਰੀਦਾਬਾਦ, ਵਾਰਾਣਸੀ ਅਤੇ ਗਯਾ ਦਾ ਨਾਂ ਆਉਂਦਾ ਹੈ।

## ਮੋਦੀ ਰਾਜ 'ਚ ਹੋਏ ਸਭ ਤੋਂ ਵੱਧ ਬੈਂਕ ਘੁਟਾਲੇ

**ਨਵੀਂ ਦਿੱਲੀ:** ਮੋਦੀ ਸਰਕਾਰ ਦੇ ਕਾਰਜਕਾਲ ਵਿਚ ਸਭ ਤੋਂ ਵੱਧ ਬੈਂਕ ਘੁਟਾਲੇ ਹੋਏ ਹਨ। ਇਹ ਖੁਲਾਸਾ ਭਾਰਤੀ ਰਿਜ਼ਰਵ ਬੈਂਕ ਨੇ ਕੀਤਾ ਹੈ। ਰਿਜ਼ਰਵ ਬੈਂਕ ਦੀ ਰਿਪੋਰਟ ਮੁਤਾਬਕ ਪਿਛਲੇ ਪੰਜ ਸਾਲਾਂ ਦੌਰਾਨ ਵੱਖ-ਵੱਖ ਬੈਂਕਾਂ ਵਿਚ ਇਕ ਲੱਖ ਕਰੋੜ ਰੁਪਏ ਦੇ 23,000 ਤੋਂ ਵੱਧ ਫਰਾਡ ਦੇ ਕੇਸ ਦਰਜ ਹੋਏ ਹਨ।




ਸੂਚਨਾ ਦੇ ਅਧਿਕਾਰ ਤਹਿਤ ਮੰਗੀ ਜਾਣਕਾਰੀ ਦੇ ਆਰ.ਬੀ.ਆਈ. ਵੱਲੋਂ ਦਿੱਤੇ ਜਵਾਬ ਵਿਚ ਕਿਹਾ ਗਿਆ ਹੈ ਕਿ 2016-17 ਵਿਚ 5000 ਤੋਂ ਵੱਧ ਫਰਾਡ ਦੇ ਕੇਸ ਹੋਏ ਸਨ ਜਦਕਿ ਅਪਰੈਲ 2017 ਤੋਂ ਮਾਰਚ 2018 ਤੱਕ 5152 ਕੇਸ ਦਰਜ ਹੋਏ। ਪਿਛਲੇ ਮਾਲੀ ਸਾਲ ਦੌਰਾਨ ਸਭ ਤੋਂ ਵੱਧ 28459 ਕਰੋੜ ਰੁਪਏ ਦੇ ਫਰਾਡ ਹੋਏ। 2016-17 ਦੌਰਾਨ 23933 ਕਰੋੜ ਰੁਪਏ ਦੇ 5076 ਕੇਸ ਦਰਜ ਹੋਏ ਸਨ।

ਇਨ੍ਹਾਂ ਵਿਚ ਸਭ ਤੋਂ ਚਰਚਿਤ ਕੇਸ 13000 ਕਰੋੜ ਰੁਪਏ ਦਾ ਪੀ.ਐਨ.ਬੀ. ਘੁਟਾਲਾ ਸੀ ਜੋ ਹੀਰਿਆਂ ਦੇ ਕਾਰੋਬਾਰੀ ਨੀਰਵ ਮੋਦੀ ਤੇ ਉਸ ਦੇ ਮਾਮੇ ਤੇ ਗੀਤਾਂਜਲੀ ਜੈਮਜ਼ ਦੇ ਪ੍ਰਮੋਟਰ ਮੇਹੁਲ ਚੋਕਸੀ ਨੇ ਕੀਤਾ ਸੀ। 2013 ਤੋਂ ਪਹਿਲੀ ਮਾਰਚ 2018 ਤੱਕ 100,718 ਕਰੋੜ ਰੁਪਏ ਦੇ ਕੁੱਲ 23866 ਕੇਸ ਦਰਜ ਹੋਏ ਹਨ। ਕੇਸਾਂ ਦੀ ਤਫਸੀਲ ਦਿੰਦਿਆਂ ਆਰ.ਬੀ.ਆਈ. ਨੇ ਦੱਸਿਆ ਹੈ ਕਿ 2015-16 ਤੇ 2014-15 ਵਿਚ ਕ੍ਰਮਵਾਰ 4693 ਕੇਸ (18698 ਕਰੋੜ ਰੁਪਏ) ਤੇ 4639 ਕੇਸ (19455 ਕਰੋੜ ਰੁਪਏ) ਦਰਜ ਹੋਏ ਸਨ।

# ਸੜਕ ਹਾਦਸਿਆਂ 'ਚ ਮੌਤ ਦੀ ਦਰ 15% ਘਟੀ

**ਪਟਿਆਲਾ:** ਹਰ ਸਾਲ ਸੜਕ ਹਾਦਸਿਆਂ ਵਿਚ ਸੈਂਕੜੇ ਮਨੁੱਖੀ ਜਿੰਦਾਂ ਅਜਾਈਂ ਜਾਂਦੀਆਂ ਹਨ। ਅਜਿਹੇ ਹਾਦਸਿਆਂ ਨੂੰ ਰੋਕਣ ਲਈ ਸਰਕਾਰੀ ਤੇ ਗੈਰ-ਸਰਕਾਰੀ ਪੱਧਰ ਉਤੇ ਕੀਤੇ ਜਾਂਦੇ ਉਪਰਾਲੇ ਕੁਝ ਕਾਰਗਰ ਸਾਬਤ ਹੋਏ ਹਨ, ਜਿਸ ਕਾਰਨ ਸਾਲ 2017 ਦੌਰਾਨ 2016 ਦੇ ਮੁਕਾਬਲੇ ਪੰਜਾਬ ਵਿਚ ਸੜਕ ਹਾਦਸਿਆਂ ਦੀ ਮੌਤ ਦਰ ਵਿਚ 15 ਫੀਸਦੀ ਤੋਂ ਵੀ ਵੱਧ ਕਮੀ ਆਈ ਹੈ। ਇਹ ਤੱਥ 'ਮਨਿਸਟਰੀ ਆਫ ਰੋਡ ਟਰਾਂਸਪੋਰਟ ਤੇ ਹਾਈਵੇਅ' ਦੇ ਅੰਕੜਿਆਂ ਉਤੇ ਅਧਾਰਤ ਹਨ। ਇਨ੍ਹਾਂ ਅੰਕੜਿਆਂ ਮੁਤਾਬਕ ਪੰਜਾਬ ਦੀਆਂ ਸੜਕਾਂ ਉਤੇ ਸਾਲ 2017 ਦੌਰਾਨ ਹੋਏ ਹਾਦਸਿਆਂ ਵਿਚ ਮੌਤਾਂ ਦੀ ਗਿਣਤੀ ਵਿਚ 2016 ਵਿਚ ਹੋਏ ਹਾਦਸਿਆਂ 'ਚ ਮੌਤਾਂ ਦੀ ਤੁਲਨਾ ਵਿਚ 15.7 ਫੀਸਦੀ ਕਮੀ ਆਈ ਹੈ।



ਅੰਕੜਿਆਂ ਅਨੁਸਾਰ ਪੰਜਾਬ ਵਿਚ ਸਾਲ 2017 ਵਿਚ ਵਾਪਰੇ 5997 ਸੜਕ ਹਾਦਸਿਆਂ ਨੇ 4278 ਮਨੁੱਖੀ ਜਾਨਾਂ ਲਈਆਂ। 'ਪੰਜਾਬ ਰੋਡ ਐਕਸੀਡੈਂਟ ਤੇ ਟਰੈਫਿਕ' ਉਤੇ ਅਧਾਰਤ ਰਿਪੋਰਟ ਅਨੁਸਾਰ 2016 ਵਿਚ ਪੰਜਾਬ ਵਿਚ ਵੱਖ-ਵੱਖ ਥਾਈਂ 6952 ਸੜਕ ਹਾਦਸੇ ਵਾਪਰੇ ਸਨ, ਜਿਸ ਦੌਰਾਨ 5077 ਲੋਕਾਂ ਦੀ ਮੌਤ ਹੋ ਗਈ ਸੀ। ਸਾਲ 2015 ਵਿਚ 6702 ਸੜਕ ਹਾਦਸਿਆਂ ਨੇ 4893 ਲੋਕਾਂ ਦੀ ਜਾਨ ਲਈ ਸੀ। ਰਿਪੋਰਟ ਅਨੁਸਾਰ 2016 ਵਿਚ ਪੰਜਾਬ 'ਚ ਸੜਕ ਹਾਦਸਿਆਂ ਵਿਚ ਸਭ ਤੋਂ ਵੱਧ 673 ਮਨੁੱਖੀ ਜਾਨਾਂ ਜ਼ਿਲ੍ਹਾ ਲੁਧਿਆਣਾ ਵਿਚ ਗਈਆਂ ਤੇ ਸਭ ਤੋਂ ਘੱਟ 103 ਮਨੁੱਖੀ ਜਿੰਦਾਂ ਦਾ ਨੁਕਸਾਨ ਪਠਾਨਕੋਟ ਵਿਚ ਹੋਇਆ ਸੀ। ਬਾਕੀ ਜ਼ਿਲ੍ਹਿਆਂ ਵਿਚੋਂ ਜਲੰਧਰ ਵਿਚ 428, ਪਟਿਆਲਾ ਵਿਚ 388 ਅਤੇ ਹੁਸ਼ਿਆਰਪੁਰ ਵਿਚ 331 ਜਾਨਾਂ ਗਈਆਂ। ਅੰਮ੍ਰਿਤਸਰ ਵਿਚ 305, ਮੁਹਾਲੀ ਵਿਚ 290, ਬਠਿੰਡਾ 'ਚ 239, ਗੁਰਦਾਸਪੁਰ 231, ਸੰਗਰੂਰ 223 ਤੇ ਰੂਪਨਗਰ 202 ਲੋਕਾਂ ਦੀ ਮੌਤ ਹੋਈ। ਮੋਗਾ ਵਿਚ 194, ਫਿਰੋਜ਼ਪੁਰ 191, ਕਪੂਰਥਲਾ 186, ਨਵਾਂ ਸ਼ਹਿਰ 172, ਫਤਿਹਗੜ੍ਹ ਸਾਹਿਬ 143, ਮੁਕਤਸਰ ਵਿਚ 142, ਫਾਜ਼ਿਲਕਾ 140, ਮਾਨਸਾ ਵਿਚ 137, ਫਰੀਦਕੋਟ ਵਿਚ 125, ਬਰਨਾਲਾ ਵਿਚ 118 ਅਤੇ ਤਰਨ ਤਾਰਨ ਵਿਚ 106 ਲੋਕਾਂ ਦੀ ਜਾਨ ਸੜਕ ਹਾਦਸਿਆਂ ਨੇ ਲਈ ਸੀ।

# ਕੌਮੀ ਫਿਲਮ ਪੁਰਸਕਾਰ: ਰਾਸ਼ਟਰਪਤੀ ਵੱਲੋਂ ਚੋਣਵੇਂ ਜੇਤੂਆਂ ਦੇ ਸਨਮਾਨ ਤੋਂ ਵਿਵਾਦ ਭਖਿਆ

ਨਵੀਂ ਦਿੱਲੀ: ਰਾਸ਼ਟਰਪਤੀ ਵੱਲੋਂ ਕੁਝ ਚੋਣਵੇਂ ਜੇਤੂਆਂ ਨੂੰ ਹੀ ਆਪਣੇ ਹੱਥੀਂ ਇਨਾਮ ਵੰਡੇ ਜਾਣ ਕਾਰਨ 65ਵਾਂ ਕੌਮੀ ਫਿਲਮ ਪੁਰਸਕਾਰ ਵੰਡ ਸਮਾਰੋਹ ਵਿਵਾਦਾਂ 'ਚ ਘਿਰ ਗਿਆ। ਕਈ ਪੁਰਸਕਾਰ ਜੇਤੂ ਸਮਾਰੋਹ ਵਿਚ ਇਨਾਮ ਲੈਣ ਲਈ ਨਹੀਂ ਪੁੱਜੇ।

ਵਿਗਿਆਨ ਭਵਨ ਵਿਚ ਹੋਇਆ ਇਹ ਸਮਾਰੋਹ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਸਮਾਰੋਹ ਦੇ ਪਹਿਲੇ ਪੜਾਅ ਦੌਰਾਨ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਸਮ੍ਰਿਤੀ ਇਰਾਨੀ ਤੇ ਕੇਂਦਰੀ ਰਾਜ ਮੰਤਰੀ ਰਾਜਵਰਧਨ ਸਿੰਘ ਰਾਠੌੜ ਵੱਲੋਂ ਇਨਾਮ ਵੰਡੇ ਗਏ। ਦੂਜੇ ਪੜਾਅ ਦੌਰਾਨ ਮਰਹੂਮ ਵਿਨੋਦ ਖੰਨਾ ਤੇ ਸ੍ਰੀਦੇਵੀ ਲਈ ਐਲਾਨੇ ਗਏ ਦਾਦਾ ਸਾਹਿਬ ਫਾਲਕੇ ਤੇ ਸਰਵੋਤਮ ਅਦਾਕਾਰਾ ਦੇ ਖਿਤਾਬ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਆਪਣੇ ਹੱਥੀਂ ਦਿੱਤੇ ਗਏ।

ਸਮਾਰੋਹ ਦੀ ਰਿਹਰਸਲ ਦੌਰਾਨ ਜਦੋਂ ਪੁਰਸਕਾਰ ਜੇਤੂਆਂ ਨੂੰ ਦੱਸਿਆ ਗਿਆ ਕਿ ਸਾਰੇ ਜੇਤੂਆਂ ਦੀ ਥਾਂ ਕੁਝ ਚੋਣਵੇਂ ਜੇਤੂਆਂ ਨੂੰ ਹੀ ਰਾਸ਼ਟਰਪਤੀ ਆਪਣੇ ਹੱਥੀਂ ਪੁਰਸਕਾਰ ਦੇਣਗੇ ਤਾਂ ਉਦੋਂ ਤੋਂ ਹੀ ਇਸ ਸਬੰਧੀ ਘੁਸਰ-ਮੁਸਰ ਸ਼ੁਰੂ ਹੋ ਗਈ ਸੀ। ਰਵਾਇਤੀ ਤੌਰ ਉਤੇ ਰਾਸ਼ਟਰਪਤੀ ਖੁਦ ਆਪਣੇ ਹੱਥੀਂ ਸਾਰੇ ਕੌਮੀ ਫਿਲਮ ਐਵਾਰਡ ਦਿੰਦੇ ਹਨ। ਨਿਰਦੇਸ਼ਕ ਕੌਸ਼ਿਕ ਗਾਂਗੁਲੀ, ਬੈਸਟ ਸਪੋਰਟਿੰਗ ਐਕਟਰ ਖਿਤਾਬ ਜੇਤੂ ਫਹਾਦ ਫਾਸਿਲ ਤੇ ਗਾਇਕ ਕੇ.ਜੇ. ਯਸੂਦਾਸ ਦੇ ਹਸਤਾਖਰਾਂ ਹੇਠ ਜਾਰੀ ਇਕ ਪੱਤਰ ਵਿਚ ਲਿਖਿਆ ਹੋਇਆ ਸੀ ਕਿ ਇਹ ਭਰੋਸਾ ਤੋੜਨ ਦੇ ਤੁਲ ਹੈ। ਇਹ 65 ਸਾਲਾਂ ਦੀ ਰਵਾਇਤ ਨੂੰ ਇਕ ਝਟਕੇ 'ਚ ਤੋੜਨ ਵਰਗਾ ਹੈ। ਉਹ ਪੁਰਸਕਾਰਾਂ ਨੂੰ ਨਕਾਰ ਨਹੀਂ ਰਹੇ ਪਰ ਰਾਸ਼ਟਰਪਤੀ ਵੱਲੋਂ ਉਨ੍ਹਾਂ ਨੂੰ ਇਹ ਖਿਤਾਬ ਖੁਦ ਦਿੱਤੇ ਜਾਣੇ ਚਾਹੀਦੇ ਸਨ।



### ਡਾਕ ਰਾਹੀਂ ਪੁਰਸਕਾਰ ਭੇਜਣ ਦੀ ਤਿਆਰੀ

**ਨਵੀਂ ਦਿੱਲੀ:** ਸੂਚਨਾ ਤੇ ਪ੍ਰਸਾਰਣ ਮੰਤਰਾਲਾ 65ਵੇਂ ਕੌਮੀ ਫਿਲਮ ਪੁਰਸਕਾਰ ਸਮਾਰੋਹ ਵਿਚ ਗੈਰਹਾਜ਼ਰ ਰਹੇ ਪੁਰਸਕਾਰ ਜੇਤੂਆਂ ਨੂੰ ਇਸ ਸਾਲ ਡਾਕ ਰਾਹੀਂ ਉਨ੍ਹਾਂ ਦੇ ਪੁਰਸਕਾਰ ਭੇਜਣ ਬਾਰੇ ਵਿਚਾਰ ਕਰ ਰਿਹਾ ਹੈ। ਇਸ ਵਾਰ ਸਮਾਰੋਹ ਕੌਮੀ ਰਾਜਧਾਨੀ ਵਿਚ ਤਿੰਨ ਮਈ ਨੂੰ ਹੋਇਆ ਸੀ ਪਰ ਰਾਸ਼ਟਰਪਤੀ ਵੱਲੋਂ ਕੁਝ ਚੋਣਵੇਂ ਪੁਰਸਕਾਰ ਜੇਤੂਆਂ ਨੂੰ ਪੁਰਸਕਾਰ ਭੇਟ ਕੀਤੇ ਜਾਣ ਬਾਅਦ ਬਾਕੀ ਦੇ ਪੁਰਸਕਾਰ ਜੇਤੂਆਂ ਨੇ ਸਮਾਰੋਹ ਦਾ ਬਾਈਕਾਟ ਕਰ ਦਿੱਤਾ ਸੀ।

# ਆਲਮੀ ਪੱਧਰ 'ਤੇ ਪੱਤਰਕਾਰਾਂ ਦੇ ਕਤਲਾਂ 'ਚ ਵਾਧਾ

**ਨਵੀਂ ਦਿੱਲੀ:** ਯੂਨੈਸਕੋ ਵੱਲੋਂ ਜਾਰੀ ਰਿਪੋਰਟ ਮੁਤਾਬਕ ਦੁਨੀਆਂ ਭਰ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਪੱਤਰਕਾਰਾਂ ਦੀਆਂ ਹੱਤਿਆਵਾਂ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸਾਲ 2012 ਤੋਂ 2016 ਦੌਰਾਨ 530 ਪੱਤਰਕਾਰਾਂ ਦੀਆਂ ਹੱਤਿਆਵਾਂ ਹੋਈਆਂ ਜਿਨ੍ਹਾਂ ਵਿਚੋਂ 18 ਪੱਤਰਕਾਰ ਭਾਰਤ ਦੇ ਸਨ। 'ਆਜ਼ਾਦੀ ਦੇ ਪ੍ਰਗਟਾਵੇ ਵਿਚ ਆਲਮੀ ਰੁਝਾਨ ਅਤੇ ਮੀਡੀਆ ਵਿਕਾਸ ਗਲੋਬਲ ਰਿਪੋਰਟ 2017/2018' ਵਿਚ ਕਿਹਾ ਗਿਆ ਹੈ ਕਿ ਹੱਤਿਆਵਾਂ ਦੀ ਗਿਣਤੀ ਵਿਚ ਪਿਛਲੇ ਪੰਜ ਸਾਲਾਂ ਦੌਰਾਨ 67.72 ਫੀਸਦੀ ਦਾ ਵਾਧਾ ਹੋਇਆ ਹੈ। ਸਾਲ 2007 ਤੋਂ 2011 ਦੌਰਾਨ 316 ਪੱਤਰਕਾਰਾਂ ਦੇ ਕਤਲ ਦਰਜ ਕੀਤੇ ਗਏ ਸਨ।

ਸੀਰੀਆ ਵਿਚ ਸਭ ਤੋਂ ਵੱਧ 86 ਪੱਤਰਕਾਰਾਂ ਦੀਆਂ ਹੱਤਿਆਵਾਂ ਹੋਈਆਂ ਹਨ। ਇਸ ਮਗਰੋਂ ਇਰਾਕ (46), ਮੈਕਸਿਕੋ (37), ਸੋਮਾਲੀਆ (36), ਪਾਕਿਸਤਾਨ (30), ਬ੍ਰਾਜ਼ੀਲ (29), ਫਿਲਪੀਨਜ਼ ਅਤੇ ਯਮਨ (21-21), ਅਫਗਾਨਿਸਤਾਨ (20), ਹੌਂਡੂਰਸ (19), ਭਾਰਤ (18), ਲਿਬੀਆ (17) ਅਤੇ ਗੁਆਟੇਮਾਲਾ (14) ਦਾ ਨੰਬਰ ਆਉਂਦਾ ਹੈ। ਵਿਸ਼ਵ ਪ੍ਰੈਸ ਆਜ਼ਾਦੀ ਦਿਹਾੜੇ ਉਤੇ ਜਾਰੀ




ਰਿਪੋਰਟ ਮੁਤਾਬਕ ਸਾਲ 2012 ਪੱਤਰਕਾਰਾਂ 'ਤੇ ਕਹਿਰ ਬਣ ਕੇ ਟੁੱਟਿਆ ਅਤੇ ਉਸ ਦੌਰਾਨ 124 ਪੱਤਰਕਾਰਾਂ ਦੀਆਂ ਹੱਤਿਆਵਾਂ ਹੋਈਆਂ ਸਨ। ਮਾਰੇ ਗਏ ਕੁੱਲ 530 ਪੱਤਰਕਾਰਾਂ ਵਿਚੋਂ 166 ਟੀਵੀ ਜਰਨਲਿਸਟ, 142 ਪ੍ਰਿੰਟ, 118 ਰੇਡੀਓ, 75 ਆਨ ਲਾਈਨ ਅਤੇ 29 ਵੱਖੋ ਵੱਖਰੇ ਅਦਾਰਿਆਂ ਨਾਲ ਸਬੰਧਤ ਸਨ।

### ਪ੍ਰੈਸ ਕੌਂਸਲ ਨੇ ਵਿਸ਼ਵ ਪ੍ਰੈਸ ਆਜ਼ਾਦੀ ਦੇ ਅੰਕੜੇ ਨਕਾਰੇ

**ਨਵੀਂ ਦਿੱਲੀ:** ਪ੍ਰੈਸ ਕੌਂਸਲ ਆਫ ਇੰਡੀਆ (ਪੀ.ਸੀ.ਆਈ.) ਨੇ ਪ੍ਰੈਸ ਫਰੀਡਮ ਇੰਡੈਕਸ ਵੱਲੋਂ ਹੁਣੇ ਜਿਹੇ ਜਾਰੀ ਕੀਤੇ ਗਏ ਅੰਕੜਿਆਂ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਸ ਵਿਚ ਸਪੱਸ਼ਟਤਾ ਦੀ ਘਾਟ ਹੈ ਅਤੇ ਇਹ 'ਰਾਇ ਜਾਂ ਧਾਰਨਾ' ਉਤੇ ਅਧਾਰਤ ਹਨ। ਪ੍ਰੈਸ ਦੀ ਆਜ਼ਾਦੀ ਦੇ ਮਾਮਲੇ 'ਚ ਭਾਰਤ ਨੂੰ 180 ਮੁਲਕਾਂ ਵਿਚੋਂ 138ਵੇਂ ਨੰਬਰ ਉਤੇ ਰੱਖਿਆ ਗਿਆ ਹੈ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਵੱਲੋਂ ਸਾਲਾਨਾ ਇਹ ਅੰਕੜੇ ਜਾਰੀ ਕੀਤੇ ਜਾਂਦੇ ਹਨ।

# ਰੇਤ ਦੀਆਂ ਖੱਡਾਂ ਦਾ ਕਾਰੋਬਾਰ ਆਪਣੇ ਹੱਥ ਲਵੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਖਣਨ ਬਾਰੇ ਬਣੀ ਕੈਬਨਿਟ ਸਬ-ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਸੂਬੇ ਵਿਚ ਮਾਈਨਿੰਗ ਦਾ ਸਾਰਾ ਕਾਰੋਬਾਰ ਸਰਕਾਰ ਵੱਲੋਂ ਕਾਰਪੋਰੇਸ਼ਨ ਬਣਾ ਕੇ ਉਸ ਹਵਾਲੇ ਕੀਤਾ ਜਾਵੇ। ਇਸ ਕਮੇਟੀ ਨੇ ਕਿਸੇ ਵੀ ਨਿੱਜੀ ਠੇਕੇਦਾਰ ਨੂੰ ਰੇਤ ਦੀਆਂ ਖੱਡਾਂ ਦੀ ਨਿਲਾਮੀ ਨਾ ਕਰਨ ਦੇਣ ਦੀ ਵਕਾਲਤ ਕੀਤੀ ਹੈ। ਭਾਵੇਂ ਕਿ ਪਹਿਲਾਂ ਹੀ ਨਿਲਾਮ ਕੀਤੀਆਂ ਜਾ ਚੁੱਕੀਆਂ ਖੱਡਾਂ ਪੁਰਾਣੇ ਨਿਯਮਾਂ ਅਨੁਸਾਰ ਚੱਲਦੀਆਂ ਰੱਖੀਆਂ ਜਾਣਗੀਆਂ।

ਕੈਬਨਿਟ ਸਬ-ਕਮੇਟੀ ਦਾ ਮੰਨਣਾ ਹੈ ਕਿ ਅਕਾਲੀ-ਭਾਜਪਾ ਗੱਠਜੋੜ ਦੇ ਪਿਛਲੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਸਰਕਾਰ ਨੇ ਰੇਤ-ਬੱਜਰੀ ਦੀਆਂ ਖੱਡਾਂ ਦੀ ਨਿਲਾਮੀ ਤੋਂ ਸਿਰਫ 400 ਕਰੋੜ ਰੁਪਏ (40 ਕਰੋੜ ਰੁਪਏ ਸਾਲਾਨਾ) ਕਮਾਏ ਸਨ। ਦੂਜੇ ਪਾਸੇ, ਤਿਲੰਗਾਨਾ ਸੂਬੇ (ਜੋ ਮਿਨਰਲ ਕਾਰਪੋਰੇਸ਼ਨ ਚਲਾ ਰਿਹਾ ਹੈ) ਵੱਲੋਂ ਕੀਤੇ ਤਜਰਬੇ ਨੂੰ ਦੇਖਦਿਆਂ ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਰੇਤ-ਬੱਜਰੀ ਦੇ ਖਣਨ ਤੋਂ ਸਾਲਾਨਾ ਪੰਜ ਹਜ਼ਾਰ ਕਰੋੜ ਰੁਪਏ ਕਮਾਏ ਜਾ ਸਕਦੇ ਹਨ। ਇਸ ਤੋਂ ਇਲਾਵਾ, ਕਮੇਟੀ ਦਾ ਕਹਿਣਾ ਹੈ ਕਿ ਕਰੱਸ਼ਰ ਮਾਲਕਾਂ, ਭੱਠਾ ਮਾਲਕਾਂ ਨੂੰ ਆਮ ਮਿੱਟੀ ਦੀ ਪੁਟਾਈ ਲਈ ਲਾਇਸੈਂਸ ਫੀਸ ਲਗਾ ਕੇ ਅਤੇ ਪੰਜਾਬ ਵਿਚ ਬਾਹਰੋਂ ਆਉਂਦੀ ਮਾਈਨਿੰਗ



ਸਮੱਗਰੀ ਉਤੇ ਐਂਟਰੀ ਟੈਕਸ ਲਾ ਕੇ ਵੀ ਵਧੀਆ ਕਮਾਈ ਕੀਤੀ ਜਾ ਸਕਦੀ ਹੈ।

ਦੱਸਣਯੋਗ ਹੈ ਕਿ ਇਹ ਕੈਬਨਿਟ ਸਬ-ਕਮੇਟੀ ਮੁੱਖ ਮੰਤਰੀ ਵੱਲੋਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਚੇਅਰਮੈਨਸ਼ਿਪ ਅਧੀਨ ਬਣਾਈ ਗਈ ਸੀ। ਸੂਤਰਾਂ ਨੇ ਦੱਸਿਆ ਕਿ ਕਮੇਟੀ ਨੇ ਨਵੀਂ ਮਾਈਨਿੰਗ ਨੀਤੀ ਬਣਾਈ ਹੈ, ਜਿਸ ਨੂੰ ਪੰਜਾਬ ਸਟੇਟ ਮਾਈਨਰ ਮਿਨਰਲਜ਼ ਦਾ ਨਾਂ ਦਿੱਤਾ ਗਿਆ ਹੈ। ਇਹ ਤਹਿਤ ਸੁਝਾਅ ਦਿੱਤਾ ਗਿਆ ਹੈ ਕਿ ਸਰਕਾਰ ਦੀ ਮਾਲਕੀ ਵਾਲੀ ਪੰਜਾਬ ਸਟੇਟ ਮਿਨਰਲ ਡਿਵੈਲਪਮੈਂਟ ਕਾਰਪੋਰੇਸ਼ਨ ਬਣਾਈ ਜਾਵੇ। ਕੰਪਨੀਜ਼ ਐਕਟ 2013 ਤਹਿਤ ਬਣਾਈ ਜਾਣ ਵਾਲੀ ਇਹ ਕਾਰਪੋਰੇਸ਼ਨ ਮਿਨਰਲਜ਼ ਦੀ ਖੁਦਾਈ, ਖਣਨ ਤੇ ਸਪਲਾਈ ਲਈ ਕੰਮ ਕਰੇਗੀ ਅਤੇ ਆਮ ਲੋਕਾਂ ਨੂੰ ਜਾਇਜ਼ ਭਾਅ ਉਤੇ ਰੇਤ-ਬੱਜਰੀ ਦੀ ਸਪਲਾਈ ਯਕੀਨੀ ਬਣਾਏਗੀ। ਇਸ ਕਾਰਪੋਰੇਸ਼ਨ ਵੱਲੋਂ ਗਾਰ ਕੱਢਣ ਦੇ ਕੰਮ ਲਈ ਠੇਕੇਦਾਰਾਂ ਦੀ ਚੋਣ ਨਿਰਧਾਰਿਤ ਮਾਪਦੰਡਾਂ ਅਨੁਸਾਰ ਕੀਤੀ ਜਾਵੇਗੀ।

ਦੱਸਣਯੋਗ ਹੈ ਕਿ ਅਪਰੈਲ 2017 ਤੱਕ ਰੇਤ ਅਤੇ ਬਜਰੀ ਦੀ ਨਿਲਾਮੀ 'ਰਿਵਰਸ ਬਿੱਡ ਸਿਸਟਮ' ਰਾਹੀਂ ਹੁੰਦੀ ਰਹੀ ਹੈ। ਕਾਂਗਰਸ ਦੇ ਸੱਤਾ ਵਿਚ ਆਉਣ ਤੋਂ ਬਾਅਦ 'ਪ੍ਰੋਗਰੈਸਿਵ ਬਿਡਿੰਗ' ਸ਼ੁਰੂ ਹੋਈ। ਕਮੇਟੀ ਦੀ ਮੰਨਣਾ ਹੈ ਕਿ ਨੀਤੀ ਵਿਚ ਬਦਲਾਅ ਦੇ ਬਾਵਜੂਦ ਗੈਰਕਾਨੂੰਨੀ ਖਣਨ ਜਾਰੀ ਹੈ, ਜਿਸ ਕਾਰਨ ਸੂਬੇ ਦੇ ਖਜ਼ਾਨੇ ਨੂੰ ਚੂਨਾ ਲੱਗ ਰਿਹਾ ਹੈ।

ਇਸ ਤੋਂ ਇਲਾਵਾ ਕਮੇਟੀ ਨੇ 'ਵੰਨ ਸਟੇਟ, ਵੰਨ ਪ੍ਰਾਈਜ਼ ਪਾਲਿਸੀ' (ਇਕ ਸੂਬਾ, ਇਕ ਭਾਅ ਨੀਤੀ) ਦਾ ਵੀ ਸੁਝਾਅ ਦਿੱਤਾ ਹੈ। ਰਿਪੋਰਟ ਅਨੁਸਾਰ ਸਰਕਾਰ ਵੱਲੋਂ ਕਾਰਪੋਰੇਸ਼ਨ ਅਤੇ ਨਿੱਜੀ ਠੇਕੇਦਾਰਾਂ ਕੋਲੋਂ ਵਸੂਲਿਆ ਜਾਣ ਵਾਲਾ ਰੇਤ ਅਤੇ ਬਜਰੀ ਦਾ ਇਕਸਾਰ ਪਰਚੂਨ ਭਾਅ ਮਿਥਿਆ ਜਾਵੇ। ਕਮੇਟੀ ਨੇ ਸੂਬੇ ਦੇ ਖਣਿਜਾਂ ਦੀ ਸਮਰੱਥਾ ਦਾ ਅੰਦਾਜ਼ਾ ਲਾਉਣ ਲਈ ਜ਼ਿਲ੍ਹਾ ਪੱਧਰੀ ਸਰਵੇਖਣ ਕਰਵਾਉਣ ਲਈ ਵੀ ਕਿਹਾ ਹੈ।


## ਯਾਤਰੀਆਂ ਦੀ ਆਮਦ ਪੱਖੋਂ ਅੰਮ੍ਰਿਤਸਰ ਹਵਾਈ ਅੱਡੇ ਦਾ ਪਹਿਲਾ ਨੰਬਰ

**ਅੰਮ੍ਰਿਤਸਰ:** ਦੇਸ਼ ਦੇ 34 ਕੌਮਾਂਤਰੀ ਹਵਾਈ ਅੱਡਿਆਂ ਵਿਚੋਂ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਯਾਤਰੀਆਂ ਦੀ ਆਮਦ ਦੇ ਮਾਮਲੇ ਵਿਚ ਪਹਿਲੇ ਨੰਬਰ ਉਤੇ ਹੈ। ਇਸ ਹਵਾਈ ਅੱਡੇ ਨੇ ਵਿੱਤੀ ਸਾਲ 2017-18 ਵਿਚ ਯਾਤਰੀਆਂ ਦੀ ਆਮਦ ਵਿਚ 48.1 ਫੀਸਦੀ ਵਾਧਾ ਦਰਜ ਕੀਤਾ ਹੈ।

ਅੰਮ੍ਰਿਤਸਰ ਵਿਕਾਸ ਮੰਚ ਦੇ ਹਵਾਈ ਅੱਡਿਆਂ ਬਾਰੇ ਵਿਸ਼ਲੇਸ਼ਕ ਯੋਗੇਸ਼ ਕਮਰਾ ਨੇ ਦੱਸਿਆ ਕਿ ਵਿੱਤੀ ਸਾਲ 2017-18 ਵਿਚ ਕੁੱਲ 23.2 ਲੱਖ ਯਾਤਰੀਆਂ ਦੀ ਆਮਦ ਦਰਜ ਹੋਈ ਹੈ ਤੇ 2016-17 ਵਿਚ ਕੁੱਲ 15.6 ਲੱਖ ਯਾਤਰੀਆਂ ਨੇ ਯਾਤਰਾ ਕੀਤੀ ਸੀ। ਏਅਰਪੋਰਟ ਅਥਾਰਿਟੀ ਆਫ ਇੰਡੀਆ ਦੀ ਰਿਪੋਰਟ ਅਨੁਸਾਰ 34 ਕੌਮਾਂਤਰੀ ਹਵਾਈ ਅੱਡਿਆਂ ਵਿਚੋਂ ਅੰਮ੍ਰਿਤਸਰ ਹਵਾਈ ਅੱਡਾ ਪਹਿਲੇ ਨੰਬਰ 'ਤੇ ਹੈ। 2018-19 ਦੌਰਾਨ ਇਸ ਹਵਾਈ ਅੱਡੇ ਉਤੇ 30 ਲੱਖ ਯਾਤਰੀਆਂ ਦੀ ਆਮਦ ਦੀ ਸੰਭਾਵਨਾ ਹੈ।

# ਇਤਿਹਾਸਕ ਸਥਾਨਾਂ ਦੀ ਸੰਭਾਲ ਲਈ ਕੈਪਟਨ ਵੀ ਮੋਦੀ ਵਾਲੇ ਰਾਹ

**ਚੰਡੀਗੜ੍ਹ:** ਨਰੇਂਦਰ ਮੋਦੀ ਸਰਕਾਰ ਵੱਲੋਂ ਲਾਲ ਕਿਲ੍ਹੇ ਦੀ ਸਾਂਭ-ਸੰਭਾਲ ਲਈ ਇਸ ਨੂੰ



ਨਿੱਜੀ ਕੰਪਨੀ ਨੂੰ ਸੌਂਪੇ ਜਾਣ ਦਾ ਵਿਵਾਦ ਅਜੇ ਠੰਢਾ ਨਹੀਂ ਹੋਇਆ ਕਿ ਹੁਣ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਕੁਝ ਅਜਿਹਾ ਹੀ ਕਰਨ ਜਾ ਰਹੇ ਹਨ। ਪੰਜਾਬ ਦੀ ਕਾਂਗਰਸ ਸਰਕਾਰ ਨੇ ਕੇਂਦਰੀ ਸੈਰ ਸਪਾਟਾ ਮੰਤਰਾਲੇ ਨੂੰ ਸੂਬੇ ਦੇ ਮੁੱਖ ਇਤਿਹਾਸਕ ਤੇ ਧਾਰਮਿਕ ਸਥਾਨਾਂ ਨੂੰ ਵੀ 'ਅਡਾਪਟ ਹੈਰੀਟੇਜ' ਸਕੀਮ ਵਿਚ ਸ਼ਾਮਲ ਕਰਨ ਬਾਰੇ ਚਿੱਠੀ ਲਿਖੀ ਹੈ। ਇਨ੍ਹਾਂ ਮੁੱਖ ਸਥਾਨਾਂ ਵਿਚ ਪੰਜਾਬ ਦਾ ਜਲ੍ਹਿਆਂਵਾਲਾ ਬਾਗ ਅਤੇ ਗੁਰਦੁਆਰਾ ਸ੍ਰੀ ਆਨੰਦਪੁਰ ਸਾਹਿਬ ਸ਼ਾਮਲ ਹਨ।

ਯਾਦ ਰਹੇ ਕਿ ਅਜੇ ਪਿਛਲੇ ਹਫਤੇ ਹੀ ਕਾਂਗਰਸ ਨੇ ਦਾਲਮੀਆ ਭਾਰਤ ਗਰੁੱਪ ਨਾਂ ਦੀ ਨਿੱਜੀ ਕੰਪਨੀ ਨੂੰ ਲਾਲ ਕਿਲ੍ਹਾ ਗੋਦ ਦਿੱਤੇ ਜਾਣ ਦਾ ਤਿੱਖਾ ਵਿਰੋਧ ਕੀਤਾ ਸੀ। ਕਾਂਗਰਸ ਦੀ ਦਲੀਲ ਸੀ ਕਿ ਲਾਲ ਕਿਲ੍ਹਾ 'ਆਜ਼ਾਦੀ ਦੇ ਅੰਦੋਲਨ ਦਾ ਪ੍ਰਤੀਕ' ਹੈ ਅਤੇ ਸਰਕਾਰ ਇਸੇ ਨੂੰ ਹੀ ਹੋਰਾਂ ਦੇ ਹੱਥਾਂ ਵਿਚ ਸੌਂਪ ਰਹੀ ਹੈ। ਪਾਰਟੀ ਨੇ ਇਹ ਵੀ ਕਿਹਾ ਸੀ ਕਿ ਮੁਲਕ ਦੀਆਂ ਪ੍ਰਮੁੱਖ ਯਾਦਗਾਰਾਂ ਕਾਰਪੋਰੇਟ ਦੇ ਹੱਥਾਂ ਵਿਚ ਨਹੀਂ ਦਿੱਤੀਆਂ ਜਾਣੀਆਂ ਚਾਹੀਦੀਆਂ। ਫਰਵਰੀ 20, 2018 ਨੂੰ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਕੇਂਦਰ ਨੂੰ ਸੂਬੇ ਦੀਆਂ 7 ਮੁੱਖ ਯਾਦਗਾਰਾਂ ਨੂੰ ਗੋਦ ਦੇਣ ਦੀ ਮੰਗ ਕੀਤੀ ਸੀ ਜਿਨ੍ਹਾਂ 'ਚ ਜਲ੍ਹਿਆਂਵਾਲਾ ਬਾਗ, ਸ਼ਹੀਦ-ਏ-ਆਜ਼ਮ ਭਗਤ ਸਿੰਘ ਮਿਊਜ਼ੀਅਮ (ਖਟਕੜ ਕਲਾਂ), ਕੌਮੀ ਸ਼ਹੀਦੀ ਯਾਦਗਾਰ (ਲੁਧਿਆਣਾ), ਤਖਤ-ਏ-ਅਕਬਰ (ਕਲਾਨੌਰ, ਗੁਰਦਾਸਪੁਰ), ਗੁਰਦੁਆਰਾ ਸ੍ਰੀ ਆਨੰਦਪੁਰ ਸਾਹਿਬ, ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਸ਼ਾਮਲ ਹਨ।

ਪੰਜਾਬ ਦੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਖੁਦ ਇਸ ਚਿੱਠੀ ਉਤੇ ਦਸਤਖਤ ਕੀਤੇ ਹਨ। ਇਕ ਇੰਟਰਵਿਊ ਦੌਰਾਨ ਸਿੱਧੂ ਨੇ ਇਸ ਸਕੀਮ ਦੀ ਹਮਾਇਤ ਕੀਤੀ ਹੈ। ਇਸ ਸਬੰਧੀ ਕਾਂਗਰਸ ਦੇ ਸੰਚਾਰ ਵਿਭਾਗ ਦੇ ਮੁਖੀ ਰਣਦੀਪ ਸਿੰਘ ਸੁਰਜੇਵਾਲ ਨੇ ਕਿਹਾ ਕਿ ਜਦ ਤੱਕ ਉਹ ਸਿੱਧੂ ਨਾਲ ਇਸ ਸਬੰਧੀ ਗੱਲ ਨਹੀਂ ਕਰ ਲੈਂਦੇ, ਉਹ ਇਸ ਮਾਮਲੇ ਬਾਰੇ ਕੁਝ ਨਹੀਂ ਕਹਿ ਸਕਦੇ।

## ਹਵਾਰਾ ਖਿਲਾਫ ਕੇਸ ਦੇ ਛੇਤੀ ਨਿਬੇੜੇ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਸਜ਼ਾਯਾਫ਼ਤਾ ਜਗਤਾਰ ਸਿੰਘ ਹਵਾਰਾ ਖਿਲਾਫ਼ ਲੁਧਿਆਣਾ ਦੇ ਕੋਤਵਾਲੀ ਪੁਲਿਸ ਸਟੇਸ਼ਨ ਵਿਚ ਆਰਮਜ਼ ਐਕਟ ਤਹਿਤ ਦਰਜ ਕੇਸ ਦਾ ਛੇਤੀ ਨਿਬੇੜਾ ਕਰਨ ਲਈ ਹੇਠਲੀ ਅਦਾਲਤ ਨੂੰ ਆਦੇਸ਼ ਦਿੱਤੇ ਹਨ। ਇਹ ਕੇਸ ਮਰਹੂਮ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਧਮਾਕੇ ਦੌਰਾਨ 31 ਅਗਸਤ 1995 ਨੂੰ ਹੋਈ ਮੌਤ ਤੋਂ ਬਾਅਦ 23 ਦਸੰਬਰ 1995 ਨੂੰ ਲੁਧਿਆਣਾ ਕੋਤਵਾਲੀ ਥਾਣੇ ਵਿਚ ਦਰਜ ਕੀਤਾ ਗਿਆ ਸੀ।

ਹਵਾਰਾ ਦੇ ਵਕੀਲ ਨੇ ਹੇਠਲੀ ਅਦਾਲਤ ਵਿਚ ਚੱਲ ਰਹੇ ਇਸ ਕੇਸ ਦੇ ਤਿੰਨ ਮਹੀਨੇ ਅੰਦਰ ਨਿਬੇੜੇ ਲਈ ਹਾਈ ਕੋਰਟ ਨੂੰ ਨਿਰਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਸੀ। ਆਰਮਜ਼ ਐਕਟ ਤਹਿਤ ਦਰਜ ਕੇਸ ਦੇ ਫੈਸਲੇ ਤੱਕ ਹਵਾਰਾ ਦੀ ਜ਼ਮਾਨਤ ਦੀ ਅਪੀਲ ਖਾਰਜ ਕਰਦੇ ਹੋਏ ਜਸਟਿਸ ਤੇਜਿੰਦਰ ਸਿੰਘ ਢੀਂਡਸਾ ਨੇ ਹੇਠਲੀ ਅਦਾਲਤ ਨੂੰ ਛੇਤੀ ਤੋਂ ਛੇਤੀ ਕੇਸ ਦਾ ਨਿਬੇੜਾ ਕਰਨ ਦੇ ਆਦੇਸ਼ ਦਿੱਤੇ ਹਨ।




## ਅਕਾਲੀ ਆਗੂ 'ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੇਸ

**ਮਾਨਸਾ:** ਅਕਾਲੀ ਦਲ ਦੇ ਬੀ.ਸੀ. ਵਿੰਗ ਦੇ ਜਿਲ੍ਹਾ ਪ੍ਰਧਾਨ ਤੇ ਨਗਰ ਕੌਂਸਲ ਮਾਨਸਾ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਠੇਕੇਦਾਰ ਖਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿਚ ਸੋਸ਼ਲ ਮੀਡੀਆ ਉਤੇ ਇਕ ਵੀਡੀਓ ਵਾਇਰਲ ਹੋਈ ਸੀ। ਸਨਾਤਨ ਧਰਮ ਸਭਾ ਮਾਨਸਾ ਦੇ ਪ੍ਰਧਾਨ ਸਮੀਰ ਛਾਬੜਾ ਦੀ ਅਗਵਾਈ ਵਿਚ ਸਾਰੇ ਮੈਂਬਰਾਂ ਨੇ ਥਾਣਾ ਮੁਖੀ ਨੂੰ ਮੰਗ ਪੱਤਰ ਦੇ ਕੇ ਇਸ ਸਬੰਧੀ ਕੇਸ ਦਰਜ ਕਰਨ ਨਾ ਕਰਨ ਉਤੇ ਧਰਨਾ ਲਾਉਣ ਦੀ ਚਿਤਾਵਨੀ ਦਿੱਤੀ ਸੀ। ਕੌਂਸਲਰਾਂ ਦੀ ਜਿਹੜੀ ਵੀਡੀਓ ਵਾਇਰਲ ਹੋਈ ਹੈ, ਉਸ ਵਿਚ ਧਾਰਮਿਕ ਪ੍ਰਵਚਨਾਂ ਦੀ ਤਰਜ਼ ਉਤੇ ਕੁਝ ਕੌਂਸਲਰਾਂ ਦੀ ਹਾਜ਼ਰੀ ਵਿਚ ਠੇਕੇਦਾਰ ਗੁਰਮੇਲ ਸਿੰਘ ਕੁਝ ਟਿੱਪਣੀਆਂ ਕਰਦੇ ਨਜ਼ਰ ਆ ਰਹੇ ਹਨ।

## ਫੌਜ 'ਤੇ ਪੈਸਾ ਖਰਚਣ ਵਿਚ ਭਾਰਤ ਅਤੇ ਚੀਨ ਮੋਹਰੀ

**ਨਵੀਂ ਦਿੱਲੀ:** ਦੁਨੀਆਂ ਦਾ ਰੱਖਿਆ ਬਜਟ 2017 ਵਿਚ 1739 ਅਰਬ ਡਾਲਰ ਉਤੇ ਪਹੁੰਚ ਗਿਆ ਹੈ। ਭਾਰਤ ਤੇ ਚੀਨ ਦੁਨੀਆਂ ਵਿਚ ਫੌਜ ਉਤੇ ਪੈਸਾ ਖਰਚਣ ਵਾਲੇ 5 ਮੋਹਰੀ ਮੁਲਕਾਂ ਵਿਚ ਸ਼ਾਮਲ ਹਨ। ਕੁੱਲ ਬਜਟ ਦਾ 60 ਫੀਸਦੀ ਇਨ੍ਹਾਂ ਪੰਜ ਮੁਲਕਾਂ ਵੱਲੋਂ ਹੀ ਖਰਚਿਆ ਜਾ ਰਿਹਾ ਹੈ। ਸਵੀਡਨ ਦੀ ਜਥੇਬੰਦੀ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਫੌਜ ਉਤੇ ਖਰਚ ਲਗਾਤਾਰ ਵਧ ਰਿਹਾ ਹੈ। ਸਾਲ 2017 ਵਿਚ ਰੱਖਿਆ ਖਰਚ ਵਿਚ ਮੋਹਰੀ ਪੰਜ ਮੁਲਕਾਂ ਵਿਚ ਅਮਰੀਕਾ, ਚੀਨ, ਸਾਊਦੀ ਅਰਬ, ਰੂਸ ਤੇ ਭਾਰਤ ਸ਼ਾਮਲ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 2017 ਵਿਚ ਕੌਮਾਂਤਰੀ ਪੱਧਰ ਉਤੇ ਰੱਖਿਆ ਬਜਟ 2016 ਦੇ ਮੁਕਾਬਲੇ 1.1 ਫੀਸਦੀ ਵਧ ਕੇ 1739 ਅਰਬ ਡਾਲਰ ਤੱਕ ਪਹੁੰਚ ਗਿਆ। ਜਥੇਬੰਦੀ ਦੇ ਜੈਨ ਇਲੀਆਸਨ ਨੇ ਕਿਹਾ ਕਿ ਦੁਨੀਆਂ ਵਿਚ ਰੱਖਿਆ ਖਰਚ ਵਿਚ ਲਗਾਤਾਰ ਹੋ ਰਿਹਾ ਵਾਧਾ ਚਿੰਤਾ ਦੀ ਗੱਲ ਹੈ। ਭਾਰਤ ਇਸ ਲਿਸਟ ਵਿਚ ਦੂਜੇ ਨੰਬਰ ਉਤੇ ਹੈ। ਭਾਰਤ ਦਾ ਬਜਟ 63.9 ਅਰਬ ਡਾਲਰ ਹੈ ਜੋ 2016 ਦੇ ਮੁਕਾਬਲੇ 5.5% ਵੱਧ ਹੈ। ਸਾਲ 2008 ਤੋਂ ਇਹ 45 ਫੀਸਦੀ ਜ਼ਿਆਦਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਹਰਿਆਣਾ 'ਚ ਮੁਸਲਮਾਨਾਂ ਨੂੰ ਨਮਾਜ਼ ਤੋਂ ਰੋਕਣ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਹਰਿਆਣਾ ਦੇ ਗੁਰੂਗ੍ਰਾਮ ਅਤੇ ਇਸ ਦੇ ਆਸ ਪਾਸ ਦੇ ਇਲਾਕਿਆਂ ਵਿਚ ਮੁਸਲਮਾਨਾਂ ਦੀ ਨਮਾਜ਼ ਅਦਾਇਗੀ ਵਿਚ ਵਿਘਨ ਪਾਉਣ ਨਾਲ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਤੋਂ ਵੀ ਵੱਡੀ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੀ ਖਰੂਦੀਆਂ ਦੇ ਹੱਕ ਵਿਚ ਖੜ੍ਹ ਗਏ ਤੇ ਸਲਾਹ ਦੇ ਦਿੱਤੀ ਕਿ ਨਮਾਜ਼ ਮਸਜਿਦਾਂ ਜਾਂ ਈਦਗਾਹਾਂ ਦੇ ਅੰਦਰ ਹੀ ਅਦਾ ਕੀਤੀ ਜਾਣੀ ਹੈ। ਮੁੱਖ ਮੰਤਰੀ ਦੀ ਹੱਲਾਸ਼ੇਰੀ ਕਾਰਨ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਕੁਝ ਹਿੰਦੂ ਜਥੇਬੰਦੀਆਂ ਹੋਰ ਜ਼ੋਰ-ਸ਼ੋਰ ਨਾਲ ਅਜਿਹੇ ਵਿਰੋਧ ਕਰਨ ਦੇ ਹੱਕ ਵਿਚ ਨਿੱਤਰ ਆਈਆਂ ਹਨ। ਦੱਸ ਦਈਏ ਕਿ ਕੁਝ ਦਿਨ ਪਹਿਲਾਂ ਕੁਝ ਨੌਜਵਾਨਾਂ ਨੇ ਨਾਅਰੇਬਾਜ਼ੀ ਕਰ ਕੇ ਨਮਾਜ਼ ਵਿਚ ਵਿਘਨ ਪਾਇਆ ਸੀ। ਭਾਵੇਂ ਪੁਲਿਸ ਨੇ ਇਨ੍ਹਾਂ ਨੂੰ ਤੁਰਤ ਗ੍ਰਿਫਤਾਰ ਕਰ ਲਿਆ ਪਰ ਬਾਅਦ ਵਿਚ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ ਗਿਆ। ਇਸ ਘਟਨਾ ਤੋਂ ਬਾਅਦ ਵੱਖ-ਵੱਖ ਹਿੰਦੂ ਜਥੇਬੰਦੀਆਂ ਵੱਲੋਂ ਮੁਸਲਮਾਨਾਂ ਨੂੰ ਖੁੱਲ੍ਹੀਆਂ ਥਾਵਾਂ ਉਤੇ ਨਮਾਜ਼



ਪੜ੍ਹਨ ਤੋਂ ਰੋਕਿਆ ਜਾ ਰਿਹਾ ਹੈ।

ਹਿੰਦੂ ਸੰਗਠਨਾਂ ਵੱਲੋਂ ਖੁੱਲ੍ਹੀ ਜਗ੍ਹਾ ਉਤੇ ਨਮਾਜ਼ ਪੜ੍ਹਨ ਦੇ ਵਿਰੋਧ ਵਿਚ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਸਬੰਧੀ ਪੁਲਿਸ ਪ੍ਰਸ਼ਾਸਨ ਵੀ ਇਹੀ ਆਖ ਰਿਹਾ ਹੈ ਕਿ ਉਹ ਬਗੈਰ ਇਜਾਜ਼ਤ ਕਿਸੇ ਨੂੰ ਵੀ ਕਿਸੇ ਤਰ੍ਹਾਂ ਦਾ ਧਾਰਮਿਕ ਸਮਾਗਮ ਨਹੀਂ ਕਰਨ ਦੇਣਗੇ। ਦਾਅਵਾ ਕੀਤਾ ਜਾ ਰਿਹਾ ਹੈ ਕਿ ਗੁਰੂਗ੍ਰਾਮ ਦੇ 3-4 ਇਲਾਕਿਆਂ ਵਿਚ ਵਿਰੋਧ ਹੋਣ ਕਾਰਨ ਖੁੱਲ੍ਹੇ ਵਿਚ ਨਮਾਜ਼ ਨਹੀਂ ਹੋਣ ਦਿੱਤੀ ਗਈ।

ਇਹ ਪੂਰਾ ਮਾਮਲਾ ਗੁਰੂਗ੍ਰਾਮ ਦੇ ਸੈਕਟਰ 53 ਵਿਚ ਇਕ ਮੈਦਾਨ ਵਿਚ ਨਮਾਜ਼ ਦੇ ਵਿਰੋਧ ਦੇ ਬਾਅਦ ਸ਼ੁਰੂ ਹੋਇਆ ਜਿਸ ਵਿਚ ਕੁਝ ਨੌਜਵਾਨਾਂ ਨੇ ਨਮਾਜ਼ ਲਈ ਇਕੱਠੇ ਹੋਏ ਲੋਕਾਂ ਨਾਲ ਝੜਪ ਹੋ ਗਈ ਸੀ। ਇਸ ਪਿੱਛੋਂ ਪੁਲਿਸ ਨੇ ਨਮਾਜ਼ ਪੜ੍ਹਨੋਂ ਰੋਕਣ ਦੇ ਮਾਮਲੇ ਵਿਚ 6 ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ ਜਿਸ ਦਾ ਹਿੰਦੂ ਸੰਗਠਨ ਵੱਲੋਂ ਵਿਰੋਧ ਕੀਤਾ ਗਿਆ। ਇਸ ਤੋਂ ਬਾਅਦ ਪੁਲਿਸ ਦੇ ਪਹਿਰੇ ਵਿਚ ਖੁੱਲ੍ਹੇ ਜਗ੍ਹਾ ਉਤੇ ਨਮਾਜ਼ ਪੜ੍ਹੀ ਗਈ ਸੀ।

ਹਿੰਦੂ ਸੰਗਠਨ ਨੇ ਦਾਅਵਾ ਕੀਤਾ ਹੈ ਕਿ ਪੁਲਿਸ ਨਾਲ ਉਨ੍ਹਾਂ ਦਾ ਸਮਝੌਤਾ ਹੋਇਆ ਹੈ ਜਿਸ ਦੇ ਤਹਿਤ ਮੁਸਲਮਾਨ ਭਾਈਚਾਰੇ ਦੇ ਲੋਕ ਮਸਜਿਦ ਦੇ ਅੰਦਰ ਹੀ ਨਮਾਜ਼ ਪੜ੍ਹਨਗੇ। ਪਰ ਦੂਜੇ ਹੀ ਪਾਸੇ ਮੁਸਲਮਾਨ ਭਾਈਚਾਰੇ ਦਾ ਇਸ ਦੇ ਉਲਟ ਦਾਅਵਾ ਹੈ ਕਿ ਨਮਾਜ਼ ਨਹੀਂ ਪੜ੍ਹਨ ਦਿੱਤੀ ਗਈ ਅਤੇ ਪ੍ਰਸ਼ਾਸਨ ਵੀ ਇਸ ਵਿਚ ਉਨ੍ਹਾਂ ਦੀ ਮਦਦ ਨਹੀਂ ਕਰ ਰਿਹਾ।

### ਨਮਾਜ਼ ਮਸਜਿਦਾਂ ਅੰਦਰ ਹੀ ਹੋਵੇ: ਖੱਟਰ

**ਚੰਡੀਗੜ੍ਹ:** ਗਰਮ ਖਿਆਲੀ ਹਿੰਦੂ ਸੰਗਠਨਾਂ ਵੱਲੋਂ ਗੁੜਗਾਉਂ ਵਿਚ ਵੱਖ-ਵੱਖ ਥਾਵਾਂ ਉਤੇ ਖੁੱਲ੍ਹੇ ਵਿੱਚ ਨਮਾਜ਼ ਅਦਾ ਕਰਨ ਉਤੇ ਟਿੱਪਣੀ ਕਰਦਿਆਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਅਜਿਹੇ ਇਕੱਠ ਮਸਜਿਦਾਂ, ਈਦਗਾਹਾਂ ਜਾਂ ਨਿਜੀ ਥਾਵਾਂ ਉਤੇ ਹੀ ਹੋਣੇ ਚਾਹੀਦੇ ਹਨ। ਜੇ ਕੋਈ ਇਤਰਾਜ਼ ਨਹੀਂ ਕਰਦਾ ਤਾਂ ਕੋਈ ਗੱਲ ਨਹੀਂ, ਜੇ ਕੋਈ ਸੰਸਥਾ ਜਾਂ ਵਿਅਕਤੀ ਵਿਸ਼ੇਸ਼ ਇਤਰਾਜ਼ ਕਰਦਾ ਹੈ ਤਾਂ ਫਿਰ ਮਾਮਲਾ ਬਣਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਅਮਨ ਕਾਨੂੰਨ ਨੂੰ ਯਕੀਨੀ ਬਣਾਏਗੀ।

# 'ਆਪ' ਦੇ ਵਿਧਾਇਕਾਂ ਖਿਲਾਫ ਪਰਚਿਆਂ ਦੀ ਖੁੱਲ੍ਹੀ ਪੋਲ

## ਬਹੁਤੇ ਮੁਕੱਦਮੇ ਅਦਾਲਤਾਂ ਵਿਚ ਟਿਕ ਨਾ ਸਕੇ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਵਿਧਾਇਕਾਂ ਤੇ ਸੀਨੀਅਰ ਆਗੂਆਂ ਦਾ ਅਦਾਲਤਾਂ ਵਿਚੋਂ ਬਰੀ ਹੋਣ ਦਾ ਸਿਲਸਿਲਾ ਜਾਰੀ ਹੈ ਤੇ ਪਿਛਲੇ ਤਿੰਨਾਂ ਸਾਲਾਂ ਦੌਰਾਨ ਦਿੱਲੀ ਪੁਲਿਸ ਵੱਲੋਂ ਵੱਖ-ਵੱਖ 'ਆਪ' ਆਗੂਆਂ ਖਿਲਾਫ ਦਰਜ ਕੀਤੇ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਪੁਲਿਸ ਸਮੇਂ ਸਿਰ ਚਾਰਜਸ਼ੀਟ ਦਾਖਲ ਨਹੀਂ ਸੀ ਕਰ ਸਕੀ।

ਪਿਛਲੇ ਦਿਨਾਂ ਦੌਰਾਨ ਵੀ 'ਆਪ' ਦੇ 6 ਆਗੂਆਂ ਜਿਨ੍ਹਾਂ ਵਿਚ ਵਿਧਾਇਕ ਵੀ ਸ਼ਾਮਲ ਸਨ, ਵੱਖ-ਵੱਖ ਮਾਮਲਿਆਂ ਵਿਚੋਂ ਬਰੀ ਹੋ ਗਏ ਹਨ।



ਗਏ ਮੁਕੱਦਮੇ ਅਦਾਲਤਾਂ ਵਿਚ ਟਿਕ ਨਹੀਂ ਰਹੇ ਜਿਸ ਕਰ ਕੇ ਉਹ ਬਰੀ ਹੋਈ ਜਾ ਰਹੇ ਹਨ। ਓਖਲਾ ਤੋਂ ਵਿਧਾਇਕ ਅਮਾਨਤਉੱਲਾ ਖਾਂ ਨੂੰ ਪਟਿਆਲਾ ਹਾਊਸ ਅਦਾਲਤ ਨੇ 2010 ਦੇ ਇਕ ਮੁਕੱਦਮੇ 'ਚੋਂ ਬਰੀ ਕਰ ਦਿੱਤਾ। ਵਧੀਕ ਮੁੱਖ ਮੈਟਰੋਪੋਲਿਟਨ ਮੈਜਿਸਟਰੇਟ ਨੇ ਵਿਧਾਇਕ ਤੇ ਹੋਰ ਆਗੂ ਸੈਫੂਦੀਨ ਸਿਦੀਕੀ ਨੂੰ ਬੱਚੇ ਅਗਵਾ ਕਰਨ ਤੇ ਸਰਕਾਰੀ ਕੰਮਾਂ 'ਚ ਰੁਕਾਵਟ ਪਾਉਣ 3 ਅਪਰੈਲ ਨੂੰ ਦਿੱਲੀ ਦੇ ਟਰਾਂਸਪੋਰਟ ਮੰਤਰੀ ਕੈਲਾਸ਼ ਗਹਿਲੋਤ 2015 ਦੇ ਵਿਧਾਨ ਸਭਾ ਚੋਣਾਂ ਦੌਰਾਨ ਚੋਣ ਜ਼ਾਬਤੇ ਦੇ ਦੋਸ਼ਾਂ ਤੋਂ ਮੁਕਤ ਹੋ ਗਏ। 'ਆਪ' ਦੇ ਵਿਧਾਇਕ ਮਨੋਜ ਕੁਮਾਰ ਵੀ 2015 ਦੇ ਜਬਰਨ ਵਸੂਲੀ ਦੇ 7 ਮਾਮਲਿਆਂ ਦਿੱਲੀ ਪੁਲਿਸ ਵੱਲੋਂ ਦਾਇਰ ਮੁਕੱਦਮੇ ਵਿਚੋਂ ਬਰੀ ਹੋਏ। 24 ਅਪਰੈਲ ਨੂੰ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਦੋ ਹੋਰ ਆਗੂ 2013 ਨੂੰ ਜਨਤਕ ਜਾਇਦਾਦ ਗੰਦੀ ਕਰਨ ਦੇ ਮੁਕੱਦਮੇ ਵਿਚੋਂ ਬਰੀ ਹੋਏ।

25 ਅਪਰੈਲ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਹੋਰ 9 ਲੋਕ, 2012 ਨੂੰ ਪ੍ਰਧਾਨ ਮੰਤਰੀ ਨਿਵਾਸ ਨੇੜੇ ਕੋਇਲਾ ਘੁਟਾਲੇ ਦੇ ਵਿਰੋਧ ਵਿਚ ਪ੍ਰਦਰਸ਼ਨ ਦੌਰਾਨ ਮਨਾਹੀ ਦੇ ਹੁਕਮਾਂ ਦੀ ਅਦੂਲੀ ਕਰਨ ਦੇ ਦੋਸ਼ਾਂ ਤੋਂ ਮੁਕਤ ਹੋਏ। 2 ਮਈ ਨੂੰ 'ਆਪ' ਦੇ ਸੀਨੀਅਰ ਨੇਤਾ ਆਸ਼ੀਸ਼ ਖੇਤਾਨ 2014 ਦੀਆਂ ਚੋਣਾਂ ਦੌਰਾਨ ਚੋਣ ਜ਼ਾਬਤੇ ਦੇ ਲੱਗੇ ਦੋਸ਼ਾਂ ਤੋਂ ਮੁਕਤ ਹੋ ਗਏ। ਇਸ ਤੋਂ ਪਹਿਲਾਂ ਵਿਧਾਇਕ ਸੁਰਿੰਦਰ ਸਿੰਘ ਕਮਾਂਡੋ ਵੀ ਬਰੀ ਹੋ ਚੁੱਕੇ ਹਨ।

### ਪੁਲਿਸ ਦੀ ਦੁਰਵਰਤੋਂ ਦੇ ਦੋਸ਼ ਸੱਚ ਸਾਬਤ ਹੋਏ: ਆਪ

'ਆਪ' ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਜਿਉਂ-ਜਿਉਂ ਅਦਾਲਤਾਂ ਵਿਚ ਝੂਠੇ ਮੁਕੱਦਮੇ ਟਿਕ ਨਹੀਂ ਸਕੇ ਹਨ ਉਵੇਂ-ਉਵੇਂ ਭਾਜਪਾ ਤੇ ਕੇਂਦਰ ਸਰਕਾਰ ਅਧੀਨ ਕੰਮ ਕਰਦੀ ਦਿੱਲੀ ਪੁਲਿਸ ਦੇ ਮਾਮਲੇ ਅਦਾਲਤਾਂ ਵਿਚ ਟਿਕ ਨਹੀਂ ਸਕੇ ਹਨ। ਉਨ੍ਹਾਂ ਕਿਹਾ ਕਿ 'ਆਪ' ਦੇ ਦਿੱਲੀ ਪੁਲਿਸ 'ਤੇ ਦੁਰਵਰਤੋਂ ਦੇ ਦੋਸ਼ ਸੱਚ ਸਾਬਤ ਹੋ ਰਹੇ ਹਨ। ਉਨ੍ਹਾਂ ਖਿਲਾਫ਼ ਵੀ ਸਰਕਾਰੀ ਕੰਮ ਵਿਚ ਰੁਕਾਵਟ ਪਾਉਣ ਦਾ ਮਾਮਲਾ ਦਰਜ ਕਰਵਾਇਆ ਗਿਆ ਸੀ।

# ਕਰਨਾਟਕ ਚੋਣਾਂ: ਸਿਆਸੀ ਧਿਰਾਂ ਨੇ ਦਾਗੀਆਂ ਨੂੰ ਕੀਤਾ ਅੱਗੇ

**ਬੰਗਲੂਰੂ:** ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ, ਭਾਜਪਾ, ਜਨਤਾ ਦਲ ਸੈਕੂਲਰ ਨੇ ਤਕਰੀਬਨ 100 ਅਜਿਹੇ ਉਮੀਦਵਾਰਾਂ ਨੂੰ ਬਣਾਇਆ ਹੈ। ਕਾਂਗਰਸ, ਭਾਜਪਾ ਦੇ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਬੀ.ਐਸ. ਯੇਦਯੁਰੱਪਾ ਉਤੇ ਹੀ ਨਿਸ਼ਾਨੇ ਲਾ ਰਹੀ ਹੈ। ਬੇਲਾਰੀ ਦੇ ਖਣਨ



ਟਿਕਟ ਦਿੱਤੀ ਹੈ ਜਿਨ੍ਹਾਂ ਉਤੇ ਅਪਰਾਧਿਕ ਕੇਸ ਦਰਜ ਹਨ। ਕਰਨਾਟਕ ਦੀ 224 ਵਿਧਾਨ ਸਭਾ ਸੀਟਾਂ ਉਤੇ 2655 ਉਮੀਦਵਾਰ ਚੋਣ ਲੜ ਰਹੇ ਹਨ। ਇਨ੍ਹਾਂ ਵਿਚ 340 ਉਮੀਦਵਾਰਾਂ ਉਤੇ ਕੇਸ ਦਰਜ ਹਨ। ਮਤਲਬ, 13 ਫੀਸਦੀ ਉਮੀਦਵਾਰ ਦਾਗੀ ਹਨ।

ਕਾਂਗਰਸ ਜਿਥੇ ਯੇਦਯੁਰੱਪਾ ਨੂੰ ਭ੍ਰਿਸ਼ਟਾਚਾਰੀ ਦੱਸ ਰਹੀ ਹੈ, ਉਥੇ ਹੀ ਸਿੱਧਾਰਮੱਈਆ ਕੈਬਨਿਟ ਉਤੇ ਬੀ.ਜੇ.ਪੀ. ਲਗਾਤਾਰ ਹਮਲੇ ਕਰ ਰਹੀ ਹੈ। ਹਾਊਸ ਵਿਚ ਬਲੂ ਫਿਲਮ ਵੇਖਣ ਵਾਲੇ ਤੇ ਨਾਜਾਇਜ਼ ਮਾਈਨਿੰਗ ਕਰਨ ਵਾਲਿਆਂ ਨੂੰ ਵੀ ਟਿਕਟ ਦਿੱਤੀ ਗਈ ਹੈ। ਬੀ.ਜੇ.ਪੀ. ਨੇ ਵਿਧਾਨ ਸਭਾ ਵਿਚ ਅਸ਼ਲੀਲ ਕਲਿੱਪ, ਮੋਬਾਈਲ ਉਤੇ ਵੇਖਦੇ ਫੜ ਗਏ ਦੋਹਾਂ ਸਾਬਕਾ ਮੰਤਰੀਆਂ ਲਕਸ਼ਣ ਸਾਵਦੀ ਤੇ ਸੀਸੀ ਪਾਟਿਲ ਨੂੰ ਮੁੜ ਉਮੀਦਵਾਰ ਕਾਰੋਬਾਰੀ ਰੈਡੀ ਭਰਾਵਾਂ ਤੇ ਉਨ੍ਹਾਂ ਨਾਲ ਜੁੜੇ ਚਾਰ ਲੋਕਾਂ ਨੂੰ ਟਿਕਟ ਦੇਣ ਉਤੇ ਵੀ ਕਾਂਗਰਸ, ਬੀ.ਜੇ.ਪੀ. ਨੂੰ ਘੇਰ ਰਹੀ ਹੈ।

### ਰਾਹੁਲ ਗਾਂਧੀ ਨੇ ਮੋਦੀ ਤੋਂ ਮੰਗਿਆ ਜਵਾਬ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਮੋਦੀ ਵੱਲੋਂ ਰੈਡੀ ਬ੍ਰਦਰਜ਼ ਨੂੰ ਟਿਕਟ ਦੇਣ ਅਤੇ ਮੁੱਖ ਮੰਤਰੀ ਦੇ ਉਮੀਦਵਾਰ ਯੇਦਯੁਰੱਪਾ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਸ ਨੂੰ ਕਰਨਾਟਕ ਦੇ 'ਮੋਸਟ ਵਾਂਟਿਡ' ਸੀਰੀਅਲ ਵਾਂਗ ਵੀ ਵੇਖਿਆ ਜਾ ਸਕਦਾ ਹੈ। ਰਾਹੁਲ ਗਾਂਧੀ ਨੇ ਪੁੱਛਿਆ ਤੁਸੀਂ (ਮੋਦੀ) ਰੈਡੀ ਬ੍ਰਦਰਜ਼ ਗੈਂਗ ਨੂੰ 8 ਟਿਕਟਾਂ ਦੇਣ 'ਤੇ ਪੰਜ ਮਿੰਟ ਬੋਲੋਗੇ?

# ਸੁਰੱਖਿਆ ਬਲਾਂ ਦੇ ਟਾਕਰੇ ਲਈ ਨਵੀਂ ਰਣਨੀਤੀ

**ਨਵੀਂ ਦਿੱਲੀ:** ਨਕਸਲੀਆਂ ਨੇ ਸਲਾਮਤੀ ਦਸਤਿਆਂ ਨਾਲ ਨਜਿੱਠਣ ਲਈ ਕੁਝ ਮਾਰੂ ਹਥਿਆਰ ਜਿਵੇਂ ਰੈਂਬੋ ਤੀਰ, ਜਿਨ੍ਹਾਂ ਦੀਆਂ ਨੋਕਾਂ ਉਤੇ ਗੰਨ ਪਾਊਡਰ ਲੱਗਾ ਹੈ ਅਤੇ ਰਾਕੇਟ ਬੰਬ ਤਿਆਰ ਕੀਤੇ ਹਨ। ਨਕਸਲੀਆਂ ਦਾ ਮੁੱਖ ਮੰਤਵ ਹਥਿਆਰਾਂ ਦਾ ਨਵਾਂ ਜ਼ਖੀਰਾ ਤਿਆਰ ਕਰਨਾ ਹੈ, ਜਿਸ ਦੀ ਵਰਤੋਂ ਸਲਾਮਤੀ ਦਸਤਿਆਂ ਖਿਲਾਫ਼ ਉਪਰੇਸ਼ਨਾਂ ਵਿਚ ਕੀਤੀ ਜਾ ਸਕੇ। ਇਹ ਦਾਅਵਾ ਇਕ ਰਿਪੋਰਟ ਵਿਚ ਕੀਤਾ ਗਿਆ ਹੈ।

ਨਕਸਲੀਆਂ ਦੇ ਪ੍ਰਭਾਵ ਵਾਲੇ ਇਲਾਕਿਆਂ 'ਚ ਬਾਰੂਦੀ ਸੁਰੰਗ ਧਮਾਕਿਆਂ ਦੇ ਖਤਰਿਆਂ ਦੀ ਘੋਖ ਕਰਨ ਵਾਲੀ ਜਾਇੰਟ ਸਕਿਓਰਿਟੀ ਕਮਾਂਡ ਵੱਲੋਂ ਤਿਆਰ ਇਸ ਰਿਪੋਰਟ ਮੁਤਾਬਕ ਮਾਓਵਾਦੀਆਂ ਨੇ ਸਲਾਮਤੀ ਦਸਤਿਆਂ ਕੋਲ ਮੌਜੂਦ ਸੂਹੀਆ ਕੁੱਤਿਆਂ ਨੂੰ ਭਕਾਲੀ ਦੇਣ ਲਈ ਇਕ ਨਵਾਂ ਤਰੀਕਾ ਲੱਭਿਆ ਹੈ। ਮਾਓਵਾਦੀ ਹੁਣ ਤੇਲ ਬੰਬਾਂ ਨੂੰ ਛੁਪਾਉਣ ਲਈ ਜਾਨਵਰਾਂ ਦੇ ਮਲ ਦੀ ਵਰਤੋਂ ਕਰਨ ਲੱਗੇ ਹਨ। ਰਿਪੋਰਟ ਮੁਤਾਬਕ, 'ਸਾਲ 2017 ਦੀ ਪਹਿਲੀ ਤਿਮਾਹੀ ਦੌਰਾਨ ਅਜਿਹੇ ਕਈ ਮੌਕੇ ਆਏ ਜਦੋਂ ਸੁਰੱਖਿਆ ਬਲਾਂ ਨਾਲ ਜੁੜੇ ਸੂਹੀਆ ਕੁੱਤੇ ਬਾਰੂਦੀ ਸੁਰੰਗ ਦੀ ਮਾਰ ਹੇਠ ਆ ਕੇ ਮਾਰੇ ਗਏ ਜਾਂ ਫਿਰ ਜ਼ਖ਼ਮੀ ਹੋ ਗਏ। ਕਈ ਵਾਰ ਅਜਿਹਾ ਹੋਇਆ ਜਦੋਂ ਬਾਰੂਦੀ ਸੁਰੰਗ ਦਾ ਪਤਾ ਲਾਉਣ ਮੌਕੇ ਮਲ ਦੇ ਗੰਦੇ ਮੁਸ਼ਕ ਕਰ ਕੇ ਸੂਹੀਆ ਕੁੱਤੇ ਅਸ਼ਾਂਤ ਹੋ ਗਏ।'

ਇਨ੍ਹਾਂ ਅਸਧਾਰਨ ਘਟਨਾਵਾਂ ਮਗਰੋਂ ਸੁਰੱਖਿਆ ਬਲਾਂ ਨੂੰ ਜਾਂਚ ਦੇ ਹੁਕਮ ਦੇਣੇ ਪਏ ਸਨ। ਰਿਪੋਰਟ ਤੋਂ ਇਹ ਵੀ ਪਤਾ ਲੱਗਾ ਹੈ ਕਿ ਮਾਓਵਾਦੀ ਕੇਡਰ ਨੇ ਧਮਾਕਾਖੇਜ਼ ਸਮੱਗਰੀ ਦੀ ਵਰਤੋਂ ਕਰਦਿਆਂ ਰੈਂਬੋ ਤੀਰ ਤਿਆਰ ਕੀਤੇ ਹਨ, ਜਿਨ੍ਹਾਂ ਦੀ ਨੋਕ 'ਤੇ ਗੰਨ ਪਾਊਡਰ ਲੱਗਾ ਹੁੰਦਾ ਹੈ, ਜੋ ਨਿਸ਼ਾਨੇ 'ਤੇ ਲੱਗਦੇ ਹੀ ਧਮਾਕਾ ਕਰਦੇ ਹਨ।

# ਬੇਹਿਸਾਬੀ ਮਾਇਆ ਵੀ ਭਾਰਤੀਆਂ ਨੂੰ ਨਹੀਂ ਰੱਖ ਸਕੀ ਖੁਸ਼

**ਨਵੀਂ ਦਿੱਲੀ:** 'ਵਿਸ਼ਵ ਖੁਸ਼ਹਾਲੀ' ਉਤੇ ਯੂ.ਐਨ. ਨੇ ਤਾਜ਼ਾ ਰਿਪੋਰਟ ਜਾਰੀ ਕਰ ਦਿੱਤੀ ਹੈ ਜਿਸ ਮੁਤਾਬਕ ਸਾਲ 2018 ਵਿਚ 156 ਦੇਸ਼ਾਂ ਦੀ ਸੂਚੀ ਵਿਚ ਭਾਰਤ 133ਵੇਂ ਨੰਬਰ ਉਤੇ ਹੈ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਬੀਤੇ ਸਾਲ ਦੇ ਮੁਕਾਬਲੇ ਭਾਰਤ ਦੀ ਰੈਂਕਿੰਗ ਵਿਚ 15 ਅੰਕਾਂ ਦੀ ਗਿਰਾਵਟ ਦਰਜ ਕੀਤੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਪਿਛਲੇ ਤਿੰਨ ਸਾਲਾਂ ਵਿਚ ਪ੍ਰਤੀ ਵਿਅਕਤੀ ਜੀ.ਡੀ.ਪੀ. ਵਿਚ ਵਾਧਾ ਹੋਣ ਦੇ ਬਾਵਜੂਦ ਭਾਰਤ ਦੇ ਲੋਕ ਖੁਸ਼ ਨਹੀਂ ਹਨ।

ਪ੍ਰਤੀ ਵਿਅਕਤੀ ਜੀ.ਡੀ.ਪੀ. ਉਹ ਪੈਮਾਨਾ ਹੈ ਜਿਸ ਨਾਲ ਰਹਿਣ-ਸਹਿਣ ਦੇ ਪੱਧਰ ਤੋਂ ਲੈ ਕੇ ਸਿਹਤਮੰਦ ਜੀਵਨ ਤੇ ਖੁਸ਼ੀ ਜਿਹੀਆਂ ਗੱਲਾਂ ਦਾ ਪਤਾ ਲਾਇਆ ਜਾ ਸਕਦਾ ਹੈ। ਸਾਲ 2017 ਵਿਚ ਕੀਤੇ ਸਰਵੇਖਣ ਵਿਚ ਹਿੱਸਾ ਲੈਣ ਵਾਲੇ ਲੋਕਾਂ ਨੇ ਨਿੱਜੀ ਸੁਤੰਤਰਤਾ ਤੇ ਜੀਵਨ ਨਾਲ ਜੁੜੇ ਫੈਸਲੇ ਲੈਣ ਦੀ ਆਜ਼ਾਦੀ ਬਾਰੇ ਕਾਫੀ ਸੰਤੁਸ਼ਟੀ ਜ਼ਾਹਰ ਕੀਤੀ ਸੀ ਤੇ ਤਤਕਾਲੀ ਕੇਂਦਰ ਸਰਕਾਰ ਉਤੇ ਵੀ ਭਰੋਸਾ ਹੋਣ ਦੀ ਗੱਲ ਆਖੀ ਸੀ। ਇਥੇ ਸਵਾਲ ਉਠਦਾ ਹੈ ਕਿ ਤਿੰਨ ਸਾਲ ਪਹਿਲਾਂ ਦੀ ਤੁਲਨਾ 'ਚ ਮੌਜੂਦਾ ਸਥਿਤੀ



ਵਿਚ ਭਾਰਤੀ ਲੋਕ ਜ਼ਿਆਦਾ ਦੁਖੀ ਕਿਉਂ ਹਨ?

ਖੁਸ਼ਹਾਲੀ ਦੇ ਮਾਮਲੇ ਵਿਚ ਮਿਆਂਮਾਰ 130ਵੇਂ, ਸ੍ਰੀਲੰਕਾ 116ਵੇਂ, ਬੰਗਲਾਦੇਸ਼ 115ਵੇਂ, ਨੇਪਾਲ 101ਵੇਂ, ਭੂਟਾਨ 97ਵੇਂ ਅਤੇ ਪਾਕਿਸਤਾਨ 75ਵੇਂ ਸਥਾਨ ਉਤੇ ਹੈ। ਇਥੋਂ ਤੱਕ ਕਿ ਤਾਨਾਸ਼ਾਹੀ ਸ਼ਾਸਨ ਵਿਵਸਥਾ ਵਾਲਾ ਚੀਨ ਇਸ ਸਰਵੇਖਣ ਵਿਚ 86ਵੇਂ ਨੰਬਰ ਉਤੇ ਹੈ।

ਸਮਾਜ ਵਿਗਿਆਨੀਆਂ ਨੇ ਡੇਟਾ ਜਰਨਲਿਜ਼ਮ ਵਾਲੀ ਸਾਈਟ ਇੰਡੀਆਸਪੇਂਡ ਨੂੰ ਭਾਰਤੀ ਲੋਕਾਂ ਦੇ ਦੁਖੀ ਹੋਣ ਦੀ ਵਜ੍ਹਾ ਦੱਸਦਿਆਂ ਕਿਹਾ ਕਿ ਭਾਰਤ 'ਚ ਸਮਾਜਿਕ ਸਹਾਇਤਾ ਦੇਣ ਵਾਲੇ ਤੰਤਰ ਦੀ ਕਮੀ ਹੈ। ਇਥੋਂ ਦਾ ਸਮਾਜ ਦੂਜਿਆਂ ਦੀ ਮਦਦ ਕਰਨ ਵਿਚ ਭਰੋਸਾ ਨਹੀਂ ਰੱਖਦਾ। ਲੋਕਾਂ ਨੇ ਦੁੱਖ ਦੀ ਸਭ ਤੋਂ ਵੱਡੀ ਵਜ੍ਹਾ ਸਮਾਜਿਕ ਆਰਥਿਕ ਅਸਮਾਨਤਾ ਦੱਸਿਆ ਹੈ।


ਸਾਲ 2011 ਵਿਚ "ਯੂ.ਐਨ. ਜਨਰਲ ਅਸੈਂਬਲੀ"ਦੇ ਇਕ ਮਤੇ ਵਿਚ ਇਹ ਗੱਲ ਕਹੀ ਗਈ ਸੀ ਕਿ ਪ੍ਰਤੀ ਵਿਅਕਤੀ ਜੀ.ਡੀ.ਪੀ."ਨਾਲ ਲੋਕਾਂ ਦੇ ਖੁਸ਼ਹਾਲ ਤੇ ਉਨ੍ਹਾਂ ਦੇ ਜੀਵਨ ਵਿਚ ਸਭ ਠੀਕ ਹੋਣ ਦਾ ਪਤਾ ਨਹੀਂ ਲਾਇਆ ਜਾ ਸਕਦਾ। ਇਸ ਤੋਂ ਬਾਅਦ ਮੈਂਬਰ ਦੇਸ਼ਾਂ ਨੂੰ ਅਪੀਲ ਕੀਤੀ ਗਈ ਕਿ ਉਹ ਕੋਈ ਅਜਿਹਾ ਪੈਮਾਨਾ ਤਿਆਰ ਕਰਨ ਜਿਸ ਨਾਲ ਲੋਕਾਂ ਦੇ ਖੁਸ਼ਹਾਲ ਤੇ ਸਿਹਤਮੰਦ ਹੋਣ ਦਾ ਪਤਾ ਲਾਇਆ ਜਾ ਸਕੇ।

### ਆਮਦਨ ਅਸਮਾਨਤਾ ਵੱਡੀ ਸਮੱਸਿਆ

ਪ੍ਰਤੀ ਵਿਅਕਤੀ ਜੀ.ਡੀ.ਪੀ. ਦਾ ਪੈਮਾਨਾ ਉਨ੍ਹਾਂ ਦੇਸ਼ਾਂ ਲਈ ਫਿੱਟ ਬੈਠਦਾ ਹੈ ਜਿਥੇ ਲੋਕਾਂ ਵਿਚ ਆਮਦਨ ਦੀ ਵੰਡ ਬਰਾਬਰ ਮਾਤਰਾ ਵਿਚ ਹੁੰਦੀ ਹੈ। ਬੈਂਗਲੂਰੂ ਦੇ ਸੈਂਟਰ ਫਾਰ ਪਬਲਿਕ ਪਾਲਿਸੀ"ਦੀ ਚੇਅਰਪਰਸਨ ਹੇਮਾ ਸਵਾਮੀਨਾਥਨ ਦਾ ਕਹਿਣਾ ਹੈ ਕਿ ਭਾਰਤ ਵਿਚ ਆਮਦਨ ਤੇ ਸੰਪਤੀ ਦੀ ਵੰਡ ਮਾਮਲੇ ਵਿਚ ਲੋਕਾਂ 'ਚ ਫਰਕ ਸਾਫ ਨਜ਼ਰ ਆਉਂਦਾ ਹੈ। ਵਿਸ਼ਵ ਅਸਮਾਨਤਾ ਲੈਬ ਦੀ ਰਿਪੋਰਟ ਮੁਤਾਬਕ ਸਾਲ 2014 ਵਿਚ ਭਾਰਤੀ ਲੋਕਾਂ ਵਿਚ ਆਮਦਨ ਦੀ ਖੱਡ ਇੰਨੀ ਗਹਿਰੀ ਹੋ ਗਈ ਸੀ ਕਿ ਲੋਕਾਂ 'ਚ ਅਮੀਰੀ ਗਰੀਬੀ ਦਾ ਇਹ ਫਰਕ 1980 ਤੋਂ ਬਾਅਦ ਸਭ ਤੋਂ ਵੱਡਾ ਪਾੜਾ ਸੀ।

# ਭਾਰਤੀ ਲੋਕਤੰਤਰ 'ਤੇ ਸੌੜੀ ਸਿਆਸਤ ਦੀ ਗਰਦ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਲੋਕਾਂ ਨੂੰ ਇਸ ਗੱਲ ਦਾ ਬਹੁਤ ਮਾਣ ਹੈ ਕਿ ਉਹ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦੇ ਨਾਗਰਿਕ ਹਨ। ਇਹ ਮਾਣ ਇਸ ਦੇਸ਼ ਨੂੰ ਸਾਡੇ ਆਗੂਆਂ ਜਾਂ ਸਾਡੇ ਸੱਭਿਆਚਾਰ ਤੇ ਕਦਰਾਂ-ਕੀਮਤਾਂ ਦੇ ਨਰੋਏ ਹੋਣ ਨਾਲ ਨਹੀਂ ਮਿਲ ਗਿਆ, ਸਗੋਂ ਇਸ ਵਾਸਤੇ ਮਿਲਦਾ ਹੈ ਕਿ ਜੋ ਦੇਸ਼ ਲੋਕਤੰਤਰੀ ਰਾਜ ਪ੍ਰਬੰਧ ਵਾਲੇ ਗਿਣੇ ਜਾਂਦੇ ਹਨ, ਆਬਾਦੀ ਪੱਖੋਂ ਉਨ੍ਹਾਂ ਵਿਚੋਂ ਅਸੀਂ ਸਭ ਤੋਂ ਮੋਹਰੀ ਹਾਂ। ਦੇਸ਼ ਨੂੰ ਆਜ਼ਾਦੀ ਮਿਲਣ ਵੇਲੇ ਅਸੀਂ ਸਿਰਫ ਛੱਤੀ ਕਰੋੜ ਸਾਂ ਤੇ ਪਿਛਲੀ ਵਾਰੀ ਦੀ ਜਨਗਣਨਾ ਮੌਕੇ ਇੱਕ ਸੌ ਇੱਕੀ ਕਰੋੜ ਹੋ ਗਏ ਤੇ ਅੱਠ ਸਾਲ ਹੋਰ ਲੰਘ ਜਾਣ ਪਿੱਛੋਂ ਇਸ ਵਕਤ ਦਾ ਅੰਦਾਜ਼ਾ ਹੈ ਕਿ ਅਸੀਂ ਇੱਕ ਸੌ ਪੈਂਤੀ ਕਰੋੜ ਹੋ ਚੁਕੇ ਹਾਂ। ਗਵਾਂਢ ਚੀਨ ਵਿਚ ਅਠਵੰਜਾ ਕਰੋੜ ਹੁੰਦੇ ਸਨ, ਸਾਡੇ ਵਾਂਗ ਵਧੀ ਜਾਂਦੇ ਤਾਂ ਇਸ ਵੇਲੇ ਤੱਕ ਉਹ ਪੌਣੇ ਦੋ ਸੌ ਕਰੋੜ ਹੋਣੇ ਚਾਹੀਦੇ ਸਨ, ਪਰ ਸਰਕਾਰ ਨੇ ਕੰਟਰੋਲ ਕਰ ਲਿਆ ਤੇ ਉਹ ਇਸ ਵਕਤ ਇੱਕ ਸੌ ਬਤਾਲੀ ਕਰੋੜ ਦੇ ਨੇੜੇ ਹਨ। ਭਾਰਤ ਇਸੇ ਤਰ੍ਹਾਂ ਆਬਾਦੀ ਦਾ ਵਾਧਾ ਕਰਦਾ ਰਿਹਾ ਤਾਂ ਲੋਕਤੰਤਰ ਪੱਖੋਂ ਹੀ ਨਹੀਂ, ਸਮੁੱਚੀ ਆਬਾਦੀ ਪੱਖੋਂ ਵੀ ਅਗਲੇ ਦਸ ਕੁ ਸਾਲਾਂ ਤੱਕ ਸੰਸਾਰ ਦਾ ਮੋਹਰੀ ਦੇਸ਼ ਬਣਨ ਦਾ ਮਾਣ ਕਰਨ ਲੱਗ ਪਵੇਗਾ।



*ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ*

ਗੱਲ ਅਸੀਂ ਆਬਾਦੀ ਦੀ ਨਹੀਂ, ਲੋਕਤੰਤਰ ਦੀ ਕਰਨੀ ਹੈ, ਜਿੱਥੇ ਹੋਰ ਕਈ ਕੁਝ ਲੱਭਦਾ ਹੈ ਤੇ ਜੋ ਗੱਲ ਲੱਭਣ ਦੀ ਲੋੜ ਹੈ, ਲੋਕਤੰਤਰੀ ਰਵਾਇਤਾਂ ਅਤੇ ਨਰੋਈਆਂ ਲੀਹਾਂ ਦੇ ਪੱਖ ਤੋਂ ਉਹ ਅਜੇ ਤੱਕ ਲੱਭ ਨਹੀਂ ਸਕੀ ਤੇ ਅੱਗੋਂ ਇਸ ਦੇ ਲੱਭਣ ਦਾ ਹਾਲੇ ਤੱਕ ਇਸ ਦੇਸ਼ ਦੀ ਲੀਡਰਸ਼ਿਪ ਦਾ ਇਰਾਦਾ ਨਹੀਂ ਜਾਪਦਾ। ਇਸ ਦੀ ਗੱਲ ਅਸੀਂ ਇਸ ਲਈ ਛੇੜੀ ਹੈ ਕਿ ਪੰਜਾਬ ਦੇ ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਉਪ ਚੋਣ ਸ਼ੁਰੂ ਹੁੰਦੇ ਸਾਰ ਕੁਝ ਸਵਾਲ ਉਠਣ ਲੱਗੇ ਹਨ। ਕਾਂਗਰਸ ਪਾਰਟੀ ਨੇ ਕਾਫੀ ਪਛੜ ਕੇ ਸਹੀ, ਇਸ ਹਲਕੇ ਤੋਂ ਪਿਛਲੀ ਵਾਰੀ ਵਿਧਾਨ ਸਭਾ ਚੋਣ ਲੜ ਚੁਕੇ ਤੇ ਸਿਰਫ ਪੰਜ ਹਜ਼ਾਰ ਵੋਟਾਂ ਨਾਲ ਹਾਰਨ ਵਾਲੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਉਮੀਦਵਾਰ ਬਣਾਇਆ ਹੈ। ਵੀਰਵਾਰ ਸ਼ਾਮ ਉਸ ਦੇ ਨਾਂ ਦਾ ਐਲਾਨ ਕੀਤਾ ਗਿਆ ਤੇ ਸ਼ੁੱਕਰਵਾਰ ਸਵੇਰੇ ਉਸ ਦੇ ਖਿਲਾਫ ਗੈਰ-ਕਾਨੂੰਨੀ ਮਾਈਨਿੰਗ ਦਾ ਇੱਕ ਪਰਚਾ ਦਰਜ ਹੋ ਗਿਆ। ਇਸ ਦੇ ਬਾਅਦ ਸਿਆਸੀ ਬਿਆਨਬਾਜ਼ੀ ਸ਼ੁਰੂ ਹੋ ਗਈ। ਅਕਾਲੀ ਦਲ ਅਤੇ ਭਾਜਪਾ ਦੇ ਆਗੂ ਇਹ ਕਹਿਣ ਲੱਗ ਪਏ ਕਿ ਕਾਂਗਰਸ ਪਾਰਟੀ ਨੂੰ ਉਮੀਦਵਾਰ ਬਦਲ ਦੇਣਾ ਜਾਂ ਚੋਣ ਕਮਿਸ਼ਨ ਨੂੰ ਉਸ ਉਮੀਦਵਾਰ ਦੇ ਚੋਣ ਲੜਨ ਉਤੇ ਖੜ੍ਹੇ ਪੈਰ ਰੋਕ ਲਾ ਦੇਣੀ ਚਾਹੀਦੀ ਹੈ। ਵੋਟਰ ਉਸ ਉਮੀਦਵਾਰ ਬਾਰੇ ਕੀ ਸੋਚਣਗੇ, ਇਹ ਹਾਲੇ ਤੱਕ ਕਿਸੇ ਨੂੰ ਪਤਾ ਨਹੀਂ, ਪਰ ਇਸ ਬਹਾਨੇ ਉਸ ਦੇ ਚੋਣ ਲੜਨ ਉਤੇ ਪਾਬੰਦੀ ਦੀ ਮੰਗ ਨੇ ਸੋਚਣ ਵਾਲੇ ਕਈ ਹੋਰ ਬੜੇ ਅਹਿਮ ਸਵਾਲ ਖੜ੍ਹੇ ਕਰ ਦਿੱਤੇ ਹਨ।

ਹੋਰ ਕਿਸੇ ਰਾਜ ਵਿਚ ਕੀ ਹੁੰਦਾ ਹੈ, ਇਸ ਬਾਰੇ ਪੁੱਛਣ ਦੀ ਸਾਨੂੰ ਲੋੜ ਨਹੀਂ ਪੈਣੀ, ਸਾਡੇ ਪੰਜਾਬ ਵਿਚ ਹੀ ਬੜਾ ਕੁਝ ਸੋਚਣ ਵਾਲਾ ਹੈ। ਹਰਦੇਵ ਸਿੰਘ ਲਾਡੀ ਖਿਲਾਫ ਅਜੇ ਕੇਸ ਦਰਜ ਹੋਇਆ ਹੈ, ਇਸ ਦੀ ਜਾਂਚ ਵਿਚ ਉਹ ਦੋਸ਼ੀ ਸਾਬਤ ਹੋਵੇਗਾ ਜਾਂ ਨਹੀਂ, ਇਹ ਉਸ ਤੋਂ ਬਾਅਦ ਦੀ ਗੱਲ ਹੈ, ਪੰਜਾਬ ਦਾ ਰਿਕਾਰਡ ਇਹ ਦੱਸਦਾ ਹੈ ਕਿ ਏਦਾਂ ਦੇ ਕੇਸਾਂ ਵਿਚ ਫਸੇ ਹੋਏ ਕਈ ਲੋਕ ਚੋਣਾਂ ਲੜਦੇ ਰਹੇ ਹਨ ਤੇ ਇਸ ਨਾਲੋਂ ਅਗਲੀ ਗੱਲ ਇਹ ਕਿ ਕੇਸਾਂ ਵਿਚ ਸਜ਼ਾ ਹੋਣ ਪਿੱਛੋਂ ਵੀ ਚੋਣਾਂ ਲੜੀਆਂ ਗਈਆਂ ਹਨ। ਉਘੀ ਮਿਸਾਲ ਤਾਂ ਨਵਜੋਤ ਸਿੰਘ ਸਿੱਧੂ ਦੀ ਮੌਜੂਦ ਹੈ, ਜਿਸ ਨੂੰ ਇੱਕ ਕੇਸ ਵਿਚ ਸਜ਼ਾ ਹੋਣ ਦੇ ਬਾਅਦ ਉਸ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਫਿਰ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦੇ ਬਾਅਦ ਇੱਕ ਵਾਰੀ ਲੋਕ ਸਭਾ ਤੇ ਦੂਸਰੀ ਵਾਰੀ ਵਿਧਾਨ ਸਭਾ ਦੀ ਚੋਣ ਲੜੀ ਤੇ ਜਿੱਤੀ ਸੀ। ਇਸ ਵਕਤ ਉਹ ਪੰਜਾਬ ਦਾ ਕੈਬਨਿਟ ਮੰਤਰੀ ਹੈ ਤੇ ਕੇਸ ਹਾਲੇ ਸੁਪਰੀਮ ਕੋਰਟ ਵਿਚ ਚਲਦਾ ਹੈ।

ਸ਼ਾਹਕੋਟ ਦੀ ਇੱਕ ਵਿਧਾਨ ਸਭਾ ਸੀਟ ਦਾ ਮੁੱਦਾ ਛੱਡ ਕੇ ਅਸਲ ਵਿਚ ਸੋਚਣ ਦਾ ਸਵਾਲ ਇਹ ਹੈ ਕਿ ਭਾਰਤ ਵਿਚ ਹਰ ਕੋਈ ਅਸੂਲਾਂ ਦੀ ਗੱਲ ਕਰਦਾ ਹੈ, ਪਰ ਅਸੂਲਾਂ ਦੀ ਪਾਲਣਾ ਲਈ ਜੋ ਕੁਝ ਚਾਹੀਦਾ ਹੈ, ਸਾਡਾ ਕਾਨੂੰਨੀ ਢਾਂਚਾ ਉਸ ਤੋਂ ਬਹੁਤ ਦੂਰ ਖੜ੍ਹਾ ਹੈ। ਇਸ ਬਾਰੇ ਅਗਲੀ ਗੱਲ ਕਰਨ ਤੋਂ ਪਹਿਲਾਂ ਸਾਨੂੰ ਪਾਕਿਸਤਾਨ ਦੀ ਸੁਪਰੀਮ ਕੋਰਟ ਦੇ ਇੱਕ ਤਾਜ਼ਾ ਫੈਸਲੇ ਦਾ ਜ਼ਿਕਰ ਕਰਨਾ ਪੈ ਰਿਹਾ ਹੈ।

ਸਭ ਨੂੰ ਪਤਾ ਹੈ ਕਿ ਪਿਛਲੇ ਸਾਲ ਉਥੋਂ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਪਨਾਮਾ ਪੇਪਰਜ਼ ਵਾਲੇ ਕੇਸ ਵਿਚ ਦੋਸ਼ੀ ਮੰਨ ਕੇ ਪਾਰਲੀਮੈਂਟ ਦੀ ਮੈਂਬਰੀ ਦੇ ਅਯੋਗ ਕਰਾਰ ਦੇ ਦਿੱਤਾ ਗਿਆ ਸੀ। ਇਸੇ ਲਈ ਪ੍ਰਧਾਨ ਮੰਤਰੀ ਵਾਲੀ ਕੁਰਸੀ ਛੱਡਣੀ ਪਈ ਸੀ। ਫਿਰ ਉਸ ਦੀ ਪਾਰਟੀ ਦੀ ਪ੍ਰਧਾਨਗੀ ਬਾਰੇ ਸਵਾਲ ਉੱਠ ਪਿਆ ਸੀ। ਸੁਪਰੀਮ ਕੋਰਟ ਕੋਲ ਇਹੋ ਕੇਸ ਚਲਾ ਗਿਆ ਤਾਂ ਕੋਰਟ ਨੇ ਕਿਹਾ ਕਿ ਜਿਹੜਾ ਬੰਦਾ ਚੋਣ ਲੜਨ ਦੇ ਖੁਦ ਹੀ ਯੋਗ ਨਹੀਂ ਰਹਿ ਗਿਆ, ਉਸ ਵੱਲੋਂ ਕਿਸੇ ਹੋਰ ਨੂੰ ਕਿਸੇ ਸੀਟ ਤੋਂ ਚੋਣ ਲੜਨ ਦਾ ਅਥਾਰਟੀ ਲੈਟਰ ਦੇਣ ਦਾ ਹੱਕ ਵੀ ਜਾਇਜ਼ ਨਹੀਂ ਹੋ ਸਕਦਾ ਤੇ ਇਸ ਕਰ ਕੇ ਉਸ ਨੂੰ ਆਪਣੀ ਪਾਰਟੀ ਦੀ ਪ੍ਰਧਾਨਗੀ ਵੀ ਛੱਡਣੀ ਪਵੇਗੀ। ਨਵਾਜ਼ ਸ਼ਰੀਫ ਤੇ ਉਸ ਦੀ ਪਾਰਟੀ ਨੇ ਬਹੁਤ ਚੀਕਾਂ ਮਾਰੀਆਂ ਕਿ ਕਿਸੇ ਨੂੰ ਲੀਡਰ ਚੁਣਨ ਜਾਂ ਨਾ ਚੁਣਨ ਦੇ ਜੋ ਫੈਸਲੇ ਲੋਕਾਂ ਨੇ ਕਰਨੇ ਹਨ, ਉਹ ਅਦਾਲਤਾਂ ਕਰ ਰਹੀਆਂ ਹਨ। ਇਸ ਦੇ ਬਾਵਜੂਦ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਨੇ ਇਸ ਕੇਸ ਦਾ ਫੈਸਲਾ ਨਹੀਂ ਸੀ ਬਦਲਿਆ।

ਭਾਰਤ ਵਿਚ ਸਥਿਤੀ ਇਸ ਨਾਲ ਮਿਲਦੀ-ਜੁਲਦੀ ਸੀ ਤੇ ਜਦੋਂ ਪਾਕਿਸਤਾਨ ਵਿਚ ਸੁਪਰੀਮ ਕੋਰਟ ਨੇ ਦਖਲ ਦੇ ਕੇ ਨਵਾਜ਼ ਸ਼ਰੀਫ ਨੂੰ ਲਾਂਭੇ ਹੋਣ ਲਈ ਮਜਬੂਰ ਕਰ ਦਿੱਤਾ ਹੈ, ਭਾਰਤ ਵਿਚ ਅਜੇ ਵੀ ਇਹ ਸਵਾਲ ਨਹੀਂ ਉਠ ਸਕਿਆ।

ਇੱਕ ਮੌਕੇ ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਨੂੰ ਸਜ਼ਾ ਹੋ ਗਈ ਤਾਂ ਅਗਲੀ ਚੋਣ ਵੇਲੇ ਰਿਟਰਨਿੰਗ ਅਫਸਰ ਨੇ ਉਸ ਦੇ ਕਾਗਜ਼ ਲੈਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਸ ਨੂੰ ਸਜ਼ਾ ਹੋਣ ਕਾਰਨ ਚੋਣ ਲੜਨ ਦਾ ਹੱਕ ਨਹੀਂ ਹੈ। ਉਸ ਦੀ ਪਾਰਟੀ ਨੇ ਚੋਣ ਲੜੀ ਤੇ ਜਿੱਤ ਗਈ ਅਤੇ ਉਸ ਪਾਰਟੀ ਨੇ ਜੈਲਲਿਤਾ ਨੂੰ ਆਗੂ ਚੁਣ ਕੇ ਮੁੱਖ ਮੰਤਰੀ ਬਣਨ ਲਈ ਅੱਗੇ ਕਰ ਦਿੱਤਾ। ਗਵਰਨਰ ਕੋਲ ਦਾਅਵਾ ਪੇਸ਼ ਕੀਤਾ ਤਾਂ ਉਸ ਨੇ ਮੰਨ ਲਿਆ। ਜੈਲਲਿਤਾ ਫਿਰ ਮੁੱਖ ਮੰਤਰੀ ਬਣ ਗਈ ਤਾਂ ਸੁਪਰੀਮ ਕੋਰਟ ਵਿਚ ਕੇਸ ਚਲਾ ਗਿਆ ਕਿ ਜਿਸ ਨੂੰ ਚੋਣ ਲੜਨ ਦਾ ਹੱਕ ਨਹੀਂ, ਉਹ ਕਿਸੇ ਰਾਜ ਵਿਚ ਮੁੱਖ ਮੰਤਰੀ ਕਿਵੇਂ ਹੋ ਸਕਦੀ ਹੈ, ਪਰ ਹੈਰਾਨੀ ਦੀ ਗੱਲ ਇਹ ਕਿ ਉਸ ਨੂੰ ਮੁੱਖ ਮੰਤਰੀ ਬਣਨ ਦੀ ਸਹੁੰ ਭਾਰਤ ਦੀ ਸੁਪਰੀਮ ਕੋਰਟ ਦੀ ਸਾਬਕਾ ਜੱਜ ਜਸਟਿਸ ਫਾਤਿਮਾ ਬੀਬੀ ਨੇ ਚੁਕਾਈ ਸੀ। ਕੇਸ ਸੁਪਰੀਮ ਕੋਰਟ ਵਿਚ ਪਹੁੰਚ ਗਿਆ ਤਾਂ ਇਸ ਸਹੁੰ-ਚੁਕਾਈ ਨੂੰ ਇਸੇ ਆਧਾਰ 'ਤੇ ਗਲਤ ਠਹਿਰਾਇਆ ਗਿਆ ਕਿ ਜਿਸ ਬੀਬੀ ਨੂੰ ਚੋਣ ਲੜਨ ਦਾ ਹੱਕ ਵੀ ਨਹੀਂ, ਉਸ ਨੂੰ ਮੁੱਖ ਮੰਤਰੀ ਬਣਨ ਦਾ ਹੱਕ ਵੀ ਨਹੀਂ ਸੀ। ਜੈਲਲਿਤਾ ਨੂੰ ਕੁਰਸੀ ਛੱਡਣੀ ਪਈ ਸੀ।

ਚੰਗੀ ਗੱਲ ਇਹ ਹੋਣੀ ਸੀ ਕਿ ਉਸ ਕੇਸ ਦੇ ਨਾਲ ਇਹ ਵੀ ਨਿਰਣਾ ਹੋ ਜਾਂਦਾ ਕਿ ਜੋ ਚੋਣ ਲੜਨ ਦਾ ਹੱਕਦਾਰ ਨਹੀਂ, ਉਸ ਨੂੰ ਚੋਣਾਂ ਲਈ ਕਿਸੇ ਹੋਰ ਨੂੰ ਅਥਾਰਟੀ ਲੈਟਰ ਦੇਣ ਦਾ ਵੀ ਹੱਕ ਨਹੀਂ ਹੋ ਸਕਦਾ। ਇਸ ਤਰ੍ਹਾਂ ਕੀਤਾ ਹੁੰਦਾ ਤਾਂ ਉਸ ਵੇਲੇ ਜੈਲਲਿਤਾ ਦੀ ਪਾਰਟੀ ਦੇ ਸਾਰੇ ਵਿਧਾਇਕਾਂ ਦੀ ਚੋਣ ਰੱਦ ਹੋ ਜਾਂਦੀ ਤੇ ਅੱਗੋਂ ਦਾ ਰਸਤਾ ਸਾਫ ਹੋ ਜਾਂਦਾ, ਪਰ ਏਦਾਂ ਕੀਤਾ ਨਹੀਂ ਸੀ ਗਿਆ। ਚੋਣ ਕਮਿਸ਼ਨ ਵੀ ਇਸ ਮਾਮਲੇ 'ਚ ਦੋਸ਼ੀ ਸੀ। ਜਿਸ ਜੈਲਲਿਤਾ ਨੂੰ ਜੇਲ੍ਹ ਦੀ ਸਜ਼ਾ ਦਾ ਹੁਕਮ ਹੋ ਚੁਕਾ ਸੀ, ਉਸ ਸਜ਼ਾ-ਯਾਫਤਾ ਅਪਰਾਧੀ ਦਾ ਦਿੱਤਾ ਅਥਾਰਟੀ ਲੈਟਰ ਪ੍ਰਵਾਨ ਕਰ ਕੇ ਸਾਰੀ ਚੋਣ ਪ੍ਰਕ੍ਰਿਆ ਦਾ ਮਜ਼ਾਕ ਬਣਾ ਛੱਡਿਆ ਸੀ। ਅੱਜ ਤੱਕ ਇਹੋ ਕੁਝ ਚੱਲੀ ਜਾਂਦਾ ਹੈ। ਕਿਸੇ ਸਮੇਂ ਝਾਰਖੰਡ ਮੁਕਤੀ ਮੋਰਚੇ ਦੇ ਆਗੂ ਸ਼ਿਬੂ ਸੋਰੇਨ ਨੂੰ ਇਕ ਕੇਸ ਵਿਚ ਦੋਸ਼ੀ ਮੰਨ ਕੇ ਸਜ਼ਾ ਕਰ ਦਿੱਤੀ ਗਈ ਤਾਂ ਇਸ ਦੇ ਬਾਵਜੂਦ ਉਹ ਪਾਰਟੀ ਦਾ ਪ੍ਰਧਾਨ ਬਣਿਆ ਰਿਹਾ ਸੀ ਤੇ ਖੁਦ ਚੋਣ ਨਾ ਲੜ ਕੇ ਹੋਰ ਲੋਕਾਂ ਨੂੰ ਚੋਣ ਲੜਨ ਦੇ ਹੱਕ ਪੱਤਰ ਦਿੰਦਾ ਰਿਹਾ ਸੀ। ਅੱਜ ਲਾਲੂ ਪ੍ਰਸਾਦ ਜੇਲ੍ਹ ਵਿਚ ਹੈ ਤੇ ਚੋਣ ਕਮਿਸ਼ਨ ਦੀ ਸਾਈਟ ਦੱਸਦੀ ਹੈ ਕਿ ਰਾਸ਼ਟਰੀ ਜਨਤਾ ਦਲ ਦਾ ਪ੍ਰਧਾਨ ਅੱਜ ਵੀ ਉਹੋ ਹੋਣ ਕਾਰਨ ਅਗਲੀ ਚੋਣ ਦੇ ਲਈ ਟਿਕਟਾਂ ਦੇ ਅਥਾਰਟੀ ਲੈਟਰ ਉਸੇ ਦੇ ਦਸਤਖਤਾਂ ਨਾਲ ਜਾਰੀ ਹੋਣਗੇ। ਸਾਡੇ ਗਵਾਂਢ ਹਰਿਆਣੇ ਵਿਚ ਇੰਡੀਅਨ ਨੈਸ਼ਨਲ ਲੋਕ ਦਲ ਦਾ ਪ੍ਰਧਾਨ ਚੌਧਰੀ ਓਮ ਪ੍ਰਕਾਸ਼ ਚੌਟਾਲਾ ਹੈ, ਜਿਸ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਦਸ ਸਾਲ ਕੈਦ ਦੀ ਸਜ਼ਾ ਹੋ ਜਾਣ ਦੇ ਬਾਅਦ ਪੈਰੋਲ ਉਤੇ ਬਾਹਰ ਆ ਕੇ ਆਪਣੀ ਪਾਰਟੀ ਦੀ ਚੋਣ ਮੁਹਿੰਮ ਚਲਾਉਂਦਾ ਰਿਹਾ ਸੀ ਤੇ ਜਦੋਂ ਸ਼ਿਕਾਇਤ ਹੋਣ ਲੱਗੀ ਤਾਂ ਤਿਹਾੜ ਜੇਲ੍ਹ ਵਿਚ ਜਾ ਕੇ ਪੇਸ਼ ਹੋ ਗਿਆ ਸੀ। ਅਗਲੀ ਵਾਰੀ ਕੋਈ ਹੋਰ ਆਗੂ ਇਸੇ ਤਰ੍ਹਾਂ ਕਿਸੇ ਕੇਸ ਵਿਚ ਫਸ ਗਿਆ ਤਾਂ ਉਹ ਆਪ ਕੋਈ ਚੋਣ ਲੜਨ ਦੇ ਯੋਗ ਨਾ ਹੁੰਦਾ ਹੋਇਆ ਵੀ ਆਪਣੀ ਪਾਰਟੀ ਨੂੰ ਚੋਣ ਲੜਾਉਂਦਾ ਰਹੇਗਾ।



*ਜੈਲਲਿਤਾ*

ਕਿੰਨੀ ਹਾਸੋਹੀਣੀ ਗੱਲ ਹੈ ਕਿ ਭਾਰਤ ਦਾ ਚੋਣ ਕਮਿਸ਼ਨ ਦੇਸ਼ ਦੇ ਸੰਵਿਧਾਨ ਹੇਠ ਚਲਦੀ ਖੁਦਮੁਖਤਿਆਰ ਸੰਸਥਾ ਹੋਣ ਦੇ ਬਾਵਜੂਦ ਉਨ੍ਹਾਂ ਲੋਕਾਂ ਦੇ ਦਿੱਤੇ ਅਥਾਰਟੀ ਲੈਟਰ ਮੰਨਣ ਨੂੰ ਮਜਬੂਰ ਹੈ, ਜਿਨ੍ਹਾਂ ਬਾਰੇ ਕਾਨੂੰਨ ਕਹਿੰਦਾ ਹੈ ਕਿ ਉਨ੍ਹਾਂ ਨੂੰ ਖੁਦ ਚੋਣ ਲੜਨ ਦਾ ਹੱਕ ਨਹੀਂ ਹੈ। ਇਸੇ ਤੋਂ ਅਸੀਂ ਸੋਚ ਸਕਦੇ ਹਾਂ ਕਿ ਸਿਰਫ ਆਬਾਦੀ ਆਸਰੇ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਕਰਨ ਵਾਲਾ ਭਾਰਤ ਅਸਲ 'ਚ ਕਿਸ ਹਾਲਤ ਨੂੰ ਪਹੁੰਚਿਆ ਪਿਆ ਹੈ!

# ਬਲਾਤਕਾਰੀਆਂ ਨਾਲ ਨਿਪਟਣ ਲਈ ਨਵਾਂ ਕਾਨੂੰਨ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਦਿਨਾਂ ਵਿਚ ਜਦੋਂ ਸਰਕਾਰ ਬਾਲੜੀਆਂ ਦੇ ਨਾਲ ਬਲਾਤਕਾਰ ਕਰਨ ਵਾਲੇ ਅਪਰਾਧੀਆਂ ਲਈ ਮੌਤ ਤੱਕ ਦੀ ਸਜ਼ਾ ਦਾ ਕਾਨੂੰਨ ਪਾਸ ਕਰਨ ਦੀ ਸੋਚ ਰਹੀ ਸੀ ਤਾਂ ਅਜਿਹਾ ਅਪਰਾਧ ਕਰਨ ਵਾਲੇ ਦੋ ਦੋਸ਼ੀਆਂ ਦੀ ਖਬਰ ਮੀਡੀਆ ਨੇ ਜਗ ਜਾਹਰ ਕੀਤੀ। ਇੰਦੌਰ ਦੇ 26 ਸਾਲਾ ਨਸ਼ੇੜੀ ਨੇ ਆਪਣੀ ਭੈਣ ਦੀ ਚਾਰ ਮਹੀਨੇ ਦੀ ਬਾਲੜੀ ਨਾਲ ਬਲਾਤਕਾਰ ਕਰਕੇ ਉਸ ਨੂੰ ਜੰਗਲੇ ਉਤੋਂ ਵਗਾਹ ਮਾਰਿਆ ਤੇ ਖਤਮ ਕਰ ਛੱਡਿਆ। ਦੋਸ਼ੀ ਦਾ ਕਹਿਣਾ ਹੈ ਕਿ ਉਸ ਨੇ ਆਪਣੀ ਭੈਣ ਤੋਂ ਬਦਲਾ ਲੈਣ ਹਿੱਤ ਇਹ ਕੁਕਰਮ ਕੀਤਾ ਜਿਸ ਨੇ ਘਰੇਲੂ ਝਗੜੇ ਵਿਚ ਦੋਸ਼ੀ ਦੀ ਪਤਨੀ ਦਾ ਪੱਖ ਪੂਰਿਆ ਸੀ। ਮੁਹੱਲੇ ਵਾਲਿਆਂ ਨੇ ਉਸ ਨੂੰ ਖੂਬ ਕੁਟਾਪਾ ਚਾੜ੍ਹਿਆ ਤੇ ਪੁਲਿਸ ਦੇ ਹਵਾਲੇ ਕਰ ਦਿੱਤਾ। ਏਧਰ ਹਿਸਾਰ ਦੇ ਇੱਕ ਝੌਂਪੜੀ ਵਾਸੀ ਨੇ ਆਪਣੀ ਅੱਠ ਸਾਲਾ ਭਤੀਜੀ ਨੂੰ ਭਰਮਾ ਕੇ ਉਸ ਨੂੰ ਲਹੂ ਲੁਹਾਣ ਕੀਤਾ ਹੈ। ਉਸ ਨੂੰ ਵੀ ਪੁਲਿਸ ਨੇ ਗ੍ਰਿਫਤਾਰ ਕਰਕੇ ਯੋਗ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਹ ਸਬੱਬ ਦੀ ਗੱਲ ਹੈ ਕਿ ਉਪਰੋਕਤ ਖਬਰਾਂ 22 ਅਪਰੈਲ ਨੂੰ ਅਖਬਾਰਾਂ ਵਿਚ ਉਦੋਂ ਛਪੀਆ ਜਦੋਂ 12 ਸਾਲ ਤੋਂ ਘੱਟ ਉਮਰ ਦੀ ਬਾਲੜੀ ਨਾਲ ਬਲਾਤਕਾਰ ਕਰਨ ਵਾਲੇ ਨੂੰ ਫਾਹੇ ਲਾਉਣ ਦਾ ਫੈਸਲਾ ਲਿਆ ਜਾ ਰਿਹਾ ਸੀ ਤੇ 12 ਤੋਂ 16 ਸਾਲ ਦੀ ਬਾਲੜੀ ਨਾਲ ਬਲਾਤਕਾਰ ਕਰਨ ਵਾਲੇ ਨੂੰ ਉਮਰ ਭਰ ਦੀ ਸਜ਼ਾ ਦੇਣ ਦਾ। ਬਲਾਤਕਾਰ ਦੇ ਆਮ ਮਾਮਲਿਆਂ ਵਿਚ ਘੱਟੋ ਘੱਟ ਸੱਤ ਸਾਲ ਦੀ ਕੈਦ ਨੂੰ ਵਧਾ ਕੇ 10 ਸਾਲ ਕੀਤਾ ਗਿਆ ਹੈ।

ਭਾਰਤ ਵਿਚ ਬਾਲੜੀਆਂ ਨਾਲ ਅਪਰਾਧ ਦੀਆਂ ਵਾਰਦਾਤਾਂ ਦਿਨੋ ਦਿਨ ਏਨੀਆਂ ਵਧ ਰਹੀਆਂ ਹਨ ਕਿ ਨਵਾਂ ਕਾਨੂੰਨ ਵੀ ਕਾਫੀ ਨਹੀਂ ਜਾਪਦਾ। ਫੇਰ ਵੀ ਚੁੱਕੇ ਗਏ ਕਦਮ ਦਾ ਸਵਾਗਤ ਕਰਨਾ ਬਣਦਾ ਹੈ। ਜਿਥੋਂ ਤੱਕ ਅਜਿਹੇ ਅਪਰਾਧਾਂ ਦੀ ਜਾਂਚ ਦਾ ਸਬੰਧ ਹੈ, ਦੋ ਮਹੀਨੇ ਵਿਚ ਪੂਰੀ ਕਰਨੀ ਪਵੇਗੀ ਅਤੇ ਇਸ ਨਾਲ ਸਬੰਧਤ ਅਪੀਲਾਂ ਦਾ ਨਿਪਟਾਰਾ ਵੀ ਛੇ ਮਹੀਨੇ ਦੇ ਅੰਦਰ ਕਰਨਾ ਲਾਜ਼ਮੀ ਹੋਵੇਗਾ। ਕੀ ਤੁਸੀਂ ਜਾਣਦੇ ਹੋ ਕਿ ਅਬੋਹਰ (ਫਾਜ਼ਿਲਕਾ) ਵਿਚ ਇੱਕ ਰੱਜੇ ਪੁੱਜੇ ਘਰ ਦਾ ਵਿਅਕਤੀ ਪੂਰਾ ਇੱਕ ਸਾਲ ਰੋਜ਼ਾਨਾ ਮਜ਼ਦੂਰੀ ਕਰਕੇ ਜੀਵਨ ਬਤੀਤ ਕਰਨ ਵਾਲੇ ਇੱਕ ਪਰਿਵਾਰ ਦੀ ਬਾਲੜੀ ਨਾਲ ਪੂਰਾ ਸਾਲ ਜਬਰ ਜਨਾਹ ਕਰਦਾ ਰਿਹਾ ਅਤੇ ਪੁਲਿਸ ਨੇ 21 ਮਾਰਚ ਨੂੰ ਦਰਜ ਕੀਤੀ ਸ਼ਿਕਾਇਤ ਦੇ ਬਾਵਜੂਦ ਹਾਲੀ ਤੱਕ ਦੋਸ਼ੀ ਨੂੰ ਨਹੀਂ ਫੜ੍ਹਿਆ। ਇਹ ਖਬਰ ਵੀ 22 ਅਪਰੈਲ ਦੇ ਪਰਚੇ ਵਿਚ ਉਸ ਖਬਰ ਦੇ ਨਾਲ ਨਾਲ ਛਪੀ ਹੈ, ਜਿਸ ਵਿਚ ਨਵੀਆਂ ਸਜ਼ਾਵਾਂ ਦਾ ਵੇਰਵਾ ਦਰਜ ਹੈ। ਆਸ ਹੈ ਕਿ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਕਰਕੇ ਇਸ ਘਿਨਾਉਣੀ ਮਾਨਸਿਕਤਾ ਅਤੇ ਦਰਿੰਦਗੀ ਨੂੰ ਨੱਥ ਪਾਈ ਜਾਵੇਗੀ। ਵਹਿਸ਼ੀਪਣ ਹੱਦਾਂ ਬੰਨੇ ਟੱਪ ਚੁਕਾ ਹੈ।



3 ਮਈ ਦੇ ਅਖਬਾਰਾਂ ਵਿਚ ਹਰਿਆਣਾ ਦੇ ਹਾਂਸੀ ਖੇਤਰ ਵਿਚ ਇਕ 17 ਸਾਲ ਦੀ ਕੁੜੀ ਨੇ ਅੱਠ ਬੰਦਿਆਂ ਵਲੋਂ ਬਲਾਤਕਾਰ ਕੀਤੇ ਜਾਣ ਮਗਰੋਂ ਆਤਮ ਹੱਤਿਆ ਕਰ ਲਈ। ਭਿਵਾਨੀ ਦੇ ਇਕ ਵਿਅਕਤੀ ਨੇ ਛੇ ਸਾਲ ਦੀ ਬਾਲੜੀ ਨਾਲ ਜਬਰਜਨਾਹ ਕਰਨ ਪਿਛੋਂ ਫਾਹਾ ਲੈ ਲਿਆ।

**ਜੇਮਜ਼ ਫਰੇਜ਼ਰ ਦੀ 'ਸੁਨਹਿਰੀ ਟਾਹਣੀ':** 1958 ਵਿਚ ਐਮ. ਐਸ. ਰੰਧਾਵਾ ਨੇ ਪੰਜਾਬ ਬਾਰੇ ਵੱਡ ਆਕਾਰੀ ਪੁਸਤਕ ਤਿਆਰ ਕਰਨ ਦਾ ਫੈਸਲਾ ਲਿਆ ਤਾਂ ਪੰਜਾਬ ਦੇ ਰਸਮ ਰਿਵਾਜ ਲਿਖਣ ਦਾ ਗੁਣਾ ਮੇਰੇ 'ਤੇ ਆ ਪਿਆ। ਰਸਮਾਂ ਦੀ ਜੜ੍ਹ ਮਿਥਿਹਾਸਕ ਸਿਧਾਂਤਾਂ ਵਿਚ ਜਾ ਨਿਕਲਦੀ ਸੀ ਤੇ ਮੈਨੂੰ ਕਿਸੇ ਨੇ ਜੇਮਜ਼ ਫਰੇਜ਼ਰ ਦੀ ਵੱਡ ਆਕਾਰੀ ਰਚਨਾ 'ਦਾ ਗੋਲਡਨ ਬੌਅ' ਪੜ੍ਹਨ ਲਈ ਕਿਹਾ। ਮੈਂ ਵਰਕੇ ਫਰੋਲੇ ਤਾਂ ਪਤਾ ਲੱਗਾ ਕਿ ਮਾਨਵਤਾ ਦਾ ਜਾਦੂ ਧਾਰਮਿਕ ਵਿਸ਼ਵਾਸ ਵਿਚੋਂ ਫੁਟਦਾ ਹੈ ਤੇ ਵਿਗਿਆਨਕ ਸੋਚ ਦੀ ਪਾਣ ਚੜ੍ਹਦਾ ਹੈ। ਫਰੇਜ਼ਰ ਦੀ ਧਾਰਨਾ ਹੈ ਕਿ ਮਾਨਵ ਜਾਤੀ ਦਾ ਬਲੀਦਾਨ, ਦੇਵਤਿਆਂ ਦਾ ਮੁੜ ਅਵਤਾਰ ਧਾਰਨਾ ਅਤੇ ਨਵੇਂ ਪੋਚ ਵਲੋਂ ਪੁਰਾਣੇ ਬਾਦਸ਼ਾਹਾਂ ਦਾ ਕਤਲ ਸੈਂਕੜੇ ਵਰ੍ਹਿਆਂ ਦਾ ਸਫਰ ਕਰਕੇ ਵਰਤਮਾਨ ਤੱਕ ਪਹੁੰਚਣ ਦਾ ਹੈ। ਉਹ ਧਰਮ ਦਾ ਆਧਾਰ ਦੰਦ ਕਥਾ ਨੂੰ ਮੰਨਦਾ ਹੈ। ਜਿਥੇ ਦੰਦ ਕਥਾ ਸਿੱਧੇ ਤੌਰ 'ਤੇ ਕੁਦਰਤ ਨੂੰ ਕੰਟਰੋਲ ਕਰਦੀ ਹੈ, ਧਾਰਮਿਕ ਮਰਿਆਦਾ ਕਿਸੇ ਪਰਾ-ਸਰੀਰਕ ਸ਼ਕਤੀ ਰਾਹੀਂ ਅਸਿੱਧੇ ਰੂਪ ਵਿਚ ਕੁਦਰਤ ਦਾ ਦਿਸ਼ਾ ਨਿਰਦੇਸ਼ ਕਰਦੀ ਹੈ।

ਐਮ. ਐਸ. ਰੰਧਾਵਾ ਨੇ ਮੈਨੂੰ ਫਰੇਜ਼ਰ ਦੀਆਂ ਬਾਰੀਕੀਆਂ ਵਿਚ ਉਲਝਾਏ ਬਿਨਾ ਮਾਮੇ-ਮਾਸੀਆਂ ਤੇ ਤਾਈਆਂ-ਚਾਚੀਆਂ ਦੇ ਗੋਡਿਆਂ ਮੁਢ ਬਹਿ ਕੇ ਤੇ ਉਨ੍ਹਾਂ ਕੋਲੋਂ ਰਸਮਾ ਰਿਵਾਜਾਂ ਦੀ ਜਾਣਕਾਰੀ ਲੈ ਕੇ ਆਪਣੇ ਜਿੰਮੇ ਲੱਗਾ ਕੰਮ ਫਟਾਫਟ ਮੁਕਾਉਣ ਦੇ ਰਾਹ ਪਾ ਦਿੱਤਾ। ਮੈਂ ਫਰੇਜ਼ਰ ਦੀ ਰੂਹ ਤੱਕ ਨਹੀਂ ਜਾ ਸਕਿਆ।

ਹੁਣ ਕੇ. ਐਲ. ਗਰਗ ਨੇ ਫਰੇਜ਼ਰ ਦੀ ਰਚਨਾ ਦਾ ਪੰਜਾਬੀ ਅਨੁਵਾਦ 'ਸੁਨਹਿਰੀ ਟਾਹਣੀ' (ਨਵਯੁਗ ਪਬਲਿਸ਼ਰਜ਼, ਪੰਨੇ 1100, ਮੁੱਲ 1500 ਰੁਪਏ) ਛਾਪ ਕੇ ਭਵਿੱਖ ਦੇ ਪੰਜਾਬੀ ਵਿਦਵਾਨਾਂ ਲਈ ਬਹੁਤ ਸੌਖਾ ਕਰ ਦਿੱਤਾ ਹੈ। ਗਰਗ ਅਜਿਹੇ ਅਨੁਵਾਦ ਕਰਨ ਦਾ ਮਾਹਰ ਹੈ। ਇਸ ਤੋਂ ਪਹਿਲਾਂ ਉਹ ਲੂ ਸ਼ੁਨ, ਫਰਾਂਸਿਸ ਬੇਕਨ, ਮਾਰਕ ਟਵੇਨਸ, ਜਾਨ ਸਟੇਨਬੈਕ ਆਦਿ ਨੌਂ ਲੇਖਕਾਂ ਦੀਆਂ ਰਚਨਾਵਾਂ ਪੰਜਾਬੀ ਪਾਠਕਾਂ ਦੇ ਵਿਹੜੇ ਪਹੁੰਚਾ ਚੁਕਾ ਹੈ। ਉਸ ਦੀ ਮਿਹਨਤ ਦਾ ਸਵਾਗਤ ਕਰਨਾ ਬਣਦਾ ਹੈ। ਜੋ ਕੰਮ ਅੱਜ ਦੇ ਦਿਨ ਜੰਗ ਬਹਾਦਰ ਗੋਇਲ ਕਰ ਰਿਹਾ ਹੈ, ਉਹ ਕੇ. ਐਲ. ਗਰਗ ਨੇ ਥੋੜ੍ਹਾ ਪਹਿਲਾਂ ਅਰੰਭ ਦਿੱਤਾ ਸੀ। ਅਜਿਹੇ ਕਾਰਜ ਸਿਰੜੀ ਬੰਦੇ ਹੀ ਕਰ ਸਕਦੇ ਹਨ।

**ਅੰਤਿਕਾ: ਝੂਠ ਤੇ ਸੱਚ ਦਾ ਤਕਾਜ਼ਾ**

ਸਚ ਬੋਲਨੇ ਕੀ ਜ਼ਿੱਦ ਨੇ
ਅਮਰ ਕਰ ਦੀਆ ਉਸੇ।
ਸੁਕਰਾਤ ਜਾਨਤਾ ਥਾ
ਪਿਆਲੇ ਮੈਂ ਜ਼ਹਿਰ ਥਾ।
(ਮਿਸ਼ਦਾਕ ਆਜ਼ਮੀ)

---

ਝੂਠ ਤੋ ਕਾਤਿਲ ਠਹਿਰਾ
ਉਸ ਕਾ ਕਯਾ ਰੋਨਾ।
ਸਚ ਨੇ ਭੀ ਇਨਸਾਨ ਕਾ
ਖੂਨ ਬਹਾਇਆ ਹੈ।
(ਸਾਹਿਰ ਲੁਧਿਆਣਵੀ)

---

ਜੀ ਚਾਹਤਾ ਹੈ ਸਚ ਬੋਲੇਂ
ਕਯਾ ਕਰੇਂ, ਹੌਸਲਾ ਨਹੀਂ ਹੋਤਾ।
(ਬਸ਼ੀਰ ਬਦਰ)

ਪੰਜਾਬ ਟਾਈਮਜ਼

*ਸਨਿਚਰਵਾਰ, 12 ਮਈ 2018*

## ਟਰੰਪ, ਇਰਾਨ ਤੇ ਸੰਸਾਰ ਅਮਨ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਖਰਕਾਰ ਇਰਾਨ ਨਾਲ ਹੋਏ ਪਰਮਾਣੂ ਸਮਝੌਤੇ ਉਤੇ ਲੀਕ ਫੇਰ ਦਿੱਤੀ ਹੈ। ਉਹ ਆਪਣੀ ਚੋਣ ਮੁਹਿੰਮ ਵਾਲੇ ਦਿਨਾਂ ਤੋਂ ਹੀ ਇਸ ਸਮਝੌਤੇ ਦਾ ਵਿਰੋਧ ਕਰਦੇ ਆ ਰਹੇ ਸਨ। ਹੁਣ ਉਨ੍ਹਾਂ ਇਹ ਸਮਝੌਤਾ ਰੱਦ ਕਰਦਿਆਂ ਕਿਹਾ ਹੈ: "ਹੁਣ ਇਹ ਸਾਫ ਹੈ ਕਿ ਅਸੀਂ ਇਰਾਨ ਨੂੰ ਪਰਮਾਣੂ ਬੰਬ ਬਣਾਉਣ ਤੋਂ ਰੋਕ ਨਹੀਂ ਸਕਦੇ। ਇਰਾਨ ਨਾਲ ਇਹ ਸਮਝੌਤਾ ਮੁੱਢ ਤੋਂ ਹੀ ਨੁਕਸਦਾਰ ਸੀ। ਇਸ ਲਈ ਮੈਂ ਇਹ ਐਲਾਨ ਕਰਦਾ ਹਾਂ ਕਿ ਅਮਰੀਕਾ ਇਰਾਨ ਪਰਮਾਣੂ ਸਮਝੌਤੇ ਤੋਂ ਬਾਹਰ ਆ ਰਿਹਾ ਹੈ।" ਇਸ ਦੇ ਨਾਲ ਹੀ ਇਰਾਨ ਉਤੇ ਨਵੀਆਂ ਆਰਥਕ ਪਾਬੰਦੀਆਂ ਆਇਦ ਕਰ ਦਿੱਤੀਆਂ ਗਈਆਂ ਅਤੇ ਇਰਾਨ ਨੂੰ ਇਮਦਾਦ ਦੇਣ ਵਾਲੇ ਮੁਲਕਾਂ ਨੂੰ ਵੀ ਖਬਰਦਾਰ ਰਹਿਣ ਲਈ ਕਿਹਾ ਗਿਆ ਹੈ। ਟਰੰਪ ਦੇ ਇਸ ਫੈਸਲੇ ਉਤੇ ਕਿਸੇ ਨੂੰ ਬਹੁਤੀ ਹੈਰਾਨੀ ਨਹੀਂ ਹੋਈ ਕਿਉਂਕਿ ਉਹ ਇਹ ਫੈਸਲਾ ਰੱਦ ਕਰਨ ਬਾਰੇ ਲਗਾਤਾਰ ਬਿਆਨ ਦਿੰਦੇ ਰਹੇ ਹਨ। ਫੈਸਲਾ ਰੱਦ ਕਰਨ ਦੇ ਐਲਾਨ ਵਿਚ ਉਨ੍ਹਾਂ ਕਿਹਾ ਹੈ: "ਮੈਂ ਜੋ ਵਾਅਦਾ ਕਰਦਾ ਹਾਂ, ਨਿਭਾਉਂਦਾ ਹਾਂ।" ਉਨ੍ਹਾਂ ਓਬਾਮਾ ਪ੍ਰਸ਼ਾਸਨ ਦੀ ਵੀ ਤਿੱਖੀ ਨੁਕਤਾਚੀਨੀ ਕੀਤੀ ਹੈ। ਇਸ ਤੋਂ ਪਹਿਲਾਂ ਉਹ ਪਿਛਲੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਲਾਗੂ ਕੀਤਾ ਸਿਹਤ ਪ੍ਰੋਗਰਾਮ 'ਓਬਾਮਾ ਕੇਅਰ' ਪਿਛੇ ਸੁੱਟ ਚੁਕੇ ਹਨ। ਆਪਣੇ 10 ਮਿੰਟਾਂ ਦੇ ਐਲਾਨ ਵਿਚ ਟਰੰਪ ਨੇ ਕਿਹਾ ਕਿ ਇਸ ਸਮਝੌਤੇ ਦੇ ਬਾਵਜੂਦ ਇਰਾਨ ਨੇ ਆਪਣਾ ਪਰਮਾਣੂ ਪ੍ਰੋਗਰਾਮ ਬੰਦ ਨਹੀਂ ਕੀਤਾ ਹੈ, ਇਸੇ ਕਰ ਕੇ ਇਹ ਸਮਝੌਤਾ ਇਕਪਾਸੜ ਹੋ ਕੇ ਰਹਿ ਗਿਆ। ਅਜਿਹੇ ਸਮਝੌਤਿਆਂ ਨਾਲ ਅਮਰੀਕਾ ਨੂੰ ਬਲੈਕਮੇਲ ਨਹੀਂ ਕੀਤਾ ਜਾ ਸਕਦਾ। ਯਾਦ ਰਹੇ, ਇਰਾਨ ਨਾਲ ਇਹ ਸਮਝੌਤਾ ਵੀਆਨਾ ਵਿਚ ਜੁਲਾਈ 2015 ਨੂੰ ਸਿਰੇ ਚੜ੍ਹਿਆ ਸੀ। ਇਸ ਵਿਚ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਪੰਜ ਪੱਕੇ ਮੈਂਬਰਾਂ-ਅਮਰੀਕਾ, ਰੂਸ ਫੈਡਰੇਸ਼ਨ, ਚੀਨ, ਫਰਾਂਸ ਤੇ ਇੰਗਲੈਂਡ ਤੋਂ ਬਿਨਾ ਜਰਮਨੀ ਅਤੇ ਯੂਰਪੀ ਯੂਨੀਅਨ ਸ਼ਾਮਲ ਹੋਏ ਸਨ। ਉਸ ਵਕਤ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਸਨ ਅਤੇ ਇਹ ਸਮਝੌਤਾ ਅਮਰੀਕੀ ਵਿਦੇਸ਼ ਮੰਤਰੀ ਜੌਹਨ ਕੇਰੀ ਦੀ ਅਗਵਾਈ ਹੇਠ ਹੋਇਆ ਸੀ। ਉਦੋਂ ਇਸ ਨੂੰ ਸੰਸਾਰ ਅਮਨ ਦੇ ਰਾਹ ਦਾ ਮੀਲ ਪੱਥਰ ਗਰਦਾਨਿਆ ਗਿਆ ਸੀ।

ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਟਰੰਪ ਦੇ ਇਸ ਫੈਸਲੇ ਨੂੰ 'ਗੰਭੀਰ ਗਲਤੀ' ਕਰਾਰ ਦਿੱਤਾ ਹੈ। ਉਨ੍ਹਾਂ ਮੁਤਾਬਕ ਇਹ ਸਮਝੌਤਾ ਤੋੜ ਕੇ ਅਮਰੀਕਾ ਦੀ ਭਰੋਸੇਯੋਗਤਾ ਦਾਅ ਉਤੇ ਲਾ ਦਿੱਤੀ ਗਈ ਹੈ। ਇਕ ਪਾਸੇ ਤਾਂ ਰਾਸ਼ਟਰਪਤੀ ਟਰੰਪ ਉਤਰੀ ਕੋਰੀਆ ਨਾਲ ਗੱਲਬਾਤ ਚਲਾਉਣ ਵਾਲੇ ਪਾਸੇ ਵਧ ਰਹੇ ਹਨ, ਦੂਜੇ ਪਾਸੇ ਅਜਿਹੇ ਫੈਸਲੇ ਕੀਤੇ ਜਾ ਰਹੇ ਹਨ। ਹਕੀਕਤ ਇਹ ਹੈ ਕਿ ਇਰਾਨ ਵਾਲੇ ਸਮਝੌਤੇ ਕਰ ਕੇ ਹੀ ਉਤਰੀ ਕੋਰੀਆ ਲਈ ਗੱਲਬਾਤ ਦਾ ਰਾਹ ਖੁੱਲ੍ਹਣ ਦਾ ਮੌਕਾ ਬਣਿਆ ਹੈ। ਉਂਜ ਵੀ ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਪਰ ਕਿਸੇ ਮੁਲਕ ਦੀ ਪਹੁੰਚ ਵਿਚ ਅਜਿਹੀ ਵੱਡੀ ਤਬਦੀਲੀ ਲੀਹੋਂ ਲਹਿਣ ਵਾਲੀ ਗੱਲ ਹੈ। ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਦਾ ਐਲਾਨ ਹੈ ਕਿ ਮੁਲਕ ਕੁਝ ਸਮਾਂ ਇਸ ਸਮਝੌਤੇ ਦਾ ਪਾਬੰਦ ਰਹੇਗਾ ਸਗੋਂ ਪਹਿਲਾਂ ਖਬਰਾਂ ਇਹ ਵੀ ਸਨ ਕਿ ਇਰਾਨ ਅਮਰੀਕਾ ਵੱਲੋਂ ਸਮਝੌਤੇ ਤੋਂ ਬਾਹਰ ਆਉਣ ਦੇ ਬਾਵਜੂਦ ਬਾਕੀ ਧਿਰਾਂ ਨਾਲ ਸਮਝੌਤਾ ਨਿਭਾਉਣ ਦੇ ਹੱਕ ਵਿਚ ਹੈ। ਇਸ ਦਾ ਵੱਡਾ ਕਾਰਨ ਇਰਾਨ ਦਾ ਇਨ੍ਹਾਂ ਮੁਲਕਾਂ ਨਾਲ ਸ਼ੁਰੂ ਹੋਇਆ ਕਾਰੋਬਾਰ ਹੈ ਜੋ ਇਕ ਵਕਫੇ ਤੋਂ ਬਾਅਦ ਸੰਭਵ ਹੋ ਸਕਿਆ ਹੈ। ਉਂਜ, ਹੋਰ ਧਿਰਾਂ ਵੱਲੋਂ ਸਮਝੌਤੇ ਤੋਂ ਪਿਛਾਂਹ ਹਟਣ ਦੀ ਸੂਰਤ ਵਿਚ ਇਰਾਨ ਵੱਲੋਂ ਯੂਰੇਨੀਅਮ ਸੋਧਣ ਦਾ ਕਾਰਜ ਮੁੜ ਚਾਲੂ ਕਰਨ ਦੀਆਂ ਕਿਆਸਅਰਾਈਆਂ ਵੀ ਹਨ। ਫਰਾਂਸ, ਇੰਗਲੈਂਡ ਅਤੇ ਜਰਮਨੀ ਨੇ ਵੀ ਸਾਂਝੇ ਬਿਆਨ ਵਿਚ ਟਰੰਪ ਦੇ ਫੈਸਲੇ ਨੂੰ ਅਫਸੋਸਨਾਕ ਦੱਸਿਆ ਹੈ ਅਤੇ ਕਿਹਾ ਹੈ ਕਿ ਉਹ ਵੱਧ ਤੋਂ ਵੱਧ ਸਮਾਂ ਇਸ ਸਮਝੌਤੇ ਨਾਲ ਖੜ੍ਹਨਗੇ ਕਿਉਂਕਿ ਇਸ ਸਮਝੌਤੇ ਦਾ ਮੁੱਖ ਮਕਸਦ ਸੰਸਾਰ ਸ਼ਾਂਤੀ ਵੱਲ ਪੁੱਟਿਆ ਗਿਆ ਕਦਮ ਸੀ। ਇਨ੍ਹਾਂ ਮੁਲਕਾਂ ਨੇ ਇਰਾਨ ਨੂੰ ਫਿਲਹਾਲ ਜ਼ਬਤ ਦਿਖਾਉਣ ਦੀ ਤਾਕੀਦ ਕੀਤੀ ਹੈ। ਸੰਯੁਕਤ ਰਾਸ਼ਟਰ ਨੇ ਅਮਰੀਕੀ ਰਾਸ਼ਟਰਪਤੀ ਦੇ ਐਲਾਨ 'ਤੇ ਫਿਕਰ ਜਾਹਰ ਕੀਤਾ ਹੈ। ਟਰੰਪ ਦੇ ਸਾਥੀ ਤੇ ਵਿਦੇਸ਼ ਮੰਤਰੀ ਜੇਮਸ ਮੈਟਿਸ ਨੇ ਕਿਹਾ ਹੈ ਕਿ ਇਸ ਸਮਝੌਤੇ 'ਤੇ ਬਰਕਰਾਰ ਰਹਿਣਾ ਅਮਰੀਕਾ ਦੇ ਹਿਤ 'ਚ ਹੋਵੇਗਾ।

ਅਸਲ ਵਿਚ, ਇਰਾਨ ਪਰਮਾਣੂ ਸਮਝੌਤੇ ਦਾ ਮੁੱਖ ਮਕਸਦ ਇਰਾਨ ਨੂੰ ਘੱਟੋ-ਘੱਟ ਦਸ ਸਾਲ ਲਈ ਪਰਮਾਣੂ ਬੰਬ ਬਣਾਉਣ ਤੋਂ ਰੋਕਣਾ ਸੀ ਤਾਂ ਕਿ ਮੱਧ ਪੂਰਬ ਏਸ਼ੀਆ ਵਿਚ ਪਰਮਾਣੂ ਹਥਿਆਰਾਂ ਦੀ ਦੌੜ ਤੇਜ਼ ਨਾ ਹੋਵੇ। ਟਰੰਪ ਦੇ ਇਸ ਫੈਸਲੇ ਦਾ ਸਿੱਧਾ ਅਸਰ ਮੱਧ ਪੂਰਬੀ ਖਿੱਤੇ ਦੀ ਸਿਆਸਤ ਉਤੇ ਪੈਣਾ ਹੈ। ਚੇਤੇ ਰਹੇ, ਬਰਾਕ ਓਬਾਮਾ ਨੂੰ ਸਾਲ 2009 ਦਾ ਵੱਕਾਰੀ ਨੋਬੇਲ ਇਨਾਮ ਇਸ ਖਿੱਤੇ ਵਿਚ ਅਮਨ-ਅਮਾਨ ਲਈ ਉਠਾਏ ਕਦਮਾਂ ਲਈ ਮਿਲਿਆ ਸੀ। ਉਸ ਵੇਲੇ ਓਬਾਮਾ ਦੀ ਇਸ ਵਿਦੇਸ਼ ਨੀਤੀ ਦੀ ਖੂਬ ਪ੍ਰਸ਼ੰਸਾ ਹੋਈ ਸੀ। ਹੁਣ ਹਾਲਾਤ ਦੀ ਸਿਤਮਜ਼ਰੀਫੀ ਦੇਖੋ ਕਿ ਡੋਨਲਡ ਟਰੰਪ ਦੀ ਰਿਪਬਲੀਕਨ ਪਾਰਟੀ ਦੇ ਕੁਝ ਕਾਂਗਰਸ ਮੈਂਬਰਾਂ ਨੇ ਟਰੰਪ ਨੂੰ ਨੋਬੇਲ ਅਮਨ ਇਨਾਮ ਦੇਣ ਬਾਰੇ ਨੋਬੇਲ ਕਮੇਟੀ ਕੋਲ ਸਿਫਾਰਿਸ਼ ਕੀਤੀ ਹੈ। ਹਕੀਕਤ ਇਹ ਹੈ ਕਿ ਜਦੋਂ ਤੋਂ ਡੋਨਲਡ ਟਰੰਪ ਨੇ ਰਾਸ਼ਟਰਪਤੀ ਵਜੋਂ ਅਮਰੀਕਾ ਦੀ ਕਮਾਨ ਸੰਭਾਲੀ ਹੈ, ਨਫਰਤ ਤੋਂ ਸਿਵਾ ਕੋਈ ਹੋਰ ਗੱਲ ਉਨ੍ਹਾਂ ਦੇ ਮੁਖਾਰ-ਬਿੰਦ ਵਿਚੋਂ ਨਿਕਲੀ ਨਹੀਂ ਹੈ। ਮੁਸਲਮਾਨਾਂ ਖਿਲਾਫ ਉਸ ਦੇ ਜ਼ਹਿਰੀਲੇ ਭਾਸ਼ਨ ਕਿਸੇ ਤੋਂ ਲੁਕੇ ਹੋਏ ਨਹੀਂ। ਮੁਲਕ ਦੀ 'ਗੰਨ ਲਾਬੀ' ਖਿਲਾਫ ਕੋਈ ਫੈਸਲਾ ਕਰਨ ਤੋਂ ਉਹ ਸਦਾ ਟਲਦੇ ਰਹੇ ਹਨ ਹਾਲਾਂਕਿ ਅਮਰੀਕਾ ਅੰਦਰ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਸ ਲੌਬੀ ਨੂੰ ਨੱਥ ਪਾਉਣ ਦੀ ਮੰਗ ਵੱਡੇ ਪੱਧਰ ਉਤੇ ਹਰ ਪਾਸਿਓਂ ਉਠਦੀ ਰਹੀ ਹੈ। ਟਰੰਪ ਦੇ ਨਵੇਂ ਫੈਸਲੇ ਨੇ ਬਿਨਾ ਸ਼ੱਕ ਸੰਸਾਰ ਅਮਨ ਲਈ ਇਕ ਵਾਰ ਫਿਰ ਖਤਰਾ ਖੜ੍ਹਾ ਕਰ ਦਿੱਤਾ ਹੈ। ਹੁਣ ਇਹ ਬਾਕੀ ਧਿਰਾਂ ਉਤੇ ਨਿਰਭਰ ਹੈ ਕਿ ਉਹ ਇਰਾਨ ਦੇ ਮਾਮਲੇ ਵਿਚ ਅਗਲਾ ਰੁਖ ਕੀ ਅਖਤਿਆਰ ਕਰਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਿਸ ਕੋਟ ਨੂੰ ਲੱਗੂ ਫੀੜ੍ਹੀ?*

ਉਪ ਚੋਣ ਦਾ ਵੱਜਿਆ ਬਿਗਲ ਸੁਣ ਕੇ, ਆਗੂ ਭਿੜਨ ਲਈ ਪੱਬਾਂ ਦੇ ਭਾਰ ਹੋਏ।
ਕੋਈ ਉਖੜੇ ਪੈਰ ਜਮਾਉਣ ਦੇ ਲਈ, ਬੈਠੇ 'ਤੀਜੇ ਥਾਂ' ਬੜੇ ਲਾਚਾਰ ਹੋਏ।
ਲੈ ਕੇ ਦਿੱਲੀਓਂ ਥਾਪੜਾ 'ਆਪ' ਵਾਲੇ, ਜੱਕੋ-ਤੱਕੀ ਨੂੰ ਛੱਡ ਕੇ ਤਿਆਰ ਹੋਏ।
ਲੱਗਣ ਪਿੱਠ ਨਾ ਦੇਣਗੇ ਹਾਕਮਾਂ ਦੀ, ਅਫਸਰਸ਼ਾਹ ਸਰਕਾਰ ਦੇ ਯਾਰ ਹੋਏ।
ਲੋਕਾਂ 'ਸੈਲਫੀਆਂ' ਵਾਸਤੇ ਪਾਉਣੀਆਂ ਨੇ, ਸਿਆਸਤਦਾਨਾਂ ਦੇ ਨਾਲ ਪ੍ਰੀਤੀਆਂ ਜੀ।
'ਸ਼ਾਹ ਕੋਟ' ਹੁਣ ਲਾਵੇਗਾ ਦੇਖਣਾ ਐਂ, ਕਿਹੜੇ 'ਸ਼ਾਹ' ਦੇ 'ਕੋਟ' ਨੂੰ ਫੀੜ੍ਹੀਆਂ ਜੀ!

# ਕੀ ਹਸ਼ਰ ਹੋਇਆ ਪੰਜਾਬ ਦਾ

## ਹਰਿਆਣਾ ਤੋਂ ਵੀ ਪਿਛੇ ਰਹਿ ਗਿਆ ਪੰਜਾਬ

***ਨਾਲਾਇਕ ਲੀਡਰਸ਼ਿਪ ਕਾਰਨ ਪੰਜਾਬ ਹਰ ਖੇਤਰ ਵਿਚ ਪਛੜ ਰਿਹਾ ਹੈ। ਆਮ ਲੋਕ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹੋ ਰਹੇ ਹਨ। ਗੁਆਂਢੀ ਸੂਬੇ ਹਰਿਆਣਾ ਨੇ ਪਿਛਲੇ ਕੁਝ ਸਮੇਂ ਤੋਂ ਖੇਡਾਂ ਵੱਲ ਧਿਆਨ ਦਿੱਤਾ ਹੈ ਅਤੇ ਹੁਣ ਇਸ ਦੇ ਚੰਗੇ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ ਪਰ ਪੰਜਾਬ ਦੀਆਂ ਹਾਕਮ ਪਾਰਟੀਆਂ ਨੇ ਕਦੀ ਸੂਬੇ ਦੇ ਭਵਿੱਖ ਨੂੰ ਧਿਆਨ ਵਿਚ ਰੱਖ ਕੇ ਕੋਈ ਨੀਤੀ ਤਿਆਰ ਹੀ ਨਹੀਂ ਕੀਤੀ। ਇਸ ਬਾਰੇ ਵਿਸਥਾਰ ਸਹਿਤ ਚਰਚਾ ਸੀਨੀਅਰ ਪੱਤਰਕਾਰ ਨਿਰਮਲ ਸੰਧੂ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਨਿਰਮਲ ਸੰਧੂ**

ਪੰਜਾਬ ਦੇ ਮੌਜੂਦਾ ਰਾਜ-ਭਾਗ ਤਹਿਤ ਹਾਲਾਤ ਜਿਸ ਤਰ੍ਹਾਂ ਕਰਵਟ ਲੈ ਰਹੇ ਹਨ, ਉਸ ਤੋਂ ਨੇੜਲੇ ਭਵਿਖ ਵਿਚ ਸੁਖਾਵਾਂ ਮੋੜ ਆਉਣ ਦੀ ਆਸ ਜਾਂ ਉਮੀਦ ਘੱਟ ਹੀ ਦਿਸ ਰਹੀ ਹੈ। ਅਸੀਂ ਜਿਹੜੇ ਉਸ ਪੰਜਾਬ ਵਿਚ ਜੰਮੇ-ਪਲੇ ਜੋ ਆਰਥਿਕ ਵਿਕਾਸ, ਪ੍ਰਤੀ ਵਿਅਕਤੀ ਆਮਦਨ ਅਤੇ ਖੇਡਾਂ ਦੇ ਖੇਤਰ ਵਿਚ ਅੱਵਲ ਹੁੰਦਾ ਸੀ, ਹੁਣ ਫਾਡੀ ਬਣ ਰਿਹਾ ਹੈ। ਪੰਜਾਬ ਦੇ ਮਾਣ-ਸਨਮਾਨ ਨੂੰ ਇਹ ਤਕੜਾ ਝਟਕਾ ਹੈ ਕਿ ਪਿੱਛੇ ਜਿਹੇ ਖ਼ਤਮ ਹੋਈਆਂ ਰਾਸ਼ਟਰ-ਮੰਡਲ ਖੇਡਾਂ ਵਿਚ ਇਸ ਨੇ ਹਰਿਆਣਾ ਦੇ 22 ਤਮਗਿਆਂ ਦੇ ਮੁਕਾਬਲੇ ਸਿਰਫ਼ ਪੰਜ ਤਮਗੇ ਹੀ ਹਾਸਲ ਕੀਤੇ ਹਨ।

ਹਰਿਆਣਾ ਦੇ ਨੌਜੁਆਨਾਂ ਨੇ ਸਿਵਿਲ ਸੇਵਾਵਾਂ ਵਾਲੇ ਇਮਤਿਹਾਨ ਵਿਚ ਵੀ ਮੱਲਾਂ ਮਾਰੀਆਂ ਹਨ ਅਤੇ ਮੁਲਕ ਭਰ ਵਿਚੋਂ ਦੂਜੀ ਤੇ ਤੀਜੀ ਪੁਜ਼ੀਸ਼ਨ ਹਾਸਲ ਕੀਤੀ ਹੈ। ਹਰਿਆਣਾ ਨੇ ਆਰਥਿਕ ਵਿਕਾਸ (ਵਿੱਤੀ ਤੇ ਮਾਲੀ ਘਾਟੇ ਦੇ ਮਾਮਲੇ ਵਿਚ), ਬੁਨਿਆਦੀ ਢਾਂਚੇ ਦੇ ਮਿਆਰ ਅਤੇ ਰਾਜ ਪ੍ਰਬੰਧ ਦੇ ਮਾਮਲਿਆਂ 'ਤੇ ਵੀ ਪੰਜਾਬ ਨੂੰ ਪਛਾੜ ਸੁੱਟਿਆ ਹੈ।

ਆਰਥਿਕਤਾ ਦੇ ਨਾਂਹ-ਪੱਖੀ ਅੰਕੜਿਆਂ ਬਾਰੇ ਵਿਤ ਮੰਤਰੀਆਂ ਦੀ ਰੁਚੀ ਅਕਸਰ ਹੀ ਇਨ੍ਹਾਂ ਨੂੰ ਘਟਾ ਕੇ ਦੱਸਣ/ਦੇਖਣ ਦੀ ਹੁੰਦੀ ਹੈ। ਉਂਜ, ਆਜ਼ਾਦ ਰੇਟਿੰਗ ਕੰਪਨੀਆਂ ਨੇ ਵੱਖ-ਵੱਖ ਸੂਬਿਆਂ ਦੀ ਆਰਥਿਕ ਕਾਰਗੁਜ਼ਾਰੀ ਬਾਰੇ ਤੁਲਨਾਤਮਕ ਪੁਣਛਾਣ ਕੀਤੀ ਹੈ। ਅਜਿਹੀ ਹੀ ਇਕ ਕੰਪਨੀ ਕ੍ਰਾਈਸਿਲ ਮੁਤਾਬਿਕ 2013 ਅਤੇ 2017 ਵਿਚਕਾਰ ਮੁਲਕ ਦੇ ਕੁਲ ਘਰੇਲੂ ਉਤਪਾਦਨ (ਜੀ.ਡੀ.ਪੀ.) ਵਿਚ ਉਤਰ ਪ੍ਰਦੇਸ਼ ਤੇ ਕੇਰਲਾ ਦੇ ਨਾਲ ਨਾਲ ਪੰਜਾਬ ਦਾ ਰਿਕਾਰਡ ਸਭ ਤੋਂ ਹੇਠਾਂ ਰਿਹਾ ਹੈ। ਦੂਜੇ ਬੰਨੇ, ਗੁਜਰਾਤ ਤੇ ਮੱਧ ਪ੍ਰਦੇਸ਼ ਤੋਂ ਬਾਅਦ ਹਰਿਆਣਾ ਮੁਲਕ ਦਾ ਤੀਜਾ, ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਸੂਬਾ ਹੈ।

ਰੇਟਿੰਗ ਤੈਅ ਕਰਨ ਵਾਲੀ ਇਕ ਹੋਰ ਕੰਪਨੀ 'ਕੇਅਰ ਰੇਟਿੰਗਜ਼' ਮੁਤਾਬਿਕ, ਕਾਂਗਰਸ ਸਰਕਾਰ ਦੇ ਪਹਿਲੇ ਸਾਲ ਦੌਰਾਨ ਪੰਜਾਬ ਦਾ ਮਾਲੀ ਘਾਟਾ ਵਧਿਆ ਹੈ, ਵਿਤੀ ਘਾਟਾ ਸਵੀਕਾਰਨਯੋਗ ਸੀਮਾ ਲੰਘ ਗਿਆ ਹੈ ਅਤੇ ਪੰਜਾਬ ਤੇ ਬੰਗਾਲ ਮੁਲਕ ਦੇ ਸਭ ਤੋਂ ਵੱਡੇ ਕਰਜ਼ਈ ਸੂਬਿਆਂ ਵਿਚ ਸ਼ੁਮਾਰ ਹੋ ਗਏ ਹਨ। ਇਨ੍ਹਾਂ ਦਾ 15 ਫ਼ੀਸਦ ਮਾਲੀਆ ਕਰਜ਼ਾ ਉਤਾਰਨ ਉਤੇ ਹੀ ਖ਼ਰਚ ਹੋ ਰਿਹਾ ਹੈ। ਪੰਜਾਬ ਤਾਂ ਹੁਣ ਇਹ ਕਰਜ਼ਾ ਉਤਾਰਨ ਤੋਂ ਵੀ ਅਸਮਰੱਥ ਹੋਇਆ ਬੈਠਾ ਹੈ ਅਤੇ ਕਾਂਗਰਸੀਆਂ ਵੱਲੋਂ ਅਕਾਲੀ ਦਲ ਮਾਰਕਾ ਸਿਆਸਤ ਤੇ ਨੀਤੀਆਂ ਅਪਣਾਉਣ ਕਾਰਨ ਸੁਧਾਰ ਦੀ ਗੁੰਜਾਇਸ਼ ਵੀ ਘੱਟ ਹੀ ਹੈ। ਮਹਿੰਗਾਈ ਦੀ ਮਾਰ ਕਾਰਨ ਜਦੋਂ ਆਮਦਨ ਘਟਦੀ ਹੈ ਜਾਂ ਵਧਣੀ ਬੰਦ ਹੋ ਜਾਂਦੀ ਹੈ, ਤਾਂ ਲੋਕਾਂ ਦਾ ਭਰਮ ਟੁੱਟਣ ਲੱਗ ਪੈਂਦਾ ਹੈ। ਇਸ 'ਤੇ ਸਿਆਸਤਦਾਨ ਫਿਰ ਲੋਕ-ਲੁਭਾਊ ਸਿਆਸਤ ਦਾ ਸਹਾਰਾ ਲੈਂਦੇ ਹਨ ਅਤੇ ਜਿਹੜੇ ਸਾਧਨ ਜਾਂ ਸਰੋਤ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ 'ਤੇ ਖਰਚਣੇ ਹੁੰਦੇ ਹਨ, ਉਹ ਵੋਟਰਾਂ ਨੂੰ ਭਰਮਾਉਣ ਲਈ ਮੁਫ਼ਤ ਬਿਜਲੀ ਅਤੇ ਮੁਫ਼ਤ ਆਟਾ-ਦਾਲ ਵਰਗੀਆਂ ਸਕੀਮਾਂ ਉਤੇ ਲਾਏ ਜਾਂਦੇ ਹਨ। ਪੰਜਾਬੀ ਇਨ੍ਹਾਂ ਫਾਇਦਿਆਂ ਦੀ ਕੀਮਤ ਹੋਰ ਢੰਗ ਨਾਲ ਅਦਾ ਕਰਦੇ ਹਨ। ਉਨ੍ਹਾਂ ਦੇ ਬੱਚਿਆਂ ਨੂੰ ਚੰਗੀ ਵਿਦਿਆ ਨਹੀਂ ਮਿਲਦੀ ਅਤੇ ਉਹ ਬੇਰੁਜ਼ਗਾਰ ਹੋ ਜਾਂਦੇ ਹਨ। ਜਦੋਂ ਕੰਮ ਨਹੀਂ ਮਿਲਦਾ ਤਾਂ ਨੌਜੁਆਨ ਨਸ਼ਿਆਂ ਦੇ ਜਾਲ ਵਿਚ ਫਸਦੇ ਹਨ ਜਾਂ ਗੈਂਗਸਟਰ ਬਣਦੇ ਹਨ। ਲੋਕਾਂ ਨੂੰ ਇਲਾਜ ਲਈ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ। ਜੇ ਕਿਸਾਨਾਂ ਦੀ ਫਸਲ ਅੱਗ ਨਾਲ ਸੜ ਜਾਵੇ ਤਾਂ ਸਰਕਾਰ ਉਨ੍ਹਾਂ ਨੂੰ ਮੁਆਵਜ਼ਾ ਵੀ ਨਹੀਂ ਦੇ ਸਕਦੀ। ਹਵਾ, ਪਾਣੀ ਤੇ ਭੂਮੀ ਦੀ ਵਿਗੜ ਰਹੀ ਹਾਲਤ ਨੂੰ ਰੋਕਣ, ਵਾਤਾਵਰਨ ਨੂੰ ਬਚਾਉਣ ਅਤੇ ਸੁਰੱਖਿਅਤ ਸੜਕਾਂ ਮੁਹੱਈਆ ਕਰਨ ਲਈ ਫੰਡ ਹੀ ਨਹੀਂ ਹਨ।

ਬਿਜਲੀ ਉਤੇ ਸਬਸਿਡੀ ਦੇ ਕੇ ਮੁੱਖ ਮੰਤਰੀ ਇਹ ਸੋਚ ਸਕਦੇ ਹਨ ਕਿ ਉਨ੍ਹਾਂ ਸਨਅਤ ਲਈ ਬਥੇਰਾ ਕੁਝ ਕਰ ਦਿੱਤਾ ਹੈ ਪਰ ਇਹ ਨਾਕਾਫ਼ੀ ਹੈ। ਪੰਜਾਬ ਅਜੇ ਵੀ ਅਜਿਹਾ ਸੂਬਾ ਨਹੀਂ ਬਣ ਸਕਿਆ ਜਿਸ ਨੂੰ ਨਿਵੇਸ਼ ਲਈ ਤਰਜੀਹ ਦਿੱਤੀ ਜਾਂਦੀ ਹੋਵੇ। ਟ੍ਰਿਬਿਊਨ ਦੀ ਰਿਪੋਰਟ ਦੱਸਦੀ ਹੈ ਕਿ ਸੁਖਾਲੇ ਤੇ ਰਵਾਂ ਕਾਰੋਬਾਰ ਦੇ ਮਾਮਲੇ ਵਿਚ ਕੇਂਦਰ ਸਰਕਾਰ ਦੀ ਸੂਚੀ ਵਿਚ ਹਰਿਆਣਾ ਪਹਿਲੇ ਨੰਬਰ ਉਤੇ ਹੈ ਅਤੇ ਪੰਜਾਬ ਦਾ ਨੰਬਰ 20ਵਾਂ ਹੈ। ਅਜਿਹੇ ਅੰਕੜਿਆਂ ਅਤੇ ਹੱਥੋ-ਹੱਥ ਹਰੀ ਝੰਡੀ ਮਿਲਣ ਵਰਗੇ ਮਾਮਲਿਆਂ ਨੂੰ ਧਿਆਨ ਵਿਚ ਰੱਖ ਕੇ ਹੀ ਕੰਪਨੀਆਂ ਕਿਸੇ ਥਾਂ ਨਿਵੇਸ਼ ਬਾਰੇ ਸੋਚਦੀਆਂ ਹੁੰਦੀਆਂ ਹਨ।

ਕਾਰੋਬਾਰ ਕਰਨ ਜਾਂ ਵਧਾਉਣ ਵਿਚ ਆ ਰਹੇ ਅੜਿੱਕੇ ਦੂਰ ਕਰਨ ਅਤੇ ਈ-ਗਵਰਨੈਂਸ ਨੂੰ ਹੁਲਾਰਾ ਦੇਣ ਦਾ ਮਤਲਬ ਇਕ ਤਰ੍ਹਾਂ ਨਾਲ ਆਪਣਾ ਕਬਜ਼ਾ ਤਿਆਗਣਾ ਹੁੰਦਾ ਹੈ। ਸੂਬੇ ਦੇ ਮੰਤਰੀਆਂ ਅਤੇ ਨੌਕਰਸ਼ਾਹਾਂ ਲਈ ਇਹ ਕੋਈ ਅਣਹੋਣੀ ਜਾਪਦਾ ਹੈ। ਸੂਬੇ ਦੀ ਖ਼ਤਰਨਾਕ ਵਿਤੀ ਹਾਲਤ ਬਹੁਤੇ ਸਰਕਾਰੀ ਨਿਵੇਸ਼ ਲਈ ਮੁਆਫ਼ਿਕ ਨਹੀਂ ਅਤੇ ਪ੍ਰਾਈਵੇਟ ਨਿਵੇਸ਼ ਆਉਣ ਵਾਲਾ ਨਹੀਂ। ਨਤੀਜਾ ਹੈ: ਵਿਕਾਸ ਵਿਚ ਵਾਧੇ ਅਤੇ ਨਵੀਆਂ ਨੌਕਰੀਆਂ ਲਈ ਅਜੇ ਹੋਰ ਉਡੀਕਣਾ ਪਵੇਗਾ।

ਭੁਪਿੰਦਰ ਸਿੰਘ ਹੁੱਡਾ ਕੋਈ ਬਹੁਤ ਆਲ੍ਹਾ ਮੁੱਖ ਮੰਤਰੀ ਨਹੀਂ ਸਨ। ਉਹ ਹੁਣ ਜ਼ਮੀਨੀ ਸੌਦਿਆਂ ਵਾਲੇ ਕੇਸ ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਵੀ ਕਰ ਰਹੇ ਹਨ ਪਰ ਜਦੋਂ ਹਰਿਆਣਾ ਦੀ ਅਗਵਾਈ ਉਨ੍ਹਾਂ ਦੇ ਹੱਥ ਸੀ ਤਾਂ ਉਨ੍ਹਾਂ ਵਿੱਦਿਆ ਕੇਂਦਰ ਕਾਇਮ ਕੀਤੇ ਅਤੇ ਖੇਡਾਂ ਲਈ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਿਸ ਦੇ ਨਤੀਜੇ ਹੁਣ ਸਾਹਮਣੇ ਆ ਰਹੇ ਹਨ। ਕਾਨੂੰਨ ਵਿਵਸਥਾ ਨਾਲ ਨਜਿੱਠਣ ਦੇ ਮਾਮਲੇ 'ਤੇ ਮਨੋਹਰ ਲਾਲ ਖੱਟਰ ਭਾਵੇਂ ਤਿੰਨ ਵਾਰ ਬੁਰੀ ਤਰ੍ਹਾਂ ਅਸਫ਼ਲ ਰਹੇ ਪਰ ਉਨ੍ਹਾਂ ਦੀ ਅਗਵਾਈ ਵਿਚ ਹਰਿਆਣਾ ਨੇ ਤੇਜ਼ੀ ਨਾਲ ਵਿਕਾਸ ਕੀਤਾ ਅਤੇ ਇਹ ਹੋਰ ਸੂਬਿਆਂ ਤੋਂ ਅਗਾਂਹ ਰਿਹਾ ਹੈ। ਅਜਿਹਾ ਸਾਰਾ ਕੁਝ ਸਿਰਫ ਦਿੱਲੀ ਦੀ ਮਿਹਰਬਾਨੀ ਨਾਲ ਨਹੀਂ ਵਾਪਰਿਆ। ਹੁੱਡਾ ਅਤੇ ਖੱਟਰ, ਦੋਹਾਂ ਨੇ ਕਰਜ਼ੇ ਲੈ ਲੈ ਕੇ ਜਾਂ ਮੁਫ਼ਤ ਸਹੂਲਤਾਂ ਦੇ ਦੇ ਕੇ ਸੂਬੇ ਨੂੰ ਦਿਵਾਲੀਆ ਨਹੀਂ ਬਣਾਇਆ।

ਇਸ ਸਭ ਤੋਂ ਪੰਜਾਬ ਦੇ ਸਿਆਸਤਦਾਨ ਅਤੇ ਅਫ਼ਸਰਸ਼ਾਹ ਕੋਈ ਸਬਕ ਵੀ ਲੈਂਦੇ ਨਹੀਂ ਜਾਪਦੇ ਅਤੇ ਨਾ ਉਨ੍ਹਾਂ ਦੀ ਨੀਂਦ ਹਰਾਮ ਹੁੰਦੀ ਜਾਪਦੀ ਹੈ। ਉਹ ਤਾਂ ਸਗੋਂ ਨਵੇਂ ਮੰਤਰੀਆਂ ਬਾਰੇ ਵਧੇਰੇ ਉਤਸੁਕ ਹਨ। ਵਜ਼ਾਰਤ ਵਿਚ ਵਾਧਾ ਹੋਇਆ ਅਤੇ ਗੱਲ ਮੁੱਕ-ਮੁਕਾ ਗਈ। ਇਸ ਅਮਲ ਨੇ ਕੁਝ ਕੁ ਨੂੰ ਖ਼ੁਸ਼ ਕੀਤਾ ਅਤੇ ਕੁਝ ਨੂੰ ਖਿਝਾਇਆ। ਸਾਡੇ ਵਰਗੇ ਦਰਸ਼ਕਾਂ ਲਈ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਕਿ ਕੌਣ ਸਰਕਾਰ ਵਿਚ ਸ਼ਾਮਲ ਹੋਇਆ ਹੈ ਅਤੇ ਕਿਹੜਾ ਰਹਿ ਗਿਆ ਹੈ। ਸਮੁੱਚੇ ਤੌਰ 'ਤੇ ਇਸ ਨਾਲ ਪਾਣੀਆਂ ਨੂੰ ਕਿਤੇ ਅੱਗ ਨਹੀਂ ਲੱਗ ਜਾਣੀ। ਹਾਲਾਤ ਵਿਗੜਨ ਦੇ ਖ਼ਦਸ਼ੇ ਸਗੋਂ ਵੱਧ ਹਨ।

ਕਾਬਲ ਤੇ ਅਸਰਦਾਰ ਰਾਜ ਪ੍ਰਬੰਧ ਲਈ ਸਿਹਤਮੰਦ ਨੀਤੀਆਂ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਾਲਿਆਂ ਦੀ ਲੋੜ ਹੁੰਦੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਟੀਮ ਮੈਰਿਟ ਦੇ ਆਧਾਰ 'ਤੇ ਤਾਂ ਬਣਾਈ ਨਹੀਂ। ਮੀਡੀਆ ਰਿਪੋਰਟਾਂ ਮੁਤਾਬਕ, ਰਾਹੁਲ ਗਾਂਧੀ ਨੇ ਮੰਤਰੀ ਦੇ ਅਹੁਦੇ ਲਈ ਘੱਟ ਤੋਂ ਘੱਟ ਯੋਗਤਾ ਦਸਵੀਂ ਪਾਸ ਰੱਖੀ। ਇਹ ਸਿਪਾਹੀ ਭਰਤੀ ਕਰਨ ਦੀ ਯੋਗਤਾ ਤੋਂ ਵੀ ਘੱਟ ਹੈ। ਨਵੇਂ ਮੰਤਰੀਆਂ ਵਿਚੋਂ 9 ਜਣੇ ਦਸਵੀਂ ਪਾਸ ਦੱਸੇ ਜਾ ਰਹੇ ਹਨ। ਦਸਵੀਂ ਪਾਸ ਨੂੰ ਉਚ ਸਿਖਿਆ ਦਾ ਵਿਭਾਗ ਮਿਲਣ ਪਿਛੋਂ ਵਿੱਦਿਅਕ ਮਾਹਿਰ ਕੇਰਾਂ ਤਾਂ ਕੁੜ੍ਹਦੇ ਹੀ ਰਹਿ ਗਏ।

ਉਂਜ ਘੱਟ ਯੋਗਤਾ ਕੋਈ ਵੱਡਾ ਮਸਲਾ ਨਹੀਂ ਬਣਨਾ ਚਾਹੀਦਾ ਕਿਉਂਕਿ ਅਜਿਹੇ ਫੈਸਲੇ ਮੁੱਖ ਮੰਤਰੀ ਦੇ ਦਫ਼ਤਰ ਨੇ ਕਰਨੇ ਹੁੰਦੇ ਹਨ। ਨਾਲੇ ਚੰਗੀਆਂ ਡਿਗਰੀਆਂ ਵਾਲਿਆਂ ਨੇ ਵੀ ਤਾਂ ਅਜਿਹਾ ਕੁਝ ਨਹੀਂ ਕੀਤਾ ਜਿਸ 'ਤੇ ਹੁੱਬਿਆ ਜਾ ਸਕੇ। ਆਜ਼ਾਦੀ ਤੋਂ ਪਹਿਲਾਂ ਲਾਹੌਰ ਦੇ ਵੱਕਾਰੀ ਫੌਰਮਨ ਕ੍ਰਿਸ਼ਚੀਅਨ ਕਾਲਜ ਦੇ ਗ੍ਰੈਜੂਏਟ ਤੇ ਪੰਜ ਵਾਰ ਮੁੱਖ ਮੰਤਰੀ ਰਹੇ ਅਤੇ ਉਨ੍ਹਾਂ ਦੇ ਕੈਲੀਫ਼ੋਰਨੀਆ ਸਟੇਟ ਯੂਨੀਵਰਸਿਟੀ ਤੋਂ ਐੱਮਬੀਏ ਪਾਸ ਪੁੱਤਰ ਨੇ ਪੰਜਾਬ ਦਾ ਇਹ ਹਸ਼ਰ ਕੀਤਾ ਹੈ: ਸਭ ਤੋਂ ਘੱਟ ਵਿਕਾਸ, ਨਾ ਸਹਾਰਨਯੋਗ ਕਰਜ਼ਾ, ਅਜਿਹੀ ਸਨਅਤ ਜਿਹੜੀ ਹੋਰਾਂ ਦਾ ਮੁਕਾਬਲਾ ਹੀ ਨਾ ਕਰ ਸਕੇ ਅਤੇ ਖੜੋਤ ਦੀ ਦਲਦਲ ਵਿਚ ਫਸੀ ਖੇਤੀਬਾੜੀ; ਇਸ ਤੋਂ ਇਲਾਵਾ ਬੇਰੁਜ਼ਗਾਰੀ, ਗੈਂਗਸਟਰਾਂ ਤੇ ਨਸ਼ਿਆਂ ਵਿਚ ਵਾਧਾ। ਇਹ ਸਿਲਸਿਲਾ ਚਿਰਾਂ ਤੋਂ ਚਲ ਰਿਹਾ ਹੈ ਅਤੇ ਮੋੜਾ ਪੈਣ ਦੀ ਉਮੀਦ ਬਹੁਤ ਘੱਟ ਹੈ।

ਬਤੌਰ ਮੁੱਖ ਮੰਤਰੀ, ਕੋਈ ਤੋਤਾ ਸਿੰਘ ਜਾਂ ਕੋਈ ਸੰਗਤ ਸਿੰਘ ਗਿਲਜ਼ੀਆਂ (ਜਿਸ ਨੂੰ ਅੱਠਵੀਂ ਪਾਸ ਹੋਣ ਕਰ ਕੇ ਕਾਂਗਰਸ ਵਜ਼ਾਰਤ ਵਿਚ ਸ਼ਾਮਲ ਨਹੀਂ ਕੀਤਾ ਗਿਆ) ਸ਼ਾਇਦ ਸੂਬੇ ਨੂੰ ਓਨਾ ਆਰਥਿਕ ਨੁਕਸਾਨ ਨਾ ਕਰਦੇ ਹੋਣ ਜਿੰਨਾ ਬਾਦਲਾਂ ਤੇ ਕੈਪਟਨ ਅਤੇ ਇਨ੍ਹਾਂ ਦੇ ਪੜ੍ਹੇ-ਲਿਖੇ ਵਿਤ ਮੰਤਰੀਆਂ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਪੰਜਾਬ ਦਾ ਕੀਤਾ ਹੈ। ਇਸ ਤੋਂ ਇਲਾਵਾ, ਵੱਖ ਵੱਖ ਫਰੰਟਾਂ ਉਤੇ ਸੂਬੇ ਦੀ ਅਸਫ਼ਲਤਾ ਦੀ ਜ਼ਿੰਮੇਵਾਰੀ ਉਠਾਉਣ ਦਾ ਦਿਲ-ਗੁਰਦਾ ਕਿਸੇ ਵਿਚ ਵੀ ਨਹੀਂ ਹੈ। ਇਸ ਦਾ ਭਾਵੇਂ ਬਹੁਤਾ ਫ਼ਰਕ ਨਹੀਂ ਪੈਣਾ ਪਰ ਇਨ੍ਹਾਂ ਨੂੰ ਕ੍ਰਿਕਟਰ ਗੌਤਮ ਗੰਭੀਰ ਵੱਲੋਂ ਕਾਇਮ ਕੀਤੀ ਮਿਸਾਲ ਦੱਸਣੀ ਚਾਹੀਦੀ ਹੈ। ਛੇ ਵਿਚੋਂ ਪੰਜ ਮੈਚ ਹਾਰਨ ਤੋਂ ਬਾਅਦ ਉਸ ਨੇ ਆਪਣੀ ਟੀਮ 'ਦਿੱਲੀ ਡੇਅਰਡੈਵਿਲਜ਼' ਦੀ ਕਪਤਾਨੀ ਆਪਣੇ ਆਪ ਛੱਡ ਦਿੱਤੀ। ਇਹੀ ਨਹੀਂ, ਉਸ ਨੇ ਆਪਣੀ 2.8 ਕਰੋੜ ਰੁਪਏ ਦੀ ਫੀਸ ਤਿਆਗਣ ਦਾ ਫ਼ੈਸਲਾ ਵੀ ਕੀਤਾ।

ਸਿਧਾਂਤਕ ਪੈਂਤੜੇ ਮੱਲਣ ਲਈ ਜੁਰਅਤ ਚਾਹੀਦੀ ਹੁੰਦੀ ਹੈ ਜਿਸ ਦੀ ਅੱਜ ਕੱਲ੍ਹ ਬੜੀ ਤੋਟ ਹੈ। ਉਂਜ ਸੜਹਾਂਦ ਮਾਰਦੀ ਸਿਆਸਤ ਦਾ ਕਿੱਤਾ ਸੁਘੜ-ਸਿਆਣਿਆਂ ਅਤੇ ਚੰਗਾ ਕੰਮ ਕਰਨ ਵਾਲਿਆਂ ਤੋਂ ਵੀ ਮਹਿਰੂਮ ਨਹੀਂ। ਅਖ਼ਬਾਰਾਂ ਦੱਸਦੀਆਂ ਹਨ ਕਿ ਧੂਰੀ ਦੇ ਕਾਂਗਰਸੀ ਵਿਧਾਇਕ ਦਲਬੀਰ ਸਿੰਘ ਗੋਲਡੀ ਨੇ ਉਨ੍ਹਾਂ ਪੀੜਤਾਂ ਲਈ ਕਣਕ ਇਕੱਠੀ ਕਰਨ ਵਿਚ ਕਿਸਾਨਾਂ ਦੀ ਅਗਵਾਈ ਕੀਤੀ ਜਿਨ੍ਹਾਂ ਦੀ ਫ਼ਸਲ ਅੱਗ ਨਾਲ ਸੜ ਗਈ ਸੀ। ਆਮ ਆਦਮੀ ਪਾਰਟੀ ਦੇ ਦਾਖਾ ਤੋਂ ਵਿਧਾਇਕ ਐਚ.ਐਸ. ਫੂਲਕਾ ਨੇ ਸਾਰੇ ਸਰਕਾਰੀ ਸਕੂਲਾਂ ਵਿਚ ਡਿਜੀਟਲ ਜਮਾਤਾਂ ਦੇ ਪ੍ਰਬੰਧ ਲਈ ਘੱਟ ਖ਼ਰਚੇ ਵਾਲਾ ਪ੍ਰੋਜੈਕਟ, ਇਕ ਕੈਨੇਡੀਅਨ ਕਾਰੋਬਾਰੀ ਦੀ ਮਦਦ ਨਾਲ ਸ਼ੁਰੂ ਕੀਤਾ ਹੈ।

ਉਂਜ ਅਜਿਹੇ ਲੀਡਰਾਂ ਦੀ ਗਿਣਤੀ ਬਹੁਤ ਘੱਟ ਹੈ। ਫਿਰ ਵੀ ਅਸੀਂ ਇਹ ਉਡੀਕ ਨਹੀਂ ਕਰ ਸਕਦੇ ਕਿ ਚੰਗੇ ਸਿਆਸਤਦਾਨ ਸੱਤਾ ਵਿਚ ਆਉਣਗੇ ਅਤੇ ਪੰਜਾਬ ਦੀ ਤਕਦੀਰ ਬਦਲਣਗੇ। ਸਾਨੂੰ ਸਿਆਸਤ ਨੂੰ ਸਿਆਸੀ ਤੌਰ 'ਤੇ ਫ਼ਾਇਦੇਮੰਦ ਬਣਾਉਣਾ ਪੈਣਾ ਹੈ ਤਾਂ ਕਿ ਸਾਡੇ ਉਤੇ ਥੋਪੇ ਗਏ ਸਿਆਸਤਦਾਨ ਸਾਨੂੰ ਉਹ ਕੁਝ ਦੇ ਸਕਣ ਜਿਸ ਦੇ ਅਸੀਂ ਹੱਕਦਾਰ ਹਾਂ। ਵੋਟਾਂ ਨੂੰ ਇਸ ਢੰਗ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ ਕਿ ਇਹ ਲੋਕ ਮੁਫ਼ਤਖੋਰੀ ਅਤੇ ਕਰਜ਼ਾ ਮੁਆਫ਼ੀਆਂ ਤੋਂ ਉਪਰ ਉਠ ਕੇ ਸੋਚਣ ਅਤੇ ਅਤੇ ਸਾਂਝੇ ਚੰਗੇਰੇ ਕਾਰਜਾਂ ਤੇ ਸਮੂਹਿਕ ਵਿਕਾਸ ਲਈ ਕੰਮ ਕਰਨ। ਹਰਿਆਣਾ ਦੇ ਪੱਧਰ ਤਕ ਪਹੁੰਚਣਾ ਆਪਣੇ ਆਪ ਵਿਚ ਵੱਡੀ ਵੰਗਾਰ ਹੈ।

# ਤਰਕ ਉਤੇ ਹਮਲਾ ਵਧੇਰੇ ਖਤਰਨਾਕ

***ਅੱਜ ਜੇ ਪ੍ਰਧਾਨ ਮੰਤਰੀ ਮੋਦੀ ਭਾਰਤ ਦੇ ਪੁਲਾੜ ਮਿਸ਼ਨ, ਭਾਰਤ ਦੇ ਛੱਡੇ ਉਪਗ੍ਰਿਹਾਂ, ਸਾਡੇ ਵਿਗਿਆਨੀਆਂ ਦੀ ਸੰਸਾਰ ਖੇਤਰ ਵਿਚ ਮਾਰੀਆਂ ਮੱਲਾਂ ਦਾ ਥਾਂ ਪੁਰ ਥਾਂ ਬੜੇ ਮਾਣ ਨਾਲ ਜ਼ਿਕਰ ਕਰਦੇ ਹਨ, ਤਾਂ ਉਹ ਭਾਵੇਂ ਆਪਣੇ ਸਿਆਸੀ ਸੌੜੇਪਣ ਕਾਰਨ ਇਸ ਤੱਥ ਨੂੰ ਮੰਨਣ ਤੋਂ ਇਨਕਾਰੀ ਹੋਣ, ਪਰ ਇਹ ਗੱਲ ਭੁਲਾਈ ਨਹੀਂ ਜਾ ਸਕਦੀ ਕਿ ਇਨ੍ਹਾਂ ਪ੍ਰਾਪਤੀਆਂ ਦੀ ਨੀਂਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦੀ ਦੂਰਦ੍ਰਿਸ਼ਟੀ ਵਿਚ ਹੀ ਲੱਭਦੀ ਹੈ। ਇਹ ਉਹ ਪ੍ਰਧਾਨ ਮੰਤਰੀ ਸੀ ਜਿਸ ਨੇ ਭਿਲਾਈ ਬੋਕਾਰੋ ਦੇ ਸਟੀਲ ਕਾਰਖਾਨਿਆਂ, ਭਾਖੜਾ ਵਰਗੇ ਡੈਮਾਂ ਦੀਆਂ ਉਸਾਰੀਆਂ ਨੂੰ ਭਾਰਤ ਦੇ ਨਵੇਂ ਮੰਦਰਾਂ ਦਾ ਦਰਜਾ ਦਿੱਤਾ ਸੀ। ਇਹ ਉਹ ਪ੍ਰਧਾਨ ਮੰਤਰੀ ਸੀ ਜਿਸ ਦੀ ਪੱਕੀ ਧਾਰਨਾ ਸੀ ਕਿ ਵਿਗਿਆਨਕ ਸੋਚ, ਨਵੀਆਂ ਲੱਭਤਾਂ ਨੂੰ ਵਰਤ ਕੇ ਹੀ ਨਵੇਂ ਅਤੇ ਅਗਾਂਹਵਧੂ ਭਾਰਤ ਦਾ ਨਿਰਮਾਣ ਕੀਤਾ ਜਾ ਸਕਦਾ ਹੈ।***

ਤ੍ਰਿਪੁਰਾ ਦੇ ਨਵੇਂ ਚੁਣੇ ਨੌਜਵਾਨ ਮੁੱਖ ਮੰਤਰੀ ਬਿਪਲਬ ਦੇਬ ਦੇ ਨਿਤ ਨਵੇਂ ਚਮਤਕਾਰੀ ਕਥਨ ਖਬਰਾਂ ਹੀ ਨਹੀਂ, ਲਤੀਫ਼ਿਆਂ ਦਾ ਵੀ ਬਾਇਸ ਬਣ ਰਹੇ ਹਨ। ਉਸ ਦੇ ਇਸ ਦਾਅਵੇ ਕਿ 'ਇੰਟਰਨੈਟ ਤਾਂ ਮਹਾਭਾਰਤ ਦੇ ਸਮੇਂ ਦੀ ਭਾਰਤੀ ਕਾਢ ਹੈ ਅਤੇ ਇਹ ਉਸ ਵੇਲੇ ਵੀ ਭਾਰਤ ਵਿਚ ਮੌਜੂਦ ਸੀ' ਨੇ ਲੋਕਾਂ ਦਾ ਵਿਸ਼ੇਸ਼ ਧਿਆਨ ਖਿਚਿਆ ਕਿਉਂਕਿ ਸ਼ੰਕਾਲੂ ਹੋਣ ਜਾਂ ਸ਼ਰਧਾਲੂ, ਅੱਜ ਕੱਲ੍ਹ ਸਾਰੇ ਹੀ ਇੰਟਰਨੈਟ ਦੀ ਭਰਪੂਰ ਵਰਤੋਂ ਕਰਦੇ ਹਨ। ਦੇਖਿਆ ਜਾਵੇ ਤਾਂ ਕਿਸੇ ਸੂਬੇ ਦੇ ਮੁੱਖ ਮੰਤਰੀ ਵਲੋਂ ਇਹੋ ਜਿਹਾ ਬਿਆਨ ਆਉਣਾ ਕੋਈ ਏਡੀ ਹੈਰਾਨੀਜਨਕ ਗੱਲ ਵੀ ਨਹੀਂ; ਸਾਡੇ ਦੇਸ ਦਾ

**ਸੁਕੀਰਤ**

ਪ੍ਰਧਾਨ ਮੰਤਰੀ ਖੁਦ ਕੁਝ ਵਰ੍ਹੇ ਪਹਿਲਾਂ ਮੁੰਬਈ ਵਿਚ ਡਾਕਟਰਾਂ ਦੇ ਸਮੂਹ ਨੂੰ ਸੰਬੋਧਨ ਕਰਦਿਆਂ ਇਹ ਦਾਅਵਾ ਕਰ ਚੁੱਕਾ ਹੈ ਕਿ ਪਲਾਸਟਿਕ ਸਰਜਰੀ ਦੀ ਸ਼ੁਰੂਆਤ ਪ੍ਰਾਚੀਨ ਭਾਰਤ ਵਿਚ ਹੋਈ ਸੀ ਅਤੇ ਗਣੇਸ਼ ਭਗਵਾਨ ਦੇ ਚਿਹਰੇ ਉਤੇ ਲੱਗੀ ਹਾਥੀ ਦੀ ਸੁੰਡ ਇਸ ਦਾ ਪ੍ਰਮਾਣ ਹੈ। ਮਿਥਿਹਾਸ ਆਧਾਰਿਤ ਅੰਧ-ਵਿਸ਼ਵਾਸ ਵਿਚ ਗੜੁਚੇ ਅਤੇ ਵਿਗਿਆਨਕ ਸੋਚ ਨੂੰ ਤਿਲਾਂਜਲੀ ਦਿੰਦੇ ਅਜਿਹੇ ਕਥਨਾਂ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਪਿਛਲੇ ਸਾਲਾਂ ਵਿਚ ਸਾਹਮਣੇ ਆਈਆਂ ਹਨ। ਕਦੇ ਕੋਈ ਡਾਰਵਿਨ ਦੇ ਸਿਧਾਂਤ ਨੂੰ ਇਸ ਲਈ ਝੂਠਾ ਸਾਬਤ ਕਰਨ ਤੁਰ ਪੈਂਦਾ ਹੈ ਕਿ ਬਾਂਦਰ ਤੋਂ ਬੰਦਾ ਬਣਦਾ ਕਿਸ ਨੇ ਦੇਖਿਆ ਹੈ, ਤੇ ਕੋਈ ਹੋਰ ਇਹ ਦਾਅਵਾ ਕਰ ਦਿੰਦਾ ਹੈ ਕਿ ਸਟੀਫ਼ਨ ਹਾਕਿੰਗ ਵਰਗੇ ਵਿਗਿਆਨੀ ਨੇ ਵੀ ਮੰਨਿਆ ਹੈ ਕਿ ਸਾਡੇ ਵੇਦ ਆਈਨਸਟਾਈਨ ਦੇ ਸਿਧਾਂਤਾਂ ਤੋਂ ਵੀ ਵੱਧ ਵਿਗਿਆਨਕ ਹਨ। ਇਹੋ ਜਿਹੇ ਕਥਨ ਦਰਅਸਲ ਸਾਡੇ ਮੁਲਕ ਵਿਚ ਸਿਰਜੇ ਜਾ ਰਹੇ ਉਸ ਮਾਹੌਲ ਅਤੇ ਉਸ ਵਿਚਾਰਧਾਰਾ ਦੀ ਪੈਦਾਇਸ਼ ਹਨ ਜੋ ਤੱਥਾਂ ਦੀ ਥਾਂ ਫੋਕੇ ਦਮਗਜ਼ਿਆਂ ਅਤੇ ਸੁਧੇ ਝੂਠਾਂ ਰਾਹੀਂ ਆਪਣੀ 'ਸ੍ਰੇਸ਼ਟਤਾ' ਸਾਬਤ ਕਰਨ ਦੀ ਕਾਹਲ ਵਿਚ ਹੈ।

ਇਹੋ ਜਿਹੇ ਦਾਅਵੇ ਪੇਤਲੀ ਨਜ਼ਰੇ ਦੇਖਿਆਂ ਭਾਵੇਂ ਹਾਸੋ-ਹੀਣੇ ਜਾਪਦੇ ਹੋਣ, ਪਰ ਇਨ੍ਹਾਂ ਨੂੰ ਵਕਤੀ ਲਤੀਫ਼ੇ ਸਮਝ ਕੇ ਅੱਖੋਂ ਪਰੋਖੇ ਕਰਨਾ ਬਹੁਤ ਮਹਿੰਗਾ ਪਵੇਗਾ। ਗੋਵਿੰਦ ਪਾਂਸਰੇ, ਨਰਿੰਦਰ ਦਭੋਲਕਰ ਜਾਂ ਐਮ.ਐਮ. ਕਲਬੁਰਗੀ ਵਰਗੇ ਸਰਗਰਮ ਤਰਕਸ਼ੀਲਾਂ ਉਤੇ ਹਮਲਿਆਂ ਨੂੰ ਅਸੀਂ ਦੇਖ ਚੁੱਕੇ ਹਾਂ, ਹੁਣ ਇਹ ਹਮਲਾ ਤਰਕਸ਼ੀਲਤਾ ਉਤੇ ਹੈ, ਵਿਗਿਆਨਕ ਸੋਚ ਉਤੇ ਹੈ। ਮਿਥਿਹਾਸਕ ਐਨਕਾਂ ਰਾਹੀਂ ਵਿਗਿਆਨਕ ਤੱਥਾਂ ਨੂੰ ਜੋਖਣ ਵਾਲੇ ਲੋਕ ਜਦੋਂ ਪ੍ਰਧਾਨ ਮੰਤਰੀ / ਮੁੱਖ ਮੰਤਰੀ ਅਤੇ ਹੋਰ ਉਚੇ ਅਹੁਦਿਆਂ ਉਤੇ ਬਿਰਾਜਮਾਨ ਹੋਣ ਤਾਂ ਇਸ ਗੱਲ ਦਾ ਖਦਸ਼ਾ ਵਧਦਾ ਹੀ ਜਾਵੇਗਾ ਕਿ ਕੱਲ੍ਹ ਨੂੰ ਕਾਲਜਾਂ ਯੂਨੀਵਰਸਿਟੀਆਂ ਦੇ ਸਿਲੇਬਸ ਕੀ ਹੋਣਗੇ, ਖੋਜ ਦੇ ਕਿਹੜੇ ਵਿਸ਼ਿਆਂ ਨੂੰ ਤਰਜੀਹ ਦਿੱਤੀ ਜਾਵੇਗੀ। ਕਿਹੋ ਜਿਹੇ ਫਰਜ਼ੀ-ਵਿਗਿਆਨ ਨੂੰ ਵਿਗਿਆਨ ਦੇ ਨਾਂ ਹੇਠ ਪਰਸਾਰਿਆ ਜਾਵੇਗਾ! ਇਹ ਗੱਲ ਹੋਰ ਵੀ ਖਤਰਨਾਕ ਇਸ ਲਈ ਜਾਪਦੀ ਹੈ ਕਿਉਂਕਿ ਭਰਮ ਅਤੇ ਅੰਧ-ਵਿਸ਼ਵਾਸ ਸਦੀਆਂ ਤੋਂ ਸਾਡੀ ਖਸਲਤ ਵਿਚ ਡੂੰਘੇ ਧਸੇ ਹੋਏ ਹਨ। 'ਸ਼ੁਭ ਮਹੂਰਤ' ਦੇਖ ਕੇ ਨਵੇਂ ਘਰਾਂ ਜਾਂ ਦਫ਼ਤਰਾਂ ਵਿਚ ਪ੍ਰਵੇਸ਼ ਕਰਨ ਵਾਲੇ ਡਾਕਟਰਾਂ ਜਾਂ ਨਾਰੀਅਲ ਭੰਨ ਕੇ ਪੁਲਾੜ ਵਿਚ ਰਾਕਟ ਛੱਡਣ ਵਾਲੇ ਵਿਗਿਆਨੀਆਂ ਦੀ ਇਸ ਮੁਲਕ ਵਿਚ ਘਾਟ ਪਹਿਲਾਂ ਵੀ ਨਹੀਂ ਸੀ। ਹੁਣ ਮੂੜ੍ਹ-ਮੱਤੀ ਫੈਲਾਉਣ ਦੇ ਇਸ ਦੌਰ ਵਿਚ ਉਨ੍ਹਾਂ ਗੈਰਵਿਗਿਆਨਕ ਭਾਵਨਾਵਾਂ, ਤਰਕਸ਼ੀਲਤਾ ਵਿਰੋਧੀ ਸੋਚ ਨੂੰ ਸਰਕਾਰੇ-ਦਰਬਾਰੇ ਬੈਠੇ ਅਹੁਦੇਦਾਰਾਂ ਵੱਲੋਂ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ।



*ਵਿਅੰਗ ਬਾਣ: ਤ੍ਰਿਪੁਰਾ ਦੇ ਮੁੱਖ ਮੰਤਰੀ ਬਿਪਲਬ ਦੇਬ ਦੇ ਇੰਟਰਨੈਟ ਵਾਲੇ ਬਿਆਨ ਤੋਂ ਬਾਅਦ ਵਾਇਰਲ ਹੋਈ 'ਪੁਰਾਣੇ ਵੇਲਿਆਂ ਦੀ ਪੈੱਨ ਡਰਾਈਵ'।*

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੂੰ ਭੰਡਣ ਦਾ ਅਜੋਕੀ ਸਰਕਾਰ ਕੋਈ ਮੌਕਾ ਨਹੀਂ ਛਡਦੀ। ਨਾ ਨਹਿਰੂ ਦਾ ਸੈਕੂਲਰਵਾਦ ਉਨ੍ਹਾਂ ਨੂੰ ਰਾਸ ਆਉਂਦਾ ਹੈ, ਨਾ ਉਸ ਦੀ ਵਿਗਿਆਨਕ ਸੋਚ। ਪੰਡਤ ਨਹਿਰੂ ਨਾਲ ਖੱਬੀਆਂ ਧਿਰਾਂ ਜਾਂ ਹੋਰ ਤਰਕਸ਼ੀਲਾਂ ਦੇ ਸੌ ਸਿਧਾਂਤਕ ਮਤਭੇਦ ਹੋਣ, ਇਸ ਗੱਲ ਤੋਂ ਕੋਈ ਵੀ ਇਨਕਾਰੀ ਨਹੀਂ ਕਿ ਭਾਰਤੀ ਕੌਮ ਨੂੰ ਆਧੁਨਿਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਦੇ ਰਾਹ ਪਾਉਣ ਵਿਚ ਉਨ੍ਹਾਂ ਦਾ ਯੋਗਦਾਨ ਸਭ ਤੋਂ ਵੱਡਾ ਹੈ। ਨਵ-ਆਜ਼ਾਦ ਭਾਰਤ ਵਿਚ ਸੈਆਂ ਘਾਟਾਂ ਅਤੇ ਹਜ਼ਾਰਾਂ ਪਛੜੇਵਿਆਂ ਦੇ ਬਾਵਜੂਦ ਨਹਿਰੂ ਨੇ ਮੁਲਕ ਦਾ ਵਿਗਿਆਨਕ ਆਧਾਰ ਮਜ਼ਬੂਤ ਕਰਨ ਨੂੰ ਤਰਜੀਹ ਦਿੱਤੀ। ਤਕਨਾਲੋਜੀ ਇੰਸਟੀਚਿਊਟਾਂ ਅਤੇ ਭਾਬਾ ਐਟਮੀ ਖੋਜ ਕੇਂਦਰ ਵਰਗੀਆਂ ਸੰਸਥਾਵਾਂ ਦੀ ਨੀਂਹ ਰੱਖੀ ਗਈ। ਉਨ੍ਹਾਂ ਵਾਰ-ਵਾਰ ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਵਿਚ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਤਰੱਕੀ ਕਰਨ ਲਈ ਭਾਰਤੀ ਜਨਤਾ ਨੂੰ ਆਪਣੇ ਅੰਧ-ਵਿਸ਼ਵਾਸ ਛੱਡ ਕੇ ਤਰਕਸ਼ੀਲ ਅਤੇ ਵਿਗਿਆਨ-ਮੁਖੀ ਸੋਚ ਅਪਨਾਉਣ ਦੀ ਲੋੜ ਹੈ।

ਅੱਜ ਜੇ ਪ੍ਰਧਾਨ ਮੰਤਰੀ ਮੋਦੀ ਭਾਰਤ ਦੇ ਪੁਲਾੜ ਮਿਸ਼ਨ, ਭਾਰਤ ਦੇ ਛੱਡੇ ਉਪਗ੍ਰਿਹਾਂ, ਸਾਡੇ ਵਿਗਿਆਨੀਆਂ ਦੀ ਸੰਸਾਰ ਖੇਤਰ ਵਿਚ ਮਾਰੀਆਂ ਮੱਲਾਂ ਦਾ ਥਾਂ ਪੁਰ ਥਾਂ ਬੜੇ ਮਾਣ ਨਾਲ ਜ਼ਿਕਰ ਕਰਦੇ ਹਨ, ਤਾਂ ਉਹ ਭਾਵੇਂ ਆਪਣੇ ਸਿਆਸੀ ਸੌੜੇਪਣ ਕਾਰਨ ਇਸ ਤੱਥ ਨੂੰ ਮੰਨਣ ਤੋਂ ਇਨਕਾਰੀ ਹੋਣ, ਪਰ ਇਹ ਗੱਲ ਭੁਲਾਈ ਨਹੀਂ ਜਾ ਸਕਦੀ ਕਿ ਇਨ੍ਹਾਂ ਪ੍ਰਾਪਤੀਆਂ ਦੀ ਨੀਂਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦੀ ਦੂਰਦ੍ਰਿਸ਼ਟੀ ਵਿਚ ਹੀ ਲੱਭਦੀ ਹੈ। ਇਹ ਉਹ ਪ੍ਰਧਾਨ ਮੰਤਰੀ ਸੀ ਜਿਸ ਨੇ ਭਿਲਾਈ ਬੋਕਾਰੋ ਦੇ ਸਟੀਲ ਕਾਰਖਾਨਿਆਂ, ਭਾਖੜਾ ਵਰਗੇ ਡੈਮਾਂ ਦੀਆਂ ਉਸਾਰੀਆਂ ਨੂੰ ਭਾਰਤ ਦੇ ਨਵੇਂ ਮੰਦਰਾਂ ਦਾ ਦਰਜਾ ਦਿੱਤਾ ਸੀ। ਇਹ ਉਹ ਪ੍ਰਧਾਨ ਮੰਤਰੀ ਸੀ ਜਿਸ ਦੀ ਪੱਕੀ ਧਾਰਨਾ ਸੀ ਕਿ ਵਿਗਿਆਨਕ ਸੋਚ, ਨਵੀਆਂ ਲੱਭਤਾਂ ਨੂੰ ਵਰਤ ਕੇ ਹੀ ਨਵੇਂ ਅਤੇ ਅਗਾਂਹਵਧੂ ਭਾਰਤ ਦਾ ਨਿਰਮਾਣ ਕੀਤਾ ਜਾ ਸਕਦਾ ਹੈ।

ਪਰ ਨਹਿਰੂ ਦੀ ਅਗਾਂਹਵਧੂ ਸੋਚ ਤੋਂ ਉਲਟ ਅਜੋਕੀ ਸਰਕਾਰ ਪਿਛਲਮੁਖੀ ਨੀਝ ਵਾਲੇ ਪੈਂਡੇ ਪਈ ਹੋਈ ਹੈ। ਦੁਸ਼ਵਾਰੀਆਂ ਅਤੇ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਦਾ ਧਿਆਨ ਮੂਲ ਸਵਾਲਾਂ ਤੋਂ ਹਟਾਉਣ ਲਈ ਉਨ੍ਹਾਂ ਨੂੰ ਅਗਾਂਹ ਦੀ ਬਜਾਏ ਪਿਛਾਂਹ ਵਲ ਝਾਕਦੇ ਰਹਿਣ ਲਈ ਉਕਸਾ ਰਹੀ ਹੈ। ਰੋਜ਼ੀ-ਰੋਟੀ ਦੀਆਂ ਫੌਰੀ ਹੱਲ ਮੰਗਦੀਆਂ ਸਮੱਸਿਆਵਾਂ ਤੋਂ ਉਨ੍ਹਾਂ ਨੂੰ ਵਰਗਲਾਉਣ ਲਈ ਭਾਰਤ ਦੇ ਸੁਨਹਿਰੇ ਇਤਿਹਾਸ/ਮਿਥਿਹਾਸ ਵਲ ਉਨ੍ਹਾਂ ਦਾ ਮੂੰਹ ਮੋੜ ਰਹੀ ਹੈ। ਅਜੋਕੇ ਜੀਵਨ ਦੀਆਂ ਕੌੜੀਆਂ ਸੱਚਾਈਆਂ ਤੋਂ ਅੱਖਾਂ ਮੀਟਣ ਵਲ ਲੋਕਾਂ ਨੂੰ ਧੱਕਦੀ ਸਾਡੀ ਸਰਕਾਰ ਉਨ੍ਹਾਂ ਦੀਆਂ ਸਵਾਲੀਆ ਨਜ਼ਰਾਂ ਨੂੰ ਕਿਸੇ ਪੁਰਾਣੇ ਸੁਨਹਿਰੇ ਸਮੇਂ ਦੀਆਂ ਲਿਸ਼ਕੋਰਾਂ ਨਾਲ ਚੁੰਧਿਆ ਰਹੀ ਹੈ। ਲੋਕ ਵਿਦਰੋਹ ਦੀ ਉਭਰਦੀ ਕਾਂਗ ਨੂੰ ਡੱਕਣ ਲਈ ਗੌਰਵਮਈ ਵਿਰਸੇ ਦੇ ਬੰਨ੍ਹ ਉਸਾਰੇ ਜਾ ਰਹੇ ਹਨ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਵਿਰਸੇ ਵਿਚ ਬਹੁਤ ਕੁਝ ਗੌਰਵਮਈ ਹੈ। ਆਯੁਰਵੇਦ, ਯੋਗ, ਨਛੱਤਰ ਸ਼ਾਸਤਰ, ਗਣਿਤ ਦੇ ਵਿਗਿਆਨ ਭਾਰਤ ਵਿਚ ਵਧੇ ਅਤੇ ਪ੍ਰਫੁਲਤ ਹੋਏ ਪਰ ਵਿਗਿਆਨ ਉਸ ਥਾਂ ਆ ਕੇ ਰੁਕ ਨਹੀਂ ਸੀ ਗਿਆ। ਉਸ ਵਿਚ ਲਗਾਤਾਰ ਸੋਧਾਂ ਅਤੇ ਵਾਧੇ ਹੁੰਦੇ ਰਹੇ। ਵਿਗਿਆਨ ਹੈ ਹੀ ਨਿਰੰਤਰ ਸੋਧਾਂ ਅਤੇ ਨਿਰੰਤਰ ਵਾਧਿਆਂ ਦਾ ਸਮੁੱਚ, ਜੋ ਨਿਰੋਲ ਜਿਗਿਆਸਾ ਅਤੇ ਸਵਾਲਾਂ ਹੀ ਨਹੀਂ, ਲਗਾਤਾਰ ਉਪਜਦੇ ਸ਼ੰਕਿਆਂ ਅਤੇ ਉਨ੍ਹਾਂ ਦੇ ਹੱਲ ਉਤੇ ਵੀ ਆਧਾਰਿਤ ਹੁੰਦਾ ਹੈ। ਇਸੇ ਨੂੰ ਵਿਗਿਆਨਕ ਸੋਚ ਜਾਂ ਤਰਕਸ਼ੀਲਤਾ ਕਿਹਾ ਜਾਂਦਾ ਹੈ। ਵਿਗਿਆਨ ਅੰਨ੍ਹੀ ਭਗਤੀ ਅਤੇ ਮੂਕ ਸ਼ਰਧਾ ਉਤੇ ਨਹੀਂ ਪਨਪ ਸਕਦਾ, ਉਹ ਹਰ ਕਿਸਮ ਦੇ ਕਿੰਤੂ-ਪ੍ਰੰਤੂ ਨਾਲ ਪ੍ਰਫੁਲਤ ਹੁੰਦਾ ਹੈ। ਇਸੇ ਕਾਰਨ ਅਜੋਕਾ ਰਾਜ-ਪ੍ਰਬੰਧ ਵਿਗਿਆਨਕ ਸੋਚ ਦੇ ਹੀ ਵਿਰੁਧ ਖੜ੍ਹਾ ਦਿਸਦਾ ਹੈ।

ਵਿਗਿਆਨਕ ਸੋਚ ਸਵਾਲ ਕਰਨਾ ਸਿਖਾਉਂਦੀ ਹੈ, ਜਦੋਂ ਕਿ ਅਜੋਕਾ ਤੰਤਰ ਆਪਣੀ ਪਰਜਾ ਕੋਲੋਂ ਬਿਨਾਂ ਸ਼ਰਤ ਸ਼ਰਧਾ ਦੀ ਮੰਗ ਕਰਦਾ ਹੈ, ਕਿਸੇ ਵੀ ਕਿਸਮ ਦੇ ਸਵਾਲ ਉਸ ਨੂੰ ਦੇਸ਼-ਧ੍ਰੋਹ ਦੇ ਤੁਲ ਜਾਪਦੇ ਹਨ। ਇਹੋ ਕਾਰਨ ਹੈ ਕਿ ਮੁੜ ਮੁੜ ਕੇ ਮਹਾਂਭਾਰਤ ਦੇ ਸਮੇਂ ਇੰਟਰਨੈਟ, ਜਾਂ ਪੁਸ਼ਪਕ ਵਿਮਾਨਾਂ, ਜਾਂ ਪਲਾਸਟਿਕ ਸਰਜਰੀਆਂ ਦੇ ਕਿੱਸੇ ਪੂਰੀ ਗੰਭੀਰਤਾ ਨਾਲ ਪ੍ਰਚਾਰੇ ਜਾਂਦੇ ਹਨ। ਇਹ ਸਭ ਚਾਲਾਂ ਭਾਰਤੀ ਮਾਨਸਕਤਾ ਦੀ ਸਵਾਲੀਆ ਸ਼ਕਤੀ ਨੂੰ ਖੁੰਢਿਆਂ ਕਰ ਕੇ ਪੂਰਨ ਤੌਰ 'ਤੇ ਖਤਮ ਕਰਨ ਦੀਆਂ ਹਨ।

ਇਸੇ ਲਈ ਇਹੋ ਜਿਹੇ ਬਿਆਨਾਂ ਨੂੰ ਹਾਸੋਹੀਣੇ ਸਮਝ ਕੇ ਹਊ-ਪਰ੍ਹੇ ਨਹੀਂ ਕਰਨਾ ਚਾਹੀਦਾ, ਇਨ੍ਹਾਂ ਦੀ ਖਤਰਨਾਕ ਖਸਲਤ ਨੂੰ ਪਛਾਨਣ ਅਤੇ ਉਸ ਨਾਲ ਜੂਝਣ ਦੀ ਲੋੜ ਹੈ। ਸਾਹਿਤ ਅਤੇ ਕਲਾਵਾਂ ਉਤੇ ਹਮਲਾ, ਪ੍ਰੈਸ ਅਤੇ ਨਿਆਂ ਪਾਲਕਾ ਦੀ ਆਜ਼ਾਦੀ ਉਤੇ ਬੰਦਿਸ਼ਾਂ ਬਾਰੇ ਗੱਲਾਂ ਹੋ ਚੁੱਕੀਆਂ ਹਨ, ਹੋ ਰਹੀਆਂ ਹਨ। ਸਮਾਂ ਆ ਗਿਆ ਹੈ ਕਿ ਤਰਕਸ਼ੀਲਤਾ ਅਤੇ ਵਿਗਿਆਨਕ ਸੋਚ ਉਤੇ ਹੋ ਰਹੇ ਹਮਲਿਆਂ ਵਲ ਵੀ ਧਿਆਨ ਦੇਈਏ। ਲੋਕ ਮਾਨਸਿਕਤਾ ਨੂੰ ਵਿਉਂਤਬੱਧ ਢੰਗ ਨਾਲ ਜਿਹੜਾ ਪੁੱਠਾ ਗੇੜਾ ਦਿੱਤਾ ਜਾ ਰਿਹਾ, ਸੋਸ਼ਲ ਮੀਡੀਏ ਰਾਹੀਂ ਅਫ਼ਵਾਹਾਂ ਫੈਲਾਉਣ ਦੇ ਇਸ ਦੌਰ ਵਿਚ ਉਹ ਘਾਤਕ ਸਾਬਤ ਹੋਵੇਗਾ। ਤਰਕਸ਼ੀਲਾਂ ਅਤੇ ਵਿਗਿਆਨਕ ਸੋਚ ਰੱਖਣ ਵਾਲੇ ਲੋਕਾਂ ਨੂੰ ਇਸ ਖਤਰੇ ਤੋਂ ਚੌਕਸ ਰਹਿਣਾ ਚਾਹੀਦਾ ਹੈ।

# ਕਿਤਾਬ ਬਾਰੇ ਅਕਾਦਮਿਕ ਬਹਿਸ ਹੋਵੇ

ਪੰਜਾਬ ਸਕੂਲ ਸਿੱਖਿਆ ਸਕੂਲ ਬੋਰਡ ਨੇ 12ਵੀਂ ਜਮਾਤ ਲਈ ਇਤਿਹਾਸ ਦੀ ਨਵੀਂ ਕਿਤਾਬ ਤਿਆਰ ਕੀਤੀ ਹੈ। 11ਵੀਂ ਜਮਾਤ ਬਾਰੇ ਇੱਕ ਹੋਰ ਕਿਤਾਬ ਅੰਤਿਮ ਪੜਾਅ ਉਤੇ ਹੈ। ਕਈ ਸਿਆਸੀ ਪਾਰਟੀਆਂ ਅਤੇ ਕੁਝ ਸਿੱਖ ਵਿਦਵਾਨ ਸਾਨੂੰ ਇਹ ਜਚਾ ਰਹੇ ਹਨ ਕਿ ਸਮੁੱਚੀ ਸਿੱਖ ਪਛਾਣ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ, ਕਿਉਂਕਿ ਸਾਜ਼ਿਸ਼ ਇਹ ਘੜੀ ਜਾ ਰਹੀ ਹੈ ਕਿ ਬੱਚੇ ਸਿੱਖ ਇਤਿਹਾਸ ਅਤੇ ਇਸ ਦੀਆਂ ਸ਼ਾਨਦਾਰ ਰਵਾਇਤਾਂ ਬਾਬਤ ਹੀ ਨਾ ਪੜ੍ਹ ਸਕਣ। ਜੇ ਇਹ ਦੋਸ਼ ਸੱਚਮੁੱਚ ਸਹੀ ਹਨ ਤਾਂ ਇਹ ਬੜਾ ਗੰਭੀਰ ਮਸਲਾ ਬਣਦਾ


**ਕੁਲਜੀਤ ਬੈਂਸ**

ਹੈ। ਉਂਜ, ਇਨ੍ਹਾਂ ਦੋਸ਼ਾਂ ਦੀ ਪੁਣਛਾਣ ਦੀ ਸਖ਼ਤ ਲੋੜ ਹੈ।

ਸੂਬਾ ਸਰਕਾਰ ਨੇ ਇਸ ਸਬੰਧੀ ਆਪਣੇ ਕੁਝ ਤਰਕ ਦੇਣ ਦਾ ਯਤਨ ਕੀਤਾ ਹੈ। ਇਨ੍ਹਾਂ ਵਿਚੋਂ ਬਹੁਤੇ ਦਲੀਲਪੂਰਨ ਵੀ ਜਾਪਦੇ ਹਨ ਹਾਲਾਂਕਿ ਇਨ੍ਹਾਂ ਦਾਅਵਿਆਂ ਦੀਆਂ ਹਕੀਕਤਾਂ ਵੀ ਅਜੇ ਸਾਬਤ ਹੋਣੀਆਂ ਬਾਕੀ ਹਨ। 11ਵੀਂ ਜਮਾਤ ਦੇ ਕਿਤਾਬ ਦੇ ਵੇਰਵੇ ਅਜੇ ਲੋਕਾਂ ਤੱਕ ਪੁੱਜਣੇ ਹਨ। ਨਵੀਆਂ ਕਿਤਾਬਾਂ ਛਾਪਣ ਬਾਰੇ ਸਭ ਤੋਂ ਅਹਿਮ ਦਲੀਲ ਇਹ ਹੈ ਕਿ ਅਜੇ ਤੱਕ ਅਜਿਹੀ ਕੋਈ ਸਮੱਗਰੀ ਹੈ ਨਹੀਂ ਸੀ ਜਿਸ ਤੋਂ ਵਿਦਿਆਰਥੀਆਂ ਦੀ ਉਮਰ, ਉਨ੍ਹਾਂ ਉਤੇ ਸਮੁੱਚੇ ਪੜ੍ਹਾਈ ਦੇ ਦਾਬੇ ਅਤੇ ਵਿਸ਼ਾਲ ਅਕਾਦਮਿਕ ਆਸਾਂ ਬਾਰੇ ਕਮੇਟੀ ਕੋਈ ਅੰਦਾਜ਼ਾ ਲਾ ਸਕਦੀ। ਸਿਰਫ਼ ਪ੍ਰਾਈਵੇਟ ਪ੍ਰਕਾਸ਼ਕ ਹੀ ਗ਼ੈਰ-ਮਿਆਰੀ ਕਿਤਾਬਾਂ ਤਿਆਰ ਕਰ ਰਹੇ ਸਨ ਅਤੇ ਉਹ ਕਿਸੇ ਅੱਗੇ ਜਵਾਬਦੇਹ ਵੀ ਨਹੀਂ ਸਨ।

ਕਿਸੇ ਸਕੂਲ ਵੱਲੋਂ ਕੋਈ ਖ਼ਾਸ ਕਿਤਾਬ ਤਜਵੀਜ਼ ਕਰਨਾ, ਸਬੰਧਤ ਸਕੂਲ ਅਤੇ ਪ੍ਰਕਾਸ਼ਕ ਵਿਚਕਾਰ ਸਮਝੌਤੇ ਉਤੇ ਹੀ ਨਿਰਭਰ ਕਰਦਾ ਸੀ। ਅਜਿਹੀ ਕੋਈ ਅਥਾਰਿਟੀ ਨਹੀਂ ਸੀ ਜਿਹੜੀ ਇਨ੍ਹਾਂ ਪਾਠ ਪੁਸਤਕਾਂ ਨੂੰ ਮਨਜ਼ੂਰੀ ਦੇ ਸਕਦੀ। ਦਰਅਸਲ, ਕਿਤਾਬ ਖ਼ਿਲਾਫ਼ ਮੌਜੂਦਾ ਰੌਲਾ-ਰੱਪਾ ਪ੍ਰਕਾਸ਼ਕ ਦੇ ਨਫ਼ੇ ਦੀ ਆਲ੍ਹਾ ਮਿਸਾਲ ਹੈ। ਇਹ ਕਿਤਾਬ ਕਿਉਂਕਿ ਸਕੂਲ ਬੋਰਡ ਨੇ ਤਿਆਰ ਕੀਤੀ ਹੈ, ਇਹ ਪੁਣਛਾਣ ਦੇ ਘੇਰੇ ਵਿਚ ਆ ਗਈ ਹੈ, ਤੇ ਅਸੀਂ ਸਭ ਜਾਣਦੇ ਹਾਂ ਕਿ ਖਿਚਾਈ ਕਿਸ ਦੀ ਹੋਣੀ ਹੈ। ਅਸੀਂ ਇਹ ਤੱਥ ਵੀ ਦਰਕਿਨਾਰ ਨਹੀਂ ਕਰ ਸਕਦੇ ਕਿ ਮੌਜੂਦਾ ਰੌਲੇ-ਰੱਪੇ ਪਿੱਛੇ ਕਾਰੋਬਾਰੀ ਹਿਤ ਕੰਮ ਕਰਦੇ ਹੋ ਸਕਦੇ ਹਨ।

ਅਸੀਂ ਜਾਣਦੇ ਹਾਂ ਕਿ 10ਵੀ ਤੋਂ 12ਵੀਂ ਜਮਾਤ ਤੱਕ ਸਿੱਖ ਅਤੇ ਪੰਜਾਬ ਦੇ ਇਤਿਹਾਸ ਬਾਰੇ 10 ਤੋਂ ਵਧੇਰੇ ਅਧਿਆਇ ਹਨ। ਕੋਈ ਆਲੋਚਕ ਇਸ ਨਤੀਜੇ ਉਤੇ ਕਿਵੇਂ ਪੁੱਜਿਆ ਕਿ ਸਿੱਖ ਇਤਿਹਾਸ ਬਾਰੇ 10 ਨਹੀਂ, 23 ਜਾਂ 30 ਅਧਿਆਇ ਤਸੱਲੀਬਖ਼ਸ਼ ਹੋਣਗੇ? ਜਿਥੋਂ ਤੱਕ 12ਵੀਂ ਜਮਾਤ ਨੂੰ ਪੜ੍ਹਾਏ ਜਾਣ ਦਾ ਸਬੰਧ ਹੈ, ਤੱਥ ਇਹ ਹੈ ਕਿ ਵਿਦਿਆਰਥੀਆਂ ਨੂੰ ਸਰਬ-ਭਾਰਤੀ ਸਿਲੇਬਸ ਤਹਿਤ ਵੱਖ ਵੱਖ ਪ੍ਰਵੇਸ਼ ਜਾਂ ਚੋਣ ਇਮਤਿਹਾਨ ਦੇਣੇ ਪੈਂਦੇ ਹਨ। ਇਹ ਇਕੱਲੇ ਇਤਿਹਾਸ ਦਾ ਨਹੀਂ, ਸਾਰੇ ਵਿਸ਼ਿਆਂ




ਦਾ ਮਸਲਾ ਹੈ। ਸਾਰੇ ਵਿਸ਼ਿਆਂ ਦੇ ਪ੍ਰਸੰਗ ਵਿਚ, ਕਿਸੇ ਖਾਸ ਵਿਸ਼ੇ ਦੇ ਵਿਦਿਆਰਥੀ ਉਤੇ ਪੈ ਰਹੇ ਭਾਰ ਬਾਰੇ ਵੀ ਵਿਚਾਰ ਕਰਨਾ ਹੋਵੇਗਾ।

ਜਿਹੜੀ ਗੱਲ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੋਣਾ ਚਾਹੀਦਾ, ਉਹ ਇਹ ਹੈ ਕਿ ਕਿਤਾਬਾਂ ਦਾ ਮਿਆਰ ਸ਼ੱਕ ਦੀ ਮਾਰ ਤੋਂ ਉਪਰ ਹੋਣਾ ਚਾਹੀਦਾ ਹੈ। ਇਹੀ ਸਰਕਾਰ ਦੀ ਜ਼ਿੰਮੇਵਾਰੀ ਹੈ। 12ਵੀਂ ਜਮਾਤ ਦੀ ਕਿਤਾਬ ਵਿਚ ਕੁਝ ਗ਼ਲਤੀਆਂ ਅਤੇ ਤਰੁੱਟੀਆਂ ਸਾਹਮਣੇ ਆਈਆਂ ਹਨ। ਸਰਕਾਰ ਨੇ ਸੰਵੇਦਨਸ਼ੀਲ ਢੰਗ ਨਾਲ ਇਨ੍ਹਾਂ ਨੂੰ ਸਵੀਕਾਰ ਵੀ ਕੀਤਾ ਹੈ। ਪਹਿਲੇ ਅਡੀਸ਼ਨਾਂ ਵਿਚ ਅਜਿਹੀਆਂ ਗ਼ਲਤੀਆਂ ਆਮ ਹੁੰਦੀਆਂ ਹਨ। ਅਗਲੇ ਅਡੀਸ਼ਨਾਂ ਵਿਚ ਇਹ ਦੂਰ ਹੋ ਸਕਦੀਆਂ ਹਨ। ਉਂਜ, ਮਸਲੇ ਦੀ ਸੰਵੇਦਨਸ਼ੀਲਤਾ ਦੇ ਮੱਦੇਨਜ਼ਰ, ਸਰਕਾਰ ਕਿਤਾਬ ਬਾਰੇ ਨਜ਼ਰਸਾਨੀ ਲਈ ਮਾਹਿਰਾਂ ਦੀ ਵੱਖਰੀ ਕਮੇਟੀ ਕਾਇਮ ਕਰ ਸਕਦੀ ਹੈ। ਜੇ ਅੰਤਿਕਾ ਛਾਪਣ ਵਰਗੇ ਕਿਸੇ ਫੌਰੀ ਹੱਲ ਨਾਲ ਵੀ ਨਹੀਂ ਸਰਦਾ, ਤਾਂ ਇਹ ਪ੍ਰੋਜੈਕਟ ਅਗਲੇ ਸਾਲ ਤੱਕ ਰੋਕਿਆ ਜਾ ਸਕਦਾ ਹੈ। 11ਵੀਂ ਜਮਾਤ ਦੀ ਕਿਤਾਬ ਅਜੇ ਛਪਣੀ ਹੈ, ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਕਿਤਾਬ ਛਾਪੇ ਜਾਣ ਤੋਂ ਪਹਿਲਾਂ ਇਸ ਉਤੇ ਗੰਭੀਰਤਾ ਨਾਲ ਨਜ਼ਰਸਾਨੀ ਕੀਤੀ ਜਾਵੇ।

ਵਿਰੋਧੀ ਧਿਰ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਤੇ ਆਮ ਆਦਮੀ ਪਾਰਟੀ ਸ਼ਾਮਲ ਹਨ, ਜਾਣਬੁਝ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਇਨ੍ਹਾਂ ਵਲੋਂ ਵਾਰ ਵਾਰ ਇਹੀ ਕਿਹਾ ਜਾ ਰਿਹਾ ਹੈ ਕਿ 12ਵੀਂ ਜਮਾਤ ਵਿਚੋਂ ਸਿੱਖ ਇਤਿਹਾਸ ਹਟਾ ਦਿੱਤਾ ਗਿਆ ਹੈ; ਇਹ ਤੱਥ ਦਰਕਿਨਾਰ ਕੀਤਾ ਜਾ ਰਿਹਾ ਹੈ ਕਿ ਇਸ ਵਿਚੋਂ ਬਹੁਤਾ ਹਿੱਸਾ 11ਵੀਂ ਜਮਾਤ ਵਾਲੀ ਕਿਤਾਬ ਵਿਚ ਸ਼ਾਮਲ ਕਰ ਲਿਆ ਗਿਆ ਹੈ। ਇਹ ਲੋਕ ਸਰਕਾਰ ਵੱਲੋਂ 'ਗ਼ਲਤੀਆਂ' ਮੰਨਣ ਨੂੰ ਅਧਿਆਇ 'ਰੱਦ' ਕਰਨ ਨਾਲ ਜੋੜ ਕੇ ਗ਼ਲਤ ਅਰਥਾਂ ਵਿਚ ਵੀ ਲੈ ਰਹੇ ਹਨ। ਇਸ ਸਾਰੇ ਰੌਲੇ-ਰੱਪੇ ਨਾਲ ਇਨ੍ਹਾਂ ਪਾਰਟੀਆਂ ਦਾ ਹੱਥ ਕੁਝ ਉਪਰ ਹੋ ਸਕਦਾ ਹੈ ਪਰ ਉਹ ਖ਼ਤਰਨਾਕ ਖੇਡ ਖੇਡ ਰਹੀਆਂ ਹਨ।

'ਸਾਜ਼ਿਸ਼' ਘੜਨ ਦੇ ਦੋਸ਼ ਭਰਮ ਪੈਦਾ ਕਰਨ ਵਾਲੇ ਹਨ। ਵਿਰੋਧੀ ਧਿਰ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਕੌਣ, ਕਿਸ ਨਾਲ ਸਾਜ਼ਿਸ਼ ਕਰ ਰਿਹਾ ਹੈ। ਜੇ ਆਰ.ਐਸ.ਐਸ. (ਕੈਪਟਨ ਅਮਰਿੰਦਰ ਸਿੰਘ ਨਾਲ) ਸਾਜ਼ਿਸ਼ ਰਚ ਰਹੀ ਹੈ ਜਿਵੇਂ ਕੁਝ ਜਣੇ ਆਖ ਰਹੇ ਹਨ, ਫਿਰ ਇਸ ਪ੍ਰਸੰਗ ਵਿਚ ਅਕਾਲੀ ਦਲ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੀ ਭਾਰਤੀ ਜਨਤਾ ਪਾਰਟੀ ਰਾਜਪਾਲ ਦੇ ਦਰਾਂ ਉਤੇ ਕੀ ਕਰ ਰਹੀ ਸੀ? ਇਹ ਸਭ ਅਕਾਦਮਿਕ ਬਹਿਸ ਤੋਂ ਪਾਰ ਦੀਆਂ ਗੱਲਾਂਬਾਤਾਂ ਹਨ; ਇਹ ਨਿਰੀ ਸਿਆਸਤ ਹੈ।

ਤੱਥ ਇਹ ਹਨ ਕਿ ਸਾਰੀਆਂ ਪਾਠ ਪੁਸਤਕਾਂ ਵਿਚ ਸੁਧਾਈ ਦੀ ਲੋੜ ਹੈ। ਇਹ ਸੁਧਾਈ ਬਹੁਤ ਮਿਆਰੀ ਅਤੇ ਮਾਹਿਰਾਨਾ ਹੋਣੀ ਚਾਹੀਦੀ ਹੈ। ਜੇ ਸਰਕਾਰ ਨੇ ਚਲਾਵਾਂ ਕੰਮ ਕੀਤਾ ਹੈ, ਇਸ ਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਅਤੇ ਸੁਧਾਈ ਲਈ ਅਗਲਾ ਕਦਮ ਉਠਾਉਣਾ ਚਾਹੀਦਾ ਹੈ।

ਭਗਤ ਸਿੰਘ ਦੀ ਕਲਮ ਤੋਂ

# ਫਿਰਕੂ ਫਸਾਦ ਅਤੇ ਉਨ੍ਹਾਂ ਦਾ ਇਲਾਜ

***ਜਲ੍ਹਿਆਂਵਾਲੇ ਕਾਂਡ ਤੋਂ ਬਾਅਦ ਅੰਗਰੇਜ਼ਾਂ ਨੇ ਫਿਰਕੂ ਸਿਆਸਤ ਤੇਜ਼ ਕਰ ਦਿੱਤੀ ਸੀ। ਇਸ ਦੇ ਅਸਰ ਹੇਠ ਹੀ 1924 ਵਿਚ ਕੋਹਾਟ ਵਿਚ ਮੁਸਲਮਾਨ ਹਿੰਦੂ ਫਸਾਦ ਭੜਕੇ। ਇਸ ਤੋਂ ਬਾਅਦ ਕੌਮੀ ਸਿਆਸਤ ਵਿਚ ਫਿਰਕੂ ਫਸਾਦਾਂ 'ਤੇ ਗਹਿਗੱਚ ਬਹਿਸ ਚੱਲੀ। ਉਸ ਵਕਤ ਸ਼ਹੀਦ ਭਗਤ ਸਿੰਘ (1907-1931) ਨੇ ਇਹ ਲੇਖ ਲਿਖਿਆ ਸੀ ਜੋ ਜੂਨ 1927 ਦੇ 'ਕਿਰਤੀ' ਵਿਚ ਛਪਿਆ ਸੀ। ਉਸ ਵਕਤ ਉਹ ਵੀਹ ਵਰ੍ਹਿਆਂ ਦਾ ਵੀ ਨਹੀਂ ਸੀ ਹੋਇਆ। ਇਸ ਲਿਖਤ ਨੂੰ ਨੌਂ ਦਹਾਕੇ ਬੀਤ ਗਏ ਹਨ ਪਰ ਇਸ ਵਿਚਲੇ ਵਿਚਾਰ ਅੱਜ ਵੀ ਉਨੀ ਹੀ ਸਾਰਥਕਤਾ ਰੱਖਦੇ ਹਨ। -ਸੰਪਾਦਕ***

ਭਾਰਤ-ਵਰਸ਼ ਦੀ ਇਸ ਵੇਲੇ ਬੜੀ ਤਰਸਯੋਗ ਹਾਲਤ ਹੈ। ਇਕ ਧਰਮ ਦੇ ਪਿਛਲੱਗ, ਦੂਜੇ ਧਰਮ ਦੇ ਜਾਨੀ ਦੁਸ਼ਮਣ ਹਨ। ਹੁਣ ਤਾਂ ਇਕ ਧਰਮ ਦੇ ਹੋਣਾ ਹੀ ਦੂਜੇ ਧਰਮ ਦੇ ਕੱਟੜ ਵੈਰੀ ਹੋਣਾ ਹੈ। ਜੇ ਇਸ ਗੱਲ ਦਾ ਅਜੇ ਵੀ ਯਕੀਨ ਨਾ ਹੋਵੇ ਤਾਂ ਲਾਹੌਰ ਦੇ ਤਾਜ਼ੇ ਫਸਾਦ ਹੀ ਦੇਖ ਲਉ। ਕਿੰਦਾਂ ਮੁਸਲਮਾਨਾਂ ਨੇ ਬੇਗੁਨਾਹ ਸਿੱਖਾਂ, ਹਿੰਦੂਆਂ ਦੇ ਆਹੂ ਲਾਹੇ ਹਨ ਤੇ ਕਿੰਦਾਂ ਸਿੱਖਾਂ ਨੇ ਵੀ ਵਾਹ ਲੱਗਦੀ ਕੋਈ ਕਸਰ ਨਹੀਂ ਛੱਡੀ ਹੈ। ਇਹ ਆਹੂ ਇਸ ਲਈ ਨਹੀਂ ਲਾਹੇ ਗਏ ਹਨ ਕਿ ਫਲਾਣਾਂ ਪੁਰਸ਼ ਦੋਸ਼ੀ ਹੈ, ਸਗੋਂ ਇਸ ਲਈ ਕਿ ਫਲਾਣਾ ਪੁਰਸ਼ ਹਿੰਦੂ ਹੈ, ਜਾਂ ਸਿੱਖ ਹੈ ਜਾਂ ਮੁਸਲਮਾਨ ਹੈ। ਬੱਸ, ਕਿਸੇ ਦਾ ਸਿੱਖ ਜਾਂ ਹਿੰਦੂ ਹੋਣਾ ਮੁਸਲਮਾਨਾਂ ਦੇ ਕਤਲ ਕਰਨ ਲਈ ਕਾਫੀ ਸੀ ਅਤੇ ਇਸੇ ਤਰ੍ਹਾਂ ਹੀ ਕਿਸੇ ਪੁਰਸ਼ ਦਾ ਮੁਸਲਮਾਨ ਹੋਣਾ ਹੀ, ਉਸ ਦੀ ਜਾਨ ਲੈਣ ਲਈ ਕਾਫੀ ਦਲੀਲ ਸੀ। ਜਦ ਇਹੋ ਜਿਹੀ ਹਾਲਤ ਹੋਵੇ ਤਾਂ ਹਿੰਦੁਸਤਾਨ ਦਾ ਅੱਲਾ ਹੀ ਬੇਲੀ ਹੈ।

ਇਸ ਹਾਲਤ ਵਿਚ ਹਿੰਦੋਸਤਾਨ ਦਾ ਭਵਿਖ ਬੜਾ ਕਾਲਾ ਨਜ਼ਰ ਆਉਂਦਾ ਹੈ। ਇਨ੍ਹਾਂ 'ਧਰਮਾਂ' ਨੇ ਭਾਰਤ-ਵਰਸ਼ ਦਾ ਬੇੜਾ ਗਰਕ ਕਰ ਛੱਡਿਆ ਹੈ ਅਤੇ ਅਜੇ ਪਤਾ ਨਹੀਂ ਹੈ ਕਿ ਇਹ ਧਾਰਮਿਕ ਫਸਾਦ ਭਾਰਤ-ਵਰਸ਼ ਦਾ ਕਦੋਂ ਖਹਿੜਾ ਛੱਡਣਗੇ। ਇਨ੍ਹਾਂ ਫਸਾਦਾਂ ਨੇ ਸੰਸਾਰ ਦੀਆਂ ਅੱਖਾਂ ਵਿਚ ਹਿੰਦੁਸਤਾਨ ਨੂੰ ਬਦਨਾਮ ਕਰ ਛੱਡਿਆ ਹੈ ਅਤੇ ਅਸਾਂ ਵੇਖਿਆ ਹੈ ਕਿ ਇਸ ਅੰਧ-ਵਿਸ਼ਵਾਸੀ ਵਹਿਣ ਵਿਚ ਸਭ ਵਹਿ ਜਾਂਦੇ ਹਨ। ਕੋਈ ਵਿਰਲਾ ਹੀ ਹਿੰਦੂ, ਮੁਸਲਮਾਨ ਜਾਂ ਸਿੱਖ ਹੁੰਦਾ ਹੈ ਜਿਹੜਾ ਆਪਣਾ ਦਿਮਾਗ਼ ਠੰਢਾ ਰੱਖਦਾ ਹੈ, ਬਾਕੀ ਸਭ ਦੇ ਸਭ ਇਹ ਨਾਮ ਧਰੀਕ ਧਰਮੀ ਆਪਣੇ ਨਾਮ ਧਰੀਕ ਧਰਮ ਦਾ ਰੋਅਬ ਕਾਇਮ ਰੱਖਣ ਲਈ ਡੰਡੇ-ਸੋਟੇ, ਤਲਵਾਰਾਂ, ਛੁਰੀਆਂ ਹੱਥ ਵਿਚ ਫੜ ਲੈਂਦੇ ਹਨ ਤੇ ਆਪਸ ਵਿਚੀਂ ਸਿਰ ਪਾੜ-ਪਾੜ ਕੇ ਮਰ ਜਾਂਦੇ ਹਨ। ਰਹਿੰਦੇ-ਖੂੰਹਦੇ ਕੁਝ ਤਾਂ ਫਾਹੇ ਲੱਗ ਜਾਂਦੇ ਹਨ ਅਤੇ ਕੁਝ ਜੇਲ੍ਹਾਂ ਵਿਚ ਸੁੱਟ ਦਿੱਤੇ ਜਾਂਦੇ ਹਨ। ਏਦਾਂ ਖੂਨ-ਖਰਾਬਾ ਹੋਣ 'ਤੇ ਇਨ੍ਹਾਂ 'ਧਰਮੀਆਂ' ਉਪਰ ਅੰਗਰੇਜ਼ੀ ਡੰਡਾ ਵਰ੍ਹਦਾ ਹੈ ਤੇ ਫਿਰ ਇਨ੍ਹਾਂ ਦੇ ਦਿਮਾਗ਼ ਦਾ ਕੀੜਾ ਟਿਕਾਣੇ ਆ ਜਾਂਦਾ ਹੈ।

ਜਿਥੋਂ ਤੱਕ ਵੇਖਿਆ ਗਿਆ ਹੈ, ਇਨ੍ਹਾਂ ਫਸਾਦਾਂ ਪਿੱਛੇ ਫਿਰਕੂ ਲੀਡਰਾਂ ਅਤੇ ਅਖ਼ਬਾਰਾਂ ਦਾ ਹੱਥ ਹੈ। ਇਸ ਵੇਲੇ ਹਿੰਦੁਸਤਾਨ ਦੇ ਲੀਡਰਾਂ ਨੇ ਉਹ ਗਹੋ-ਗਾਲ ਛੱਡੀ ਹੈ ਕਿ ਚੁੱਪ ਹੀ ਭਲੀ ਹੈ। ਉਹੋ ਲੀਡਰ ਜਿਹਨਾਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਭਾਰ ਆਪਣੇ ਸਿਰ 'ਤੇ ਚੁੱਕਿਆ ਹੋਇਆ ਸੀ ਅਤੇ ਜਿਹੜੇ 'ਸਾਂਝੀ ਕੌਮੀਅਤ' ਅਤੇ 'ਸਵਰਾਜ ਸਵਰਾਜ' ਦੇ ਦਮਗਜੇ ਮਾਰਦੇ ਨਹੀਂ ਸਨ ਥੱਕਦੇ, ਉਹੋ ਜਾਂ ਤਾਂ ਆਪਣੀਆਂ ਸਿਰੀਆਂ ਲੁਕਾਈ ਚੁੱਪ-ਚਾਪ ਬੈਠੇ ਹਨ ਜਾਂ ਏਸੇ ਧਰਮਵਾਰ ਵਹਿਣ ਵਿਚ ਹੀ ਵਹਿ ਗਏ ਹਨ। ਸਿਰੀਆਂ ਲੁਕਾ ਕੇ ਬੈਠਣ ਵਾਲੇ ਲੀਡਰਾਂ ਦੀ ਗਿਣਤੀ ਵੀ ਥੋੜ੍ਹੀ ਹੈ ਪਰ ਉਹ ਲੀਡਰ ਜਿਹੜੇ ਫਿਰਕੂ ਲਹਿਰ ਵਿਚ ਜਾ ਰਲੇ ਹਨ, ਉਹੋ ਜਿਹੇ ਤਾਂ ਬਹੁਤ ਹਨ। ਉਹੋ ਜਿਹੇ ਤਾਂ ਇਕ ਇੱਟ ਪੁੱਟਿਆਂ ਸੌ ਨਿਕਲਦੇ ਹਨ। ਇਸ ਵੇਲੇ ਉਹ ਆਗੂ ਜੋ ਦਿਲੋਂ ਸਾਂਝਾ ਭਲਾ ਚਾਹੁੰਦੇ ਹਨ, ਬਹੁਤ ਥੋੜ੍ਹੇ ਹਨ ਅਤੇ ਧਰਮਵਾਰ ਲਹਿਰ ਦਾ ਇਤਨਾ ਪ੍ਰਬਲ ਹੜ੍ਹ ਆਇਆ ਹੈ ਕਿ ਉਹ ਵੀ ਇਸ ਹੜ੍ਹ ਨੂੰ ਠੱਲ੍ਹ ਨਹੀਂ ਪਾ ਸਕੇ। ਇਉਂ ਜਾਪਦਾ ਹੈ ਕਿ ਹਿੰਦੁਸਤਾਨ ਵਿਚ ਤਾਂ ਲੀਡਰੀ ਦਾ ਦਿਵਾਲਾ ਨਿਕਲ ਗਿਆ ਹੈ।

ਦੂਜੇ ਸੱਜਣ ਜਿਹੜੇ ਫਿਰਕੂ ਅੱਗ ਨੂੰ ਭੜਕਾਉਣ ਵਿਚ ਖਾਸ ਹਿੱਸਾ ਲੈਂਦੇ ਰਹੇ ਹਨ, ਉਹ ਅਖ਼ਬਾਰਾਂ ਵਾਲੇ ਹਨ।

ਅਖ਼ਬਾਰ-ਨਵੀਸੀ ਦਾ ਪੇਸ਼ਾ ਜਿਹੜਾ ਕਦੇ ਬੜਾ ਉਚਾ ਸਮਝਿਆ ਜਾਂਦਾ ਸੀ, ਅੱਜ ਬਹੁਤ ਹੀ ਗੰਦਾ ਹੋਇਆ ਹੈ। ਇਹ ਲੋਕ ਇਕ ਦੂਜੇ ਦੇ ਬਰਖ਼ਿਲਾਫ ਬੜੇ ਮੋਟੇ-ਮੋਟੇ ਸਿਰਲੇਖ ਦੇ ਕੇ ਲੋਕਾਂ ਦੇ ਜਜ਼ਬਾਤ ਭੜਕਾਉਂਦੇ ਹਨ ਤੇ ਆਪਸ ਵਿਚੀਂ ਡਾਂਗੋ-ਸੋਟੀ ਕਰਾਉਂਦੇ ਹਨ। ਇਕ ਦੋ ਥਾਈਂ ਨਹੀਂ, ਕਿੰਨੀ ਥਾਈਂ ਹੀ ਇਸ ਲਈ ਫਸਾਦ ਹੋਇਆ ਹੈ ਕਿ ਸਥਾਨਕ ਅਖ਼ਬਾਰਾਂ ਨੇ ਬੜੇ ਭੜਕੀਲੇ ਲੇਖ ਲਿਖੇ ਸਨ। ਉਹ ਲਿਖਾਰੀ ਜਿਨ੍ਹਾਂ ਨੇ ਇਨ੍ਹਾਂ ਦਿਨਾਂ ਵਿਚ ਦਿਲ ਤੇ ਦਿਮਾਗ਼ ਠੰਢੇ ਰੱਖੇ ਹਨ, ਉਹ ਬਹੁਤ ਹੀ ਘੱਟ ਹਨ।

ਅਖ਼ਬਾਰਾਂ ਦਾ ਅਸਲੀ ਫਰਜ਼ ਤਾਂ ਵਿਦਿਆ ਦੇਣੀ, ਤੰਗ-ਦਿਲੀ ਵਿਚੋਂ ਲੋਕਾਂ ਨੂੰ ਕੱਢਣਾ, ਤੁਅੱਸਬ ਦੂਰ ਕਰਨਾ, ਆਪਸ ਵਿਚ ਪ੍ਰੇਮ ਮਿਲਾਪ ਪੈਦਾ ਕਰਨਾ ਅਤੇ ਹਿੰਦੁਸਤਾਨ ਦੀ ਸਾਂਝੀ ਕੌਮੀਅਤ ਬਣਾਉਣਾ ਸੀ, ਪਰ ਇਹਨਾਂ ਨੇ ਆਪਣਾ ਫਰਜ਼ ਇਨ੍ਹਾਂ ਸਾਰੇ ਹੀ ਅਸੂਲਾਂ ਦੇ ਉਲਟ ਬਣਾ ਲਿਆ ਹੈ। ਇਹਨਾਂ ਆਪਣਾ ਮੁੱਖ ਮੰਤਵ ਅਗਿਆਨ ਭਰਨਾ, ਤੰਗ ਦਿਲੀ ਦਾ ਪ੍ਰਚਾਰ ਕਰਨਾ, ਤੁਅੱਸਬ ਬਣਾਉਣਾ, ਲੜਾਈ ਝਗੜੇ ਕਰਾਉਣਾ ਅਤੇ ਹਿੰਦੁਸਤਾਨ ਦੀ ਸਾਂਝੀ ਕੌਮੀਅਤ ਨੂੰ ਤਬਾਹ ਕਰਨਾ ਬਣਾ ਲਿਆ ਹੋਇਆ ਹੈ। ਏਹੋ ਕਾਰਨ ਹੈ ਕਿ ਭਾਰਤ-ਵਰਸ਼ ਦੀ ਵਰਤਮਾਨ ਦਸ਼ਾ ਦਾ ਖ਼ਿਆਲ ਕਰ ਕੇ ਰੱਤ ਦੇ ਹੰਝੂ ਆਉਣ ਲੱਗ ਜਾਂਦੇ ਹਨ ਤੇ ਦਿਲ ਵਿਚ ਸਵਾਲ ਉਠਦਾ ਹੈ ਕਿ ਹਿੰਦੁਸਤਾਨ ਦਾ ਕੀ ਬਣੂੰ?

ਜਿਹੜੇ ਸੱਜਣ ਨਾ-ਮਿਲਵਰਤਣ ਦੇ ਦਿਨਾਂ ਦੇ ਜੋਸ਼ ਅਤੇ ਉਭਾਰ ਨੂੰ ਜਾਣਦੇ ਹਨ, ਉਨ੍ਹਾਂ ਨੂੰ ਇਹ ਹਾਲਤ ਵੇਖ ਕੇ ਰੋਣ ਆਉਂਦਾ ਹੈ। ਕਿਥੇ ਉਹ ਦਿਨ ਸਨ ਕਿ ਆਜ਼ਾਦੀ ਦੀ ਝਲਕ ਸਾਹਮਣੇ ਪਈ ਨਜ਼ਰ ਆਉਂਦੀ ਸੀ, ਕਿਥੇ ਅੱਜ ਆਹ ਦਿਨ ਹਨ ਕਿ ਸਵਰਾਜ ਸੁਪਨਾ ਜਿਹਾ ਹੋਇਆ ਹੋਇਆ ਹੈ। ਬਸ, ਏਹੋ ਹੀ ਤੀਜਾ ਲਾਭ ਹੈ, ਜਿਹੜਾ ਇਨ੍ਹਾਂ ਫਸਾਦਾਂ ਨਾਲ ਪਾਰਟੀ ਜਾਬਰਸ਼ਾਹੀ ਨੂੰ ਹੋਇਆ ਹੈ। ਉਹੋ ਨੌਕਰਸ਼ਾਹੀ ਜਿਸ ਦੀ ਹੋਂਦ ਨੂੰ ਖ਼ਤਰਾ ਪਿਆ ਹੋਇਆ ਸੀ, ਕਿ ਉਹ ਕੱਲ੍ਹ ਵੀ ਨਹੀਂ ਹੈ, ਪਰਸੋਂ ਵੀ ਨਹੀਂ, ਅੱਜ ਇੰਨੀਆਂ ਮਜ਼ਬੂਤ ਜੜ੍ਹਾਂ 'ਤੇ ਬੈਠੀ ਹੈ ਕਿ ਉਸ ਨੂੰ ਹਿਲਾਣਾ ਕੋਈ ਮਾੜਾ ਮੋਟਾ ਕੰਮ ਨਹੀਂ ਹੈ।

ਜੇ ਇਹਨਾਂ ਫਿਰਕੂ ਫਸਾਦਾਂ ਦਾ ਜੜ੍ਹ ਕਾਰਨ ਲੱਭੀਏ ਤਾਂ ਸਾਨੂੰ ਤਾਂ ਇਹ ਕਾਰਨ ਆਰਥਿਕ ਹੀ ਜਾਪਦਾ ਹੈ। ਨਾ-ਮਿਲਵਰਤਣ ਦੇ ਦਿਨਾਂ ਵਿਚ ਲੀਡਰਾਂ ਅਤੇ ਅਖ਼ਬਾਰ-ਨਵੀਸਾਂ ਨੇ ਢੇਰ ਕੁਰਬਾਨੀਆਂ ਕੀਤੀਆਂ ਸਨ। ਉਨ੍ਹਾਂ ਦੀ ਆਰਥਿਕ ਦਸ਼ਾ ਖ਼ਰਾਬ ਹੋ ਗਈ ਸੀ। ਨਾ-ਮਿਲਵਰਤਣ ਦੇ ਮੱਧਮ ਪੈ ਜਾਣ ਪਿੱਛੋਂ ਲੀਡਰਾਂ 'ਤੇ ਬੇ-ਇਤਿਬਾਰੀ ਜਿਹੀ ਹੋ ਗਈ, ਜਿਸ ਨਾਲ ਅੱਜ ਕੱਲ੍ਹ ਦੇ ਬਹੁਤਿਆਂ ਫਿਰਕੂ ਲੀਡਰਾਂ ਦੇ ਧੰਦਿਆਂ ਦਾ ਨਾਸ ਹੋ ਗਿਆ। ਸੰਸਾਰ ਵਿਚ ਜਿਹੜਾ ਕੰਮ ਸ਼ੁਰੂ ਹੁੰਦਾ ਹੈ, ਉਸ ਦੀ ਤਹਿ ਵਿਚ ਪੇਟ ਦਾ ਸੁਆਲ ਜ਼ਰੂਰ ਹੁੰਦਾ ਹੈ। ਕਾਰਲ ਮਾਰਕਸ ਦੇ ਵੱਡੇ ਤਿੰਨ ਅਸੂਲਾਂ ਵਿਚੋਂ ਇਹ ਮੁੱਖ ਅਸੂਲ ਹੈ। ਇਸ ਅਸੂਲ ਦੇ ਕਾਰਨ ਹੀ ਤਬਲੀਗ, ਤਕਜ਼ੀਮ ਅਤੇ ਸ਼ੁਧੀ ਆਦਿ ਸੰਗਠਨ ਸ਼ੁਰੂ ਹੋਏ ਤੇ ਏਸੇ ਕਾਰਨ ਹੀ ਅੱਜ ਸਾਡੀ ਉਹ ਦੁਰਦਸ਼ਾ ਹੋਈ ਜਿਹੜੀ ਕਿ ਬਿਆਨਾਂ ਤੋਂ ਬਾਹਰ ਹੈ।

ਬਸ ਸਾਰੇ ਫਸਾਦਾਂ ਦਾ ਇਲਾਜ ਜੇ ਕੋਈ ਹੋ ਸਕਦਾ ਹੈ ਤਾਂ ਉਹ ਹਿੰਦੁਸਤਾਨ ਦੀ ਆਰਥਿਕ ਦਸ਼ਾ ਦੇ ਸੁਧਾਰ ਨਾਲ ਹੀ ਹੋ ਸਕਦਾ ਹੈ। ਕਿਉਂਕਿ ਭਾਰਤ-ਵਰਸ਼ ਦੇ ਆਮ ਲੋਕਾਂ ਦੀ ਆਰਥਿਕ ਹਾਲਤ ਇੰਨੀ ਭੈੜੀ ਹੈ ਕਿ ਇਕ ਪੁਰਸ਼ ਨੂੰ ਕੋਈ ਚਾਰ ਆਨੇ ਦੇ ਕੇ ਦੂਜੇ ਨੂੰ ਬੇਇੱਜ਼ਤ ਕਰਵਾ ਸਕਦਾ ਹੈ। ਭੁੱਖ ਤੇ ਦੁੱਖ ਤੋਂ ਔਖਾ ਹੋ ਕੇ ਮਨੁੱਖ ਸਭ ਅਸੂਲ ਛਿੱਕੇ 'ਤੇ ਟੰਗ ਦਿੰਦਾ ਹੈ। ਸੱਚ ਹੈ, ਮਰਦਾ ਕੀ ਨਹੀਂ ਕਰਦਾ।

ਪਰ ਅਜੋਕੇ ਹਾਲਤ ਵਿਚ ਆਰਥਿਕ ਸੁਧਾਰ ਹੋਣਾ ਅਤੀ ਕਠਿਨ ਹੈ। ਕਿਉਂਕਿ ਸਰਕਾਰ ਬਦੇਸ਼ੀ ਹੈ ਤੇ ਏਹੋ ਹੀ ਲੋਕਾਂ ਦੀ ਹਾਲਤ ਨੂੰ ਨਹੀਂ ਸੁਧਰਨ ਦੇਂਦੀ ਹੈ। ਇਸ ਲਈ ਏਸੇ ਦੇ ਪਿੱਛੇ ਹੀ ਹੱਥ ਧੋ ਕੇ ਪੈਣਾ ਚਾਹੀਦਾ ਹੈ। ਜਦ ਤੱਕ ਇਹ ਬਦਲ ਨਾ ਜਾਵੇ, ਆਰਾਮ ਨਹੀਂ ਲੈਣਾ ਚਾਹੀਦਾ ਹੈ।

ਲੋਕਾਂ ਨੂੰ ਆਪਸ 'ਚ ਲੜਨ ਤੋਂ ਰੋਕਣ ਲਈ ਜਮਾਤੀ ਚੇਤਨਾ ਦੀ ਲੋੜ ਹੈ। ਗਰੀਬਾਂ, ਕਿਰਤੀਆਂ ਤੇ ਕਿਸਾਨਾਂ ਨੂੰ ਸਾਫ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ, ਇਸ ਲਈ ਤੁਹਾਨੂੰ ਇਹਨਾਂ ਦੇ ਹੱਥਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਤੇ ਇਨ੍ਹਾਂ ਦੇ ਹੱਥ 'ਤੇ ਚੜ੍ਹ ਕੇ ਕੁਝ ਨਹੀਂ ਕਰਨਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇਕੋ ਹੀ ਹਨ। ਤੁਹਾਡਾ ਭਲਾ ਇਸ ਵਿਚ ਹੈ ਕਿ ਤੁਸੀਂ ਧਰਮ, ਰੰਗ, ਨਸਲ ਤੇ ਕੌਮ ਅਤੇ ਮੁਲਕ ਦੇ ਭਿੰਨ-ਭੇਦ ਮਿਟਾ ਕੇ ਇਕੱਠੇ ਹੋ ਜਾਓ ਤੇ ਸਰਕਾਰ ਦੀ ਤਾਕਤ ਨੂੰ ਆਪਣੇ ਹੱਥ ਵਿਚ ਲੈਣ ਦੇ ਯਤਨ ਕਰੋ। ਇਹਨਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ ਨਹੀਂ ਹੋਵੇਗਾ, ਕਿਸੇ ਦਿਨ ਤੁਹਾਡੇ ਸੰਗਲ ਜ਼ਰੂਰ ਕੱਟੇ ਜਾਣਗੇ ਤੇ ਤੁਹਾਨੂੰ ਆਰਥਿਕ ਆਜ਼ਾਦੀ ਮਿਲ ਜਾਵੇਗੀ।

ਜਿਨ੍ਹਾਂ ਲੋਕਾਂ ਨੂੰ ਰੂਸ ਦੇ ਇਤਿਹਾਸ ਦਾ ਪਤਾ ਹੈ, ਉਹ ਜਾਣਦੇ ਹਨ ਕਿ ਜ਼ਾਰ ਵੇਲੇ ਉਥੇ ਵੀ ਏਹੋ ਹਿੰਦੋਸਤਾਨ ਵਾਲੀ ਹਾਲਤ ਸੀ, ਉਥੇ ਵੀ ਕਿੰਨੇ ਹੀ ਫਿਰਕੇ ਸਨ ਜਿਹੜੇ ਆਪਸ ਵਿਚ ਛਿੱਤਰ-ਪੋਲਾ ਹੀ ਖੜਕਾਉਂਦੇ ਰਹਿੰਦੇ ਸਨ। ਪਰ ਜਿਸ ਦਿਨ ਤੋਂ ਕਿਰਤੀ ਰਾਜ ਹੋਇਆ ਹੈ, ਉਥੇ ਨਕਸ਼ਾ ਹੀ ਬਦਲ ਗਿਆ ਹੈ। ਹੁਣ ਉਥੇ ਕਦੇ ਫਸਾਦ ਹੋਏ ਹੀ ਨਹੀਂ, ਹੁਣ ਉਥੇ ਹਰ ਇਕ ਨੂੰ 'ਇਨਸਾਨ' ਸਮਝਿਆ ਜਾਂਦਾ ਹੈ, 'ਧਰਮੀ' ਨਹੀਂ। ਜ਼ਾਰ ਦੇ ਵੇਲੇ ਲੋਕਾਂ ਦੀ ਆਰਥਿਕ ਦਸ਼ਾ ਬਹੁਤ ਹੀ ਭੈੜੀ ਸੀ। ਇਸ ਲਈ ਸਭ ਫਸਾਦ-ਝਗੜੇ ਹੁੰਦੇ ਸਨ। ਪਰ ਹੁਣ ਰੂਸੀਆਂ ਦੀ ਆਰਥਿਕ ਹਾਲਤ ਸੁਧਰ ਗਈ ਹੈ ਅਤੇ ਉਹਨਾਂ ਵਿਚ ਜਮਾਤੀ ਚੇਤਨਾ ਘਰ ਕਰ ਗਈ ਹੈ। ਇਸ ਲਈ ਉਥੇ ਹੁਣ ਤਾਂ ਕਦੇ ਕੋਈ ਫਸਾਦ ਸੁਣਨ ਵਿਚ ਹੀ ਨਹੀਂ ਆਏ।

ਇਹਨਾਂ ਫਸਾਦਾਂ ਵਿਚ ਉਂਜ ਤਾਂ ਬੜੇ ਦਿਲ ਢਾਹੁਣ ਵਾਲੇ ਸਮਾਚਾਰ ਸੁਣੇ ਜਾਂਦੇ ਹਨ ਪਰ ਕਲਕੱਤੇ ਦੇ ਫਸਾਦਾਂ ਵਿਚ ਇਕ ਗੱਲ ਬੜੀ ਖ਼ੁਸ਼ੀ ਵਾਲੀ ਸੁਣੀ ਗਈ ਸੀ। ਉਹ ਇਹ ਸੀ ਕਿ ਉਥੇ ਹੋਏ ਫਸਾਦਾਂ ਵਿਚ ਟਰੇਡ ਯੂਨੀਅਨਾਂ ਦੇ ਕਿਰਤੀਆਂ ਨੇ ਕੋਈ ਹਿੱਸਾ ਨਹੀਂ ਲਿਆ ਸੀ ਅਤੇ ਨਾ ਉਹ ਆਪਸ ਵਿਚ ਗੁੱਥਮ-ਗੁੱਥਾ ਹੋਏ ਸਨ। ਸਗੋਂ ਉਹ ਬੜੇ ਪ੍ਰੇਮ ਨਾਲ ਸਾਰੇ ਹੀ ਹਿੰਦੂ-ਮੁਸਲਮਾਨ ਇਕੱਠੇ ਮਿੱਲਾਂ ਆਦਿ ਵਿਚ ਰਹਿੰਦੇ-ਬਹਿੰਦੇ ਸਨ ਤੇ ਫਸਾਦ ਰੋਕਣ ਦੇ ਵੀ ਯਤਨ ਕਰਦੇ ਰਹੇ ਸਨ। ਇਹ ਇਸ ਲਈ ਕਿ ਉਹਨਾਂ ਵਿਚ ਜਮਾਤੀ ਚੇਤਨਾ ਆਈ ਹੋਈ ਸੀ ਤੇ ਉਹ ਆਪਣੇ ਜਮਾਤੀ ਫਾਇਦਿਆਂ ਨੂੰ ਭਲੀ-ਭਾਂਤ ਜਾਣਦੇ ਸਨ। ਜਮਾਤੀ ਚੇਤਨਾ ਦਾ ਇਹ ਸੋਹਣਾ ਰਾਹ ਹੈ ਜਿਹੜਾ ਫਸਾਦ ਰੋਕ ਸਕਦਾ ਹੈ।

ਇਹ ਖ਼ੁਸ਼ੀ ਦੀ ਸੋਅ ਸਾਡੇ ਕੰਨੀਂ ਪਈ ਹੈ ਕਿ ਭਾਰਤ ਦੇ ਨੌਜਵਾਨ ਹੁਣ ਉਹੋ ਜਿਹੇ ਧਰਮਾਂ ਤੋਂ ਜਿਹੜੇ ਆਪਸ ਵਿਚ ਲੜਾਉਣਾ ਤੇ ਨਫਰਤ ਕਰਨਾ ਸਿਖਲਾਂਦੇ ਹਨ, ਤੰਗ ਆ ਕੇ ਹੱਥ ਧੋਈ ਜਾਂਦੇ ਹਨ ਤੇ ਉਨ੍ਹਾਂ ਵਿਚ ਇੰਨੀ ਖੁੱਲ੍ਹਦਿਲੀ ਆ ਗਈ ਹੈ ਕਿ ਉਹ ਭਾਰਤ-ਵਰਸ਼ ਦੇ ਪੁਰਸ਼ਾਂ ਨੂੰ ਧਰਮ ਦੀ ਨਿਗ੍ਹਾ ਨਾਲ ਹਿੰਦੂ ਜਾਂ ਮੁਸਲਮਾਨ ਜਾਂ ਸਿੱਖ ਨਹੀਂ ਵੇਖਦੇ ਸਗੋਂ ਹਰ ਇਕ ਨੂੰ ਪਹਿਲਾਂ ਇਨਸਾਨ ਸਮਝਦੇ ਹਨ ਤੇ ਫਿਰ ਹਿੰਦੁਸਤਾਨੀ। ਭਾਰਤ-ਵਰਸ਼ ਦੇ ਗੱਭਰੂਆਂ ਵਿਚ ਇਨ੍ਹਾਂ ਖ਼ਿਆਲਾਂ ਦਾ ਆਉਣਾ ਦੱਸਦਾ ਹੈ ਕਿ ਭਾਰਤ-ਵਰਸ਼ ਦਾ ਅੱਗਾ ਬੜਾ ਚਮਕੀਲਾ ਹੈ ਅਤੇ ਭਾਰਤ ਵਾਸੀਆਂ ਨੂੰ ਇਹ ਫਸਾਦ ਆਦਿ ਹੁੰਦੇ ਵੇਖ ਕੇ ਘਬਰਾ ਨਹੀਂ ਜਾਣਾ ਚਾਹੀਦਾ ਹੈ, ਸਗੋਂ ਤਿਆਰ-ਬਰ-ਤਿਆਰ ਹੋ ਕੇ ਵਾਹ ਲਾਉਣੀ ਚਾਹੀਦੀ ਹੈ ਕਿ ਐਸਾ ਮਾਹੌਲ ਪੈਦਾ ਹੋ ਜਾਵੇ ਜਿਸ ਨਾਲ ਫਸਾਦ ਹੋਣ ਹੀ ਨਾ।

1914-15 ਦੇ ਸ਼ਹੀਦਾਂ ਨੇ ਧਰਮ ਨੂੰ ਸਿਆਸਤ ਤੋਂ ਵੱਖਰਾ ਕਰ ਦਿੱਤਾ ਹੋਇਆ ਸੀ। ਉਹ ਸਮਝਦੇ ਸਨ ਕਿ ਧਰਮ ਪੁਰਸ਼ਾਂ ਦਾ ਆਪਣਾ-ਆਪਣਾ ਵੱਖਰਾ ਕਰਤੱਵ ਹੈ ਤੇ ਇਸ ਵਿਚ ਦੂਜੇ ਦਾ ਕੋਈ ਦਖ਼ਲ ਨਹੀਂ। ਨਾ ਹੀ ਇਸ ਨੂੰ ਰਾਜਨੀਤੀ ਵਿਚ ਘੁਸੇੜਨਾ ਚਾਹੀਦਾ ਹੈ ਕਿਉਂਕਿ ਇਹ ਸਰਬੱਤ ਨੂੰ ਸਾਂਝੇ ਇਕ ਥਾਂ ਮਿਲ ਕੇ ਕੰਮ ਨਹੀਂ ਕਰਨ ਦੇਂਦਾ। ਇਸੇ ਲਈ ਹੀ ਉਹ ਗਦਰ ਵਰਗੀ ਲਹਿਰ ਵਿਚ ਵੀ ਇਕਮੁੱਠ ਅਤੇ ਇਕਜਾਨ ਰਹੇ ਸਨ ਤੇ ਜਿਥੇ ਸਿੱਖ ਵਧ-ਵਧ ਕੇ ਫਾਂਸੀਆਂ 'ਤੇ ਟੰਗੇ ਗਏ ਸਨ, ਉਥੇ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ ਸੀ।

ਇਸ ਵੇਲੇ ਕੁਝ ਹਿੰਦੋਸਤਾਨੀ ਆਗੂ ਵੀ ਮੈਦਾਨ ਵਿਚ ਨਿੱਤਰੇ ਜਾਪਦੇ ਹਨ ਜਿਹੜੇ ਧਰਮ ਨੂੰ ਰਾਜਨੀਤੀ ਤੋਂ ਅਲੱਗ ਕਰਨਾ ਚਾਹੁੰਦੇ ਹਨ। ਝਗੜੇ ਮੁਕਾਉਣ ਦਾ ਇਹ ਵੀ ਇਕ ਸੋਹਣਾ ਇਲਾਜ ਹੈ ਅਤੇ ਅਸੀਂ ਇਸ ਦੀ ਪ੍ਰੋੜਤਾ ਕਰਦੇ ਹਾਂ। ਜੇ ਧਰਮ ਨੂੰ ਵੱਖਰਿਆਂ ਕਰ ਦਿੱਤਾ ਜਾਵੇ ਤਾਂ ਅਸੀਂ ਰਾਜਨੀਤੀ ਉਤੇ ਸਾਰੇ ਇਕੱਠੇ ਹੋ ਸਕਦੇ ਹਾਂ, ਧਰਮਾਂ ਵਿਚ ਭਾਵੇਂ ਅਸੀਂ ਵੱਖਰੇ-ਵੱਖਰੇ ਹੀ ਹੋਈਏ।

ਸਾਡਾ ਖ਼ਿਆਲ ਹੈ ਕਿ ਹਿੰਦੋਸਤਾਨ ਦੇ ਸੱਚੇ ਦਰਦੀ ਇਹਨਾਂ ਦੱਸੇ ਇਲਾਜਾਂ ਵੱਲ ਜ਼ਰੂਰ ਗਹੁ ਕਰਨਗੇ ਅਤੇ ਹਿੰਦੁਸਤਾਨ ਦਾ ਜਿਹੜਾ ਆਤਮਘਾਤ ਹੋ ਰਿਹਾ ਹੈ, ਇਸ ਤੋਂ ਇਸ ਨੂੰ ਬਚਾ ਲੈਣਗੇ।



*1919 ਵਿਚ ਕੋਹਾਟ ਦੇ ਬਾਜ਼ਾਰ ਦੀ ਝਲਕ।*

# ਦਿਆਲ ਸਿੰਘ ਕਾਲਜ ਦਾ ਮਸਲਾ, ਸਿੱਖ ਅਤੇ ਸਰਕਾਰ

ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਮ ਬਦਲਣ ਖ਼ਿਲਾਫ ਸਾਰਾ ਸਿੱਖ ਜਗਤ ਲਾਮਬੰਦ ਹੋਇਆ, ਜਿਸ ਕਾਰਨ ਕੇਂਦਰ ਸਰਕਾਰ ਵੱਲੋਂ ਪੂਰੇ ਸਿੱਖ ਸਮਾਜ ਨੂੰ ਭਰੋਸਾ ਦਿਵਾਉਣਾ ਪਿਆ ਕਿ ਸਰਕਾਰ ਅਜਿਹਾ ਨਹੀਂ ਹੋਣ ਦੇਵੇਗੀ। ਇਸ ਭਰੋਸੇ ਦੇ ਬਾਵਜੂਦ ਦਿਆਲ ਸਿੰਘ ਕਾਲਜ ਦੀ ਮੈਨੇਜਮੈਂਟ ਦੇ ਮੁਖੀ ਵੱਲੋਂ ਅਜਿਹਾ ਬਿਆਨ ਦੇਣਾ ਕਿ ਸਰਕਾਰ ਦਾ ਇਸ ਸੰਸਥਾ ਵਿਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ, ਮੰਦਭਾਗੀ ਗੱਲ ਹੈ ਅਤੇ ਇਹ ਕੱਟੜ ਸੰਸਥਾਵਾਂ ਦਾ ਸਰਕਾਰ ਉਤੇ ਦਬਦਬਾ ਸਪਸ਼ਟ ਦਸਦੀ ਹੈ। ਸਰਕਾਰ ਵਲੋਂ ਇਸ ਭਰੋਸੇ ਦੇ ਬਾਵਜੂਦ ਦਿਆਲ ਸਿੰਘ ਕਾਲਜ ਦਾ ਨਾਮ ਦੁਬਾਰਾ ਵੰਦੇ ਮਾਤਰਮ ਦਿਆਲ ਸਿੰਘ ਕਾਲਜ ਰੱਖ ਦੇਣਾ ਸੁਭਾਵਿਕ ਨਹੀਂ ਸਮਝਿਆ ਜਾ ਸਕਦਾ। ਕੋਈ ਅਜਿਹਾ ਅਦਾਰਾ, ਚਾਹੇ ਤਾਲੀਮੀ ਹੈ ਜਾਂ ਕੋਈ ਹੋਰ, ਸਰਕਾਰ ਦੇ ਕਹੇ ਦੇ ਉਲਟ ਨਹੀਂ ਜਾ ਸਕਦਾ।

ਇਸ ਖ਼ਬਰ ਨੇ ਸਭ ਨੂੰ ਡੂੰਘੀ ਸੋਚ ਲਈ ਮਜਬੂਰ ਕੀਤਾ ਹੈ। ਇਹ ਕਹਿਣਾ ਕਿ ਵੰਡ ਤੋਂ ਬਾਅਦ ਸਿੱਖ ਭਾਈਚਾਰੇ ਦੇ ਜੋ ਲੋਕ ਇਧਰ ਹਿੰਦੁਸਤਾਨ ਆਏ, ਉਨ੍ਹਾਂ ਦੇ ਪੱਲੇ ਕੁਝ ਨਹੀਂ ਸੀ। ਇਹੋ ਜਿਹੀ ਸੌੜੀ ਸੋਚ ਵਾਲਿਆਂ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ

ਹਿੰਦੁਸਤਾਨ ਵਿਚ ਹਿੰਦੁਤਵ ਜੋ ਆਜ਼ਾਦੀ ਦਾ ਨਿੱਘ ਮਾਣ ਰਿਹਾ ਹੈ, ਉਸ ਨਿੱਘ ਹੇਠਾਂ ਜੋ ਅੱਗ ਬਲ ਰਹੀ ਹੈ, ਉਸ ਵਿਚ ਲੱਖਾਂ ਸਿੱਖਾਂ ਨੇ ਆਪਣਾ ਜੀਵਨ ਬਲੀਦਾਨ ਕੀਤਾ ਹੈ। ਉਹ ਆਰ.ਐਸ.ਐਸ. ਵਾਂਗ ਆਜ਼ਾਦੀ ਦੀ ਲੜਾਈ ਸਮੇਂ ਖ਼ਾਮੋਸ਼ ਨਹੀਂ ਸਨ ਬੈਠੇ ਰਹੇ। ਭਾਰਤ ਦੀ ਆਜ਼ਾਦੀ ਲਈ ਹੀ ਉਹ ਆਪਣੇ ਘਰ-ਬਾਰ, ਕਾਰੋਬਾਰ ਭੇਟ ਚਾੜ੍ਹ ਕੇ ਇਧਰ ਆਏ ਸਨ ਅਤੇ ਇਧਰ ਆ ਕੇ ਵੀ ਉਨ੍ਹਾਂ ਨੇ ਆਪਣੀ ਹੱਡ ਭੰਨਵੀਂ ਮਿਹਨਤ ਨਾਲ ਹਿੰਦੁਸਤਾਨ ਨੂੰ ਭੁੱਖਮਰੀ ਨਾਲ ਲੜਨ ਦੇ ਕਾਬਲ ਬਣਾਇਆ ਅਤੇ ਅਨਾਜ ਦੀ ਪੈਦਾਵਾਰ ਨਾਲ ਇਸ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ। ਅੱਜ ਜਿਸ ਸਮੇਂ ਆਰ.ਐਸ.ਐਸ. ਭਾਰਤੀ ਸਮਾਜ ਵਿਚ ਨਫ਼ਰਤ ਫੈਲਾ ਰਹੀ ਹੈ, ਕਰਮ-ਕਾਂਡ ਅਤੇ ਜਾਤ-ਪਾਤ ਨੂੰ ਦੁਬਾਰਾ ਸੁਰਜੀਤ ਕੀਤਾ ਜਾ ਰਿਹਾ ਹੈ, ਉਤੇ ਸਿੱਖ ਸਮਾਜ ਦੁਨੀਆਂ ਨੂੰ ਗੁਰੂਆਂ ਦਾ ਸ਼ਾਂਤੀ ਦਾ ਸੰਦੇਸ਼ ਦੇ ਰਿਹਾ ਹੈ ਅਤੇ ਮਿਲ ਬੈਠ ਕੇ ਰਹਿਣ ਦਾ ਹੋਕਾ ਦੇ ਰਹੇ ਹਨ। ਜਿਥੇ ਦੁਨੀਆਂ ਵਿਚ ਹਿੰਦੁਤਵੀ ਤਾਕਤਾਂ ਦੀ ਨਿੰਦਾ ਹੋ ਰਹੀ ਹੈ, ਉਤੇ ਸਿੱਖਾਂ ਦੇ ਮਾਨਵਤਾ ਦੀ ਸੇਵਾ ਦੇ ਕੰਮਾਂ ਨੂੰ ਦੁਨੀਆਂ ਦਾ ਹਰ ਦੇਸ਼ ਅਤੇ ਹਰ ਤਬਕਾ ਸਰਾਹ ਰਿਹਾ ਹੈ।

ਦੂਸਰਾ, ਇਹ ਸ਼ਬਦ ਵੰਦੇ ਮਾਤਰਮ ਜਿਸ ਉਪਰ ਕਮਿਊਨਿਸਟਾਂ, ਦਲਿਤ ਅਤੇ ਮੁਸਲਮਾਨ ਭਾਈਚਾਰੇ ਨੂੰ ਇਤਰਾਜ਼ ਹੈ, ਉਸ 'ਤੇ ਹੁਣ ਸਿੱਖ ਵੀ ਇਤਰਾਜ਼ ਕਰਦੇ ਹਨ। ਇਹ ਸਾਰਾ ਕੁਝ ਸੁਭਾਵਿਕ ਨਹੀਂ ਹੈ। ਵੰਦੇ ਮਾਤਰਮ ਸ਼ਬਦ ਦੀ ਕਾਢ ਮੁਸਲਮਾਨ ਭਾਈਚਾਰੇ ਖ਼ਿਲਾਫ਼ ਹਿੰਦੂ ਭਾਈਚਾਰੇ ਨੂੰ ਉਕਸਾਉਣ ਲਈ ਬੰਕਿਮਚੰਦਰ ਚੈਟਰਜੀ ਨੇ ਕੀਤੀ, ਜਿਸ ਨੂੰ ਤਾਲੀਮ ਮੁਸਲਮਾਨ ਟਰੱਸਟ ਵੱਲੋਂ ਦਿਵਾਈ ਗਈ ਸੀ। ਉਸ ਵੱਲੋਂ ਲਿਖੇ ਨਾਵਲ 'ਆਨੰਦ ਮੱਠ' ਵਿਚ ਮੱਠ ਦੇ ਪੁਜਾਰੀਆਂ ਨੂੰ ਹਿੰਦੂ ਨੌਜਵਾਨਾਂ ਵਿਚ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਪੈਦਾ ਕਰਨ ਲਈ ਕਿਹਾ ਗਿਆ ਹੈ। ਹੁਣ ਇਹੋ ਜਿਹੇ ਸ਼ਬਦ ਨੂੰ ਦਿਆਲ ਸਿੰਘ ਕਾਲਜ ਵਰਗੇ ਅਦਾਰੇ ਨਾਲ ਜੋੜਨਾ ਭਾਰਤ ਦੀਆਂ ਦੋ ਘੱਟ ਗਿਣਤੀਆਂ ਵਿਚਕਾਰ ਮਤਭੇਦ ਪੈਦਾ ਕਰਨ ਦਾ ਮਨਸੂਬਾ ਜਾਪਦਾ ਹੈ।

ਇਸੇ ਪ੍ਰਸੰਗ ਵਿਚ ਪੰਜਾਬ ਅਤੇ ਪੰਜਾਬੀਅਤ ਨਾਲ ਜੁੜੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਬੇਨਤੀ ਹੈ ਕਿ ਉਹ ਆਪਣੇ ਸਿਆਸੀ ਮਤਭੇਦ ਮਿਟਾ ਕੇ ਅਤੇ ਛੋਟੇ ਹਿਤਾਂ ਤੋਂ ਉਪਰ ਉਠ ਕੇ ਪੰਜਾਬ ਅਤੇ ਪੰਜਾਬੀਅਤ ਦੀਆਂ ਮੰਗਾਂ ਮਨਾਉਣ ਵਾਸਤੇ ਦਿੱਲੀ ਸਰਕਾਰ ਉਤੇ ਸਾਂਝਾ ਦਬਾਓ ਪਾਉਣ। ਦਿਆਲ ਸਿੰਘ ਕਾਲਜ ਦਾ ਨਾਮ ਵਿਗਾੜਨ ਜਾਂ ਹੋਰ ਇਸ ਵਰਗੇ ਮਸਲਿਆਂ ਵਿਚ ਸੰਘ ਪਰਿਵਾਰ ਦੀ ਦਖ਼ਲਅੰਦਾਜ਼ੀ ਖ਼ਿਲਾਫ਼ ਇਕੱਠੇ ਹੋ ਕੇ ਉਹ ਬਤੌਰ ਪੰਜਾਬੀ ਜਾਂ ਸਿੱਖ ਆਵਾਜ਼ ਬੁਲੰਦ ਕਰਨ, ਤਾਂ ਹੀ ਨਫ਼ਰਤ ਭੜਕਾਉਣ ਵਾਲਿਆਂ ਇਸ ਤਰ੍ਹਾਂ ਦੀਆਂ ਤਾਕਤਾਂ ਨੂੰ ਠੱਲ੍ਹ ਪਾਈ ਜਾ ਸਕੇਗੀ।

***-ਭਾਈ ਅਸ਼ੋਕ ਸਿੰਘ ਬਾਗੜੀਆਂ***
***ਫੋਨ: 91-98140-95308***

# ਚਰਨਜੀਤ ਪੰਨੂ ਦੀ ਸਮੁੱਚੀ ਸਾਹਿਤ ਸਿਰਜਣਾ 'ਤੇ ਗੋਸ਼ਟੀ

**ਫਗਵਾੜਾ (ਬਿਊਰੋ):** ਸਥਾਨਕ ਸੰਸਥਾਵਾਂ-ਪੰਜਾਬੀ ਸਾਹਿਤ ਤੇ ਸਭਿਆਚਾਰ ਸਦਨ, ਪੰਜਾਬੀ ਵਿਰਸਾ ਟਰੱਸਟ ਅਤੇ ਪੰਜਾਬ ਸਕੇਪ ਦੇ ਸਾਂਝੇ ਉਪਰਾਲੇ ਨਾਲ ਬਹੁ-ਪੱਖੀ ਸਾਹਿਤਕਾਰ ਸ. ਚਰਨਜੀਤ ਸਿੰਘ ਪੰਨੂ ਰਚਿਤ ਪੰਜ ਸਫਰਨਾਮਿਆਂ, ਚਾਰ ਕਾਵਿ-ਸੰਗ੍ਰਿਹਾਂ, ਤਿੰਨ ਕਹਾਣੀ-ਸੰਗ੍ਰਿਹਾਂ ਅਤੇ ਇੱਕ ਇਕਾਂਗੀ ਸੰਗ੍ਰਿਹ 'ਤੇ ਆਧਾਰਤ ਗੋਸ਼ਟੀ ਕਰਵਾਈ ਗਈ।

ਸਮਾਗਮ ਦੇ ਪਹਿਲੇ ਦੌਰ ਦੇ ਪ੍ਰਧਾਨਗੀ ਮੰਡਲ ਵਿਚ ਡਾ. ਸ਼ਿਆਮ ਸੁੰਦਰ ਦੀਪਤੀ, ਸੰਧੂ ਵਰਿਆਣਵੀ, ਸੁਲੱਖਣ ਸਰਹੱਦੀ, ਚਰਨਜੀਤ ਸਿੰਘ ਪੰਨੂ, ਸਾਬਕਾ ਡੀ. ਪੀ. ਆਰ. ਓ. ਗਿਆਨ ਸਿੰਘ ਅਤੇ ਡਾ. ਐਸ. ਐਸ. ਛੀਨਾ ਸ਼ਾਮਲ ਸਨ, ਜਦਕਿ ਦੂਜੇ ਦੌਰ ਦੇ ਪ੍ਰਧਾਨਗੀ ਮੰਡਲ ਵਿਚ ਡਾ. ਮੋਹਨ ਤਿਆਗੀ, ਬਲਦੇਵ ਸਿੰਘ ਸੜਕਨਾਮਾ, ਚਰਨਜੀਤ ਸਿੰਘ ਪੰਨੂ, ਡਾ. ਭੀਮ ਇੰਦਰ ਸਿੰਘ, ਸੁਰਜੀਤ ਬਰਾੜ ਅਤੇ ਡਾ. ਜਗੀਰ ਸਿੰਘ ਨੂਰ ਸ਼ਾਮਲ ਸਨ।

ਪ੍ਰੋਗਰਾਮ ਦੇ ਅਰੰਭ ਵਿਚ ਗੁਰਮੀਤ ਸਿੰਘ ਪਲਾਹੀ ਅਤੇ ਡਾ. ਜਗੀਰ ਸਿੰਘ ਨੂਰ ਨੇ ਚਰਨਜੀਤ ਸਿੰਘ ਪੰਨੂ ਦੀਆਂ ਪੁਸਤਕਾਂ ਬਾਰੇ ਸੰਖੇਪ ਵੇਰਵਾ ਦਿੰਦਿਆਂ ਹਾਜ਼ਰ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਿਆ। ਉਪਰੰਤ ਡਾ. ਪੁਸ਼ਵਿੰਦਰ ਕੌਰ ਨੇ ਕੀਨੀਆ ਅਤੇ ਤਨਜ਼ਾਨੀਆਂ ਦੇ ਸਫਰਨਾਮੇ ਬਾਰੇ ਖੋਜ ਪਰਚਾ ਪੇਸ਼ ਕੀਤਾ ਜਦਕਿ ਅਮਰਜੀਤ ਕੌਰ ਕਾਲਕਟ ਨੇ ਕੀਨੀਆ ਦੇ ਭੂਗੋਲਿਕ ਸਮਾਜਿਕ ਅਤੇ



ਸਭਿਆਚਾਰਕ ਸਰੋਕਾਰਾਂ ਨੂੰ ਆਪਣੇ ਪਰਚੇ 'ਚ ਉਭਾਰਿਆ।

ਡਾ. ਅਮਰਜੀਤ ਸਿੰਘ ਨੇ ਸ. ਪੰਨੂ ਦੇ ਕਾਵਿ ਸ਼ਾਸਤਰ ਸਿਧਾਂਤ ਨੂੰ ਪੇਸ਼ ਕੀਤਾ। ਉਪਰੰਤ



ਗੁਰਮੀਤ ਕੜਿਆਲਵੀ ਨੇ ਸ. ਪੰਨੂ ਦੀ ਕਹਾਣੀ ਸਿਰਜਣ ਪ੍ਰਕ੍ਰਿਆ ਬਾਰੇ ਜਾਣਕਾਰੀ ਦਿੱਤੀ। ਡਾ. ਪ੍ਰਵੀਨ ਕੁਮਾਰ ਨੇ ਆਪਣੇ ਖੋਜ ਪਰਚੇ ਵਿਚ ਇਕਾਂਗੀ ਸੰਗ੍ਰਿਹ 'ਪਰਮਵੀਰ ਚੱਕਰ' ਦਾ ਨਿਕਟ ਵਿਸ਼ਲੇਸ਼ਣ ਕੀਤਾ। ਪਰਚਿਆਂ ਉਪਰੰਤ ਭਖਵੀਂ ਬਹਿਸ ਹੋਈ।

ਡਾ. ਭੀਮਇੰਦਰ ਸਿੰਘ ਅਤੇ ਡਾ. ਮੋਹਨ ਤਿਆਗੀ ਨੇ ਸ. ਪੰਨੂ ਦੀ ਸਮੁੱਚੀ ਸਾਹਿਤਕ ਪ੍ਰਤਿਭਾ ਦੀ ਪਛਾਣ ਕਰਵਾਈ ਅਤੇ ਡਾ. ਸੁਰਜੀਤ ਬਰਾੜ ਨੇ ਉਨ੍ਹਾਂ ਦੀ ਸਮੁੱਚੀ ਸਾਹਿਤ ਸਿਰਜਣਾ ਤੇ ਇਸ ਵਿਚੋਂ ਉਭਰੇ ਵਿਚਾਰਧਾਰਾਈ ਸਰੋਕਾਰਾਂ ਦਾ ਵਰਣਨ ਕੀਤਾ।

ਮੰਚ ਸੰਚਾਲਨ ਡਾ. ਜਗੀਰ ਸਿੰਘ ਨੂਰ ਨੇ ਕੀਤਾ। ਸਾਹਿਤਕਾਰਾਂ ਦੇ ਭਰਵੇਂ ਇਕੱਠ ਵਿਚ ਉਨ੍ਹਾਂ ਦੀ ਹਿੰਦੀ ਪੁਸਤਕ 'ਕੀਨੀਆ ਦਰਪਣ' ਪ੍ਰਧਾਨਗੀ ਮੰਡਲ ਵਲੋਂ ਲੋਕ ਅਰਪਣ ਕੀਤੀ ਗਈ। ਚਰਨਜੀਤ ਸਿੰਘ ਪੰਨੂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਉਕਤ ਸੰਸਥਾਵਾਂ ਨੇ ਉਨ੍ਹਾਂ ਦਾ ਸਨਮਾਨ ਕੀਤਾ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪ੍ਰਿੰ. ਕੈਲਾਸ਼ ਭਾਰਦਵਾਜ, ਡਾ. ਸਰਲਾ ਭਾਰਦਵਾਜ, ਠਾਕੁਰ ਦਾਸ ਚਾਵਲਾ, ਪਰਵਿੰਦਰ ਸਿੰਘ, ਸੀਤਲ ਰਾਮ, ਸੁਖਵਿੰਦਰ ਸਿੰਘ, ਸਾਧੂ ਸਿੰਘ ਜੱਸਲ, ਰਘਬੀਰ ਸਿੰਘ ਮਾਨ, ਗਾਇਕ ਮੇਵੀ, ਡਾ. ਜਵਾਹਰ ਧੀਰ, ਵਰਿੰਦਰ ਕੰਬੋਜ, ਪ੍ਰੋ. ਪਰਮਜੀਤ ਕੌਰ ਨੂਰ, ਰਵਿੰਦਰ ਚੋਟ, ਹਰਬੰਸ ਕੈਂਥ ਅਤੇ ਪ੍ਰਿੰ. ਸ਼ਰਮਾ ਦੋਸਾਂਝ ਸ਼ਾਮਿਲ ਸਨ। ਗੁਰਮੀਤ ਸਿੰਘ ਪਲਾਹੀ ਨੇ ਪ੍ਰਧਾਨਗੀ-ਮੰਡਲ, ਖੋਜ ਪੇਪਰ ਪੇਸ਼ ਕਰਨ ਵਾਲੇ ਵਿਦਵਾਨਾਂ ਅਤੇ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ।

## ਸਾਹਿਤ ਖੇਤਰ 'ਚ ਇਸ ਸਾਲ ਨਹੀਂ ਦਿੱਤਾ ਜਾਵੇਗਾ ਨੋਬੇਲ ਪੁਰਸਕਾਰ

**ਕੋਪਨਹੇਗਨ:** ਸਵੀਡਿਸ਼ ਅਕੈਡਮੀ ਨੇ ਕਿਹਾ ਹੈ ਕਿ ਇਸ ਸਾਲ ਸਾਹਿਤ ਦੇ ਖੇਤਰ ਵਿਚ ਨੋਬੇਲ ਪੁਰਸਕਾਰ ਨਹੀਂ ਦਿੱਤਾ ਜਾਵੇਗਾ। ਜਿਨਸੀ ਸ਼ੋਸ਼ਣ ਦੇ ਦੋਸ਼ਾਂ ਅਤੇ ਹੋਰ ਮੁੱਦਿਆਂ ਕਾਰਨ ਜਥੇਬੰਦੀ ਦੇ ਅਕਸ ਨੂੰ ਪੁੱਜੇ ਨੁਕਸਾਨ ਕਾਰਨ ਇਹ ਫੈਸਲਾ ਲਿਆ ਗਿਆ ਹੈ। ਨੋਬੇਲ ਪੁਰਸਕਾਰਾਂ ਦੇ ਤਕਰੀਬਨ 70 ਸਾਲਾਂ ਵਿਚ ਪਹਿਲੀ ਵਾਰ ਹੈ ਕਿ ਇਹ ਪੁਰਸਕਾਰ ਨਹੀਂ ਦਿੱਤਾ ਜਾਵੇਗਾ। ਸਵੀਡਿਸ਼ ਅਕੈਡਮੀ ਦੇ ਅੰਤਰਿਮ ਸਥਾਈ ਸਕੱਤਰ ਐਂਡਰਜ਼ ਓਲਸਨ ਨੇ ਕਿਹਾ ਗਿਆ ਕਿ 2019 ਦੇ ਨੋਬੇਲ ਸਾਹਿਤ ਪੁਰਸਕਾਰ ਨਾਲ ਹੀ 2018 ਦਾ ਪੁਰਸਕਾਰ ਦਿੱਤਾ ਜਾਵੇਗਾ। ਪਿਛਲੀ ਵਾਰ ਅਕੈਡਮੀ ਨੇ ਪੁਰਸਕਾਰ 'ਚ ਦੇਰੀ ਦਾ ਐਲਾਨ 1949 ਵਿਚ ਕੀਤਾ ਸੀ।


ਪੁਰਸਕਾਰ ਦੇ ਐਲਾਨ ਨੂੰ ਅੱਗੇ ਪਾਉਣ ਪਿੱਛੇ ਦਲੀਲ ਦਿੱਤੀ ਗਈ ਕਿ ਜਿਨਸੀ ਸ਼ੋਸ਼ਣ ਅਤੇ ਵਿੱਤੀ ਗੜਬੜੀਆਂ ਦੇ ਮਾਮਲੇ ਸਾਹਮਣੇ ਆਉਣ ਮਗਰੋਂ ਅਕੈਡਮੀ ਨੋਬੇਲ ਜੇਤੂ ਦੀ ਚੋਣ ਕਰਨ ਦੀ ਹਾਲਤ 'ਚ ਨਹੀਂ ਹੈ। ਨਵੰਬਰ ਤੋਂ ਅਕੈਡਮੀ ਵਿਵਾਦਾਂ 'ਚ ਘਿਰ ਗਈ ਸੀ ਜਦੋਂ ਸਵੀਡਨ ਦੇ ਰਸੂਖਦਾਰ ਕਲਾਕਾਰ ਯਾਂ ਕਲੌਡ ਅਰਨਾਲਟ ਉਤੇ 18 ਔਰਤਾਂ ਨੇ ਬਲਾਤਕਾਰ, ਜਿਨਸੀ ਸ਼ੋਸ਼ਣ ਜਾਂ ਪਰੇਸ਼ਾਨ ਕਰਨ ਦੇ ਦੋਸ਼ ਲਗਾਏ ਸਨ। ਅਕੈਡਮੀ ਮੈਂਬਰ ਅਤੇ ਕਵੀ ਕੈਟਰੀਨਾ ਫਰੌਸਟਨਸਨ ਨੇ ਆਪਣੇ ਪਤੀ 'ਤੇ ਲੱਗੇ ਦੋਸ਼ਾਂ ਨੂੰ ਨਕਾਰਿਆ ਹੈ। ਅਕੈਡਮੀ ਦੇ 18 ਮੈਂਬਰਾਂ 'ਚ ਇਸ ਮੁੱਦੇ ਦੇ ਹੱਲ ਨੂੰ ਲੈ ਕੇ ਤਕਰਾਰ ਪੈਦਾ ਹੋ ਗਈ ਅਤੇ ਪਿਛਲੇ ਕੁਝ ਹਫਤਿਆਂ ਵਿਚ ਛੇ ਨੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ।

# ਸ੍ਰੀਨਿਵਾਸ ਦੇ ਹਤਿਆਰੇ ਨੂੰ 78 ਸਾਲਾਂ ਦੀ ਕੈਦ

**ਵਾਸ਼ਿੰਗਟਨ:** ਅਮਰੀਕੀ ਅਦਾਲਤ ਨੇ ਸਾਬਕਾ ਨੇਵੀ ਅਫਸਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਜਿਸ ਨੇ ਪਿਛਲੇ ਸਾਲ ਕੈਨਸਾਸ ਸਿਟੀ ਦੀ ਬਾਰ ਵਿਚ ਇਕ ਭਾਰਤੀ ਇੰਜੀਨੀਅਰ ਸ੍ਰੀਨਿਵਾਸ ਕੁਚੀਭੋਤਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਕੈਨਸਾਸ ਵਿਚ ਫੈਡਰਲ ਜੱਜ ਨੇ ਦੋਸ਼ੀ ਐਡਮ ਪੁਰਿੰਟਨ ਨੂੰ ਤਕਰੀਬਨ 78 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਉਹ 100 ਦੀ ਉਮਰ ਤੱਕ ਪੈਰੋਲ ਹਾਸਲ ਨਹੀਂ ਕਰ ਸਕੇਗਾ।

ਲੰਘੇ ਮਾਰਚ ਮਹੀਨੇ 52 ਸਾਲਾ ਪੁਰਿੰਟਨ ਨੇ ਕੁਚੀਭੋਤਲਾ ਦੀ ਹੱਤਿਆ ਦੇ ਦੋਸ਼ ਕਬੂਲ ਕਰ ਲਏ ਸਨ। ਪਿਛਲੇ ਸਾਲ 22 ਫਰਵਰੀ ਨੂੰ ਓਲੈਥ ਸਿਟੀ ਦੀ ਆਸਟਿਨ'ਜ਼ ਬਾਰ ਐਂਡ ਗਰਿੱਲ ਵਿਚ ਪੁਰਿੰਟਨ ਨੇ ਦੋ ਭਾਰਤੀਆਂ ਦੇਖ ਕੇ ਕਿਹਾ ਸੀ, 'ਸਾਡੇ ਦੇਸ਼ 'ਚੋਂ ਦਫ਼ਾ ਹੋ ਜਾਓ' ਤੇ ਉਸ ਨੇ 32 ਸਾਲਾ ਕੁਚੀਭੋਤਲਾ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ ਤੇ ਨਾਲ ਖੜ੍ਹੇ ਉਸ ਦੇ ਦੋਸਤ ਅਲੋਕ ਮਡਸਾਨੀ ਨੂੰ ਫੱਟੜ ਕਰ ਦਿੱਤਾ ਸੀ। ਇਨ੍ਹਾਂ ਤੋਂ ਇਲਾਵਾ ਪੁਰਿੰਟਨ ਨੂੰ ਫੈਡਰਲ ਕੋਰਟ ਵਿਚ ਵੀ ਇਸਤਗਾਸਾ ਵੱਲੋਂ ਲਾਏ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੈਨਸਾਸ ਵਿਚ ਅਮਰੀਕੀ ਅਟਾਰਨੀ



ਜਨਰਲ ਦੇ ਦਫਤਰ ਵੱਲੋਂ ਪਿਛਲੇ ਸਾਲ ਜੂਨ ਮਹੀਨੇ ਉਸ ਖਿਲਾਫ਼ ਨਫਰਤੀ ਹਮਲੇ ਦੇ ਦੋਸ਼ ਆਇਦ ਕੀਤੇ ਸਨ। ਹੈਦਰਾਬਾਦ ਵਾਸੀ ਕੁਚੀਭੋਤਲਾ ਦੀ ਪਤਨੀ ਸੁਨੈਨਾ ਦੁਮਾਲਾ ਨੇ ਕਿਹਾ ਇਹ ਫੈਸਲਾ ਮੇਰੇ ਪਤੀ ਨੂੰ ਵਾਪਸ ਤਾਂ ਨਹੀਂ ਲਿਆ ਸਕੇਗਾ ਪਰ ਇਕ ਸਖਤ ਸੰਦੇਸ਼ ਜ਼ਰੂਰ ਦੇਵੇਗਾ ਕਿ ਨਫਰਤ ਸਵੀਕਾਰ ਨਹੀਂ ਕੀਤੀ ਜਾ ਸਕਦੀ।

## ਹਵਾਈ ਅੱਡੇ ਦੇ ਗੁਸਲਖਾਨੇ 'ਚੋਂ 3 ਕਰੋੜ ਦਾ ਸੋਨਾ ਮਿਲਿਆ

**ਨਵੀਂ ਦਿੱਲੀ:** ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਸੀ.ਆਈ.ਐਸ.ਐਫ. ਵੱਲੋਂ ਇਕ ਕਿੱਲੋ ਸੋਨਾ ਬਰਾਮਦ ਕੀਤਾ ਗਿਆ ਜਿਸ ਦੀ ਬਾਜ਼ਾਰੀ ਕੀਮਤ 3 ਕਰੋੜ ਰੁਪਏ ਦੱਸੀ ਜਾ ਰਹੀ ਹੈ। ਜਦੋਂ ਸੁਰੱਖਿਆ ਅਧਿਕਾਰੀਆਂ ਨੂੰ ਪਤਾ ਲੱਗਾ ਕਿ ਹਵਾਈ ਅੱਡੇ ਦੇ ਇਕ ਗੁਸਲਖਾਨੇ ਵਿਚ ਲੈਪਟਾਪ ਵਾਲਾ ਬੈਗ ਲਾਵਾਰਸ ਪਿਆ ਹੈ ਤਾਂ ਉਹ ਚੌਕਸ ਹੋ ਗਏ। ਜਦੋਂ ਇਸ ਬੈਗ ਨੂੰ ਖੋਲ੍ਹਿਆ ਗਿਆ ਤਾਂ ਉਸ ਵਿਚੋਂ ਸੋਨੇ ਦੀਆਂ 9 ਛੜਾਂ ਮਿਲੀਆਂ। ਸ਼ੱਕ ਕੀਤਾ ਜਾਂਦਾ ਹੈ ਕਿ ਕੋਈ ਹਵਾਈ ਮੁਸਾਫਰ ਇਹ ਸੋਨਾ ਗੁਸਲਖਾਨੇ ਵਿਚ ਸੁਰੱਖਿਆ ਬਲਾਂ ਤੇ ਕਸਟਮ ਅਧਿਕਾਰੀਆਂ ਦੇ ਹੱਥੇ ਚੜ੍ਹਨ ਦੇ ਡਰੋਂ ਛੱਡ ਗਿਆ ਹੋਵੇਗਾ।

## ਹੋਟਲ ਡੇਗਣ ਗਈ ਅਫਸਰ ਨੂੰ ਗੋਲੀ ਮਾਰੀ

**ਕਸੌਲੀ:** ਨਾਜਾਇਜ਼ ਹੋਟਲ ਡੇਗਣ ਗਈ ਟੀਮ ਉਤੇ ਹੋਟਲ ਮਾਲਕ ਨੇ ਗੋਲੀ ਚਲਾ ਦਿੱਤੀ। ਗੋਲੀ ਲੱਗਣ ਨਾਲ ਅਸਿਸਟੈਂਟ ਟਾਊਨ ਪਲੈਨਰ ਸ਼ੈਲੀ ਸ਼ਰਮਾ ਦੀ ਮੌਕੇ ਉਤੇ ਹੀ ਮੌਤ ਹੋ ਗਈ। ਅਦਾਲਤ ਦੇ ਹੁਕਮਾਂ ਤਹਿਤ ਟੀਮ ਜਦੋਂ ਹੋਟਲ ਡੇਗਣ ਗਈ ਤਾਂ ਨਾਰਾਇਨੀ ਗੈਸਟ ਹਾਊਸ ਦੇ ਮਾਲਕ ਨੇ ਗੋਲੀ ਚਲਾ ਦਿੱਤੀ।

ਯਾਦ ਰਹੇ ਸੁਪਰੀਮ ਕੋਰਟ ਨੇ ਕਸੌਲੀ 'ਚ 35 ਹੋਟਲਾਂ ਦੇ ਗੈਰ-ਕਾਨੂੰਨੀ ਨਿਰਮਾਣ ਨੂੰ 15 ਦਿਨਾਂ 'ਚ ਸੁੱਟਣ ਦੇ ਆਦੇਸ਼ ਦਿੱਤੇ ਸਨ। ਅਦਾਲਤ ਦੇ ਹੁਕਮਾਂ ਕਾਰਨ 13 ਹੋਟਲਾਂ ਦੀਆਂ ਮੁਸ਼ਕਲਾਂ ਵਧ ਗਈਆਂ ਸਨ ਕਿਉਂਕਿ ਰਾਸ਼ਟਰੀ ਗਰੀਨ ਟ੍ਰਿਬਿਊਨਲ ਨੇ 13 ਹੋਟਲਾਂ ਨੂੰ ਗੈਰ-ਕਾਨੂੰਨੀ ਨਿਰਮਾਣ ਕਾਰਨ ਸੁੱਟਣ ਦੇ ਆਦੇਸ਼ ਦਿੱਤੇ ਸਨ। ਇਨ੍ਹਾਂ ਆਦੇਸ਼ਾਂ ਖਿਲਾਫ ਹੋਟਲ ਮਾਲਕਾਂ ਨੇ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਪਰ ਉਥੋਂ ਵੀ ਰਾਹਤ ਨਾ ਮਿਲੀ। ਬਾਕੀ 22 ਹੋਟਲਾਂ ਦਾ ਮਾਮਲਾ ਅਜੇ ਵੀ ਗਰੀਨ ਟ੍ਰਿਬਿਊਨਲ ਵਿਚ ਚੱਲ ਰਿਹਾ ਹੈ।

# ਸ਼ੋਪੀਆਂ 'ਚ ਮੁਕਾਬਲਾ: 5 ਦਹਿਸ਼ਤੀ ਹਲਾਕ

**ਸ੍ਰੀਨਗਰ:** ਸੁਰੱਖਿਆ ਦਸਤਿਆਂ ਨੇ ਜੰਮੂ ਕਸ਼ਮੀਰ ਦੇ ਸ਼ੋਪੀਆਂ ਜਿਲ੍ਹੇ ਵਿਚ ਮੁਕਾਬਲੇ ਦੌਰਾਨ ਹਿਜ਼ਬੁਲ ਮੁਜਾਹਦੀਨ ਦੇ ਪੰਜ ਦਹਿਸ਼ਤਪਸੰਦਾਂ ਨੂੰ ਮਾਰ ਮੁਕਾਇਆ ਜਿਨ੍ਹਾਂ ਵਿਚ ਕਸ਼ਮੀਰ ਯੂਨੀਵਰਸਿਟੀ ਦਾ ਇਕ ਪ੍ਰੋਫੈਸਰ ਵੀ ਸ਼ਾਮਲ ਹੈ, ਜੋ ਹੁਣੇ ਹੁਣ ਅਤਿਵਾਦੀਆਂ ਵਿਚ ਰਲਿਆ ਸੀ। ਇਸ ਦੌਰਾਨ ਮੁਕਾਬਲੇ ਵਾਲੀ ਜਗ੍ਹਾ ਮੁਜ਼ਾਹਰਾਕਾਰੀਆਂ ਤੇ ਸੁਰੱਖਿਆ ਏਜੰਸੀਆਂ ਵਿਚਕਾਰ ਹੋਈਆਂ ਝੜਪਾਂ ਵਿਚ ਪੰਜ ਨਾਗਰਿਕ ਵੀ ਮਾਰੇ ਗਏ ਹਨ।

ਸੁਰੱਖਿਆ ਦਸਤਿਆਂ ਨੂੰ ਦਹਿਸ਼ਤਪਸੰਦਾਂ ਦੀ ਮੌਜੂਦਗੀ ਦੀ ਸੂਹ ਮਿਲਣ ਤੋਂ ਬਾਅਦ ਉਨ੍ਹਾਂ ਸ਼ੋਪੀਆਂ ਦੇ ਜ਼ੈਨਾਪੋਰਾ ਖੇਤਰ ਵਿਚਲੇ ਪਿੰਡ ਬਡੀਗਾਮ ਵਿਚ ਘੇਰਾ ਪਾ ਕੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ। ਮਾਰੇ ਗਏ ਦਹਿਸ਼ਤਪਸੰਦਾਂ ਵਿਚ ਹਿਜ਼ਬੁਲ ਮੁਜਾਹਿਦੀਨ ਦੇ ਸਦਾਮ ਹੁਸੈਨ ਪੱਦਾਰ ਤੇ ਕਸ਼ਮੀਰ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਮੁਹੰਮਦ ਰਫੀ ਭੱਟ (ਪੀਐਚਡੀ) ਤੋਂ ਇਲਾਵਾ ਤੌਸੀਫ ਸ਼ੇਖ, ਆਦਿਲ ਅਹਿਮਦ ਮਲਿਕ ਤੇ ਬਿਲਾਲ ਮੌਲਵੀ ਸ਼ਾਮਲ ਦੱਸੇ ਜਾਂਦੇ ਹਨ। ਪੁਲਿਸ ਨੇ ਪ੍ਰੋ. ਭੱਟ ਨੂੰ ਆਤਮ ਸਮਰਪਣ ਲਈ ਮਨਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਸਨ। ਪੱਦਾਰ ਸ਼ੋਪੀਆਂ ਦੇ ਹੇਫ ਦਾ ਵਾਸੀ ਸੀ ਅਤੇ 2014 ਤੋਂ ਭਗੌੜਾ ਸੀ। ਸੁਰੱਖਿਆ ਅਧਿਕਾਰੀਆਂ ਅਨੁਸਾਰ ਇਨ੍ਹਾਂ ਪੰਜਾਂ ਨੂੰ ਮਾਰਨ ਨਾਲ ਹਿਜ਼ਬੁਲ ਮੁਜਾਹਿਦੀਨ ਦੇ ਪੋਸਟਰ ਬੁਆਏ ਬੁਰਹਾਨ ਵਾਨੀ ਨਾਲ 2015 ਪੰਦਰਾਂ ਵਿਚ ਇਕ ਫੋਟੋ ਵਿਚ ਦਿਖਾਈ ਦਿੰਦੇ ਸਾਰੇ ਦਸ ਅਤਿਵਾਦੀ ਮਾਰ ਦਿੱਤੇ ਗਏ ਹਨ। ਮੁਕਾਬਲੇ ਤੋਂ ਪਹਿਲਾਂ ਸੁਰੱਖਿਆ ਬਲਾਂ ਨੇ ਅਤਿਵਾਦੀਆਂ ਨੂੰ ਹਥਿਆਰ ਸੁੱਟਣ ਦੀਆਂ ਕਾਫੀ ਅਪੀਲਾਂ ਕੀਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਉਨ੍ਹਾਂ ਦੇ ਨਾਲ ਗੱਲਬਾਤ ਵੀ ਕਰਵਾਈ। ਇਸ ਦੌਰਾਨ, ਮੁਕਾਬਲੇ ਨੇੜੇ ਪਥਰਾ ਕਰ ਰਹੇ ਯੁਵਕਾਂ ਤੇ ਸੁਰੱਖਿਆ ਦਸਤਿਆਂ ਵਿਚਕਾਰ ਹੋਈਆਂ ਝੜਪਾਂ 'ਚ 5 ਜਣੇ ਮਾਰੇ ਗਏ ਤੇ ਕਈ ਹੋਰ ਜ਼ਖ਼ਮੀ ਹੋ ਗਏ।



## ਕਸ਼ਮੀਰ ਮਸਲੇ ਦਾ ਹੱਲ ਵਿਕਾਸ ਨਾਲ ਨਹੀਂ ਨਿਕਲਣਾ: ਉਮਰ

**ਸ੍ਰੀਨਗਰ:** ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਨੌਕਰੀਆਂ ਦੇਣ ਅਤੇ ਵਿਕਾਸ ਕਰਨ ਨਾਲ ਹੀ ਕਸ਼ਮੀਰ 'ਚ ਹਿੰਸਾ ਤੇ ਵੱਖਵਾਦ ਦਾ ਖਾਤਮਾ ਨਹੀਂ ਕੀਤਾ ਜਾ ਸਕਦਾ। ਉਧਰ, ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕਿਹਾ ਕਿ ਬੰਦੂਕਾਂ ਨਾਲ ਕਸ਼ਮੀਰ ਮਸਲਾ ਹੱਲ ਨਹੀਂ ਹੋਣ ਵਾਲਾ। ਉਮਰ ਅਬਦੁੱਲਾ ਨੇ ਟਵੀਟ ਕਰ ਕੇ ਕਿਹਾ ਕਿ ਮੁਹੰਮਦ ਰਫੀ ਭੱਟ ਦੀ ਮੌਤ ਉਨ੍ਹਾਂ ਲੋਕਾਂ ਨੂੰ ਜਵਾਬ ਹੈ ਜਿਹੜੇ ਸੋਚਦੇ ਹਨ ਕਿ ਸਿਰਫ ਵਿਕਾਸ ਅਤੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਨਾਲ ਹੀ ਕਸ਼ਮੀਰ ਸਮੱਸਿਆ ਦਾ ਹੱਲ ਨਿਕਲ ਸਕਦਾ ਹੈ।

# ਯੂ. ਪੀ. ਅਤੇ ਰਾਜਸਥਾਨ ਵਿਚ ਝੱਖੜ ਦਾ ਕਹਿਰ: 124 ਮੌਤਾਂ

**ਲਖਨਊ/ਜੈਪੁਰ:** ਉਤਰ ਪ੍ਰਦੇਸ਼ ਤੇ ਰਾਜਸਥਾਨ ਵਿਚ ਝੱਖੜ ਝੁੱਲਣ ਕਾਰਨ 124 ਲੋਕ ਮਾਰੇ ਗਏ ਹਨ ਅਤੇ ਦੋ ਸੌ ਤੋਂ ਵੱਧ ਜਖ਼ਮੀ ਹੋ ਗਏ ਹਨ। ਤੂਫਾਨ ਆਪਣੇ ਪਿੱਛੇ ਤਬਾਹੀ ਦੀਆਂ ਪੈੜਾਂ ਛੱਡ ਗਿਆ ਹੈ। ਭਾਰੀ ਤਾਦਾਦ ਵਿਚ ਘਰ



ਅਤੇ ਫਸਲਾਂ ਤਹਿਸ ਨਹਿਸ ਹੋ ਗਏ ਹਨ ਤੇ ਦਰਖਤ ਤੇ ਬਿਜਲੀ ਦੇ ਖੰਭੇ ਉਖੜ ਗਏ ਹਨ ਜਿਸ ਕਾਰਨ ਬਿਜਲੀ ਤੇ ਪਾਣੀ ਦੀ ਸਪਲਾਈ ਅਸਤ ਵਿਅਸਤ ਹੋ ਗਈ ਹੈ।

ਇਕੱਲੇ ਉਤਰ ਪ੍ਰਦੇਸ਼ ਵਿਚ ਝੱਖੜ ਕਾਰਨ 70 ਮੌਤਾਂ ਹੋਈਆਂ ਤੇ 83 ਜਖ਼ਮੀ ਦੱਸੇ ਜਾਂਦੇ ਹਨ।

ਰਾਜਸਥਾਨ ਵਿਚ 38 ਜਣੇ ਮਾਰੇ ਗਏ ਤੇ 100 ਦੇ ਕਰੀਬ ਜਖ਼ਮੀ ਹਨ। ਯੂਪੀ ਵਿਚ ਆਗਰਾ ਜ਼ਿਲ੍ਹਾ ਸਭ ਤੋਂ ਵੱਧ ਮਾਰ ਹੇਠ ਆਇਆ ਜਿਥੇ 36 ਮੌਤਾਂ ਤੇ 35 ਜਣੇ ਜਖ਼ਮੀ ਹੋਏ ਹਨ। ਆਗਰਾ ਤੋਂ ਇਲਾਵਾ ਬਿਜਨੌਰ, ਬਰੇਲੀ, ਸਹਾਰਨਪੁਰ, ਪੀਲੀਭੀਤ, ਫਿਰੋਜ਼ਾਬਾਦ, ਚਿਤਰਕੂਟ, ਮੁਜ਼ੱਫਰਨਗਰ, ਰਾਏ ਬਰੇਲੀ ਅਤੇ ਉਨਾਓ ਜਿਲ੍ਹੇ ਵੀ ਅਸਰ ਅੰਦਾਜ਼ ਹੋਏ। ਦਿਹਾਤੀ ਖੇਤਰਾਂ ਵਿਚ ਗੜਿਆਂ ਕਾਰਨ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਰਾਜਸਥਾਨ ਵਿਚ ਤੂਫਾਨ ਕਾਰਨ ਸਭ ਤੋਂ ਵੱਧ 17 ਮੌਤਾਂ ਧੌਲਪੁਰ ਜਿਲ੍ਹੇ ਵਿਚ ਹੋਈਆਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੋਵੇਂ ਰਾਜਾਂ ਵਿਚ ਹੋਈਆਂ ਮੌਤਾਂ 'ਤੇ ਦੁੱਖ ਜ਼ਾਹਰ ਕਰਦਿਆਂ ਅਧਿਕਾਰੀਆਂ ਨੂੰ ਰਾਜਾਂ ਨਾਲ ਤਾਲਮੇਲ ਕਰ ਕੇ ਬਚਾਅ ਤੇ ਰਾਹਤ ਦੇ ਕੰਮ ਵਿਚ ਤੇਜ਼ੀ ਲਿਆਉਣ ਲਈ ਕਿਹਾ ਹੈ।

# ਲੈਨਸਿੰਗ ਵਿਚ ਸਜਿਆ ਮਹਾਨ ਨਗਰ ਕੀਰਤਨ

**ਲੈਨਸਿੰਗ, ਮਿਸ਼ੀਗਨ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ ਦੀਆਂ ਸੰਗਤਾਂ ਦੇ ਉਦਮ ਨਾਲ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਾਲਾਨਾ ਮਹਾਨ ਨਗਰ ਕੀਰਤਨ ਲੰਘੇ ਸਨਿਚਰਵਾਰ ਸਜਾਇਆ ਗਿਆ ਜਿਸ ਵਿਚ ਮਿਸ਼ੀਗਨ ਦੇ ਵੱਖ ਵੱਖ ਸ਼ਹਿਰਾਂ-ਡਿਟਰਾਇਟ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸਾਗੀਨਾਅ, ਕੈਲਮਜ਼ੂ, ਬੈਟਲ ਕਰੀਕ ਤੇ ਬੈਂਟਨ ਹਾਰਬਰ ਤੋਂ ਇਲਾਵਾ ਸ਼ਿਕਾਗੋ, ਕਰਾਊਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਲਵਾਕੀ ਅਤੇ ਹੋਰ ਦੂਰ-ਨੇੜੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਇੰਡੀਆਨਾ ਤੇ ਮਿਸ਼ੀਗਨ, ਖਾਸ ਕਰ ਡਿਟਰਾਇਟ ਏਰੀਏ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚੀਆਂ ਹੋਈਆਂ ਸਨ। ਮੌਸਮ ਖੁਸ਼ਗਵਾਰ ਹੋਣ ਕਰਕੇ ਇਸ ਵਾਰ ਸੰਗਤਾਂ ਦੀ ਗਿਣਤੀ ਪਿਛਲੇ ਸਾਲਾਂ ਨਾਲੋਂ ਕਿਤੇ ਵੱਧ ਸੀ।

ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦੇ ਭੋਗ ਉਪਰੰਤ ਸੰਗਤਾਂ ਅਡੈਡੋ ਰਿਵਰਫਰੰਟ ਪਾਰਕ ਵਿਚ ਇਕੱਤਰ ਹੋਈਆਂ ਜਿੱਥੋਂ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਜੋ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਨਾਲ ਅਰੰਭ ਹੋਇਆ। ਸਭ ਤੋਂ ਅੱਗੇ ਪੰਜ ਪਿਆਰੇ ਆਪਣੇ ਰਵਾਇਤੀ ਬਾਣੇ ਵਿਚ ਚੱਲ ਰਹੇ ਸਨ। ਗੁਰੂ ਮਹਾਰਾਜ ਦੀ ਸਵਾਰੀ ਦੇ ਪਿਛੇ ਪਿਛੇ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਚੱਲ ਰਹੀਆਂ ਸਨ।

ਨਗਰ ਕੀਰਤਨ ਆਪਣੇ ਮਿਥੇ ਹੋਏ ਰੂਟ 'ਤੇ ਚਲਦਾ ਵਾਪਸ ਅਡੈਡੋ ਰਿਵਰਫਰੰਟ ਪਾਰਕ ਆ ਕੇ ਸਮਾਪਤ ਹੋਇਆ ਜਿਥੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਜਗਜੀਤ ਸਿੰਘ ਕੋਮਲ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਨਿਹਾਲ ਕੀਤਾ। ਭਾਈ ਦਲਜੀਤ ਸਿੰਘ ਮੱਲ੍ਹੀ (ਮਾਛੀਵਾੜੇ ਵਾਲੇ) ਦੇ ਢਾਡੀ ਜਥੇ ਨੇ ਬੀਰ ਰਸੀ ਵਾਰਾਂ ਰਾਹੀਂ ਸਿੱਖ ਇਤਿਹਾਸ ਸਰਵਣ ਕਰਵਾਇਆ।



ਨਗਰ ਕੀਰਤਨ ਤੋਂ ਬਾਅਦ ਲਾਈ ਗਈ ਸਟੇਜ ਤੋਂ ਮੁੱਖ ਮਹਿਮਾਨ ਲੈਨਸਿੰਗ ਦੇ ਮੇਅਰ ਐਂਡੀ ਸਕੋਰ ਨੇ ਸਿੱਖ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਮਿਸ਼ੀਗਨ ਸਟੇਟ ਦੇ ਵਿਕਾਸ ਵਿਚ ਸਿੱਖ ਭਾਈਚਾਰੇ ਵਲੋਂ ਪਾਏ ਗਏ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਪੁਲਿਸ ਮੁਖੀ ਮਾਈਕ ਯੈਨਕੋਨਸਕੀ, ਸੈਨੇਟਰ ਰਿਕ ਜੋਨਜ਼, ਸੈਨੇਟਰ ਕਰਟਿਸ ਹਰਟਲ ਅਤੇ ਲੈਨਸਿੰਗ ਸਿਟੀ ਕੌਂਸਲ ਸ਼ਾਸ਼ਤਰੀ ਜੀ ਵੀ ਹਾਜ਼ਰ ਸਨ। ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਦੇ ਦਫਤਰ ਤੋਂ ਕੌਂਸਲ ਓ. ਪੀ. ਮੀਨਾ ਸ਼ਿਕਾਗੋ ਤੋਂ ਉਚੇਚੇ ਤੌਰ 'ਤੇ ਪਹੁੰਚੇ ਜਿਨ੍ਹਾਂ ਨੇ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਕੌਂਸਲਖਾਨੇ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਸ਼ਿਕਾਗੋ ਤੋਂ ਡਾ. ਹਰਜਿੰਦਰ ਸਿੰਘ ਖਹਿਰਾ ਨੇ ਕੀਤਾ।

ਇਕ ਸਭਿਆਚਾਰਕ ਪ੍ਰੋਗਰਾਮ ਵੀ ਹੋਇਆ ਜਿਸ ਵਿਚ ਗਾਇਕ ਸਰਬਜੀਤ ਚੀਮਾ ਨੇ ਆਪਣੇ ਸਭਿਆਚਾਰਕ ਗੀਤਾਂ ਰਾਹੀਂ ਸੰਗਤਾਂ ਦਾ ਭਰਪੂਰ ਮਨੋਰੰਜਨ ਕੀਤਾ। ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਨੇ ਗਿੱਧੇ-ਭੰਗੜੇ ਦੇ ਜੌਹਰ ਦਿਖਾਏ। ਇਸ ਮੌਕੇ ਸੂਟਾਂ, ਗਹਿਣਿਆਂ, ਮਹਿੰਦੀ ਅਤੇ ਹੋਰ ਚੀਜ਼ਾਂ ਦੇ ਕਾਫੀ ਸਟਾਲ ਲੱਗੇ ਹੋਏ ਸਨ ਜਿਥੇ ਖਾਸ ਕਰ ਬੀਬੀਆਂ ਦੀ ਕਾਫੀ ਭੀੜ ਲੱਗੀ ਰਹੀ। ਬੱਚੇ ਪਾਰਕ ਵਿਚ ਲੱਗੀਆਂ ਕਈ ਤਰ੍ਹਾਂ ਦੀਆਂ ਖੇਡਾਂ, ਖਾਸ ਕਰ ਬਾਊਂਸ ਹਾਊਸ ਦਾ ਪੂਰਾ ਅਨੰਦ ਮਾਣ ਰਹੇ ਸਨ।

ਪਾਰਕ ਵਿਚ ਲਾਏ ਗਏ ਲੰਗਰ ਤੋਂ ਸੰਗਤਾਂ ਨੇ ਭਾਂਤ ਸੁਭਾਂਤੇ ਭੋਜਨ-ਪਦਾਰਥਾਂ ਦਾ ਅਨੰਦ ਮਾਣਿਆ। ਲੰਗਰ ਦੀ ਸੇਵਾ ਮਨਜੀਤ ਸਿੰਘ (ਗਰਿੱਲ ਆਫ ਇੰਡੀਆ, ਫਲਿੰਟ) ਤੇ ਪਰਿਵਾਰ ਵਲੋਂ; ਚਾਹ-ਪਕੌੜਿਆਂ ਤੇ ਮਠਿਆਈ ਦੀ ਸੇਵਾ ਫਲਿੰਟ ਦੀ ਸੰਗਤ ਵਲੋਂ; ਛੋਲੇ-ਭਠੂਰਿਆਂ ਦੀ ਸੇਵਾ ਅੰਮ੍ਰਿਤਪਾਲ ਸਿੰਘ ਤੇ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਕੈਂਟਨ ਦੀ ਸੰਗਤ ਵਲੋਂ; ਠੰਡੇ-ਬੱਤੇ ਦੀ ਸੇਵਾ ਅਮਰਜੀਤ ਸਿੰਘ ਮੁਲਤਾਨੀ ਅਤੇ ਪਾਣੀ ਦੀਆਂ ਬੋਤਲਾਂ ਦੀ ਸੇਵਾ ਜਸਬੀਰ ਸਿੰਘ (ਗਰੈਂਡ ਰੈਪਿਡਜ਼) ਤੇ ਪਰਿਵਾਰ ਵਲੋਂ; ਗੰਨੇ ਦੇ ਰਸ ਦੀ ਸੇਵਾ ਜੈਕਸਨ ਦੀ ਸੰਗਤ ਵਲੋਂ; ਕੁਲਫੀ ਤੇ ਸਨੋਅ ਕੋਨਜ਼ ਦੀ ਸੇਵਾ ਕਪੂਰ ਸਿੰਘ ਜੱਬੋ ਤੇ ਪਰਿਵਾਰ; ਆਈਸ ਕਰੀਮ, ਕਾਟਨ ਕੈਂਡੀ ਅਤੇ ਗੁਬਾਰਿਆਂ ਦੀ ਸੇਵਾ ਅਜੇ ਬਧਵਾਰ (ਸੀ ਪੀ ਏ) ਤੇ ਪਰਿਵਾਰ; ਮਿਲਕ ਸ਼ੇਕ, ਚਾਟ-ਪਾਪੜੀ ਤੇ ਫਰੂਟ ਚਾਟ ਦੀ ਸੇਵਾ ਜਸਵੰਤ ਸਿੰਘ ਤੇ ਕੈਲਮਜ਼ੂ ਦੀ ਸੰਗਤ ਵਲੋਂ; ਗੋਲ-ਗੱਪਿਆਂ ਦੀ ਸੇਵਾ ਗੁਰਦੁਆਰਾ ਸਟਰਲਿੰਗ ਹਾਈਟਸ ਦੀ ਸੰਗਤ ਵਲੋਂ ਅਤੇ ਦੁੱਧ ਤੇ ਫਲਾਂ ਦੀ ਸੇਵਾ ਅਮਰਿੰਦਰ ਸਿੰਘ, ਪਰਮਿੰਦਰ ਸਿੰਘ ਤੇ ਪਰਿਵਾਰ ਵਲੋਂ ਕੀਤੀ ਗਈ।



ਨਗਰ ਕੀਰਤਨ ਸਜਾਉਣ ਲਈ ਪ੍ਰਬੰਧਕ ਕਮੇਟੀ ਦੇ ਮੈਂਬਰਾਂ-ਲਾਡੀ ਮੁਲਤਾਨੀ, ਗੁਰਵਿੰਦਰ ਸਿੰਘ, ਬਲਬੀਰ ਸਿੰਘ, ਕੁਲਬੀਰ ਸਿੰਘ, ਕਸ਼ਮੀਰ ਸਿੰਘ, ਸੁਖਜਿੰਦਰ ਸਿੰਘ, ਬਖਸ਼ੀਸ਼ ਸਿੰਘ, ਜਸਵੰਤ ਸਿੰਘ, ਕਰਨੈਲ ਸਿੰਘ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ, ਕੁਲਵੰਤ ਸਿੰਘ, ਗੁਰਦੇਵ ਸਿੰਘ, ਰਾਜਿੰਦਰ ਸਿੰਘ ਤੇ ਜਸਵਿੰਦਰ ਸਿੰਘ ਨੇ ਤਨਦੇਹੀ ਨਾਲ ਸੇਵਾ ਨਿਭਾਈ।













# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਵਿਸਾਖੀ ਮੇਲੇ ਵਿਚ ਖੂਬ ਪਈਆਂ ਧਮਾਲਾਂ

**ਸਿਨਸਿਨੈਟੀ, ਓਹਾਇਓ (ਬਿਊਰੋ):** ਖੇਡ ਤੇ ਸਭਿਆਚਾਰਕ ਸੰਸਥਾ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵਲੋਂ ਕਰਵਾਏ ਗਏ 7ਵੇਂ ਸਾਲਾਨਾ ਵਿਸਾਖੀ ਮੇਲੇ ਵਿਚ ਛੋਟੇ ਬੱਚਿਆਂ, ਗੱਭਰੂਆਂ, ਮੁਟਿਆਰਾਂ ਅਤੇ ਬਜ਼ੁਰਗਾਂ ਨੇ ਗਿੱਧੇ, ਭੰਗੜੇ, ਡਾਂਸ, ਕਾਮੇਡੀ ਅਤੇ ਹੋਰ ਪੇਸ਼ਕਾਰੀਆਂ ਕਰ ਕੇ ਖੂਬ ਧਮਾਲਾਂ ਪਾਈਆਂ। ਮੇਲੇ ਵਿਚ ਛੋਟੇ-ਵੱਡੇ ਕਰੀਬ 150 ਬੱਚਿਆਂ ਨੇ ਤਾਂ 22 ਵੰਨਗੀਆਂ ਪੇਸ਼ ਕਰ ਕੇ ਆਪਣੀ ਕਲਾ ਦੇ ਜੌਹਰ ਵਿਖਾਏ ਹੀ, ਗੱਭਰੂਆਂ ਅਤੇ ਮੁਟਿਆਰਾਂ ਨੇ ਵੀ ਨੱਚ ਨੱਚ ਸਟੇਜ ਹਿੱਲਣ ਲਾਈ ਰੱਖੀ। ਮਲਵਈ ਗਿੱਧੇ ਦੀ ਪੇਸ਼ਕਸ਼ ਨੇ ਤਾਂ ਮੇਲਾ ਸਿਖਰ 'ਤੇ ਪਹੁੰਚਾ ਦਿੱਤਾ।

ਮੇਲਾ ਮੋਨਰੋ ਹਾਈ ਸਕੂਲ ਦੇ ਆਡੀਟੋਰੀਅਮ ਵਿਚ 'ਦੇਹਿ ਸ਼ਿਵਾ ਬਰ ਮੋਹਿ ਇਹੈ' ਸ਼ਬਦ ਦੇ ਗਾਇਨ ਨਾਲ ਸ਼ੁਰੂ ਹੋਇਆ। ਉਪਰੰਤ ਵੱਖ-ਵੱਖ ਉਮਰ ਦੇ ਗਰੁੱਪਾਂ ਨੇ ਇਕ ਪਿਛੋਂ ਇਕ ਪੇਸ਼ਕਾਰੀ ਪੇਸ਼ ਕੀਤੀ। ਪੰਜਾਬੀ ਸਭਿਆਚਾਰ ਦੇ ਨਾਲ-ਨਾਲ ਭਾਰਤੀ ਸਭਿਆਚਾਰ ਦਾ ਰੰਗ ਵੀ ਇਸ ਮੇਲੇ ਵਿਚ ਦੇਖਣ ਨੂੰ ਮਿਲਿਆ। ਹਾਲ ਦਰਸ਼ਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਕਈਆਂ ਨੂੰ ਤਾਂ ਬੈਠਣ ਲਈ ਵੀ ਥਾਂ ਨਾ ਮਿਲੀ।

ਛੋਟੇ ਬੱਚਿਆਂ ਦੀਆਂ ਰੰਗ-ਬਰੰਗੀਆਂ ਪੇਸ਼ਕਾਰੀਆਂ ਨੇ ਸਭ ਦਾ ਮਨ ਮੋਹ ਲਿਆ। ਹਰ ਪੇਸ਼ਕਾਰੀ ਤੋਂ ਬਾਅਦ ਪੂਰਾ ਹਾਲ ਤਾੜੀਆਂ ਦੀ ਆਵਾਜ਼ ਨਾਲ ਗੂੰਜ ਉਠਦਾ। ਸਥਾਨਕ ਕਲਾਕਾਰਾਂ-ਜਗਤਾਰ ਫੰਟੂ, ਬਲਵਿੰਦਰ ਫੰਟੂ, ਸੁਰਿੰਦਰ ਸਿੰਘ ਅਤੇ ਅਨਮੋਲ ਮਾਵੀ ਨੇ ਕਾਮੇਡੀ ਪੇਸ਼ ਕਰ ਕੇ ਦਰਸ਼ਕਾਂ ਨੂੰ ਖੂਬ ਹਸਾਇਆ ਤੇ ਦਰਸ਼ਕਾਂ ਤੋਂ ਭਰਵੀਂ ਪ੍ਰਸ਼ੰਸਾ ਖੱਟੀ।

ਮੁਟਿਆਰਾਂ ਦੇ ਗਿੱਧੇ ਨੇ ਮੇਲੇ ਨੂੰ ਚਾਰ ਚੰਨ ਲਾ ਦਿੱਤੇ। ਨਾਨਕਿਆਂ-ਦਾਦਕਿਆਂ ਦੀ ਨੋਕ-ਝੋਕ ਤੋਂ ਸ਼ੁਰੂ ਕਰ ਕੇ ਮੇਲਣਾਂ ਨੇ ਮੇਲੇ ਦਾ ਰੰਗ ਬੰਨ੍ਹ ਦਿੱਤਾ। ਇਉਂ ਜਾਪਦਾ ਸੀ ਜਿਵੇਂ ਦਰਸ਼ਕ ਪਰਦੇਸ ਬੈਠਿਆਂ ਪੰਜਾਬ ਜਾ ਪਹੁੰਚੇ ਹੋਣ। ਪੇਸ਼ਕਾਰੀਆਂ ਨੇ ਪੁਰਾਣੇ ਵੇਲੇ ਦੀਆਂ ਯਾਦਾਂ ਤਾਜ਼ਾ ਕਰਾ ਦਿੱਤੀਆਂ। ਜਦੋਂ ਮੁਟਿਆਰਾਂ ਨੇ ਨੱਚ-ਨੱਚ ਸਟੇਜ ਹਿੱਲਣ ਲਾਈ ਤਾਂ ਦਰਸ਼ਕ ਵਾਹ ਵਾਹ ਕਰ ਉਠੇ।

ਬੱਚਿਆਂ ਦੀਆਂ ਵੱਖ-ਵੱਖ ਟੀਮਾਂ ਨੂੰ ਹੋਰਨਾਂ ਤੋਂ ਇਲਾਵਾ ਸਥਾਨਕ ਕੋਰੀਓਗ੍ਰਾਫਰ ਅਨਮੋਲ ਮਾਵੀ, ਜੋਤੀ ਕਲੇਰ, ਏਂਜਲਾ ਸੈਣੀ, ਸਿਮਰਨ ਫੰਟੂ, ਅਰਮਾਨ ਮਾਵੀ, ਜ਼ੋਰਾ ਸੰਧੇਰ, ਪ੍ਰਭਵੀਰ ਗਿੱਲ, ਸੁਖਬੀਰ ਸੇਖੋਂ, ਖੁਸ਼ਲੀਨ ਗਿੱਲ, ਹਰਲੀਨ ਤੱਖਰ, ਕਮਲਪ੍ਰੀਤ ਕੌਰ ਨੇ ਤਿਆਰ ਕੀਤਾ। ਇਹ ਸਾਰੇ ਕੋਰੀਓਗ੍ਰਾਫਰ ਇਥੋਂ ਦੇ ਜੰਮਪਲ ਬੱਚੇ ਹਨ। ਇਨ੍ਹਾਂ ਨੇ ਆਪਣੇ ਵਿਰਸੇ ਨੂੰ ਸੰਭਾਲਦਿਆਂ ਬੱਚਿਆਂ ਨੂੰ ਖੂਬ ਮਿਹਨਤ ਕਰਵਾਈ ਜੋ ਬੱਚਿਆਂ ਦੀ ਪੇਸ਼ਕਾਰੀ ਵਿਚ ਸਾਫ ਨਜ਼ਰ ਆ ਰਹੀ ਸੀ। ਮਾਪੇ ਆਪਣੇ ਬੱਚਿਆਂ ਨੂੰ ਗਿੱਧਾ-ਭੰਗੜਾ ਪਾਉਂਦਿਆਂ ਵੇਖ ਫੁੱਲੇ ਨਹੀਂ ਸਮਾ ਰਹੇ ਸਨ।

ਜ਼ਿਕਰਯੋਗ ਹੈ ਕਿ ਸੁਸਾਇਟੀ ਵੱਲੋਂ ਪੰਜਾਬੀ ਸਭਿਆਚਾਰ ਨੂੰ ਹੁਲਾਰਾ ਦੇਣ ਲਈ ਹਰ ਸਾਲ ਇਹ ਉਪਰਾਲਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸੁਸਾਇਟੀ ਹਰ ਸਾਲ ਤੀਆਂ ਦਾ ਮੇਲਾ ਅਤੇ ਖੇਡ ਮੇਲਾ ਵੀ ਕਰਵਾਉਂਦੀ ਹੈ। ਮੇਲੇ ਦੌਰਾਨ ਸੁਸਾਇਟੀ ਦੇ ਨਵੇਂ ਪ੍ਰਧਾਨ ਅਮਰਜੀਤ ਸਿੰਘ ਤੱਖਰ ਨੂੰ ਮੌਜੂਦਾ ਪ੍ਰਧਾਨ ਚਰਨਜੀਤ ਸਿੰਘ ਬਰਾੜ ਨੇ ਸਨਮਾਨਤ ਕਰ ਕੇ ਅਹੁਦਾ ਸੰਭਾਲਿਆ। ਮੇਲੇ ਦੌਰਾਨ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਵਲੋਂ ਗਾਏ ਧਾਰਮਿਕ ਗੀਤ 'ਪੱਤ ਰੱਖਿਓ ਮੇਰੀ' ਅਤੇ ਗਤਕਾ ਟੀਮ ਰਾਹੀਂ ਬਹੁਤ ਹੀ ਵਧੀਆ ਕੋਰੀਓਗ੍ਰਾਫੀ ਕੀਤੀ ਗਈ।

ਮੇਲੇ ਦੇ ਅਖੀਰ ਵਿਚ ਸੁਸਾਇਟੀ ਦੇ ਮੈਂਬਰਾਂ ਨੇ ਮਲਵਈ ਗਿੱਧਾ ਤੇ ਭੰਗੜਾ ਪਾ ਕੇ ਖੂਬ ਅਨੰਦ ਮਾਣਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਕੁਮਾਰ ਪਵਨਦੀਪ ਤੇ ਭੁਪਿੰਦਰ ਮਾਵੀ ਨੇ ਬਾਖੂਬੀ ਨਿਭਾਈ। ਸੁਸਾਇਟੀ ਨੇ ਮੇਲੇ ਦੇ ਸਪਾਂਸਰਾਂ ਦਾ ਬਣਦਾ ਮਾਣ-ਸਨਮਾਨ ਵੀ ਕੀਤਾ। ਮੇਲੇ ਵਿਚ ਓਹਾਇਓ ਦੇ ਹੋਰਨਾਂ ਸ਼ਹਿਰਾਂ ਤੋਂ ਇਲਾਵਾ ਇੰਡੀਆਨਾ, ਮਿਸ਼ੀਗਨ ਅਤੇ ਕੈਨਟੱਕੀ ਤੋਂ ਵੀ ਦਰਸ਼ਕ ਪਹੁੰਚੇ ਹੋਏ ਸਨ। ਮੇਲਾ ਸ਼ੁਰੂ ਹੋਣ ਤੋਂ ਪਹਿਲਾਂ ਦਰਸ਼ਕਾਂ ਲਈ ਖਾਣੇ ਦਾ ਖੁੱਲ੍ਹਾ ਅਤੇ ਮੁਫਤ ਪ੍ਰਬੰਧ ਕੀਤਾ ਹੋਇਆ ਸੀ।

ਮੇਲੇ ਨੂੰ ਕਾਮਯਾਬ ਕਰਨ ਲਈ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਅਹੁਦੇਦਾਰਾਂ ਨੇ ਚਰਨਜੀਤ ਸਿੰਘ ਬਰਾੜ, ਅਮਰੀਕ ਸਿੰਘ ਟਿਵਾਣਾ, ਅਮਰਜੀਤ ਸਿੰਘ ਤੱਖਰ, ਹਰਿੰਦਰ ਕੰਗ, ਜਸਵੰਤ ਜੱਸੀ, ਬੌਬੀ ਸਿੱਧੂ ਦਾ ਉਚੇਚਾ ਧੰਨਵਾਦ ਕੀਤਾ। ਮੇਲੇ ਦੇ ਮੁੱਖ ਮਹਿਮਾਨ ਜਸਪ੍ਰੀਤ ਸਿੰਘ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ ਗਿਆ। ਮੇਲੇ ਦੇ ਮੁੱਖ ਸਪਾਂਸਰ ਮਨਪ੍ਰੀਤ ਸਿੰਘ ਹੈਪੀ (ਟਿੱਬੀ ਐਕਸਪ੍ਰੈਸ) ਦਾ ਵੀ ਧੰਨਵਾਦ ਕੀਤਾ ਗਿਆ। ਇਨ੍ਹਾਂ ਸਭ ਦੇ ਸਹਿਯੋਗ ਕਾਰਨ ਮੇਲਾ ਕਾਮਯਾਬ ਰਿਹਾ।




























## ਮਜ਼ਦੂਰ ਜਮਾਤ ਦਾ ਮਹਾਨ ਸੰਗੀਤਕਾਰ

# ਹਾਂਸ ਆਈਸਲਰ

**ਕੁਲਵਿੰਦਰ**

ਹਾਂਸ ਆਈਸਲਰ ਨੂੰ 'ਸੰਗੀਤ ਦਾ ਕਾਰਲ ਮਾਰਕਸ' ਹੋਣ ਦਾ ਦਰਜਾ 'ਹਾਊਸ ਕਮੇਟੀ ਔਨ ਅਨ-ਅਮੈਰਿਕਨ ਐਕਟਿਵਟੀਜ਼' ਨੇ ਦਿੱਤਾ ਸੀ। ਕਮੇਟੀ ਵਲੋਂ ਉਸ ਨੂੰ ਹਾਲੀਵੁਡ ਵਿਚ ਸੋਵੀਅਤ ਏਜੰਟ ਗਰਦਾਨਿਆ ਗਿਆ। ਅਖੀਰ ਅਮਰੀਕੀ ਹਾਕਮਾਂ ਦਾ ਡਰਾਮਾ ਖਤਮ ਹੋਇਆ ਅਤੇ 28 ਮਾਰਚ 1948 ਨੂੰ ਹਾਂਸ ਆਈਸਲਰ ਨੂੰ ਅਮਰੀਕਾ ਛੱਡਣਾ ਪਿਆ। ਇਸ ਸੱਤ ਸਾਲ ਪਹਿਲਾਂ ਆਈਸਲਰ ਨੂੰ ਨਾਜ਼ੀ ਪਾਰਟੀ ਦੇ ਸੱਤਾ ਵਿਚ ਆਉਣ ਕਾਰਨ ਆਪਣਾ ਦੇਸ਼ ਜਰਮਨੀ ਛੱਡਣਾ ਪਿਆ ਸੀ।

ਹਾਂਸ ਆਈਸਲਰ ਦਾ ਜਨਮ 6 ਜੁਲਾਈ 1898 ਨੂੰ ਆਸਟਰੀਆ ਵਿਚ ਹੋਇਆ। ਪਹਿਲੀ ਸੰਸਾਰ ਜੰਗ ਵਿਚ ਹਿੱਸਾ ਲੈਣ ਤੋਂ ਬਾਅਦ ਵਿਆਨਾ ਵਿਖੇ ਆਈਸਲਰ ਨੇ ਪ੍ਰਸਿਧ ਸੰਗੀਤਕਾਰ ਆਰਨੋਲਡ ਸਕੂਨਵਰਗ ਤੋਂ ਸੰਗੀਤ ਦੀ ਸਿੱਖਿਆ ਹਾਸਲ ਕੀਤੀ। ਉਹ ਆਰਨੋਲਡ ਦੇ ਪਹਿਲੇ ਸ਼ਿਸ਼ ਸਨ ਜਿਨ੍ਹਾਂ ਨੇ ਬਾਰਾਂ ਸੁਰੀ ਜਾਂ ਲੜੀਵਾਰ ਸੰਗੀਤ ਦੀ ਰਚਨਾ ਕੀਤੀ। 1925 ਵਿਚ ਉਹ ਬਰਲਿਨ ਚਲੇ ਗਏ ਜੋ ਉਸ ਵੇਲੇ ਕਲਾ, ਸੰਗੀਤ ਅਤੇ ਸਿਆਸਤ ਦਾ ਗੜ੍ਹ ਸੀ।

ਜਦ ਆਈਸਲਰ ਨੂੰ ਇਹ ਸਮਝ ਆਈ ਕਿ ਸਿਆਸਤ ਖ਼ੁਦ ਨੂੰ ਸੰਗੀਤ ਨਾਲ ਜੋੜਦੀ ਹੈ ਤਾਂ ਇਹ ਤਰਕਸੰਗਤ ਸੀ ਕਿ ਸੰਗੀਤਕਾਰ ਵਜੋਂ ਉਹ ਖ਼ੁਦ ਸਿਆਸਤ ਨਾਲ ਜੁੜਦੇ। ਉਨ੍ਹਾਂ ਮਹਿਸੂਸ ਕੀਤਾ ਕਿ ਸੰਗੀਤ ਨੂੰ ਜਿਣਸ ਬਣਾ ਕੇ, ਲੋਕਾਂ ਤੋਂ ਦੂਰ ਕਰ ਕੇ ਮਨੁੱਖ ਅਤੇ ਕਲਾ, ਦੋਵਾਂ ਦਾ ਨੁਕਸਾਨ ਕਰਨ ਵਾਲੇ ਪ੍ਰਬੰਧ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਆਈਸਲਰ ਅਨੁਸਾਰ, "ਸਾਡੇ ਕੋਲ ਕੋਈ ਦੂਜਾ ਮੌਕਾ ਨਹੀਂ ਸੀ। ਅਸੀਂ ਸਿਰਫ਼ ਬੁਰਜ਼ੂਆ ਜਮਾਤ ਕੋਲ ਅਤੇ ਜਾਂ ਸਾਡੀ ਪਰਵਰਿਸ਼ ਕਰਨ ਵਾਲੀ ਮਜ਼ਦੂਰ ਜਮਾਤ ਕੋਲ ਜਾ ਸਕਦੇ ਸਾਂ।" ਆਈਸਲਰ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰਭਾਵਤ ਹੋਏ। ਉਹ ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ ਅਤੇ ਮਾਰਕਸਵਾਦੀ ਮਜ਼ਦੂਰ ਸਕੂਲ ਵਿਚ ਪੜ੍ਹਾਉਣ ਲੱਗੇ। ਆਪਣੇ ਗੁਰੂ ਸਕੂਨਵਰਗ ਤੋਂ ਬਗਾਵਤ ਕਰ ਕੇ ਉਨ੍ਹਾਂ ਨੇ ਜਾਜ਼ ਅਤੇ ਕਾਬਰਟ ਸੰਗੀਤ ਤੋਂ ਪ੍ਰਭਾਵਤ ਲੋਕਪ੍ਰਿਆ ਸੰਗੀਤ ਸ਼ੈਲੀ ਵਿਕਸਤ ਕੀਤੀ। 1929 ਵਿਚ ਜ਼ੀਟੁੰਗਸਾਊਸ਼ਚਿੰਟੀ ਨਾਂ ਦੀ ਖਬਰੀ ਸੰਗੀਤ ਰਚਨਾ ਕੀਤੀ। ਅਖ਼ਬਾਰੀ ਖਬਰ ਸ਼ੈਲੀ 'ਤੇ ਆਧਾਰਿਤ ਇਹ ਰਚਨਾ ਪਹਿਲੀ ਸੰਸਾਰ ਜੰਗ ਤੋਂ ਬਾਅਦ ਜਰਮਨੀ ਦੇ ਆਮ ਲੋਕਾਂ ਦੀਆਂ ਤੰਗੀਆਂ ਤੁਰਸ਼ੀਆਂ ਨਾਲ ਸਬੰਧਤ ਹੈ।

ਇਸੇ ਦੌਰਾਨ ਉਨ੍ਹਾਂ ਦੀ ਦੋਸਤੀ ਪ੍ਰਸਿਧ ਨਾਟਕਕਾਰ ਬ੍ਰੈਖ਼ਤ ਨਾਲ ਹੋਈ ਜੋ ਸਾਰੀ ਉਮਰ ਜਾਰੀ ਰਹੀ। ਇਸ ਦੌਰ ਵਿਚ ਉਨ੍ਹਾਂ ਨੇ ਬ੍ਰੈਖ਼ਤ ਦੇ 'ਦਿ ਡਸੀਜਨ' (1930), 'ਦਿ ਮਦਰ' (1932), 'ਸ਼ੈਵਿਕ ਇਨ ਦਿ ਸੈਕਿੰਡ ਵਰਲਡ ਵਾਰ' (1957) ਆਦਿ ਨਾਟਕਾਂ ਲਈ ਸੰਗੀਤ ਦੀ ਰਚਨਾ ਕੀਤੀ। ਉਹ 1930ਵਿਆਂ ਵਿਚ ਜਰਮਨੀ ਦੀ ਸਿਆਸੀ ਉਥਲ ਪੁਥਲ ਵੇਲੇ ਹੋਏ ਵਿਰੋਧ ਸੰਗੀਤ ਰਚਨਾ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਦਾ ਸਾਲੀਡੈਰਟੀ ਸਾਂਗ ਸਮੁੱਚੇ ਯੂਰਪ ਵਿਚ ਜਨਤਕ ਵਿਰੋਧ ਦਾ ਖਾੜਕੂ ਗੀਤ ਬਣ ਗਿਆ। ਬ੍ਰੈਖ਼ਤ ਨਾਲ਼ ਮਿਲ਼ ਕੇ ਉਨ੍ਹਾਂ ਨੇ ਅਜਿਹੇ ਗੀਤਾਂ ਦੀ ਰਚਨਾ ਕੀਤੀ ਜੋ ਜ਼ਿੰਦਗੀ ਨੂੰ ਹੇਠਾਂ ਤੋਂ ਦੇਖਦੇ ਸਨ। ਨਿਰਦੇਸ਼ਕ ਸਲਾਤਨ ਡੂਡੋ ਨਾਲ਼ ਮਿਲ਼ ਕੇ ਬ੍ਰੈਖ਼ਤ-ਆਈਸਲਰ ਜੋੜੀ ਨੇ 'ਕੂਹਲੀ ਵੈਮਪ' ਫ਼ਿਲਮ ਬਣਾਈ। ਬਾਅਦ ਵਿਚ ਇਸ ਫਿਲਮ 'ਤੇ ਪਾਬੰਦੀ ਲਗਾ ਦਿੱਤੀ ਗਈ। ਪਰਾਗ, ਹਾਲੈਂਡ, ਵਿਆਨਾ, ਪੈਰਿਸ, ਲੰਡਨ ਅਤੇ ਹੋਰਨਾਂ ਸ਼ਹਿਰਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆਈਸਲਰ ਦੇ ਸੰਗੀਤ ਨੂੰ ਸੁਣਨ ਲਈ ਇਕੱਠੇ ਹੁੰਦੇ। ਉਨ੍ਹਾਂ ਦਾ ਸੰਗੀਤ ਉਨ੍ਹਾਂ ਦੇ ਜੀਵਨ ਦੇ ਯਥਾਰਥ ਨੂੰ ਪੇਸ਼ ਕਰਦਾ, ਉਨ੍ਹਾਂ ਨੂੰ ਹੌਸਲਾ ਅਤੇ ਅਗਲੇ ਸੰਘਰਸ਼ ਲਈ ਉਤਸ਼ਾਹ ਦਿੰਦਾ ਸੀ। ਇਸ ਲਈ ਇਹ ਕੁਦਰਤੀ ਸੀ ਕਿ ਜਦ ਜਰਮਨੀ ਵਿਚ ਹਿਟਲਰ ਦੀ ਅਗਵਾਈ ਵਿਚ ਨਾਜ਼ੀਵਾਦੀ ਸੱਤਾ ਵਿਚ ਆਏ ਤਾਂ ਆਈਸਲਰ ਦੇ ਸੰਗੀਤ ਨੂੰ ਬਰਬਾਦ ਕੀਤਾ ਗਿਆ। ਉਨ੍ਹਾਂ ਦੇ ਸੰਗੀਤ ਦੇ ਰਿਕਾਰਡਾਂ ਨੂੰ ਤੋੜਿਆ ਗਿਆ।

1933 ਵਿਚ ਨਾਜ਼ੀਆਂ ਵਲੋਂ ਜਰਮਨੀ ਵਿਚ ਬ੍ਰੈਖ਼ਤ-ਆਈਸਲਰ ਦੀਆਂ ਰਚਨਾਵਾਂ 'ਤੇ ਪਾਬੰਦੀ ਲਗਾਉਣ 'ਤੇ ਇਹ ਦੋਵੇਂ ਕਲਾਕਾਰ ਮਾਸਕੋ ਹੁੰਦੇ ਹੋਏ ਅਮਰੀਕਾ ਪਹੁੰਚ ਗਏ। ਨਿਊ ਯਾਰਕ ਵਿਚ ਆਈਸਲਰ ਨਿਊ ਸਕੂਲ ਵਿਖੇ ਪੜ੍ਹਾਉਣ ਲੱਗੇ। ਇਥੇ ਹੀ ਉਨ੍ਹਾਂ ਨੇ ਆਪਣੀਆਂ ਦੋ ਰਚਨਾਵਾਂ 'ਅਕਸਪੈਰੀਮੈਂਟਲ ਚੈਂਬਰ' ਤੇ 'ਡਾਕੂਮੈਂਟਰੀ ਸੰਗੀਤ' ਦੀ ਰਚਨਾ ਕੀਤੀ। ਪਿਛੋਂ ਉਹ ਲਾਸ ਏਂਜਲਸ ਚਲੇ ਗਏ ਤੇ ਅਨੇਕਾਂ ਹਾਲੀਵੁਡ ਫ਼ਿਲਮਾਂ ਲਈ ਸੰਗੀਤ ਦੀ ਰਚਨਾ ਕੀਤੀ। ਇਨ੍ਹਾਂ ਵਿਚੋਂ ਕੁਝ ਤਾਂ ਆਸਕਰ ਇਨਾਮ ਲਈ ਵੀ ਨਾਮਜ਼ਦ ਹੋਈਆਂ।

ਹਾਲੀਵੁਡ ਵਿਚ ਆਈਸਲਰ ਦੀ ਸਫ਼ਲਤਾ ਅਮਰੀਕੀ ਹਾਕਮਾਂ ਲਈ ਚੁਣੌਤੀ ਬਣ ਗਈ। ਨਤੀਜੇ ਵਜੋਂ ਉਨ੍ਹਾਂ ਨੇ ਸਟੂਡੀਓ ਮਾਲਕਾਂ ਕੋਲੋਂ ਆਈਸਲਰ ਦੇ ਨਾਂ ਨੂੰ ਹਾਲੀਵੁੱਡ ਦੀ ਬਦਨਾਮ ਕਾਲੀ ਸੂਚੀ ਵਿਚ ਦਰਜ ਕਰਵਾਇਆ ਗਿਆ। ਇਸ ਸੂਚੀ ਵਿਚ ਦਰਜ ਕਲਾਕਾਰਾਂ ਨੂੰ ਕੰਮ ਦੇਣ ਦੀ ਮਨਾਹੀ ਸੀ। ਹਾਊਸ ਕਮੇਟੀ ਔਨ ਅਨ-ਅਮੈਰਿਕਨ ਐਕਟਿਵਟੀਜ਼ ਵਲੋਂ ਆਈਸਲਰ 'ਤੇ ਮੁਕੱਦਮਾ ਚਲਾਇਆ ਗਿਆ। ਇਹ ਵੱਖਰੀ ਗੱਲ ਹੈ ਕਿ ਅਮੈਰਿਕਨ ਕਮੇਟੀ ਫਾਰ ਜਸਟਿਸ ਫਾਰ ਹਾਂਸ ਆਈਸਲਰ ਦੀ ਸੰਸਾਰ ਵਿਆਪੀ ਮੁਹਿੰਮ ਦੇ ਦਬਾਅ ਸਦਕਾ ਮਕਦੱਮੇ ਦੀ ਕਾਰਵਾਈ ਨੂੰ ਅੱਧ-ਵਿਚਕਾਰ ਹੀ ਰੋਕਣਾ ਪਿਆ।



ਹਾਂਸ ਆਈਸਲਰ ਦਾ ਇਕ ਚਿੱਤਰ।




ਹਾਂਸ ਆਈਸਲਰ ਦੀ ਯਾਦ ਵਿਚ ਜਾਰੀ ਡਾਕ ਟਿਕਟ।

1948 ਵਿਚ ਅਮਰੀਕਾ ਤੋਂ ਆਈਸਲਰ ਪੂਰਬੀ ਜਰਮਨੀ ਚਲੇ ਗਏ। ਉਨ੍ਹਾਂ ਦੇ ਪੂਰਬੀ ਜਰਮਨੀ ਦੇ ਕੌਮੀ ਗੀਤ ਲਈ ਸੰਗੀਤ ਦੀ ਰਚਨਾ ਕੀਤੀ। ਪ੍ਰੋਲੇਤਾਰੀ ਸੰਗੀਤ ਦੀ ਵਿਰਾਸਤ ਦੇ ਵਾਰਸ ਤਿਆਰ ਕਰਨ ਲਈ ਉਨ੍ਹਾਂ ਨੇ ਅਣਗਿਣਤ ਲੋਕਾਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਪਿਛੋਂ ਆਈਸਲਰ ਇਕ ਵਾਰ ਫਿਰ ਤੋਂ ਬਾਰਾਂ ਸੁਰੀ ਪੱਧਤੀ ਵਲ ਵਾਪਸ ਪਰਤੇ। ਉਨ੍ਹਾਂ ਦੀ ਰਚਨਾ 'ਫੋਰਟੀਨ ਵੇਅਜ਼ ਆਫ਼ ਡਿਸਕਰਾਈਬਿੰਗ ਦੀ ਰੇਨ' ਇਸ ਪੱਧਤੀ ਦੀ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ।

ਪੂਰਬੀ ਜਰਮਨੀ ਵਿਚ ਵੀ ਆਈਸਲਰ ਬ੍ਰੈਖ਼ਤ ਨਾਲ ਮਿਲ਼ ਕੇ ਕੰਮ ਕਰਦੇ ਰਹੇ। 1956 ਵਿਚ ਬ੍ਰੈਖ਼ਤ ਦੀ ਮੌਤ ਨਾਲ਼ ਇਹ ਜੋੜੀ ਟੁੱਟ ਗਈ। ਆਈਸਲਰ ਬਾਕੀ ਉਮਰ ਇਸ ਸਦਮੇ ਤੋਂ ਪੂਰੀ ਤਰ੍ਹਾਂ ਉਭਰ ਨਹੀਂ ਸਕੇ। 6 ਸਤੰਬਰ, 1962 ਨੂੰ ਹਾਂਸ ਆਈਸਲਰ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਦੇ ਬਾਅਦ ਪੂਰਬੀ ਜਰਮਨੀ ਦੇ ਹਾਕਮਾਂ ਨਾਲ਼ ਉਸ ਦੀਆਂ ਅਸਹਿਮਤੀਆਂ ਦੀਆਂ ਸੂਚਨਾਵਾਂ ਕਾਰਨ 'ਛੁਪੇ ਹੋਏ ਬਾਗ਼ੀ' ਨੂੰ ਲੱਭਣ ਹਿਤ 1970 ਵਿਚ ਪੱਛਮੀ ਜਰਮਨੀ ਵਿਚ ਉਨ੍ਹਾਂ ਦੀਆਂ ਰਚਨਾਵਾਂ ਦਾ ਪ੍ਰਕਾਸ਼ਨ ਹੋਇਆ। ਹੁਣ ਸਰਮਾਏਦਾਰਾ ਵਿਰੋਧਤਾਈਆਂ ਅਤੇ ਸੰਕਟ ਕਾਰਨ ਮਜ਼ਦੂਰ ਜਮਾਤ ਦੇ ਸੰਗੀਤਕਾਰ ਦੀਆਂ ਰਚਨਾਵਾਂ ਦੀ ਮੁੜ ਤੋਂ ਹੋਈ ਲੋਕਪ੍ਰਿਅਤਾ ਕਾਰਨ ਬੁਰਜੂਆ ਸੰਗੀਤ ਵਲੋਂ ਆਈਸਲਰ ਦਾ ਸੰਗੀਤ ਆਦਰਯੋਗ ਹੋ ਗਿਆ। ਬ੍ਰੈਖ਼ਤ ਦੇ ਬਾਈਕਾਟ ਦੇ ਖਾਤਮੇ ਨਾਲ ਹੀ ਆਈਸਲਰ ਦੇ ਸੰਗੀਤ ਨੂੰ ਵੀ ਬੁਰਜੂਆ ਥੀਏਟਰ ਅਤੇ ਬਹਿਸਾਂ ਚਰਚਾਵਾਂ ਦਾ ਹਿੱਸਾ ਬਣਾ ਲਿਆ ਗਿਆ ਪਰ ਬੁਰਜੂਆ ਮਾਹਰ, ਆਈਸਲਰ ਦੇ ਸੰਗੀਤ ਦੇ ਇਨਕਲਾਬੀ ਪੱਖ ਨੂੰ ਖਾਰਜ ਕਰਦੇ ਹਨ। ਇਨ੍ਹਾਂ ਮਾਹਰਾਂ ਅਨੁਸਾਰ ਆਈਸਲਰ ਦੀ "ਦੁਵਿਧਾ ਸਿਰਫ਼ ਇਹੀ ਸੀ ਕਿ ਸਕੂਨਵਰਗ ਤੋਂ ਪ੍ਰਭਾਵਿਤ ਉਨ੍ਹਾਂ ਦੀਆਂ ਕੀਮਤੀ ਰਚਨਾਵਾਂ ਦੇ ਨਾਲ਼ ਹੀ ਉਨ੍ਹਾਂ ਨੇ ਖੁਦ ਨੂੰ ਕਮਿਊਨਿਸਟ ਕਾਰਕੁਨ ਵਜੋਂ ਰੁਝੇ ਰੱਖਣਾ ਸੀ।"

ਆਈਸਲਰ ਸੰਗਰਾਂਦੀ ਦੌਰ ਦੇ ਕਲਾਕਾਰ ਸਨ। ਉਹ ਉਦਾਰਵਾਦੀ ਬੁਰਜੂਆ ਪਿਛੋਕੜ ਚੋਂ ਆਏ ਪਰ ਇਨਕਲਾਬੀ ਮਜ਼ਦੂਰ ਜਮਾਤ ਦੀ ਲਹਿਰ ਦੇ ਵਿਚਾਰਾਂ ਅਤੇ ਨਿਸ਼ਾਨਿਆਂ ਨੂੰ ਪ੍ਰਣਾਏ। ਉਨ੍ਹਾਂ ਨੇ ਬੁਰਜੂਆ ਸਮਾਜ ਵਿਚ ਕੰਮ ਕੀਤਾ ਪਰ ਇਸ ਦੇ ਪ੍ਰਬੰਧ ਤੇ ਵਿਚਾਰਧਾਰਾ ਅਤੇ ਇਸ ਦੀ ਕਲਾ ਦੇ ਰੁਝਾਨਾਂ ਦਾ ਵੀ ਵਿਰੋਧ ਕੀਤਾ। ਉਨ੍ਹਾਂ ਸਾਹਮਣੇ ਅਜਿਹਾ ਸੰਗੀਤ ਰਚਣ ਦਾ ਮੁਸ਼ਕਿਲ ਅਤੇ ਵਿਰੋਧਾਭਾਸੀ ਕਾਰਜ ਸੀ, ਜੋ ਸੁਹਜ ਮਿਆਰਾਂ ਨਾਲ ਸਮਝੌਤਾ ਕੀਤੇ ਬਗੈਰ ਮਜ਼ਦੂਰ ਜਮਾਤ ਵਲੋਂ ਜਜ਼ਬ ਕੀਤਾ ਜਾ ਸਕੇ ਅਤੇ ਲੁੱਟ ਤੇ ਫਾਸੀਵਾਦ ਦੇ ਖਤਰੇ ਖਿਲਾਫ਼ ਸੰਘਰਸ਼ ਵਿਚ ਵਰਤਿਆ ਜਾ ਸਕੇ।

ਆਈਸਲਰ ਦਾ ਪ੍ਰੋਲੇਤਾਰੀ ਲੜਾਕੂ ਸੰਗੀਤ ਮਾਰਕਸਵਾਦੀ-ਲੈਨਿਨਵਾਦੀ ਨਜ਼ਰੀਏ ਤੋਂ ਮਜ਼ਦੂਰ ਜਮਾਤ ਦੀਆਂ ਮੰਗਾਂ ਨੂੰ ਅਵਾਜ਼ ਦਿੰਦਾ ਸੀ। ਉਨ੍ਹਾਂ ਦੀਆਂ 'ਸੋਲਜ਼ਰੀਤਸਲਿਦ' ਅਤੇ 'ਇਬੀਟਸਫਰੰਟਲਿਡ' ਜਿਹੀਆਂ ਰਚਨਾਵਾਂ ਇੰਟਰਨੈਸ਼ਨਲ ਜਿਹੇ ਗੀਤਾਂ ਦੇ ਬਰਾਬਰ ਖੜ੍ਹਦੀਆਂ ਹਨ। ਆਪਣੇ ਸੰਗੀਤਕ ਪ੍ਰੋਗਰਾਮਾਂ ਵਿਚ ਉਹ ਮੁਜ਼ਾਹਰਾਕਾਰੀਆਂ ਨਾਲ ਘੁਲ਼ ਮਿਲ਼ ਜਾਂਦੇ ਸਨ ਅਤੇ ਉਨ੍ਹਾਂ ਨਾਲ ਆਪਣੇ ਗੀਤ ਗਾਉਂਦੇ ਸਨ। ਬ੍ਰੈਖ਼ਤ ਅਨੁਸਾਰ, "ਉਨ੍ਹਾਂ ਦੀ ਰਚਨਾ ਵਿਚ ਸ਼ਾਮਲ ਹੋ ਕੇ ਤੁਸੀਂ ਖ਼ੁਦ ਨੂੰ ਸਿਰਜੇ ਜਾ ਰਹੀ ਨਵੀਂ ਦੁਨੀਆਂ ਦੇ ਮਕਸਦ ਅਤੇ ਦ੍ਰਿਸ਼ਟੀਕੋਣ ਨੂੰ ਸਮਰਪਿਤ ਹੋ ਜਾਂਦੇ ਹੋ।" ਆਈਸਲਰ ਦੁਆਰਾ ਰਚੇ ਸੰਗੀਤ ਦਾ ਘੇਰਾ ਵਿਆਪਕ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਬਾਲ ਗੀਤਾਂ ਤੋਂ ਲੈ ਕੇ ਗੀਤ-ਚੱਕਰ, ਮਾਰਚਿੰਗ ਗੀਤਾਂ ਤੋਂ ਲੈ ਕੇ ਸਿੰਫੋਨਿਕ ਰਚਨਾਵਾਂ ਤੱਕ ਸ਼ਾਮਲ ਹਨ। ਉਨ੍ਹਾਂ ਦੇ ਸੰਗੀਤ ਦੀ ਲੋਕਪ੍ਰਿਅਤਾ ਸਾਰੀਆਂ ਸਰਹੱਦਾਂ ਨੂੰ ਪਾਰ ਕਰ ਜਾਂਦੀ ਹੈ। ਉਨ੍ਹਾਂ ਦੇ ਸਪੇਨ ਦੀ ਘਰੇਲੂ ਜੰਗ ਦੌਰਾਨ ਆਈਸਲਰ ਦੇ ਗੀਤ ਹੌਂਸਲਾ ਅਤੇ ਜੁਰਅਤ ਪੈਦਾ ਕਰਦੇ ਸਨ।

ਆਈਸਲਰ ਵਿਲੱਖਣ ਸਿਧਾਂਤਕਾਰ ਅਤੇ ਮਾਹਰ ਲੇਖਕ (ਕਰਤਾ) ਸਨ। ਆਪਣੀ ਲਿਖਤਾਂ ਰਾਹੀਂ ਉਨ੍ਹਾਂ ਸੰਗੀਤ ਦੇ ਜਮਾਤੀ ਪੱਖ ਨੂੰ ਜ਼ਾਹਰ ਕੀਤਾ। 1947 ਵਿਚ ਥਿਓਡੋਰ ਅਡਾਰਨੋ ਨਾਲ਼ ਮਿਲ਼ ਕੇ ਲਿਖੀ ਉਨ੍ਹਾਂ ਦੀ ਕਿਤਾਬ 'ਕੰਪੋਜ਼ਿੰਗ ਫਾਰ ਫ਼ਿਲਮਜ਼' ਫ਼ਿਲਮ ਸੰਗੀਤ ਦੀ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ। ਉਨ੍ਹਾਂ ਦੀਆਂ ਚੋਣਵੀਆਂ ਰਚਨਾਵਾਂ ਨੂੰ 'ਏ ਰੈਬਲ ਇਨ ਮਿਊਜ਼ਿਕ' ਦੇ ਨਾਂ ਹੇਠ ਛਾਪਿਆ ਗਿਆ ਹੈ। ਆਈਸਲਰ ਅਨੁਸਾਰ, "ਕਲਾ ਅਤੇ ਸੰਗੀਤ ਆਮ ਤੌਰ 'ਤੇ ਜਮਾਤੀ ਸੰਘਰਸ਼ ਵਿਚ ਅਧਿਆਪਕ ਹਨ।" ਉਨ੍ਹਾਂ ਮੁਤਾਬਿਕ, ਇਨਕਲਾਬੀ ਸੰਗੀਤਕਾਰ ਦੇ ਤਿੰਨ ਕਾਰਜ ਹੁੰਦੇ ਹਨ: ਪਹਿਲਾ ਹੜਤਾਲੀ ਤੇ ਪ੍ਰਚਾਰਕ, ਦੂਜਾ ਆਰਕੈਸਟਰਾ ਤੇ ਫ਼ਿਲਮ ਸੰਗੀਤ ਵਿਚ ਤਕਨੀਕੀ ਪ੍ਰਯੋਗ ਅਤੇ ਤੀਜਾ ਮਜ਼ਦੂਰ ਜਮਾਤ ਦੀ ਸੰਗੀਤਕ ਸਿੱਖਿਆ ਲਈ ਲੋੜੀਂਦੇ ਨਵੇਂ ਤਰੀਕੇ ਲੱਭਣਾ। ਆਈਸਲਰ ਨੇ ਖ਼ੁਦ ਨੂੰ ਇਨ੍ਹਾਂ ਤਿੰਨਾਂ ਹੀ ਕਾਰਜਾਂ ਲਈ ਸਮਰਪਿਤ ਕੀਤਾ। ਇਹੀ ਵਜ੍ਹਾ ਹੈ ਕਿ ਹਾਂਸ ਆਈਸਲਰ ਦਾ ਸੰਗੀਤ ਅਤੇ ਲਿਖਤਾਂ ਉਨ੍ਹਾਂ ਕਲਾਕਾਰਾਂ ਲਈ ਉਹ ਪੈੜਾਂ ਹਨ ਜਿਨ੍ਹਾਂ ਤੇ ਅੱਗੇ ਵਧ ਕੇ ਉਨ੍ਹਾਂ ਨੇ ਪ੍ਰੋਲੇਤਾਰੀ ਸੰਗੀਤ ਦੀ ਸਿਰਜਣਾ ਕਰਨੀ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਮਈ 2018 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-325



*ਸਾਰਾ ਟੱਬਰ ਬਾਹਰ ਤੁਰ ਗਿਆ ਬੇਬੇ-ਬਾਪੂ 'ਕੱਲੇ।*
*ਭਾਂਅ ਭਾਂਅ ਕਰਦੇ ਵਿਹੜੇ ਦੇ ਵਿਚ ਦੋਹਾਂ ਮੱਜੇ ਮੱਲੇ।*

### ਕੈਪਸ਼ਨ ਮੁਕਾਬਲਾ-323



ਆ ਮਿੱਤਰਾ ਅੱਜ ਬੈਠ ਨਿਰਾਲੇ
ਦੁੱਖ ਸੁੱਖ ਸਾਂਝਾ ਕਰੀਏ।
ਖ਼ੁਦਕੁਸ਼ੀਆਂ ਦਾ ਛੱਡ ਕੇ ਖਹਿੜਾ
ਸੰਘਰਸ਼ਾਂ ਦਾ ਰਾਹ ਫੜ੍ਹੀਏ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ, ਲੁਧਿਆਣਾ*
*ਫੋਨ: 91-98783-37222*

---

ਬੰਨੇ ਉਤੇ ਬੈਠ ਕੇ
ਜੱਟ ਕਰਨ ਸਲਾਹਾਂ।
ਛੱਡੀਏ ਹੁਣ ਬੀਜਣੇ
ਝੋਨਾ, ਕਣਕ, ਕਪਾਹਾਂ।
ਪਾਣੀ ਨੂੰ ਬਚਾਉਣ ਦੀ
ਜੁਗਤ ਬਣਾਈਏ।
ਬੀਜ ਜੜ੍ਹੀਆਂ-ਬੂਟੀਆਂ
ਚੋਖਾ ਧਨ ਕਮਾਈਏ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
*ਫੋਨ: 408-912-3438*

---

ਵੱਟ ਦੇ ਨੇੜੇ ਹੋ ਕੇ ਬਹਿ ਗਏ
ਲੱਗੇ ਕਰਨ ਸੋਚ ਵਿਚਾਰ।
ਰੇਹ, ਤੇਲ, ਦਵਾਈਆਂ, ਸੰਦ-ਸੰਦੌੜਾ
ਬਚੇ ਨਾ ਧੇਲਾ ਖੱਜਲ-ਖੁਆਰ।
ਪਸ਼ੂ, ਪੰਛੀ ਕੱਚੀ ਨੂੰ ਉਜਾੜਨਾ
ਪੱਕੀ ਆੜ੍ਹਤੀਏ ਤੇ ਸਰਕਾਰ।
ਸੁੱਕੀ-ਪੱਕੀ ਘਰ ਆ ਜਾਵੇ
ਮਿਹਰ ਕਰੇ ਜੇ ਕਰਤਾਰ।
*-ਦਵਿੰਦਰ ਕੌਰ*

---

ਗੱਲਾਂ ਕਰਦੇ ਬਾਬੇ ਬਹਿ ਵੱਟ 'ਤੇ
ਪੈ ਗਈ ਅੱਜ ਮੁਸੀਬਤ ਜੱਟ 'ਤੇ।
ਜੋ ਪੜ੍ਹਨ ਕਾਲਜੀਂ ਨੱਕੇ ਕੋਈ ਨਾ ਮੋੜੇ
ਬਹੁਤੇ ਚਿੱਟੇ 'ਤੇ ਲੱਗੇ ਡੱਕਾ ਨਾ ਕੋਈ ਤੋੜੇ।
*-ਹਰਜਿੰਦਰ ਸਿੰਘ*
*ਪਿੰਡ ਕਲਿਆਣ ਸੁੱਖਾ, ਬਠਿੰਡਾ*
*ਫੋਨ: 91-96538-96528*

---

ਕੈਲਾ ਜੈਲੇ ਨੂੰ ਸਮਝਾਵੇ
ਖੇਤੀ ਜੱਟ ਨੂੰ ਹੁਣ ਨਾ ਭਾਵੇ।
ਚੱਪਾ ਚੱਪਾ ਕਰਜੇ ਥੱਲ੍ਹੇ
ਜੱਟ ਦੀ ਝੂਠੀ ਬੱਲੇ ਬੱਲੇ।
ਮਹਿੰਗਾਈ ਨੇ ਲੱਕ ਤੋੜ'ਤੇ
ਖਤਮ ਹੋ ਗਈਆਂ ਲਹਿਰਾਂ ਬਹਿਰਾਂ।
ਮੋੜ ਲਿਆਈਏ ਪੰਜਾਬੀ ਵਿਰਸਾ
ਛੱਡ ਦੇਈਏ ਹੁਣ ਖਾਣੀਆਂ ਜਹਿਰਾਂ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ*
*ਫੋਨ: 91-94176-49275*

---

ਮਹਿੰਗੀਆਂ ਖਾਦਾਂ ਤੇ ਦਵਾਈ
ਕਰ ਦਿੱਤਾ ਕਿਸਾਨ ਕਰਜਾਈ।
ਵਿਤੋਂ ਵੱਧ ਵਧਾ ਲਏ ਖਰਚੇ
ਹੁੰਦੀ ਨਹੀਂ ਹੁਣ ਚੋਖੀ ਕਮਾਈ।
ਹੁਣ ਨਾ ਦਿੰਦੀ ਖੇਤੀ ਮੁਨਾਫਾ
ਬਜ਼ੁਰਗ ਲਾਉਂਦੇ ਬਹਿ ਕਿਆਫਾ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਮੁੱਢ ਕਦੀਮੋਂ ਜੱਟ ਦੀ ਜੂਨ ਬੁਰੀ
ਵਿਚਾਰਾਂ ਕਰਨ ਬਜ਼ੁਰਗ ਵਿਚਾਰੇ।
ਮਿਹਨਤਾਂ ਕਰ ਕਰ ਉਮਰ ਹੰਢਾਈ
ਦੁਨੀਆਂ ਦੀ ਭੁੱਖ ਮਿਟਾ ਕੇ
ਆਪਣੇ ਪੇਟ ਨੂੰ ਗੰਢਾਂ ਮਾਰੇ।
ਨਵਿਆਂ ਦੀ ਮੰਗ ਪੂਰੀ ਨਾ ਹੋਵੇ
ਸਭ ਪਾਸਿਓਂ ਹੋਇਆ ਕਰਜਾਈ।
ਹਰ ਵਾਰੀ ਹਿੰਮਤ ਜੁਟਾਉਂਦਾ
ਕਦੇ ਤਾਂ ਹੋਊ ਉਸ ਦੀ ਸੁਣਵਾਈ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*

---

ਮਾਂਵਾਂ ਨੂੰ ਹੁੰਦੇ ਪੁੱਤ ਪਿਆਰੇ
ਅਸਾਂ ਨੂੰ ਆਪਣੇ ਖੇਤ ਪਿਆਰੇ।
ਹਾੜੀ, ਸਾਉਣੀ ਖੇਤਾਂ ਦੇ ਵਿਚ
ਹਰਿਆਲੀ ਦੇ ਲਈਏ ਨਜ਼ਾਰੇ।
ਮਿੱਤਰਾ ਫਿਰ ਵੀ ਪੂੰਜੀਵਾਦੀ ਯੁਗ 'ਚ
ਮਹਿੰਗਾਈ ਨੇ ਮਾਰ ਰੱਖੇ ਹਾਂ ਸਾਰੇ।
*-ਜਗਜੀਤ ਕੌਰ ਤੂਰ, ਚੰਡੀਗੜ੍ਹ*

---

ਖਸਮਾਂ ਖਾਣੀ ਖੇਤੀ ਸੇਤੀ
ਕਦੇ ਨਾ ਹੋਏ ਬੱਤੀਆਂ ਤੋਂ ਤੇਤੀ।
ਪਹਿਲਾਂ ਲੁੱਟਿਆ ਜਾਂਦਾ ਕਿਸਾਨ
ਕੀਟਨਾਸ਼ਕ ਦੁਆਈਆਂ ਨਾਲ।
ਮੀਂਹ, ਹਨੇਰੀ, ਗੜਿਆਂ ਦੀ ਕੁੱਟ
ਫਿਰ ਮੰਡੀ 'ਚ ਜਿਣਸ ਦੀ ਲੁੱਟ।
ਖੇਤੀ ਲਈ ਖੇਤੀ ਸਿਰ ਕਰਜਾ
ਮੁੱਕਦੇ ਜਾਈਏ ਭਰ ਭਰ ਹਰਜਾ।
*-ਦਰਸ਼ਨਪਾਲ ਦੋਸਾਂਝ*

# ਭਾਜਪਾ ਮੰਤਰੀਆਂ ਦੇ ਦਲਿਤ ਹੇਜ ਦੀ ਖੁੱਲ੍ਹੀ ਪੋਲ



**ਅਲੀਗੜ੍ਹ:** ਸਿਆਸੀ ਆਗੂਆਂ ਵੱਲੋਂ ਦਲਿਤਾਂ ਦੇ ਘਰੀਂ ਖਾਣਾ ਖਾਣ ਦੇ ਜਾਰੀ ਦਿਖਾਵੇ ਦੌਰਾਨ ਯੂਪੀ ਦੀ ਭਾਜਪਾ ਸਰਕਾਰ ਦੇ ਇਕ ਮੰਤਰੀ ਵੱਲੋਂ ਦਲਿਤ ਦੇ ਘਰ ਖਾਣ ਵਾਲਾ ਭੋਜਨ ਬਾਹਰੋਂ ਮੰਗਵਾਏ ਜਾਣ ਕਾਰਨ ਵਿਵਾਦ ਪੈਦਾ ਹੋ ਗਿਆ ਹੈ। ਯੋਗੀ ਅਦਿੱਤਿਆਨਾਥ ਸਰਕਾਰ ਦੇ ਮੰਤਰੀ ਸੁਰੇਸ਼ ਰਾਣਾ ਦੇ ਸਾਥੀਆਂ ਉਤੇ ਮੰਤਰੀ ਵੱਲੋਂ ਖਾਣਾ ਤੇ ਪਾਣੀ ਆਦਿ ਬਾਹਰੋਂ ਲਿਆਂਦੇ ਜਾਣ ਦੇ ਦੋਸ਼ ਲੱਗੇ ਹਨ। ਮੰਤਰੀ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਭੋਜਨ ਪਿੰਡ ਵਿਚ ਹੀ ਤਿਆਰ ਕੀਤਾ ਗਿਆ ਸੀ।

ਕਾਂਗਰਸ ਨੇ ਇਸ ਕਾਰਵਾਈ ਨੂੰ 'ਡਰਾਮਾ' ਕਰਾਰ ਦਿੱਤਾ ਹੈ। ਗੌਰਤਲਬ ਹੈ ਕਿ ਇਸ ਘਟਨਾ ਨਾਲ ਸਬੰਧਤ ਵਧੀਆ ਡਾਈਨਿੰਗ ਟੇਬਲ ਤੇ ਨਵੇਂ ਬਰਤਨਾਂ ਆਦਿ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉਤੇ ਛਾਈਆਂ ਹੋਈਆਂ ਹਨ। ਹਾਲਾਂਕਿ ਉਤਰ ਪ੍ਰਦੇਸ਼ ਦੀ ਇਕ ਮੰਤਰੀ ਨੇ ਦਲਿਤਾਂ ਦੇ ਘਰ ਜਾ ਰਹੇ ਭਾਜਪਾ ਆਗੂਆਂ ਨੂੰ ਦਲੇਰ ਦੱਸਦਿਆਂ ਕਿਹਾ ਕਿ ਉਥੇ ਉਨ੍ਹਾਂ ਨੂੰ ਸਾਰੀ ਰਾਤ ਮੱਛਰ ਵੱਢ ਵੱਢ ਕੇ ਖਾਂਦੇ ਹਨ ਪਰ ਇਸ ਦੇ ਬਾਵਜੂਦ ਉਹ ਸਰਕਾਰ ਦੀਆਂ ਭਲਾਈ ਸਕੀਮਾਂ ਸਬੰਧੀ ਦਲਿਤ ਵਰਗ ਨੂੰ ਜਾਣੂ ਕਰਵਾਉਣ ਲਈ ਉਨ੍ਹਾਂ ਦੇ ਘਰਾਂ ਵਿਚ ਰਾਤਾਂ ਬਿਤਾ ਰਹੇ ਹਨ।

ਉਤਰ ਪ੍ਰਦੇਸ਼ ਦੀ ਮੁੱਢਲੀ ਸਿੱਖਿਆ ਮੰਤਰੀ ਅਨੂਪਮਾ ਜੈਸਵਾਲ ਦਾ ਇਹ ਪ੍ਰਤੀਕਰਮ ਸੱਤਾਧਾਰੀ ਧਿਰ ਵੱਲੋਂ ਸ਼ੁਰੂ ਕੀਤੇ ਗਏ ਦਲਿਤਾਂ ਦੇ ਘਰ ਜਾਣ ਦੇ ਪ੍ਰੋਗਰਾਮ ਦੀ ਵਿਰੋਧੀ ਧਿਰ ਤੇ ਕੁਝ ਭਾਜਪਾ ਆਗੂਆਂ ਵੱਲੋਂ ਆਲੋਚਨਾ ਕੀਤੇ ਜਾਣ ਤੋਂ ਬਾਅਦ ਸਾਹਮਣੇ ਆਇਆ ਹੈ।

# ਕਿਤਾਬ 'ਚ ਪਾਕਿਸਤਾਨੀ ਕੁੜੀ ਦੀ ਫੋਟੋ ਛਾਪਣ ਦਾ ਮਾਮਲਾ ਭਖਿਆ

**ਜਾਮੂਈ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸਕੂਲ ਦੀ ਇਕ ਕਿਤਾਬ ਵਿਚ ਪਾਕਿਸਤਾਨੀ ਕੁੜੀ ਵੱਲੋਂ ਮੁਲਕ ਦਾ ਕੌਮੀ ਝੰਡਾ ਲਹਿਰਾਉਂਦੀ ਦੀ ਤਸਵੀਰ ਛਾਪਣ ਦੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ।



ਇਹ ਕਿਤਾਬ ਜਾਮੂਈ ਜਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਜਿਲ੍ਹਾ ਜਲ ਤੇ ਸੈਨੀਟੇਸ਼ਨ ਕਮੇਟੀ (ਡੀ. ਡਬਲਿਊ. ਐਸ. ਸੀ.) ਨੇ ਪਿਛਲੇ ਸਾਲ ਦਸੰਬਰ ਵਿਚ 'ਸਵੱਛ ਜਮੂਈ, ਸਵੱਸਥ ਜਮੂਈ' ਮੁਹਿੰਮ ਦੇ ਪ੍ਰਚਾਰ ਪਾਸਾਰ ਲਈ ਪਟਨਾ ਅਧਾਰਤ ਫਰਮ ਤੋਂ ਪੰਜ ਹਜ਼ਾਰ ਕਿਤਾਬਾਂ ਛਪਵਾਈਆਂ ਸਨ। ਇਨ੍ਹਾਂ ਵਿਚੋਂ ਕੁਝ ਕਿਤਾਬਾਂ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਵੰਡੀਆਂ ਗਈਆਂ ਸਨ ਜਦੋਂਕਿ ਗਲਤੀ ਧਿਆਨ 'ਚ ਆਉਣ ਪਿਛੋਂ ਅਣਵੰਡੀਆਂ ਕਾਪੀਆਂ ਵਾਪਸ ਮੰਗਵਾ ਲਈਆਂ ਗਈਆਂ।

# ਭਾਰਤੀ-ਅਮਰੀਕੀ ਮਹਿਲਾ ਜੱਜ ਨਿਯੁਕਤ



**ਨਿਊ ਯਾਰਕ:** ਭਾਰਤੀ-ਅਮਰੀਕੀ ਦੀਪਾ ਅੰਬੇਕਰ ਨੂੰ ਨਿਊ ਯਾਰਕ ਸਿਟੀ ਦੀ ਸਿਵਲ ਅਦਾਲਤ ਦਾ ਅੰਤਰਿਮ ਜੱਜ ਨਿਯੁਕਤ ਕੀਤਾ ਗਿਆ ਹੈ। ਚੇਨਈ 'ਚ ਜੰਮੀ ਰਾਜਾ ਰਾਜੇਸ਼ਵਰੀ ਮਗਰੋਂ ਉਹ ਸ਼ਹਿਰ ਦੀ ਦੂਜੀ ਭਾਰਤੀ-ਅਮਰੀਕੀ ਮਹਿਲਾ ਜੱਜ ਬਣੀ ਹੈ। ਮੇਅਰ ਬਿਲ ਡੀ. ਬਲੈਸੀਓ ਨੇ ਅੰਬੇਕਰ (41) ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਅੰਬੇਕਰ ਨੇ ਨਿਊ ਯਾਰਕ ਸਿਟੀ ਕੌਂਸਲ 'ਚ ਸੀਨੀਅਰ ਅਟਾਰਨੀ ਤੇ ਜਨਤਕ ਸੁਰੱਖਿਆ ਬਾਰੇ ਕਮੇਟੀ 'ਚ ਤਿੰਨ ਸਾਲ ਸੇਵਾਵਾਂ ਨਿਭਾਈਆਂ ਹਨ।

# ਪੱਤਰਕਾਰ ਹੱਤਿਆ ਕਾਂਡ: ਛੋਟਾ ਰਾਜਨ ਨੂੰ ਉਮਰ ਕੈਦ

**ਮੁੰਬਈ:** ਤਕਰੀਬਨ ਸੱਤ ਸਾਲ ਪਹਿਲਾਂ ਸੀਨੀਅਰ ਪੱਤਰਕਾਰ ਜੇ ਡੇਅ ਦੀ ਹੱਤਿਆ ਮਾਮਲੇ 'ਚ ਵਿਸ਼ੇਸ਼ ਅਦਾਲਤ ਨੇ ਗੈਂਗਸਟਰ ਛੋਟਾ ਰਾਜਨ ਸਮੇਤ ਸਾਰੇ 9 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਮਕੋਕਾ ਅਦਾਲਤ ਦੇ ਜੱਜ ਸਮੀਰ ਅਡਕਰ ਨੇ ਇਸ ਮਾਮਲੇ 'ਚ ਸਾਬਕਾ ਪੱਤਰਕਾਰ ਜਿਗਨਾ ਵੋਰਾ ਨੂੰ ਬਰੀ ਕਰ ਦਿੱਤਾ ਹੈ।

ਉਸ ਉਤੇ ਛੋਟਾ ਰਾਜਨ ਨੂੰ ਡੇਅ ਦੀ ਹੱਤਿਆ ਲਈ ਉਕਸਾਉਣ ਦਾ ਦੋਸ਼ ਲੱਗਿਆ ਸੀ। ਜੱਜ ਨੇ ਪੌਲਸਨ ਜੋਜ਼ੇਫ਼ ਨੂੰ ਵੀ ਬਰੀ ਕਰ ਦਿੱਤਾ, ਜਿਸ 'ਤੇ ਸਾਜ਼ਿਸ਼ ਨਾਲ ਸਬੰਧਤ ਵਿੱਤੀ ਮਾਮਲਿਆਂ ਨੂੰ ਨਜਿੱਠਣ ਦੇ ਦੋਸ਼ ਲੱਗੇ ਸਨ। ਅਦਾਲਤ ਨੇ ਹਰੇਕ ਦੋਸ਼ੀ ਨੂੰ 26-26 ਲੱਖ ਰੁਪਏ ਦਾ ਜੁਰਮਾਨਾ ਵੀ ਠੋਕਿਆ ਹੈ। ਇੰਡੋਨੇਸ਼ੀਆ ਦੇ ਬਾਲੀ ਹਵਾਈ ਅੱਡੇ ਤੋਂ 2015 'ਚ ਗ੍ਰਿਫਤਾਰ ਕਰਨ ਮਗਰੋਂ ਰਾਜਨ ਨੂੰ ਭਾਰਤ ਹਵਾਲੇ ਕੀਤੇ ਜਾਣ 'ਤੇ ਇਹ ਪਹਿਲੀ ਵੱਡੀ ਸਜ਼ਾ ਸੁਣਾਈ ਗਈ ਹੈ।


Michigan Truck Driving School

6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai Cell:734-644-1010 Office:734-747-4298



TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366



Friends Of Punjab Foundation




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

www.friendsofpunjabfoundation.org

# ਧਰਮ ਨਿਰਪੱਖਤਾ, ਘੱਟ ਗਿਣਤੀਆਂ ਅਤੇ ਸਰਕਾਰ

ਧਰਮ ਨਿਰਪੱਖਤਾ ਦਾ ਘੱਟ ਗਿਣਤੀਆਂ ਦੀ ਹਮਾਇਤ ਨਾਲੋਂ ਨਿਖੇੜਾ ਕਰਨਾ ਹੁਣ ਬੇਹੱਦ ਜ਼ਰੂਰੀ ਹੈ। ਹਾਲ ਹੀ 'ਚ ਵਾਪਰੀਆਂ ਦੋ ਘਟਨਾਵਾਂ ਜਿਹੜੀਆਂ ਜ਼ੁੰਮੇ ਦੀ ਨਮਾਜ਼ ਨਾਲ ਸਬੰਧਤ ਸਨ, ਨੇ ਇਹ ਨਿਖੇੜਾ ਕਰਨ ਦੀ ਲੋੜ ਮਹਿਸੂਸ ਕਰਾਈ ਹੈ। ਪਹਿਲੀ ਘਟਨਾ ਇਸ ਵਿਵਾਦ ਨਾਲ ਜੁੜੀ ਹੈ ਕਿ ਦਿੱਲੀ ਵਿਚ ਮੁਸਲਮਾਨ ਅਧਿਆਪਕਾਂ ਨੂੰ ਜ਼ੁੰਮੇ (ਸ਼ੁਕਰਵਾਰ) ਦੀ ਨਮਾਜ਼ ਵਾਲੇ ਦਿਨ ਵਿਸ਼ੇਸ਼ ਛੁੱਟੀ ਮਿਲਣੀ ਚਾਹੀਦੀ ਹੈ। ਦਿੱਲੀ ਦੇ ਘੱਟ ਗਿਣਤੀ ਕਮਿਸ਼ਨ ਨੇ ਅਜਿਹੀ ਸਿਫ਼ਾਰਿਸ਼ ਕਰਨ ਲਈ ਸਿੱਖਿਆ ਡਾਇਰੈਕਟੋਰੇਟ ਨੂੰ ਪੱਤਰ ਲਿਖਿਆ।

**ਯੋਗੇਂਦਰ ਯਾਦਵ**

ਕਮਿਸ਼ਨ ਚਾਹੁੰਦਾ ਸੀ ਕਿ ਜ਼ੁੰਮੇ ਦੀ ਨਮਾਜ਼ ਮੁਸਲਮਾਨ ਭਾਈਚਾਰੇ ਵੱਲੋਂ ਸਮੂਹਿਕ ਤੌਰ 'ਤੇ ਅਦਾ ਕੀਤੇ ਜਾਣ ਦੀ ਵਿਸ਼ੇਸ਼ ਬੰਦਿਸ਼ ਨੂੰ ਦੇਖਦਿਆਂ, ਇਸ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਿਤ ਅਧਿਆਪਕਾਂ ਨੂੰ ਵਿਸ਼ੇਸ਼ ਛੋਟ ਮਿਲਣੀ ਚਾਹੀਦੀ ਹੈ। ਦਿੱਲੀ ਸਰਕਾਰ ਦੇ ਸਿੱਖਿਆ ਡਾਇਰੈਕਟੋਰੇਟ ਨੇ ਇਹ ਸੁਝਾਅ ਇਸ ਆਧਾਰ 'ਤੇ ਅਪ੍ਰਵਾਨ ਕਰ ਦਿੱਤਾ ਕਿ ਅਜਿਹਾ ਕਰਨ ਨਾਲ ਸਕੂਲਾਂ ਦੇ ਕੰਮਕਾਜ ਵਿਚ ਵਿਘਨ ਪਵੇਗਾ ਅਤੇ ਪੜ੍ਹਾਈ ਦਾ ਨੁਕਸਾਨ ਹੋਵੇਗਾ। ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਸਿੱਖਿਆ ਡਾਇਰੈਕਟੋਰੇਟ ਦੇ ਇਸ ਫੈਸਲੇ ਨਾਲੋਂ ਖੁਦ ਨੂੰ ਲਾਂਭੇ ਰੱਖਿਆ ਅਤੇ ਚੁੱਪ ਧਾਰੀ ਹੋਈ ਹੈ। ਧਰਮ ਨਿਰਪੱਖ ਬੁੱਧੀਜੀਵੀਆਂ ਅਤੇ ਸਿਆਸਤਦਾਨਾਂ ਨੇ ਵੀ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ।

ਸਿੱਖਿਆ ਡਾਇਰੈਕਟੋਰੇਟ ਦੇ ਇਸ ਫੈਸਲੇ ਦੀ ਹਮਾਇਤ ਲਈ ਮੈਂ ਸੋਸ਼ਲ ਮੀਡੀਆ ਦਾ ਸਹਾਰਾ ਲਿਆ। ਮੇਰਾ ਅਜਿਹਾ ਕਰਨ ਦਾ ਮਕਸਦ ਬੜਾ ਸਪਸ਼ਟ ਸੀ। ਜੇ ਦਿੱਲੀ ਸਰਕਾਰ ਦੇ ਕਿਸੇ ਮੁਲਾਜ਼ਮ ਨੂੰ ਅਜਿਹੀ ਵਿਸ਼ੇਸ਼ ਛੁੱਟੀ ਕਦੇ ਨਹੀਂ ਦਿੱਤੀ ਗਈ, ਤੇ ਨਾ ਹੀ ਕਿਸੇ ਹੋਰ ਧਰਮ ਨਾਲ ਸਬੰਧਿਤ ਅਧਿਆਪਕ ਨੂੰ ਅਜਿਹੀ ਛੁੱਟੀ ਪਹਿਲਾਂ ਕਦੇ ਪ੍ਰਵਾਨ ਕੀਤੀ ਗਈ ਹੈ ਤਾਂ ਮੁਸਲਮਾਨ ਅਧਿਆਪਕਾਂ ਨੂੰ ਇਹ ਕਿਉਂ ਮਿਲੇ? ਮੇਰਾ ਮਕਸਦ ਅਧਿਆਪਕਾਂ ਦੇ ਜ਼ੁੰਮੇ ਦੀ ਨਮਾਜ਼ ਵਿਚ ਸ਼ਾਮਲ ਹੋਣ ਦਾ ਵਿਰੋਧ ਨਹੀਂ ਬਲਕਿ ਉਨ੍ਹਾਂ ਨੂੰ ਇਸ ਵਾਸਤੇ ਵਿਸ਼ੇਸ਼ ਛੁੱਟੀ ਦੇਣ ਦੀ ਮੁਖਾਲਫ਼ਿਤ ਕਰਨਾ ਸੀ। ਅਧਿਆਪਕ ਜ਼ੁੰਮੇ ਦੀ ਨਮਾਜ਼ ਵਿਚ ਸ਼ਾਮਲ ਹੋਣ ਲਈ ਸਮਾਂ ਆਪ ਕੱਢ ਸਕਦੇ ਹਨ। ਜੇ ਲੋੜ ਪਵੇ ਤਾਂ ਮਸਜਿਦਾਂ ਵਾਲੇ, ਜ਼ੁੰਮੇ ਦੀ ਨਮਾਜ਼ ਦਾ ਸਮਾਂ ਇਸ ਮੁਤਾਬਿਕ ਮਿਥ ਸਕਦੇ ਹਨ।

ਸੋਸ਼ਲ ਮੀਡੀਆ ਉਪਰ ਜਿਵੇਂ ਆਮ ਹੁੰਦਾ ਹੈ, ਮੇਰੀ ਟਿੱਪਣੀ 'ਤੇ ਮੈਨੂੰ ਰੱਜ ਕੇ ਗਾਲ੍ਹਾਂ ਮਿਲੀਆਂ। ਮੇਰੇ ਉਪਰ ਦੋਸ਼ ਲੱਗੇ ਕਿ ਆਖ਼ਿਰਕਾਰ ਮੈਂ ਆਪਣਾ ਹਿੰਦੂ ਚਿਹਰਾ ਦਿਖਾ ਹੀ ਦਿੱਤਾ ਹੈ, ਮੈਂ ਆਰ.ਐਸ.ਐਸ. ਨੂੰ ਖ਼ੁਸ਼ ਕੀਤਾ ਹੈ, ਜਾਂ ਮੈਨੂੰ ਇਸਲਾਮੀ ਰੀਤਾਂ ਦਾ ਭੋਰਾ ਵੀ ਇਲਮ ਨਹੀਂ। ਕੁਝ ਗੰਭੀਰ ਸਵਾਲ ਵੀ ਆਏ। ਬਹੁਤਿਆਂ ਨੇ ਦਾਅਵਾ ਕੀਤਾ ਕਿ ਜ਼ੁੰਮੇ ਦੀ ਨਮਾਜ਼ ਵਿਚ ਸ਼ਾਮਲ ਹੋਣਾ ਸੰਵਿਧਾਨਿਕ ਅਧਿਕਾਰ ਹੈ। ਮੈਂ ਕਿਹਾ: ਨਮਾਜ਼ ਵਿਚ ਸ਼ਾਮਲ ਹੋਣਾ ਸੰਵਿਧਾਨਿਕ ਅਧਿਕਾਰ ਹੈ ਪਰ ਇਸ ਵਾਸਤੇ ਸਰਕਾਰੀ ਛੁੱਟੀ ਹੋਣਾ ਨਹੀਂ। ਆਲੋਚਕਾਂ ਨੇ ਦਲੀਲ ਦਿੱਤੀ: ਜ਼ੁੰਮੇ ਦੀ ਨਮਾਜ਼ ਮੁਸਲਮਾਨ ਭਾਈਚਾਰੇ ਵੱਲੋਂ ਮਿਲ ਕੇ ਅਦਾ ਕਰਨੀ ਜ਼ਰੂਰੀ ਹੁੰਦੀ ਹੈ। ਮੇਰਾ ਜੁਆਬ ਸੀ: ਮੁਸਲਮਾਨ ਲਈ ਪੰਜ ਵੇਲੇ ਨਮਾਜ਼ ਅਦਾ ਕਰਨੀ ਜ਼ਰੂਰੀ ਹੈ, ਤੇ ਜੇ ਜ਼ੁੰਮੇ ਦੀ ਨਮਾਜ਼ ਭਾਈਚਾਰੇ ਨਾਲ ਅਦਾ ਕਰਨੀ ਜ਼ਰੂਰੀ ਹੈ ਤਾਂ ਇਸ ਵਾਸਤੇ ਸਮੇਂ ਦੀ ਛੋਟ ਦਿੱਤੀ ਜਾ ਸਕਦੀ ਹੈ। ਸਮੇਂ ਨੂੰ ਤਰਤੀਬ ਸਿਰ ਕਰਨ ਦੇ ਮੇਰੇ ਸੁਝਾਅ ਨੂੰ ਇਸਲਾਮ ਦਾ ਅਪਮਾਨ ਕਿਹਾ ਗਿਆ। ਮੈਂ ਦਲੀਲ ਦਿੱਤੀ ਸੀ ਕਿ ਜ਼ੁੰਮੇ ਦੀ ਨਮਾਜ਼ ਦੁਪਿਹਰੇ 12:20-3:30 ਦਰਮਿਆਨ ਕਿਤੇ ਵੀ ਅਦਾ ਕੀਤੀ ਜਾ ਸਕਦੀ ਹੈ। ਮਸਜਿਦਾਂ ਵਿਚ ਇਸ ਸਮੇਂ ਦੌਰਾਨ ਦੁਕਾਨਦਾਰਾਂ ਦੇ ਸਮੇਂ ਅਤੇ ਸਥਾਨਕ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾ ਸਕਦਾ ਹੈ ਤਾਂ ਫਿਰ ਸਕੂਲਾਂ ਵਾਸਤੇ ਅਜਿਹਾ ਕਿਉਂ ਨਹੀਂ ਹੋ ਸਕਦਾ?

ਮੈਨੂੰ ਨਹੀਂ ਪਤਾ, ਮੈਂ ਕਿੰਨਿਆਂ ਕੁ ਨੂੰ ਇਸ ਦਲੀਲ ਨਾਲ ਸਹਿਮਤ ਕਰ ਸਕਿਆ ਪਰ ਮੇਰਾ ਵਿਸ਼ਵਾਸ ਹੈ ਕਿ ਘੱਟ ਗਿਣਤੀਆਂ ਲਈ ਕੋਈ ਵੀ ਵਿਸ਼ੇਸ਼ ਰਿਆਇਤ, ਅਸਲ ਵਿਚ ਧਰਮ ਨਿਰਪੱਖ ਸਰਕਾਰੀ ਨੀਤੀ ਨੂੰ ਨੁਕਸਾਨ ਪਹੁੰਚਾਉਂਦੀ ਹੈ। ਅਜਿਹੀਆਂ ਰਿਆਇਤਾਂ ਵਿਤਕਰੇ ਅਤੇ ਹੋਰ ਅਹਿਮ ਤੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਂਦੀਆਂ ਹਨ। ਇਹ ਮੰਗ ਘੱਟ ਗਿਣਤੀ ਪੱਖੀ ਤਾਂ ਕਹੀ ਜਾ ਸਕਦੀ ਹੈ ਪਰ ਧਰਮ ਨਿਰਪੱਖਤਾ ਨਾਲ ਜੁੜੀ ਹੋਈ ਨਹੀਂ ਸੀ।

ਦੂਜੀ ਘਟਨਾ ਇਸ ਮੁੱਦੇ ਨਾਲ ਬਹੁਤ ਨੇੜਿਉਂ ਜੁੜੀ ਹੋਈ ਸੀ। ਗੁੜਗਾਉਂ ਵਿਚ ਅਖੌਤੀ ਆਗੂਆਂ ਦਾ ਟੋਲਾ ਆਇਆ ਅਤੇ ਉਨ੍ਹਾਂ ਨੇ ਮੈਦਾਨ ਵਿਚ ਚੱਲ ਰਹੀ ਨਮਾਜ਼ ਵਿਚ ਵਿਘਨ ਪਾਇਆ, ਨਮਾਜ਼ੀਆਂ ਉਪਰ ਹਮਲਾ ਕੀਤਾ। ਕਿਸੇ ਨੇ ਇਸ ਘਟਨਾ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਪਰ ਪਾ ਦਿੱਤੀ ਜਿਸ ਨੇ ਪੁਲਿਸ ਨੂੰ ਮੁਲਜ਼ਮਾਂ ਖਿਲਾਫ਼ ਕੇਸ ਦਰਜ ਕਰਨ ਅਤੇ ਉਨ੍ਹਾਂ ਨੂੰ ਫੜਨ ਲਈ ਮਜਬੂਰ ਕਰ ਦਿੱਤਾ। ਇਸ ਘਟਨਾ ਬਾਅਦ ਸਥਾਨਕ ਭਾਈਚਾਰਿਆਂ ਦੇ ਆਗੂਆਂ ਅਤੇ ਪੁਲਿਸ ਵਿਚਕਾਰ ਤਿੰਨ ਮੀਟਿੰਗਾਂ ਹੋਈਆਂ। ਮੁਸਲਮਾਨ ਆਗੂ ਉਨ੍ਹਾਂ ਤਿੰਨ ਥਾਵਾਂ ਉਪਰ ਜ਼ੁੰਮੇ ਦੀ ਨਮਾਜ਼ ਅਦਾ ਨਾ ਕਰਨ ਲਈ ਸਹਿਮਤ ਹੋ ਗਏ ਜਿਥੇ ਲੋਕਾਂ ਦੀਆਂ ਸਰਗਰਮੀਆਂ ਵਿਚ ਵਿਘਨ ਪੈ ਸਕਦਾ ਸੀ।

ਇਹ ਦੋਵੇਂ ਵਿਵਾਦ ਅਜੇ ਵੀ ਹੱਲ ਨਹੀਂ ਹੋਏ। ਦੋ ਹਫ਼ਤਿਆਂ ਬਾਅਦ ਭੜਕੇ ਹੋਏ ਨੌਜਵਾਨਾਂ ਦੀਆਂ ਕੁਝ ਟੋਲੀਆਂ ਹੋਰ ਸੱਤ ਥਾਵਾਂ ਉਪਰ ਗਈਆਂ ਅਤੇ ਜ਼ੁੰਮੇ ਦੀ ਨਮਾਜ਼ ਰੋਕੀ। ਪੁਲਿਸ ਮੌਕੇ 'ਤੇ ਹਾਜ਼ਰ ਹੋਣ ਦੇ ਬਾਵਜੂਦ ਕੁਝ ਨਾ ਕਰ ਸਕੀ। ਰਮਜ਼ਾਨ ਦਾ ਮਹੀਨਾ ਨੇੜੇ ਢੁੱਕ ਰਿਹਾ ਹੈ। ਸਥਾਨਕ ਮੁਸਲਮਾਨ ਭਾਈਚਾਰੇ ਵਿਚ ਗੁੱਸਾ ਅਤੇ ਡਰ ਹੈ।



ਹੁਣ ਜਦੋਂ ਮੈਂ ਮੁਸਲਮਾਨ ਭਾਈਚਾਰੇ ਨੂੰ ਜ਼ੁੰਮੇ ਦੀ ਨਮਾਜ਼ ਅਦਾ ਕਰਨ ਦੇ ਅਧਿਕਾਰ ਤੋਂ ਵਾਂਝੇ ਕੀਤੇ ਜਾਣ ਖ਼ਿਲਾਫ਼ ਆਵਾਜ਼ ਉਠਾਈ ਹੈ ਤਾਂ ਮੇਰੇ ਖ਼ਿਲਾਫ਼ ਦੂਜੀ ਧਿਰ ਵੱਲੋਂ ਹੱਲਾ ਬੋਲਿਆ ਗਿਆ ਹੈ। ਮੈਨੂੰ ਸਿਕੂਲਰ (ਬਿਮਾਰ, ਸੈਕੂਲਰ 'ਤੇ ਵਿਅੰਗ), ਮੁਸਲਮਾਨ ਪੱਖੀ, ਹਿੰਦੂ-ਵਿਰੋਧੀ ਤੇ ਹੋਰ ਪਤਾ ਨਹੀਂ ਕੀ ਕੀ ਕਿਹਾ ਜਾ ਰਿਹਾ ਹੈ। ਇਹ ਵੀ ਪ੍ਰਚਾਰਿਆ ਜਾ ਰਿਹਾ ਹੈ ਕਿ ਜ਼ੁੰਮੇ ਦੀ ਨਮਾਜ਼ ਮੌਕੇ ਭਾਰਤ-ਵਿਰੋਧੀ ਨਾਅਰੇ ਲਾਏ ਗਏ ਪਰ ਇਹ ਸਾਬਤ ਕਰਨ ਲਈ ਸਬੂਤ ਨਹੀਂ ਹਨ। ਇਹ ਵੀ ਤਰਕ ਦਿੱਤਾ ਗਿਆ ਕਿ ਜ਼ੁੰਮੇ ਦੀ ਨਮਾਜ਼ ਕਾਰਨ ਗੁਆਂਢੀਆਂ ਦੇ ਜੀਵਨ ਅਤੇ ਆਵਾਜਾਈ ਵਿਚ ਵਿਘਨ ਪੈਂਦਾ ਹੈ। ਉਂਜ, ਉਪਰੋਕਤ ਤਿੰਨ ਮਾਮਲਿਆਂ ਤੋਂ ਇਲਾਵਾ ਕਿਤੇ ਵੀ ਗੁਆਂਢੀਆਂ ਨੇ ਕੋਈ ਸ਼ਿਕਾਇਤ ਨਹੀਂ ਕੀਤੀ। ਖ਼ਦਸ਼ਾ ਪ੍ਰਗਟਾਇਆ ਗਿਆ ਕਿ ਇਨ੍ਹਾਂ ਥਾਵਾਂ ਉਪਰ ਇਸ ਲਈ ਲਗਾਤਾਰ ਨਮਾਜ਼ ਅਦਾ ਕੀਤੀ ਜਾਂਦੀ ਹੈ ਤਾਂ ਜੋ ਬਾਅਦ ਵਿਚ ਮਸਜਿਦ ਬਣਾਈ ਜਾ ਸਕੇ। ਇਸ ਬਾਰੇ ਹੁਣ ਤੱਕ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ। ਸੱਚੀ ਗੱਲ ਇਹ ਹੈ ਕਿ ਇਸਲਾਮ ਉਸ ਸਥਾਨ ਉਪਰ ਮਸਜਿਦ ਉਸਾਰਨ ਦੀ ਮਨਾਹੀ ਕਰਦਾ ਹੈ ਜਿਸ ਦੀ ਸਹੀ ਢੰਗ ਨਾਲ ਮਾਲਕੀ ਨਾ ਮਿਲੀ ਹੋਵੇ। ਇਸ ਲਈ ਅਜਿਹਾ ਖ਼ਦਸ਼ਾ ਨਿਰਮੂਲ ਹੈ।

ਇਨ੍ਹਾਂ ਹਾਲਾਤ ਨੇ ਗੰਭੀਰ ਸਵਾਲ ਸਾਹਮਣੇ ਲਿਆਂਦਾ ਹੈ: ਨਮਾਜ਼ ਜਨਤਕ ਸਥਾਨ 'ਤੇ ਕਿਉਂ ਅਦਾ ਕੀਤੀ ਜਾਂਦੀ ਹੈ, ਮਸਜਿਦ ਵਿਚ ਕਿਉਂ ਨਹੀਂ? ਇਹ ਸਵਾਲ ਹੋਰ ਕਿਸੇ ਨੇ ਨਹੀਂ, ਹਰਿਆਣਾ ਦੇ ਮੁੱਖ ਮੰਤਰੀ ਨੇ ਉਠਾਇਆ ਹੈ, ਉਹ ਵੀ ਉਸ ਵੇਲੇ ਜਦੋਂ ਕੁਝ ਗ਼ਲਤ ਅਨਸਰਾਂ ਨੇ ਨਮਾਜ਼ ਵਿਚ ਵਿਘਨ ਪਾਇਆ; ਹਾਲਾਂਕਿ ਉਨ੍ਹਾਂ ਦਾ ਫਰਜ਼ ਨਮਾਜ਼ ਅਦਾ ਕਰਨ ਵਾਲਿਆਂ ਨੂੰ ਸੁਰੱਖਿਆ ਮੁਹੱਈਆ ਕਰਾਉਣਾ ਸੀ। ਉਨ੍ਹਾਂ ਦੀ ਇਹ ਦਲੀਲ ਰੋਜ਼ਾਨਾ ਅਦਾ ਕੀਤੀ ਜਾਂਦੀ ਨਮਾਜ਼ ਲਈ ਤਾਂ ਢੁਕਵੀਂ ਹੈ ਪਰ ਜ਼ੁੰਮੇ ਦੀ ਨਮਾਜ਼ ਮੌਕੇ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਦੇ ਪਹੁੰਚਣ ਦੀ ਆਸ ਹੁੰਦੀ ਹੈ। ਕਈ ਵਾਰੀ ਮਸਜਿਦ ਦੀ ਸਮਰੱਥਾ ਨਾਲੋਂ ਵੱਧ ਇਕੱਠ ਹੋ ਜਾਂਦਾ ਹੈ, ਇਸ ਲਈ ਨੇੜਲੀ ਜਗ੍ਹਾ ਕੁਝ ਸਮੇਂ ਲਈ ਵਰਤ ਲਈ ਜਾਂਦੀ ਹੈ।

ਗੁੜਗਾਉਂ ਦਾ ਮਾਮਲਾ ਬਹੁਤ ਵੱਖਰਾ ਹੈ। ਮੁਲਕ ਦੀ ਵੰਡ ਤੋਂ ਬਾਅਦ ਇਥੇ ਸਥਾਨਕ ਮੁਸਲਮਾਨ ਨਹੀਂ ਰਹੇ। ਮੁਸਲਮਾਨਾਂ ਦੀ ਆਬਾਦੀ ਵਾਲਾ ਨੇੜਲਾ ਇਲਾਕਾ ਮੇਵਾਤ ਬਹੁਤ ਨਜ਼ਰਅੰਦਾਜ਼ ਹੈ। ਗੁੜਗਾਉਂ ਵਿਚ ਜ਼ਿਆਦਾਤਰ ਮੁਸਲਮਾਨ ਆਬਾਦੀ ਪਰਵਾਸੀ ਕਾਮਿਆਂ ਦੀ ਹੈ ਜੋ ਬਿਹਾਰ, ਯੂਪੀ, ਪੱਛਮੀ ਬੰਗਾਲ ਤੋਂ ਆਏ ਹੋਏ ਹਨ। ਇਸ ਕਰ ਕੇ ਇਥੇ ਕੋਈ ਪੁਰਾਣੀ ਵੱਡੀ ਮਸਜਿਦ ਨਹੀਂ, ਛੋਟੀਆਂ ਹਨ ਅਤੇ ਮੁਸਲਮਾਨ ਸੌ ਤੋਂ ਵੱਧ ਖੁੱਲ੍ਹੀਆਂ ਥਾਵਾਂ ਉਪਰ ਨਮਾਜ਼ ਅਦਾ ਕਰਦੇ ਹਨ। ਇਨ੍ਹਾਂ ਹਾਲਾਤ ਕਾਰਨ ਮੁਸਲਮਾਨਾਂ ਨੂੰ ਖੁੱਲ੍ਹੀਆਂ ਥਾਵਾਂ ਉਪਰ ਨਮਾਜ਼ ਅਦਾ ਨਾ ਕਰਨ ਦੇਣਾ ਉਨ੍ਹਾਂ ਦੇ ਸੰਵਿਧਾਨਿਕ ਅਧਿਕਾਰ ਦੀ ਉਲੰਘਣਾ ਹੈ। ਮੁਲਕ ਦੀ ਵੰਡ ਤੋਂ ਪਹਿਲਾਂ ਵੀ ਤੇ ਬਾਅਦ ਵੀ, ਹੁਣ ਤੱਕ ਇਸ ਅਧਿਕਾਰ ਦੀ ਪਾਲਣਾ ਹੁੰਦੀ ਆਈ ਹੈ। ਇਹ ਰਿਆਇਤ ਵਿਸ਼ੇਸ਼ ਕਰ ਕੇ ਮੁਸਲਮਾਨਾਂ ਨੂੰ ਹੀ ਨਹੀਂ, ਸਾਰੇ ਉਤਰੀ ਭਾਰਤ ਵਿਚ ਸਾਰੇ ਧਰਮਾਂ ਨੂੰ ਮਿਲਦੀ ਹੈ। ਜਗਰਾਤਿਆਂ ਅਤੇ ਨਗਰ ਕੀਰਤਨਾਂ ਮੌਕੇ ਸੜਕਾਂ ਤੇ ਗਲੀਆਂ ਵਿਚ ਕੁਝ ਸਮੇਂ ਲਈ ਆਵਾਜਾਈ ਪ੍ਰਭਾਵਿਤ ਹੁੰਦੀ ਹੈ। ਇਸ ਲਈ ਇਹ ਆਮ ਨਾਗਰਿਕ ਦਾ ਹੱਕ ਹੈ, ਵਿਸ਼ੇਸ਼ ਘੱਟ ਗਿਣਤੀ ਰਿਆਇਤ ਨਹੀਂ।

ਘੱਟ ਗਿਣਤੀਵਾਦ ਦੀ ਹਮਾਇਤ ਤੇ ਧਰਮ ਨਿਰਪੱਖਤਾਵਾਦ ਵਿਚਲਾ ਵਖਰੇਵਾਂ ਅਤੇ ਕਿਸੇ ਭਾਈਚਾਰੇ ਲਈ ਵਿਸ਼ੇਸ਼ ਸੰਕੇਤਕ ਰਿਆਇਤ ਤੇ ਸਾਰੇ ਨਾਗਰਿਕਾਂ ਲਈ ਬਰਾਬਰ ਸੰਵਿਧਾਨਿਕ ਅਧਿਕਾਰ ਵਿਚਲਾ ਫ਼ਰਕ, ਧਰਮ ਨਿਰਪੱਖ ਸਿਆਸਤ ਦੀ ਅਗਵਾਈ ਲਈ ਰਾਹਾ ਦਸੇਰੇ ਬਣ ਸਕਦੇ ਹਨ। ਇਉਂ, ਹੱਜ ਯਾਤਰਾ ਲਈ ਸਬਸਿਡੀ ਅਤੇ ਧਾਰਮਿਕ ਕੰਮ-ਕਾਰ ਲਈ ਅਜਿਹੀਆਂ ਰਿਆਇਤਾਂ ਦਾ ਸਮਰਥਨ ਨਹੀਂ ਕੀਤਾ ਜਾਣਾ ਚਾਹੀਦਾ। ਤੀਹਰਾ ਤਲਾਕ ਜਾਂ ਕਿਸੇ ਵੀ ਧਰਮ ਵਿਚ ਮਹਿਲਾ ਵਿਰੋਧੀ ਵਿਵਸਥਾਵਾਂ ਦਾ ਵਿਰੋਧ ਹੋਣਾ ਚਾਹੀਦਾ ਹੈ। ਧਰਮ ਨਿਰਪੱਖ ਸਿਆਸਤ ਨੂੰ ਆਪਣਾ ਸਾਰਾ ਧਿਆਨ ਸਾਰਿਆਂ ਲਈ ਬਰਾਬਰ ਸਿੱਖਿਆ, ਰੁਜ਼ਗਾਰ ਦੇ ਮੌਕੇ, ਮਕਾਨ ਅਤੇ ਪੁਲਿਸ ਤੇ ਹੋਰ ਸਰਕਾਰੀ ਏਜੰਸੀਆਂ ਵੱਲੋਂ ਬਰਾਬਰ ਸਲੂਕ ਦੇ ਵੱਲ ਕਰਨਾ ਚਾਹੀਦਾ ਹੈ।

ਇਹ ਵਖਰੇਵਾਂ ਕਾਇਮ ਰੱਖਣ ਦੇ ਚਾਹਵਾਨਾਂ ਨੂੰ ਵੱਡੀਆਂ ਧਿਰਾਂ ਦੇ ਹਮਲਿਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਪਵੇਗਾ ਪਰ ਅੱਜ ਉਸ ਸਮੇਂ ਜਦੋਂ ਧਰਮ ਨਿਰਪੱਖ ਭਾਰਤ ਦਾ ਵਿਚਾਰ ਕਾਲੇ ਦੌਰ ਦਾ ਸਾਹਮਣਾ ਕਰ ਰਿਹਾ ਹੋਵੇ, ਅਜਿਹੀ ਦ੍ਰਿੜ੍ਹਤਾ ਦਿਖਾਉਣਾ ਅਤਿਅੰਤ ਜ਼ਰੂਰੀ ਹੈ।

# ਵਿਰੋਧੀ ਧਿਰ ਦੀ ਏਕਤਾ ਅਤੇ ਸੀ. ਪੀ. ਐਮ.

ਆਖ਼ਰਕਾਰ ਲੋਕਾਂ ਦੀਆਂ ਕਿਆਸ ਅਰਾਈਆਂ ਨੂੰ ਗ਼ਲਤ ਸਾਬਤ ਕਰਦਿਆਂ ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ.ਪੀ.ਐਮ.) ਦੀ ਪਾਰਟੀ ਕਾਂਗਰਸ ਨੇ ਕੇਂਦਰੀ ਕਮੇਟੀ ਵਲੋਂ ਪੇਸ਼ ਸਿਆਸੀ ਖਰੜੇ ਵਿਚ ਬਦਲਾਓ ਕਰ ਦਿੱਤਾ। ਆਮ ਤੌਰ 'ਤੇ ਅਜਿਹਾ ਹੁੰਦਾ ਨਹੀਂ ਹੈ ਅਤੇ ਕੇਂਦਰੀ ਕਮੇਟੀ ਦੇ ਪ੍ਰਸਤਾਵ ਨੂੰ ਹੀ ਪਾਰਟੀ ਕਾਂਗਰਸ ਵਿਚ ਮਨਜ਼ੂਰੀ ਦਿੱਤੀ ਜਾਂਦੀ ਹੈ

**ਅਨਿਲ ਸਿਨਹਾ**

ਪਰ ਪਾਰਟੀ ਨੇ ਇਸ ਬਦਲਾਓ ਰਾਹੀਂ ਇਹ ਦਿਖਾ ਦਿੱਤਾ ਹੈ ਕਿ ਉਹ ਹਾਲਾਤ ਦੇ ਹਿਸਾਬ ਨਾਲ ਜ਼ਰੂਰੀ ਲਚੀਲਾਪਨ ਅਪਣਾ ਸਕਦੀ ਹੈ। ਇਸ ਫ਼ੈਸਲੇ ਨੇ ਪਾਰਟੀ ਨੂੰ ਵੱਡੀ ਅੰਦਰੂਨੀ ਫੁੱਟ ਤੋਂ ਵੀ ਬਚਾਅ ਲਿਆ ਹੈ।

ਸਿਆਸੀ ਮਤੇ ਵਿਚ ਸ਼ਬਦਾਂ ਦੀ ਮਾਮੂਲੀ ਜਿਹੀ ਤਬਦੀਲੀ ਕੀਤੀ ਗਈ ਹੈ ਪਰ ਇਹ ਏਨਾ ਅਹਿਮ ਹੈ ਕਿ ਇਸ ਨਾਲ ਸਮੁਚੀ ਵਿਰੋਧੀ ਧਿਰ ਨੇ ਰਾਹਤ ਮਹਿਸੂਸ ਕੀਤੀ ਹੈ। ਅਸਲੀਅਤ ਇਹ ਹੈ ਕਿ ਕੇਂਦਰੀ ਕਮੇਟੀ ਜੋ ਨੀਤੀ ਘੜਨ ਦੀ ਸਭ ਤੋਂ ਵੱਡੀ ਕਮੇਟੀ ਹੈ, ਦੇ ਫ਼ੈਸਲੇ ਨੂੰ ਪਾਰਟੀ ਕਾਂਗਰਸ ਨੇ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਪਾਰਟੀ ਦੀ 22ਵੀਂ ਕਾਂਗਰਸ ਨੂੰ ਇਤਿਹਾਸ ਇਸੇ ਫ਼ੈਸਲੇ ਕਰ ਕੇ ਹੀ ਯਾਦ ਕਰੇਗਾ, ਕਿਉਂਕਿ ਇਹ ਅਜਿਹੇ ਸਮੇਂ ਵਿਚ ਕੀਤਾ ਗਿਆ ਫ਼ੈਸਲਾ ਹੈ, ਜਦੋਂ ਨਾ ਸਿਰਫ ਪਾਰਟੀ ਆਪਣੇ ਮੁਸ਼ਕਿਲ ਦੌਰ ਵਿਚੋਂ ਗੁਜ਼ਰ ਰਹੀ ਹੈ, ਸਗੋਂ ਦੇਸ਼ ਦੇ ਸਾਹਮਣੇ ਵੀ ਚੁਣੌਤੀ ਹੈ ਕਿ ਉਹ ਹਿੰਦੂਤਵ ਦਾ ਰਾਹ ਅਪਣਾਏ ਜਾਂ ਇਸ ਨੂੰ ਹਟਾ ਦੇਵੇ।

ਕੇਂਦਰੀ ਕਮੇਟੀ ਨੇ ਕਾਂਗਰਸ ਪਾਰਟੀ ਨਾਲ ਕਿਸੇ ਵੀ ਤਰ੍ਹਾਂ ਦੇ ਤਾਲਮੇਲ ਜਾਂ ਚੋਣ ਗੱਠਜੋੜ ਕੀਤੇ ਬਿਨਾਂ ਲੋਕਤੰਤਰਕ ਧਰਮ ਨਿਰਪੱਖ ਤਾਕਤਾਂ ਨੂੰ ਇਕਜੁਟ ਕਰਨ ਦਾ ਮਤਾ ਪਾਸ ਕੀਤਾ ਸੀ। ਇਸ ਦਾ ਵਿਹਾਰਕ ਮਤਲਬ ਇਹੀ ਸੀ ਕਿ ਪਾਰਟੀ ਵਿਰੋਧੀ ਏਕਤਾ ਦੀ ਕਿਸੇ ਮੁਹਿੰਮ ਵਿਚ ਸ਼ਾਮਿਲ ਨਹੀਂ ਹੋ ਸਕਦੀ ਸੀ, ਕਿਉਂਕਿ ਕਾਂਗਰਸ ਨੂੰ ਛੱਡ ਕੇ ਗੱਠਜੋੜ ਦੀ ਸੰਭਾਵਨਾ ਫਿਲਹਾਲ ਤਾਂ ਦਿਖਾਈ ਨਹੀਂ ਦਿੰਦੀ। ਪਾਰਟੀ ਕਾਂਗਰਸ ਨੇ ਇਸ ਨੂੰ ਬਦਲ ਕੇ ਸਿਰਫ 'ਸਿਆਸੀ ਗਠਜੋੜ' ਤੋਂ ਮਨ੍ਹਾ ਕੀਤਾ ਹੈ। ਉਸ ਨੇ ਤਾਲਮੇਲ ਦੇ ਰਸਤੇ ਖੁੱਲ੍ਹੇ ਛੱਡੇ ਹਨ। ਸਿਆਸੀ ਗੱਠਜੋੜ ਦੀ ਮਨਾਹੀ ਦਾ ਭਾਵ ਸਿਰਫ ਏਨਾ ਹੈ ਕਿ ਕਾਂਗਰਸ ਨਾਲ ਪਾਰਟੀ ਦਾ ਪ੍ਰੋਗਰਾਮ ਜਾਂ ਨੀਤੀ ਆਧਾਰਿਤ ਗਠਜੋੜ ਨਹੀਂ ਹੋਵੇਗਾ। ਪਾਰਟੀ ਨੇ ਸੀਤਾਰਾਮ ਯੇਚੁਰੀ ਨੂੰ ਜਨਰਲ ਸਕੱਤਰ ਦੇ ਅਹੁਦੇ ਲਈ ਦੁਬਾਰਾ ਚੁਣ ਕੇ ਅਜਿਹੇ ਮੌਕੇ ਬਣਾ ਦਿਤੇ ਹਨ ਕਿ 2019 ਵਿਚ ਭਾਜਪਾ ਵਿਰੁਧ ਬਣ ਰਹੇ ਮਹਾਂਗੱਠਜੋੜ ਦੇ ਨਾਲ ਸੀ.ਪੀ.ਐਮ. ਅਹਿਮ ਭੂਮਿਕਾ ਨਿਭਾਅ ਸਕਦੀ ਹੈ।

ਪਾਰਟੀ ਦੀ ਲੀਡਰਸ਼ਿਪ ਵਿਚ ਮੁੱਖ ਤੌਰ 'ਤੇ ਦੋ ਸੂਬਿਆਂ ਪੱਛਮੀ ਬੰਗਾਲ ਤੇ ਕੇਰਲ ਦੇ ਲੋਕ ਹਨ। ਦੋਵੇਂ ਹੀ ਸੂਬਿਆਂ ਦੇ ਆਗੂ ਆਪਣੇ ਸਥਾਨਕ ਸਮੀਕਰਨਾਂ ਦੇ ਹਿਸਾਬ ਨਾਲ ਪਾਰਟੀ ਦੀ ਸਿਆਸੀ ਰਣਨੀਤੀ ਤੈਅ ਕਰ ਲੈਂਦੇ ਹਨ। ਇਹੀ ਕਾਰਨ ਹੈ ਕਿ ਉਤਰ ਭਾਰਤ ਦੀ ਸਿਆਸਤ ਲਈ ਲੋੜੀਂਦੀ ਰਣਨੀਤੀ ਬਣਾਉਣ ਵਿਚ ਪਾਰਟੀ ਅਸਫ਼ਲ ਹੁੰਦੀ ਰਹੀ ਹੈ। ਕਾਂਗਰਸ ਨਾਲ ਤਾਲਮੇਲ ਨਾ ਕਰਨ ਦੀ ਰਣਨੀਤੀ ਬਣਾਉਣ ਵਾਲੇ ਪ੍ਰਕਾਸ਼ ਕਰਤ ਕੇਰਲ ਨਾਲ ਸਬੰਧ ਰੱਖਦੇ ਹਨ ਅਤੇ ਉਥੇ ਮਾਰਕਸਵਾਦੀ ਪਾਰਟੀ ਦਾ ਮੁਕਾਬਲਾ ਕਾਂਗਰਸ ਦੇ ਨਾਲ ਹੈ। ਮੰਨਿਆ ਕਿ ਕੇਰਲ ਵਿਚ ਕਾਂਗਰਸ ਦਾ ਵਿਰੋਧ ਪਾਰਟੀ ਲਈ ਜ਼ਰੂਰੀ ਹੈ ਪਰ ਸਿਰਫ ਇਕ ਸੂਬੇ ਦੀ ਰਾਜਨੀਤੀ ਨੂੰ ਧਿਆਨ ਵਿਚ ਰੱਖ ਕੇ ਪਾਰਟੀ ਦੀ ਕੌਮੀ ਰਾਜਨੀਤੀ ਕਿਵੇਂ ਤੈਅ ਹੋ ਸਕਦੀ ਹੈ? ਦੱਸਿਆ ਜਾਂਦਾ ਹੈ ਕਿ ਯੇਚੁਰੀ ਦੀ ਰਣਨੀਤੀ ਨੂੰ ਪਾਰਟੀ ਕਾਂਗਰਸ ਵਿਚ ਇਸ ਲਈ ਸਫ਼ਲਤਾ ਮਿਲੀ ਕਿਉਂਕਿ ਇਸ ਨੂੰ ਕੇਰਲ ਅਤੇ ਪੱਛਮੀ ਬੰਗਾਲ ਤੋਂ ਬਾਹਰ ਦੇ ਨੁਮਾਇੰਦਿਆਂ ਦਾ ਸਮਰਥਨ ਵੀ ਮਿਲਿਆ। ਯੇਚੁਰੀ ਦੀ ਰਣਨੀਤੀ ਨਾਲ ਪਾਰਟੀ ਨੂੰ ਉਤਰ ਭਾਰਤ ਵਿਚ ਤਾਕਤ ਵਧਾਉਣ ਦਾ ਮੌਕਾ ਮਿਲ ਸਕਦਾ ਹੈ।

ਉਂਜ ਇਸ ਵਿਚ ਕੋਈ ਸ਼ੱਕ ਨਹੀਂ ਕਿ ਕਾਂਗਰਸ ਨਾਲ ਪਾਰਟੀ ਦੇ ਡੂੰਘੇ ਮਤਭੇਦ ਹਨ ਅਤੇ ਆਰਥਿਕ ਮਾਮਲਿਆਂ ਬਾਰੇ ਦੋਵਾਂ ਵਿਚ ਸਹਿਮਤੀ ਦੀ ਕੋਈ ਸੰਭਾਵਨਾ ਨਹੀਂ ਹੈ। ਜਨਤਕ ਉਦਯੋਗਾਂ ਅਤੇ ਸੇਵਾਵਾਂ ਨੂੰ ਪ੍ਰਾਈਵੇਟ ਕੰਪਨੀਆਂ ਨੂੰ ਸੌਂਪਣ ਅਤੇ ਦੇਸੀ ਵਿਦੇਸ਼ੀ ਪੂੰਜੀ ਨੂੰ ਖੁੱਲ੍ਹੀ ਛੋਟ ਦੇਣ ਅਤੇ ਕਿਰਤ ਕਾਨੂੰਨਾਂ ਨੂੰ ਉਦਯੋਗਪਤੀਆਂ ਦੀ ਮਰਜ਼ੀ ਅਨੁਸਾਰ ਬਣਾਉਣ ਸਮੇਤ ਹੋਰ ਆਰਥਿਕ ਨੀਤੀਆਂ ਨੂੰ ਲੈ ਕੇ ਕਾਂਗਰਸ ਅਤੇ ਭਾਜਪਾ ਵਿਚ ਕੋਈ ਅੰਤਰ ਨਹੀਂ ਹੈ। ਇਸ ਨੂੰ ਮਾਰਕਸਵਾਦੀ ਕਮਿਊਨਿਸਟ ਪਾਰਟੀ ਕਿਵੇਂ ਸਵੀਕਾਰ ਕਰ ਸਕਦੀ ਹੈ?

ਸਵਾਲ ਇਹ ਵੀ ਹੈ ਕਿ ਦੇਸ਼ ਦੇ ਸਿਆਸੀ ਦ੍ਰਿਸ਼ 'ਤੇ ਨਜ਼ਰ ਮਾਰਨ ਨਾਲ ਸਪਸ਼ਟ ਹੋ ਜਾਂਦਾ ਹੈ ਕਿ ਹਰ ਪਾਸੇ ਕਾਂਗਰਸ ਦੀ ਥਾਂ ਭਾਜਪਾ ਲੈ ਰਹੀ ਹੈ। ਅਜਿਹੀ ਹਾਲਤ ਵਿਚ ਕਾਂਗਰਸ ਨੂੰ ਮਰਨ ਲਈ ਛੱਡ ਦੇਣਾ ਆਤਮਘਾਤੀ ਹੋਵੇਗਾ। ਖੱਬੇ ਪੱਖੀ ਇਹ ਤਾਂ ਮੰਨਦੇ ਹਨ ਕਿ ਕਾਂਗਰਸ ਫ਼ਿਰਕੂ ਪਾਰਟੀ ਨਹੀਂ ਹੈ, ਭਾਵੇਂ ਉਹ ਫ਼ਿਰਕੂ ਸ਼ਕਤੀਆਂ ਨਾਲ ਲੜਨ ਦੇ ਸਮਰੱਥ ਵੀ ਨਹੀਂ ਹੈ। ਕਰਤ ਨੇ ਕਾਂਗਰਸ ਅਤੇ ਭਾਜਪਾ ਨੂੰ ਇਕੋ ਹੀ ਤੱਕੜੀ ਵਿਚ ਤੋਲਣ 'ਤੇ ਭਾਜਪਾ ਸ਼ਾਸਨ ਨੂੰ ਫਾਸ਼ੀਵਾਦੀ ਸ਼ਾਸਨ ਨਾ ਹੋਣ ਦੀ ਦਲੀਲ ਦਿੱਤੀ ਅਤੇ ਇਸ ਸਬੰਧੀ ਕਈ ਅਖ਼ਬਾਰਾਂ ਵਿਚ ਲੇਖ ਵੀ ਲਿਖੇ। ਉਨ੍ਹਾਂ ਨੇ ਹਿਟਲਰ ਦੇ ਸ਼ਾਸਨ ਨਾਲ ਮੋਦੀ ਦੇ ਸ਼ਾਸਨ ਦੀ ਤੁਲਨਾ ਕਰਨ ਨੂੰ ਵੀ ਗ਼ਲਤ ਦੱਸਿਆ ਸੀ। ਕਰਤ ਦੇ ਵਿਚਾਰਾਂ ਦਾ ਪ੍ਰਭਾਵ ਪਾਰਟੀ ਦੀ 22ਵੀਂ ਕਾਂਗਰਸ ਵਿਚ ਪੇਸ਼ ਕੀਤੇ ਰਾਜਨੀਤਕ ਮਤੇ 'ਤੇ ਵੀ ਦਿਖਾਈ ਦਿੰਦਾ ਹੈ। ਇਸ ਵਿਚ ਮੋਦੀ ਸ਼ਾਸਨ ਨੂੰ ਸਿਧੇ-ਸਿਧੇ ਫਾਸ਼ੀਵਾਦੀ ਕਹਿਣ ਤੋਂ ਬਚਿਆ ਗਿਆ ਹੈ ਅਤੇ ਉਸ ਨੂੰ 'ਫਾਸ਼ੀਵਾਦੀ ਸੋਚ ਵਾਲੇ' ਆਰ. ਐਸ. ਐਸ. ਦੇ ਮਾਰਗਦਰਸ਼ਨ ਵਿਚ ਚੱਲਣ ਵਾਲਾ 'ਤਾਨਾਸ਼ਾਹੀਪੂਰਨ' ਸ਼ਾਸਨ ਦੱਸਿਆ ਗਿਆ ਹੈ। ਇਸ 'ਤੇ ਸੀ.ਪੀ.ਆਈ. (ਐਮ.ਐਲ.)-ਲਿਬਰੇਸ਼ਨ ਦੇ ਆਗੂ ਦੀਪਾਂਕਰ ਭੱਟਾਚਾਰੀਆ ਵੱਧ ਸਪਸ਼ਟ ਹਨ। ਹਾਲ ਹੀ 'ਚ ਉਨ੍ਹਾਂ ਦੀ ਪਾਰਟੀ ਦਾ ਇਜਲਾਸ ਹੋਇਆ ਅਤੇ ਇਸ ਵਿਚ ਮੋਦੀ ਸ਼ਾਸਨ ਨੂੰ 'ਫਾਸ਼ੀਵਾਦੀ' ਸ਼ਾਸਨ ਦੱਸਿਆ ਹੈ।

ਕਾਂਗਰਸ ਅਤੇ ਭਾਜਪਾ ਨੂੰ ਬਰਾਬਰ ਦੱਸਣ ਦੀ ਕਰਤ ਦੀ ਕੋਸ਼ਿਸ਼ ਦੇ ਬਾਵਜੂਦ ਪਾਰਟੀ ਨੇ ਭਾਜਪਾ ਨੂੰ ਆਪਣਾ ਨੰਬਰ ਇਕ ਦੁਸ਼ਮਣ ਅਤੇ 'ਹਿੰਦੂਤਵ' ਤੇ 'ਕਾਰਪੋਰੇਟ ਹਿਤਾਂ' ਲਈ ਕੰਮ ਕਰਨ ਵਾਲੀ ਪਾਰਟੀ ਨੂੰ ਹਰਾਉਣਾ ਆਪਣਾ ਟੀਚਾ ਦੱਸਿਆ ਹੈ। ਉਂਜ, ਸਪਸ਼ਟ ਵਿਚਾਰਧਾਰਕ ਨੀਤੀ ਨਾ ਹੋਣ ਕਾਰਨ ਪਾਰਟੀ ਰਣਨੀਤੀ ਅਪਣਾਉਣ ਵਿਚ ਸਫ਼ਲ ਨਹੀਂ ਹੋ ਸਕੀ। ਇਸ ਨੇ ਇਕ ਪਾਸੇ ਕਾਂਗਰਸ ਨਾਲ ਸਿਆਸੀ ਗਠਜੋੜ ਤੋਂ ਮਨ੍ਹਾ ਕਰ ਦਿੱਤਾ, ਦੂਜੇ ਪਾਸੇ ਖੇਤਰੀ ਤੇ ਹੋਰ ਪਾਰਟੀਆਂ ਦੇ ਕਿਸੇ ਕੌਮੀ ਗੱਠਜੋੜ ਨਾਲੋਂ ਵੀ ਵੱਖ ਰਹਿਣ ਦਾ ਫ਼ੈਸਲਾ ਕੀਤਾ ਹੈ। ਇਸ ਫ਼ੈਸਲੇ ਤੋਂ ਬਾਅਦ ਉਹ 2019 ਦੀਆਂ ਚੋਣਾਂ ਵਿਚ ਪਾਰਟੀ ਦੀ ਹਿੱਸੇਦਾਰੀ ਕਿਸ ਤਰ੍ਹਾਂ ਪਾਏਗੀ, ਹੁਣ ਇਹ ਯੇਚੁਰੀ ਦੀ ਸੋਚ 'ਤੇ ਨਿਰਭਰ ਕਰੇਗਾ। ਇਹ ਦੇਖਣਾ ਹੋਵੇਗਾ ਕਿ ਪਾਰਟੀ ਉਤਰ ਪ੍ਰਦੇਸ਼ ਵਿਚ ਮਾਇਆਵਤੀ ਤੇ ਅਖਿਲੇਸ਼ ਯਾਦਵ, ਬਿਹਾਰ ਵਿਚ ਤੇਜਸਵੀ ਯਾਦਵ ਤੇ ਸ਼ਰਦ ਯਾਦਵ ਅਤੇ ਮਹਾਰਾਸ਼ਟਰ ਵਿਚ ਸ਼ਰਦ ਪਵਾਰ ਤੇ ਪ੍ਰਕਾਸ਼ ਅੰਬੇਡਕਰ ਦੀਆਂ ਪਾਰਟੀਆਂ ਨਾਲ ਕਿਵੇਂ ਤਾਲਮੇਲ ਕਰਦੀ ਹੈ। ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿਚ ਉਹ ਵਾਈ.ਐਸ.ਆਰ. ਕਾਂਗਰਸ, ਟੀ.ਡੀ.ਪੀ. ਜਾਂ ਟੀ.ਆਰ.ਐਸ. ਨਾਲ ਨਹੀਂ ਜਾ ਸਕਦੀ ਤੇ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿਚ ਉਸ ਕੋਲ ਕਾਂਗਰਸ ਨਾਲ ਜਾਣ ਤੋਂ ਇਲਾਵਾ ਕੋਈ ਰਾਹ ਨਹੀਂ ਹੈ।

ਖੱਬੇ ਪੱਖੀ ਲਗਾਤਾਰ ਸੁੰਗੜ ਰਹੇ ਹਨ ਅਤੇ ਤ੍ਰਿਪੁਰਾ ਦੀ ਹਾਰ ਨੇ ਹਾਲਾਤ ਹੋਰ ਵੀ ਨਿਰਾਸ਼ਾਜਨਕ ਬਣਾ ਦਿੱਤੇ ਹਨ। ਕਿਸਾਨਾਂ ਦੀ ਮੁੰਬਈ ਵੱਲ ਲੰਮੇ ਮਾਰਚ ਦੀ ਸਫਲਤਾ ਅਤੇ ਦਲਿਤ ਅੰਦੋਲਨਾਂ ਵਿਚ ਸਰਗਰਮ ਹਿੱਸੇਦਾਰੀ ਨੇ ਪਾਰਟੀ ਦੀ ਵੋਟ ਫ਼ੀਸਦੀ ਵਧਾਈ ਹੈ। ਪਰ ਪਾਰਟੀ 'ਤੇ ਇਸ ਦਾ ਕੋਈ ਪ੍ਰਭਾਵ ਹੁੰਦਾ ਦਿਖਾਈ ਨਹੀਂ ਦਿੱਤਾ। ਕੇਂਦਰੀ ਕਮੇਟੀ ਵਿਚ ਇਕ ਵੀ ਦਲਿਤ ਨਹੀਂ। ਫਿਰ ਵੀ ਲੰਮੇ ਮਾਰਚ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਸ਼ੋਕ ਢਾਵਲੇ ਨੂੰ ਕੇਂਦਰੀ ਕਮੇਟੀ ਵਿਚ ਥਾਂ ਨਹੀਂ ਦਿੱਤੀ ਗਈ।

# ਜੈ ਧਰਤੀ ਮਾਤਾ

***ਮਰਹੂਮ ਡਾ. ਦਲਜੀਤ ਸਿੰਘ ਅੱਖਾਂ ਦੇ ਸੰਸਾਰ ਪ੍ਰਸਿੱਧ ਸਰਜਨ ਤਾਂ ਸਨ ਹੀ, ਉਹ ਲੋਕ ਮਸਲਿਆਂ ਬਾਰੇ ਵੀ ਗਾਹੇ-ਬਗਾਹੇ ਲਿਖਦੇ ਰਹੇ। ਉਨ੍ਹਾਂ ਦੀਆਂ ਇਹ ਲਿਖਤਾਂ ਹੁਣ ਕਿਤਾਬਾਂ ਦੇ ਰੂਪ ਵਿਚ ਵੀ ਮਿਲ ਜਾਂਦੀਆਂ ਹਨ। ਇਨ੍ਹਾਂ ਲਿਖਤਾਂ ਵਿਚ ਉਨ੍ਹਾਂ ਸੰਸਾਰ ਦਾ ਉਹ ਪਾਸਾ ਦਿਖਾਇਆ ਹੈ ਜੋ ਆਮ ਕਰ ਕੇ ਦਿਸਦਾ ਨਹੀਂ। ਸੰਸਾਰ ਦਾ ਇਹ ਦੂਜਾ ਪਾਸਾ ਉਨ੍ਹਾਂ ਬੜੀ ਸਾਦਗੀ ਅਤੇ ਸਹਿਜ ਨਾਲ ਪਾਠਕਾਂ ਅੱਗੇ ਪੇਸ਼ ਕੀਤਾ ਹੈ। ਇਸ ਲੇਖ ਵਿਚ ਉਨ੍ਹਾਂ ਧਰਤੀ ਮਾਂ ਦੀ ਬਾਤ ਸੁਣਾਈ ਹੈ ਜਿਸ ਉਤੇ ਵੱਖ-ਵੱਖ ਸਮਿਆਂ ਦੇ ਹਾਕਮ ਲਕੀਰਾਂ ਵਾਹ ਕੇ ਵੰਡੀਆਂ ਪਾ ਚੁਕੇ ਹਨ ਅਤੇ ਅੱਜ ਦੇ ਹਾਕਮ ਆਪਣੀ ਜ਼ਹਿਰੀਲੀ ਸਿਆਸਤ ਰਾਹੀਂ ਇਨ੍ਹਾਂ ਲਕੀਰਾਂ ਨੂੰ ਹੋਰ ਗੂੜ੍ਹੀਆਂ ਕਰੀ ਜਾਂਦੇ ਹਨ। -ਸੰਪਾਦਕ***

ਇਨਸਾਨ ਅਤੇ ਹੈਵਾਨ ਅੰਦਰ ਬੁਨਿਆਦੀ ਫਰਕ ਇਹ ਹੈ ਕਿ ਪਹਿਲੇ ਨੂੰ ਪੇਟ ਪੂਜਾ ਲਈ ਕਿਤੇ ਨਾ ਕਿਤੇ ਟਿਕ ਕੇ ਲਗਾਤਾਰ ਦਿਮਾਗੀ ਜਾਂ ਸਰੀਰਕ ਮਿਹਨਤ ਕਰਨੀ ਪੈਂਦੀ ਹੈ, ਜਦਕਿ ਦੂਸਰੇ ਨੂੰ ਕੁਦਰਤ ਦੇ, ਧਰਤੀ ਮਾਂ ਦੇ ਵਿਸ਼ਾਲ ਭੰਡਾਰੇ ਅੰਦਰੋਂ ਬਣੀ ਬਣਾਈ ਖੁਰਾਕ ਮਿਲ ਜਾਂਦੀ ਹੈ।

ਕੁਲ ਇਨਸਾਨੀ ਆਬਾਦੀ ਮਿਹਨਤ ਲਈ ਤਤਪਰ ਹੈ। ਮਿਹਨਤ ਦੇ ਮੌਕੇ ਸਭ ਥਾਂ ਇਕੋ ਜਿਹੇ ਨਹੀਂ ਹਨ। ਸਿਆਸੀ ਸਰਹੱਦਾਂ 'ਚ ਬੇਅੰਤ ਫਰਕ ਹਨ। ਸਰਹੱਦਾਂ 'ਚ ਫੌਜਾਂ ਅਤੇ ਪੁਲਿਸ ਹਨ। ਵੱਖ-ਵੱਖ ਨਿਜ਼ਾਮ ਹਨ। ਸਰਹੱਦਾਂ ਦੇ ਆਰ-ਪਾਰ ਬੇਅੰਤ ਸਾਂਝਾਂ ਹਨ ਅਤੇ ਦੁਸ਼ਮਣੀਆਂ ਵੀ। ਇਕ ਪਾਸੇ ਸਰਮਾਏਦਾਰੀ ਨਿਜ਼ਾਮ ਸਿਖਰਾਂ ਨੂੰ ਟੱਪ ਕੇ ਕੁਲ ਦੁਨੀਆਂ ਉਤੇ ਛਾ ਜਾਣ ਅਤੇ ਹੜੱਪਣ ਦੀਆਂ ਗੋਂਦਾਂ ਗੁੰਦਦਾ ਹੈ ਅਤੇ ਦੂਜੇ ਪਾਸੇ ਠੱਗੀ, ਫਰੇਬ ਤੇ ਸਾਮਰਾਜੀ ਘੁਸਪੈਠ ਜਾਂ ਖੁੱਲ੍ਹੇ ਧਾਵੇ ਤੋਂ ਜਾਨ ਬਚਾਉਣ ਲਈ ਬੇਅੰਤ ਦੇਸ਼ਾਂ ਦੇ ਲੋਕ ਯਤਨਸ਼ੀਲ ਹਨ।

ਦੂਜੀ ਸੰਸਾਰ ਜੰਗ ਪਿਛੋਂ ਦੋ ਮਹਾਂ ਸ਼ਕਤੀਆਂ ਉਭਰ ਕੇ ਆਈਆਂ। ਇਕ ਧੜਾ ਅਮਰੀਕੀ ਨਿਜੀ

ਡਾ. ਦਲਜੀਤ ਸਿੰਘ

ਮਲਕੀਅਤ ਨਿਜ਼ਾਮ ਦਾ ਅਤੇ ਦੂਜਾ ਧੜਾ ਕੁੱਲ ਸਰਕਾਰੀ ਮਲਕੀਅਤ ਜਾਂ 'ਸਮਾਜਵਾਦੀ' ਸੋਵੀਅਤ ਸੰਘ ਦਾ। 1939-45 ਦੀ ਸੰਸਾਰ ਜੰਗ ਵਿਚ 13 ਫੀਸਦੀ ਰੂਸੀ ਲੋਕ ਮਾਰੇ ਗਏ ਸਨ ਅਤੇ ਉਸ ਦਾ ਯੂਰਪੀ ਭਾਗ ਲੜਾਈ ਨਾਲ ਤਹਿਸ ਨਹਿਸ ਹੋ ਚੁਕਾ ਸੀ। ਅਮਰੀਕੀ ਅਤੇ ਰੂਸੀ ਧੜਿਆਂ ਵਿਚਾਲੇ ਖਿੱਚੋਤਾਣ ਤੇ ਹਥਿਆਰਾਂ ਦੀ ਦੌੜ ਚਾਲੂ ਹੋ ਗਈ। ਅਮਰੀਕਾ ਨੇ ਅਮਲੀ ਤੌਰ 'ਤੇ ਜਪਾਨ ਦੇ ਦੋ ਸ਼ਹਿਰ ਐਟਮ ਬੰਬ ਨਾਲ ਉਡਾਏ ਹੋਏ ਸਨ। ਉਸ ਦੇ ਫੌਜੀ ਅਤੇ ਸਿਆਸੀ ਨੇਤਾ ਹਰਦਮ ਸੋਵੀਅਤ ਸੰਘ ਨੂੰ ਮਿਟਾਉਣਾ ਚਾਹੁੰਦੇ ਸਨ, ਪਰ ਅੱਜ ਦੇ ਗਰੀਬ ਦੇਸ਼ ਉਤਰੀ ਕੋਰੀਆ ਵਾਂਗ ਉਸ ਸਮੇਂ ਦੇ ਕੰਗਾਲ ਸੋਵੀਅਤ ਸੰਘ ਨੇ ਵੀ ਐਟਮ ਬੰਬ (1949) ਅਤੇ ਅਮਰੀਕਾ ਤੋਂ ਇਕ ਸਾਲ ਪਿਛੋਂ 1953 ਵਿਚ ਹਾਈਡ੍ਰੋਜਨ ਬੰਬ ਦਾ ਸਫਲ ਟੈਸਟ ਕਰ ਦਿੱਤਾ ਅਤੇ ਫਿਰ ਸਭ ਤੋਂ ਪਹਿਲਾਂ ਧਰਤੀ ਦਾ ਉਪ-ਗ੍ਰਹਿ ਛੱਡ ਦਿੱਤਾ।

1949 ਵਿਚ ਜਪਾਨ ਤੋਂ ਮੁਕਤੀ ਹਾਸਲ ਕਰਨ ਵਾਲੇ ਉਤਰੀ ਕੋਰੀਆ ਉਤੇ ਅਮਰੀਕਾ ਨੇ ਹਮਲਾ ਕੀਤਾ। ਜਦੋਂ ਅਮਰੀਕਾ ਸਫਲਤਾ ਦੇ ਬਹੁਤ ਨੇੜੇ ਸੀ ਤਾਂ ਯਾਲੂ ਦਰਿਆ ਪਾਰੋਂ ਚੀਨੀ ਫੌਜਾਂ ਦਾਖਲ ਹੋਈਆਂ ਅਤੇ ਹਮਲਾਵਰ ਦੇ ਛੱਕੇ ਛੁਡਾ ਦਿੱਤੇ। ਅਮਰੀਕੀ ਲੋਕਾਂ ਨੂੰ ਇਹ ਜੰਗ ਕਮਿਊਨਿਜ਼ਮ ਨੂੰ ਰੋਕਣ ਲਈ ਦੱਸੀ ਗਈ ਸੀ। 1953 ਤੋਂ ਕੋਰੀਆ ਵਿਚ ਜੰਗਬੰਦੀ ਹੈ ਪਰ ਫੌਜਾਂ ਦੋਵੇਂ ਪਾਸੇ ਤਿਆਰ-ਬਰ-ਤਿਆਰ ਖੜ੍ਹੀਆਂ ਹਨ।

ਵੀਅਤਨਾਮ ਵਿਚ ਫਰਾਂਸ ਦਾ ਚਿਰਾਂ ਤੋਂ ਕਬਜ਼ਾ ਸੀ। ਦੂਜੀ ਸੰਸਾਰ ਜੰਗ ਪਿੱਛੋਂ ਫਰਾਂਸ ਨੇ ਆਪਣਾ ਕਬਜ਼ਾ ਜਾਰੀ ਰੱਖਿਆ, ਜਦਕਿ ਸਭ ਪਾਸੇ ਬਸਤੀਵਾਦ ਦਾ ਖਾਤਮਾ ਹੋ ਰਿਹਾ ਸੀ। ਹੋ ਚੀ ਮਿੰਨ ਦੀ ਕਿਸਾਨ ਗੁਰੀਲਾ ਫੌਜ ਨੇ ਫਰਾਂਸੀਸੀ ਫੌਜ ਦੇ ਗੋਡੇ ਲਵਾ ਦਿੱਤੇ ਅਤੇ ਵੀਅਤਨਾਮ ਆਜ਼ਾਦ ਕਰ ਲਿਆ। 1964 ਵਿਚ ਅਮਰੀਕਾ ਨੇ ਫਰਾਂਸ ਦੀ ਹਾਰ ਨੂੰ ਸਰਮਾਏਦਾਰੀ ਧੜੇ ਦੀ ਹੇਠੀ ਮੰਨ ਕੇ ਆਪਣੇ ਸਿੰਗ ਫਸਾ ਦਿੱਤੇ। ਕਰੀਬ ਦਸ ਸਾਲ ਵੀਅਤਨਾਮ 'ਚ ਅਮਰੀਕੀ ਹਮਲਾ ਜਾਰੀ ਰਿਹਾ। ਅਖੀਰ ਉਸ ਨੂੰ ਧੱਕੇ ਖਾ ਕੇ ਨਿਕਲਣਾ ਪਿਆ। ਹੋ ਚੀ ਮਿੰਨ ਦੀ ਪੇਂਡੂ ਕਿਸਾਨ ਫੌਜ ਕੀ ਸੀ ਭਲਾ, ਜੇ ਉਸ ਦੇ ਪਿਛੇ ਰੂਸੀ ਮਦਦ ਨਾ ਹੁੰਦੀ? ਅਮਰੀਕੀ ਸਾਮਰਾਜੀ ਦੈਂਤ ਨੇ ਕੇਵਲ ਹਾਰ ਹੀ ਖਾਧੀ ਅਤੇ ਉਹ ਵਾਪਸ ਆਪਣੇ ਖੁਸ਼ਹਾਲ ਦੇਸ਼ ਅਮਰੀਕਾ ਨੂੰ ਪਰਤ ਗਿਆ ਪਰ ਗਰੀਬ ਸੋਵੀਅਤ ਸੰਘ ਮਦਦ ਕਰਦਿਆਂ ਆਪ ਖੋਖਲਾ ਹੋ ਗਿਆ।

ਵੀਅਤਨਾਮੀ ਦਲਦਲ ਵਿਚੋਂ ਮਾਰ ਖਾ ਕੇ ਅਮਰੀਕਾ ਨੇ ਅਗਲੀ ਚਾਲ ਸੋਵੀਅਤ ਰਸੂਖ ਵਾਲੇ ਦੇਸ਼ ਅਫਗਾਨਿਸਤਾਨ ਦੇ ਅੰਦਰ ਚੱਲੀ। ਪਾਕਿਸਤਾਨ 'ਚ ਸਿਖਲਾਈ ਯਾਫਤਾ 'ਦੇਸ਼ ਭਗਤਾਂ' ਨੇ ਅਫਗਾਨ ਸਰਕਾਰ ਨਾਲ ਲੋਹਾ ਲੈਣਾ ਸ਼ੁਰੂ ਕੀਤਾ। ਸੋਵੀਅਤ ਸੰਘ ਨੂੰ ਮਜਬੂਰ ਹੋ ਕੇ ਆਪਣੀਆਂ ਫੌਜਾਂ ਅਫਗਾਨਿਸਤਾਨ 'ਚ ਘੱਲਣੀਆਂ ਪਈਆਂ। ਅਮਰੀਕਾ ਦੇ ਤਿਆਰ ਤੇ ਲੈਸ ਕੀਤੇ ਦੇਸ਼ ਭਗਤਾਂ ਨੇ ਵੀਅਤਨਾਮ ਦਾ ਬਦਲਾ ਲੈ ਲਿਆ ਅਤੇ ਸੋਵੀਅਤ ਸੰਘ ਨੂੰ ਉਥੋਂ ਬੇਇੱਜਤ ਹੋ ਕੇ ਨਿਕਲਣਾ ਪਿਆ। ਦਰਅਸਲ ਅਫਗਾਨਿਸਤਾਨ ਦੀ ਜੰਗ ਨੇ ਸੋਵੀਅਤ ਸੰਘ ਦਾ ਵਿੱਤੀ ਲਹੂ ਚੂਸ ਲਿਆ। ਉਸ ਦੇ ਤੁਲ ਅਮਰੀਕਾ ਲਈ ਵੀਅਤਨਾਮੀ ਖਰਚਾ ਮਾਮੂਲੀ ਚੀਜ਼ ਸੀ।

ਸਾਲ 1991 ਵਿਚ ਸੋਵੀਅਤ ਸੰਘ ਖੇਰੂੰ-ਖੇਰੂੰ ਹੋ ਗਿਆ। ਆਰਥਕ ਮੰਦੀ ਨੇ ਮੁਸੀਬਤਾਂ ਪਾਈਆਂ। ਉਸ ਦਾ ਅਰਥਚਾਰਾ ਬੇਅੰਤ ਸਰਮਾਏਦਾਰੀ ਗਿੱਧਾਂ ਨੋਚ ਕੇ ਲੈ ਗਈਆਂ। ਉਸ ਦੇ ਚੋਟੀ ਦੇ ਇਕ ਤਿਹਾਈ ਸਾਇੰਸਦਾਨ ਦੂਜੇ ਦੇਸ਼ਾਂ ਨੂੰ ਚਲੇ ਗਏ। ਇਸ ਨਿਘਾਰ ਵਿਚ ਨਵੀਂ ਰੂਸੀ-ਸਾਂਝ ਦੇ ਗੁੱਟ ਨੇ ਜਨਮ ਲਿਆ ਜਿਸ ਨੇ ਜਿਵੇਂ ਕਿਵੇਂ ਇਕ ਵਾਰ ਫਿਰ ਲੱਕ ਸਿੱਧਾ ਕੀਤਾ ਤੇ ਬੇਅੰਤ ਔਖੀਆਂ ਘਾਟੀਆਂ 'ਚੋਂ ਲੰਘ ਕੇ ਮਸਾਂ ਹੁਣ ਜਾ ਕੇ ਸੁਰੱਖਿਅਤ ਮਹਿਸੂਸ ਕੀਤਾ ਹੈ।

ਸੋਵੀਅਤ ਸੰਘ ਦਾ ਦਹਿ-ਢੇਰੀ ਹੋਣਾ ਅਤੇ ਅਸੰਭਵ ਜਿਹੇ ਹਾਲਾਤ ਵਿਚ ਉਸ ਦਾ ਕੁੱਲ ਅਮਰੀਕੀ ਦਬਾਅ ਦੇ ਬਾਵਜੂਦ ਨਵੇਂ ਰੂਪ ਵਿਚ ਮੁੜ ਉਭਰ ਕੇ ਖੜ੍ਹੇ ਹੋ ਜਾਣਾ, ਬੇਅੰਤ ਅਚੰਭੇ ਵਾਲੀ ਗੱਲ ਹੈ।

1991 ਵਿਚ ਸੋਵੀਅਤ ਰੂਸ ਦੇ ਬਖੀਏ ਉਧੇੜਨ ਵਿਚ ਅਮਰੀਕਾ ਦਾ ਅੰਦਰਖਾਤੇ ਬਹੁਤ ਵੱਡਾ ਹੱਥ ਸੀ ਅਤੇ ਉਸ ਦੀ ਬਹੁਤ ਵੱਡੀ ਜਿੱਤ ਸੀ, ਜਿਸ ਨੇ ਉਸ ਦੇ ਪਿਛਲੇ ਸਾਰੇ ਧੋਣੇ ਧੋ ਦਿੱਤੇ, ਤੇ ਉਹ ਧਰਤੀ ਉਤੇ ਇਕਲੌਤੀ ਮਹਾਂ ਸ਼ਕਤੀ ਬਣ ਗਿਆ। ਇਸ ਮਹਾਂ ਸ਼ਕਤੀ 'ਚ ਸੰਭਾਵਨਾ ਸੀ ਕਿ ਉਹ ਸੰਸਾਰ ਦੀ ਸਰਦਾਰੀ ਨੂੰ ਅਮਨ ਤੇ ਬਹਾਦਰੀ ਦੇ ਭਾਈਚਾਰੇ ਅਤੇ ਸਰਬੱਤ ਦੇ ਭਲੇ ਲਈ ਵਰਤਦਾ। ਮੰਦੇ ਭਾਗੀਂ ਇਸ ਦੀ ਮਨੋਬਿਰਤੀ ਸਾਮਰਾਜੀ ਕਬਜ਼ੇ ਅਤੇ ਲੁੱਟ ਖਸੁੱਟ ਦੀਆਂ ਲੀਹਾਂ 'ਤੇ ਹੀ ਟਿਕੀ ਰਹੀ। ਇਸ ਦੀਆਂ ਤਾਂ ਗੋਂਦਾਂ ਹੀ ਹੋਰ ਸਨ।

ਅਮਰੀਕਾ ਪਤਾ ਨਹੀਂ ਕਿਹੜੇ ਭੂਤ ਦੇ ਵਸ ਹੈ? ਜਿੰਨੇ ਉਥੋਂ ਦੇ ਲੋਕ ਮਿਹਨਤੀ ਅਤੇ ਅਮਨਪਸੰਦ ਜਾਪਦੇ ਹਨ, ਓਨੀਆਂ ਹੀ ਉਥੋਂ ਦੀਆਂ ਸਰਕਾਰਾਂ ਨੇ ਪਿਛਲੇ ਡੇਢ ਸੌ ਸਾਲ ਅੰਦਰ ਸੌ ਤੋਂ ਵੱਧ ਦੇਸ਼ਾਂ ਅੰਦਰ ਦਖਲ ਅੰਦਾਜ਼ੀ ਕਰ ਕੇ ਜਾਂ ਰਾਜ ਪਲਟੇ ਕੀਤੇ ਹਨ, ਆਪ ਸਿੱਧੀ ਤਬਾਹੀ ਕੀਤੀ ਹੈ, ਤੇ ਜਾਂ ਆਪਣੇ ਥਾਪੇ ਹੋਏ ਹੱਥ ਠੋਕਿਆਂ ਤੋਂ ਕਤਲੇਆਮ ਕਰਵਾਇਆ ਹੈ। ਹਰ ਥਾਂ ਨਿਸ਼ਾਨਾ ਇਕੋ ਹੀ ਰਿਹਾ ਹੈ ਕਿ ਉਨ੍ਹਾਂ ਦੇਸ਼ਾਂ ਦੇ ਧਰਤੀ ਮਾਂ ਦੇ ਵਸੀਲਿਆਂ ਅਤੇ ਵਸੋਂ ਉਤੇ ਅਮਰੀਕੀ ਕੰਪਨੀਆਂ ਦਾ ਪੂਰਾ ਦਬਦਬਾ ਹੋਵੇ ਤਾਂ ਜੋ ਉਹ



*ਅਫਗਾਨਿਸਤਾਨ ਵਿਚ ਅਮਰੀਕੀ ਸ਼ਕਤੀ ਦੀ ਨੁਮਾਇਸ਼।*

ਕੁਦਰਤ ਦੀਆਂ ਨਾਯਾਬ ਦਾਤਾਂ ਦੀ ਪੂਰੀ ਤਰ੍ਹਾਂ ਲੁੱਟ ਕਰ ਸਕਣ, ਤੇ ਸਿੱਧੀਆਂ ਬਸਤੀਆਂ ਬਣਾ ਕੇ ਸਿਰਦਰਦੀ ਮੁੱਲ ਲੈਣ ਦੀ ਥਾਂ ਅਜਿਹੀ ਖੁਦਮੁਖਤਾਰੀ 'ਬਖਸ਼' ਦੇਣ ਜਿਸ ਦੀਆਂ ਡੋਰਾਂ ਆਪਣੇ ਹੱਥ ਰਹਿਣ। ਇਸ ਤਰ੍ਹਾਂ ਦੇ ਨਿਜ਼ਾਮ ਵਾਲੇ ਸਿਸਟਮ ਨੂੰ 'ਨਵ-ਬਸਤੀਵਾਦ' ਕਿਹਾ ਜਾਂਦਾ ਹੈ। ਤੀਜੀ ਦੁਨੀਆਂ ਦੇ ਤਾਜ਼ਾ ਆਜ਼ਾਦ ਹੋਏ ਬਹੁਤੇ ਦੇਸ਼ ਇਸ ਚੂਹਾ-ਕੜਿੱਕੀ ਵਿਚ ਫਸੇ ਹੋਏ ਹਨ।

ਇਸੇ ਸਿਲਸਿਲੇ ਨੂੰ ਲੰਮੇ ਸਮੇਂ ਤੋਂ ਜਾਰੀ ਰੱਖਦਿਆਂ ਰੂਸ ਦੇ ਢਿੱਲੇ ਮੱਠੇ ਹੁੰਦਿਆਂ ਹੀ ਪ੍ਰਸਾਰ ਦੀ ਨਵੀਂ ਨੀਤੀ ਖੁੱਲ੍ਹ ਕੇ ਬੇਖੌਫ ਜਾਹਰ ਕਰ ਦਿੱਤੀ ਗਈ। ਇਹ ਸੀ, ਨਵੀਂ ਸਦੀ ਲਈ ਨਵੀਂ ਅਮਰੀਕੀ ਨੀਤੀ। ਇਸ ਅਨੁਸਾਰ ਸਾਲ 2020 ਤੱਕ ਅਮਰੀਕਾ ਨੇ ਧਰਤੀ, ਸਮੁੰਦਰ, ਹਵਾ ਅਤੇ ਖਲਾਅ ਅੰਦਰ ਮੁਕੰਮਲ ਸਰਦਾਰੀ ਕਾਇਮ ਕਰਨੀ ਹੈ ਅਤੇ ਦੁਨੀਆਂ ਦੇ ਕੁਲ ਦੇਸ਼ਾਂ ਨੂੰ ਆਪਣੇ ਅੰਗੂਠੇ ਹੇਠਾਂ ਰੱਖਣਾ ਹੈ। ਫਿਰ ਸਵਾਲ ਪੈਦਾ ਹੋਇਆ, ਜਿਵੇਂ ਹਰ ਨਵੀਂ ਸ਼ੁਰੂ ਕੀਤੀ ਜਾਣ ਵਾਲੀ ਜੰਗ ਸਮੇਂ ਹੁੰਦਾ ਹੈ ਕਿ ਅਮਰੀਕੀ ਲੋਕਾਂ ਨੂੰ ਇਸ ਨੀਤੀ ਉਤੇ ਰਜ਼ਾਮੰਦ ਕਰ ਕੇ ਨਾਲ ਕਿਵੇਂ ਤੋਰਿਆ ਜਾਵੇ?

ਸਾਮਰਾਜੀ ਨੀਤੀਆਂ ਨੂੰ ਚਾਲੂ ਕਰਨ ਅਤੇ ਸਿਰੇ ਚੜ੍ਹਾਉਣ ਲਈ ਨਿਰੇ-ਪੂਰੇ ਪ੍ਰਧਾਨ ਦੇ ਬਿਆਨ ਕੰਮ ਨਹੀਂ ਆਉਂਦੇ। ਉਹ ਤਾਂ ਕੁਝ ਸਾਲਾਂ ਲਈ ਸਾਮਰਾਜ ਦਾ ਆਪਣਾ ਥਾਪਿਆ ਮੁਹਰਾ ਹੁੰਦਾ ਹੈ। ਨੀਤੀਆਂ ਪ੍ਰਧਾਨ ਨਹੀਂ ਬਣਾਉਂਦਾ, ਉਸ ਲਈ ਨੀਤੀਆਂ ਤਾਂ ਪਹਿਲਾਂ ਹੀ ਬਣਾਈਆਂ ਜਾਂ ਬਣ ਰਹੀਆਂ ਹੁੰਦੀਆਂ ਹਨ। ਉਸ ਦੇ ਬਿਆਨ ਓਪਰੀ ਸ਼ੋਅ-ਬਾਜ਼ੀ ਦਾ ਹਿੱਸਾ ਹੁੰਦੇ ਹਨ। ਕੁਲ ਅਮਰੀਕੀ ਲੋਕ ਅਤੇ ਸੰਸਾਰ ਜਾਣਦਾ ਹੈ ਕਿ ਪ੍ਰਧਾਨ ਬੁਸ਼ ਦੇ ਬੇਥਵੇ ਅਤੇ ਝੂਠੇ ਬਿਆਨ ਤਾਂ ਸਦਾ ਅਚੰਭੇ ਦਾ ਕਾਰਨ ਬਣੇ ਰਹਿੰਦੇ ਸਨ, ਪਰ ਸਾਮਰਾਜੀ ਭਾਈਵਾਲ ਮੀਡੀਆ ਆਪੇ ਹੀ 'ਸਭ ਅੱਛਾ' ਕਰ ਕੇ ਠੀਕ-ਠਾਕ ਕਰ ਲੈਂਦਾ ਸੀ।

ਹਰ ਅਮਰੀਕਨ ਪ੍ਰਧਾਨ ਦਰਜਾ-ਬਦਰਜਾ ਮਿੱਥੀ ਯੋਜਨਾ ਅਨੁਸਾਰ ਸਾਮਰਾਜੀ ਏਜੰਡਾ ਵੱਖ-ਵੱਖ ਦੇਸ਼ਾਂ 'ਚ ਵੱਖ-ਵੱਖ ਪੜਾਵਾਂ ਉਤੇ ਵਧਾਈ ਜਾਂਦਾ ਸੀ। ਪਿਛਲੇ ਸਭ ਪ੍ਰਧਾਨਾਂ ਅਤੇ ਉਨ੍ਹਾਂ ਦੇ ਨੇੜਲਿਆਂ ਨੂੰ 'ਤਰੱਕੀ' ਦੀ ਸੜਕ ਦਾ ਪੂਰਾ ਗਿਆਨ ਸੀ ਅਤੇ ਉਹ ਭੇਤ ਸੰਭਾਲ ਕੇ ਰੱਖਣ ਲਈ ਸਹੁੰ-ਬੱਧ ਸਨ। ਜਦੋਂ ਪ੍ਰਧਾਨ ਬੁਸ਼ ਆਇਆ ਤਾਂ ਉਸ ਦੇ ਹਿੱਸੇ ਸੀ 'ਸੰਸਾਰ ਵਪਾਰ ਕੇਂਦਰ' ਦੀ ਤਬਾਹੀ ਦੀ ਘਟਨਾ, ਜਿਸ ਨਾਲ ਸਭ ਅਮਨ ਪਸੰਦ ਅਮਰੀਕੀ ਲੋਕਾਂ 'ਚ ਅਤਿਅੰਤ ਡਰ ਅਤੇ ਨਾਲ ਹੀ ਬਦਲੇ ਦੀ ਭਾਵਨਾ ਉਜਾਗਰ ਹੋ ਜਾਵੇ।

ਇਹ ਹਾਦਸਾ ਕੋਈ ਇਕ ਦਿਨ ਵਿਚ ਨਹੀਂ ਤਿਆਰ ਕੀਤਾ ਗਿਆ। ਲੰਮੀ ਸਾਮਰਾਜੀ ਸਕੀਮ ਅੰਦਰ ਇਸ ਨੂੰ ਤਿਆਰ ਕਰਨ ਅਤੇ ਸਿਖਰ 'ਤੇ ਪਹੁੰਚਾਉਣ ਲਈ ਕਰੀਬ 25 ਸਾਲ ਲੱਗ ਗਏ ਸਨ। ਜਦੋਂ ਇਹ ਹਾਦਸਾ ਕੀਤਾ ਗਿਆ ਅਤੇ ਵਾਰ-ਵਾਰ ਟੀ. ਵੀ. ਉਤੇ ਦਿਖਾਇਆ ਗਿਆ ਤਾਂ ਦੋਸ਼ ਮੱਧ ਏਸ਼ੀਆ ਦੇ ਵਾਸੀਆਂ ਉਤੇ ਸੁਟਿਆ ਗਿਆ। ਨਾਲ ਹੀ ਅਫਗਾਨਿਸਤਾਨ ਅਤੇ ਫਿਰ ਇਰਾਕ ਵਿਚ ਜੰਗ ਸ਼ੁਰੂ ਕਰ ਦਿੱਤੀ ਗਈ, ਜੋ ਅੱਠਾਂ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜਾਰੀ ਹੈ। ਪਾਕਿਸਤਾਨ 'ਚ ਵੀ ਸੇਕ ਪਹੁੰਚਣਾ ਸ਼ੁਰੂ ਹੋ ਗਿਆ। ਇਰਾਨ ਨਾਲ ਵੱਖਰਾ ਪੇਚਾ ਪਾਇਆ ਗਿਆ ਹੈ। ਇਉਂ ਸਾਮਰਾਜੀ ਜੰਗਬਾਜ਼ਾਂ ਨੂੰ ਨਕੇਲ ਪਾ ਸਕਣ ਵਾਲੀ ਅਮਰੀਕੀ ਪਬਲਿਕ ਨੂੰ ਆਪ ਬੇਅੰਤ ਸਾਹ ਘੁਟਦੇ ਕਾਨੂੰਨਾਂ ਦੇ ਨਾਲ ਨਕੇਲ ਪਾ ਦਿੱਤੀ ਗਈ ਹੈ।

ਅੱਠ ਸਾਲਾਂ ਦੀ ਜੰਗ ਅਤੇ ਅਗਾਂਹ ਤੁਰੀਆਂ ਆਉਂਦੀਆਂ ਜੰਗਾਂ ਦੀਆਂ ਤਿਆਰੀਆਂ ਨੇ ਅਮਰੀਕਾ ਵਰਗੀ ਮਹਾਨ ਆਰਥਕ ਸ਼ਕਤੀ ਨੂੰ ਖੋਖਲਾ ਕਰ ਕੇ ਰੱਖ ਦਿੱਤਾ ਹੈ। ਅਮਰੀਕਾ ਦੇ ਨਾਲ ਬੇਅੰਤ ਦੇਸ਼ ਆਰਥਕ ਮੰਦੀ ਦਾ ਸ਼ਿਕਾਰ ਹੋ ਰਹੇ ਹਨ। ਹਾਲੇ ਤਾਂ ਸ਼ੁਰੂਆਤ ਹੈ, ਅਗਾਂਹ ਦੇਖਣਾ ਕੀ ਹੁੰਦਾ ਹੈ! ਬੜੇ ਦੇਸ਼ ਜਿਨ੍ਹਾਂ ਵਿਚ ਖਾਸ ਕਰ ਰੂਸ ਮੋਹਰੀ ਹੋਵੇਗਾ, ਇਹ ਦਿਲੋਂ ਚਾਹੁੰਦੇ ਹੋਣਗੇ ਕਿ ਅਮਰੀਕਾ ਆਪਣੀਆਂ ਜੰਗਾਂ ਵਿਚ ਲਗਾਤਾਰ ਉਲਝਿਆ ਰਹੇ ਅਤੇ ਹੋਰ ਨਿਤਾਣਾ ਹੁੰਦਾ ਜਾਵੇ। ਰੂਸ ਨੇ ਤਾਂ ਫੌਜੀ ਸਮਾਨ ਅਫਗਾਨਿਸਤਾਨ ਅੰਦਰ ਲਿਜਾਣ ਲਈ ਆਪਣੇ ਦੇਸ਼ 'ਚੋਂ ਲਾਂਘਾ ਵੀ ਦਿੱਤਾ ਹੋਇਆ ਹੈ। ਯਾਦ ਰਹੇ, ਅੱਜ ਦਾ ਰੂਸ ਪਹਿਲਾਂ ਵਾਲੇ ਸੋਵੀਅਤ ਸੰਘ ਨਾਲੋਂ ਵੱਖਰਾ ਹੈ। ਇਹ ਦੇਸ਼ ਕਿਸੇ ਹੋਰ ਦੇਸ਼ ਦੀ ਰੱਖਿਆ ਕਰਨ ਲਈ ਆਪਣੀ ਗਰਦਨ ਅੱਗੇ ਕਰਨ ਵਾਲਾ ਨਹੀਂ ਹੈ।

ਬਾਹੂਬਲੀ ਸਮਰਾਟ ਲਈ ਆਪਣੇ ਲੋਹ ਲਸ਼ਕਰ ਨਾਲ ਕੁੱਲ ਧਰਤੀ ਨੂੰ ਰੌਂਦ ਦੇਣਾ ਕੋਈ ਮੁਸ਼ਕਿਲ ਗੱਲ ਨਹੀਂ ਹੈ। ਧਰਤੀ ਤੋਂ ਜੀਵਨ ਦਾ ਸਦਾ ਲਈ ਬੀਜ ਨਾਸ ਕਰਨ ਦੀ ਸ਼ਕਤੀ ਹੈ ਪਰ ਕੁਰਸੀਆਂ ਉਤੇ ਬਿਰਾਜਮਾਨ, ਧਰਤੀ ਦੀ ਕਿਸਮਤ ਦਾ ਫੈਸਲਾ ਕਰਨ ਵਾਲਿਆਂ ਨੂੰ ਇਹ ਖਿਆਲ ਨਹੀਂ ਕਿ ਹਰ ਦੇਸ਼ ਦਾ ਇਨਸਾਨ ਸੋਚਣ ਦੀ ਸ਼ਕਤੀ ਰੱਖਦਾ ਹੈ। ਨਾਲ ਹੀ ਕੁੱਲ ਸਾਮਰਾਜੀ ਸਕੀਮਾਂ ਉਤੇ ਪਾਣੀ ਫੇਰ ਦੇਣ ਲਈ ਆਪਣੀ ਜਾਨ ਨਿਛਾਵਰ ਕਰਨ ਦਾ ਸਾਹਸ ਵੀ ਰੱਖਦਾ ਹੈ। ਸਾਮਰਾਜੀ ਕਾਰੇ ਜਿਸ ਨੂੰ ਕਾਮਯਾਬੀ 'ਤੇ ਕਾਮਯਾਬੀ ਦੇ ਸਿਹਰੇ ਪਾਏ ਜਾ ਰਹੇ ਹਨ, ਪੂਰਨ ਛਲਾਵਾ ਹਨ। ਅਸਲੀਅਤ ਇਹ ਹੈ ਕਿ ਸਾਮਰਾਜੀ ਫੌਜਾਂ ਜਾਨ ਉਤੇ ਖੇਡ ਜਾਣ ਵਾਲੀ ਲੋਕਾਈ ਦੀ ਦਲਦਲ ਵਿਚ ਫਸ ਗਈਆਂ ਹਨ, ਜਿਥੋਂ ਉਹ ਬਚ ਕੇ ਨਹੀਂ ਨਿਕਲ ਸਕਦੀਆਂ। ਇਥੇ ਉਹੀ ਕੁਝ ਹੋਣ ਵਾਲਾ ਹੈ, ਜੋ ਵੀਅਤਨਾਮ ਵਿਚ ਹੋਇਆ ਸੀ। ਸ਼ਾਇਦ ਉਸ ਤੋਂ ਬੁਰਾ ਹੋਵੇ।

ਹੁਣ ਵੱਡਾ ਸਵਾਲ ਉਠਦਾ ਹੈ। ਜੰਗਾਂ ਨੂੰ ਹਵਾ ਦੇਣ ਵਾਲੇ ਨੇਤਾ ਅਮਰੀਕਾ ਦੇ ਦੇਸ਼ ਭਗਤ ਹਨ ਜਾਂ ਦੇਸ਼ ਧ੍ਰੋਹੀ? ਉਹ ਕੌਮਾਂਤਰੀ ਕਾਨੂੰਨ ਦੇ ਰਖਵਾਲੇ ਹਨ ਜਾਂ ਕੌਮਾਂਤਰੀ ਕਾਤਲ ਮੁਜਰਮ?

ਧਰਤੀ ਸਭ ਦੀ ਮਾਂ ਹੈ। ਇਸ ਮਾਂ ਉਤੇ ਕੋਈ ਲਕੀਰਾਂ ਨਹੀਂ, ਲਕੀਰਾਂ ਕੇਵਲ ਨਕਸ਼ਿਆਂ ਉਤੇ ਹਨ। ਮਾਂ ਦੇ ਦੁੱਧ ਦੇ ਖਜ਼ਾਨੇ ਹਰ ਜਾਨਦਾਰ ਚੀਜ਼ ਲਈ ਹਨ, ਸਾਮਰਾਜੀ-ਕਾਰਪੋਰੇਸ਼ਨਾਂ ਦੀ ਮਲਕੀਅਤ ਨਹੀਂ। ਮਾਂ ਦੇ ਬੇਅੰਤ ਬੱਚਿਆਂ ਨੇ ਮਾਂ ਦੇ ਦੁੱਧ ਦੀ ਲਾਜ ਰੱਖ ਲੈਣੀ ਹੈ। ਮਾਂ ਦੀ ਕੁੱਖ ਨੋਚੀ ਨਹੀਂ ਜਾ ਸਕੇਗੀ। ਜੈ ਮਾਤਾ ਦੀ।

# ਕਰਮਾਂਵਾਲੀਆਂ

'ਘਰਵਾਲੀ' ਇੱਕ ਅਜਿਹਾ ਸ਼ਬਦ ਹੈ ਜਿਸ 'ਤੇ ਅਨੇਕਾਂ ਲਤੀਫੇ ਪੜ੍ਹਦੇ/ਸੁਣਦੇ ਰਹਿੰਦੇ ਹਾਂ ਤੇ ਆਪ ਵੀ ਅਜਿਹੇ ਲਤੀਫੇ ਘੜ੍ਹਦੇ ਰਹਿੰਦੇ ਹਾਂ ਜਿਨ੍ਹਾਂ ਵਿਚ ਔਰਤ/ਘਰਵਾਲੀ ਨੂੰ ਛੁਟਿਆਇਆ ਜਾਵੇ ਜਾਂ ਹਾਸੇ ਦਾ ਪਾਤਰ ਬਣਾ ਕੇ ਪੇਸ਼ ਕੀਤਾ ਜਾਵੇ। ਅਜਿਹੇ ਲੇਖ/ਲਤੀਫੇ ਪੜ੍ਹ/ਸੁਣ ਕੇ ਅਸੀਂ ਬਹੁਤ ਖੁਸ਼ ਹੁੰਦੇ ਹਾਂ। ਇੱਕ ਮਿੰਟ ਲਈ ਸੋਚੋ, ਜੇ ਪਤਨੀ ਦੀ ਮੌਤ ਹੋ ਜਾਵੇ! (ਮੁਆਫ ਕਰਿਓ)

ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 91-75892-33437

ਘਰ ਬਾਰੇ ਰਤਾ ਕੁ ਗੰਭੀਰ ਹੋ ਕੇ ਸੋਚਣਾ। ਆਪਣੇ ਜੁਆਕਾਂ ਦੇ ਚਿਹਰੇ ਮਨ ਵਿਚ ਲਓ ਅਤੇ ਸੋਚੋ ਕਿ ਉਸ 'ਨਿਕੰਮੀ' ਔਰਤ ਤੋਂ ਬਿਨਾ ਇਨ੍ਹਾਂ ਜੁਆਕਾਂ ਦਾ ਕੀ ਹਾਲ ਹੋਵੇਗਾ? 'ਨਵੀਂ' ਔਰਤ ਲਿਆਉਣ ਬਾਰੇ ਸੋਚ ਸਕਦੇ ਹੋ, ਪਰ ਤੁਹਾਡੇ ਗੁੱਸੇ ਨੂੰ ਇਹ 'ਨਿਕੰਮੀ ਔਰਤ' ਕਿਵੇਂ ਸਹਿਣ ਕਰਦੀ ਹੈ, ਕਦੇ ਸੋਚਿਆ ਹੈ? ਤੁਹਾਡੇ ਬੱਚਿਆਂ ਨੂੰ ਕਿਸ ਤਰ੍ਹਾਂ ਲਾਡ ਕਰਦੀ ਹੈ, ਤੁਸੀਂ ਕਦੇ ਸੋਚਿਆ ਨਹੀਂ ਹੋਵੇਗਾ ਕਿਉਂਕਿ ਕਦਰ ਉਸ ਚੀਜ਼ ਦੀ ਹੁੰਦੀ ਹੈ, ਜੋ ਸਾਡੇ ਕੋਲ ਨਹੀਂ ਹੁੰਦੀ।

ਬਾਜ਼ਾਰ 'ਚੋਂ ਖਰੀਦਦਾਰੀ ਕਰਦਿਆਂ ਜਦੋਂ ਇਹ 'ਨਿਕੰਮੀ' ਔਰਤ 'ਕੁਝ ਨਹੀਂ' ਲੈਣ ਬਾਰੇ ਆਖਦੀ ਹੈ ਤਾਂ ਤੁਹਾਨੂੰ ਬਹੁਤ ਗੁੱਸਾ ਚੜ੍ਹਦਾ ਹੈ, ਪਰ ਜਦੋਂ ਉਹ ਨਾ ਰਹੀ ਤਾਂ 'ਨਵੀਂ' ਬਾਰੇ ਵੀ ਜ਼ਰਾ ਕੁ ਸੋਚ ਕੇ ਰੱਖੋ ਆਪਣੇ ਦਿਮਾਗ 'ਚ। ਸਭ ਔਰਤਾਂ ਕੰਜੂਸ ਜਾਂ ਪੈਸਾ ਉਡਾਉਣ ਵਾਲੀਆਂ ਨਹੀਂ ਹੁੰਦੀਆਂ ਪਰ ਜੋ ਤੁਹਾਡੇ ਪੱਲੇ ਨਾਲ ਬੱਝੀ ਹੈ, ਉਸ ਜਿਹੀ ਦੂਜੀ ਲੱਭਣਾ/ਮਿਲਣਾ ਮੁਸ਼ਕਿਲ ਹੈ।

ਤੁਹਾਡਾ ਫੋਨ ਆਉਣ 'ਤੇ, ਪਹਿਲਾ ਸਵਾਲ 'ਘਰ ਆਉਣ' ਬਾਰੇ ਪੁੱਛਣ ਵਾਲੀ 'ਨਿਕੰਮੀ' ਜਦੋਂ ਨਾ ਰਹੀ ਤਾਂ ਸੋਚੋ ਕਿ ਤੁਹਾਨੂੰ ਘਰ ਆਉਣ ਬਾਰੇ ਕੌਣ ਪੁੱਛੂ? ਤੁਹਾਡੇ ਰਤਾ ਜਿੰਨੇ ਗੁੱਸੇ ਤੋਂ ਡਰਨ ਵਾਲੀ 'ਨਿਕੰਮੀ' ਔਰਤ ਜਦੋਂ 'ਨਾ ਰਹੀ' ਤਾਂ ਤੁਹਾਡੀ ਦੁਨੀਆਂ ਦਾ ਅੰਦਾਜ਼ਾ ਤੁਸੀਂ ਆਪ ਵਧੀਆ ਢੰਗ ਨਾਲ ਲਾ ਸਕਦੇ ਹੋ, ਕੋਈ ਹੋਰ ਨਹੀਂ।

ਘਰਾਂ 'ਚ ਨਿੱਕੇ-ਮੋਟੇ ਗੁੱਸੇ/ਰੋਸੇ ਚੱਲਦੇ ਰਹਿੰਦੇ ਹਨ, ਪਰ ਸੋਚੋ ਜੇ ਤੁਹਾਡੀ ਹਮਸਫਰ ਅੱਧ ਵਿਚਾਲੇ ਸਾਥ ਛੱਡ ਕੇ ਤੁਰ ਗਈ ਤਾਂ ਜ਼ਿੰਦਗੀ ਕਿਵੇਂ ਦੀ ਹੋਵੇਗੀ? ਤੁਸੀਂ ਆਪਣੀ ਰਹਿੰਦੀ ਜ਼ਿੰਦਗੀ ਸੁੱਖ ਨਾਲ ਜੀਓਗੇ ਜਾਂ ਦੁੱਖ ਨਾਲ। ਤੁਹਾਨੂੰ ਇਹ ਜ਼ਿੰਦਗੀ ਸਵਰਗ ਜਾਪੇਗੀ ਜਾਂ ਫਿਰ ਨਰਕ। ਇਹ ਸੋਚਣਾ ਤੁਹਾਡਾ ਕੰਮ ਹੈ ਕਿਉਂਕਿ ਤੁਹਾਡੇ ਤੋਂ ਵੱਧ ਤੁਹਾਨੂੰ ਹੋਰ ਕੋਈ ਨਹੀਂ ਜਾਣਦਾ।

ਸਮਾਜ ਵਿਗਿਆਨੀਆਂ ਦਾ ਕਥਨ ਹੈ, ਜੋ ਚੀਜ਼ ਤੁਹਾਡੇ ਕੋਲੋਂ ਦੂਰ ਚਲੀ ਜਾਂਦੀ ਹੈ ਜਾਂ ਖੁੱਸ ਜਾਂਦੀ ਹੈ, ਉਸ ਦੀ ਅਹਿਮੀਅਤ ਪਿਛੋਂ ਪਤਾ ਲੱਗਦੀ ਹੈ। ਮਨੁੱਖ ਕੋਲ ਜੋ ਚੀਜ਼ ਹੁੰਦੀ ਹੈ, ਉਹ ਉਸ ਦੀ ਰਤਾ ਜਿੰਨੀ ਵੀ ਕਦਰ ਨਹੀਂ ਕਰਦਾ ਪਰ ਬਾਅਦ ਵਿਚ ਪਛਤਾਵੇ ਦੇ ਹੰਝੂ ਜ਼ਰੂਰ ਵਹਾਉਂਦਾ ਹੈ।

ਜਿਹੜੀ ਔਰਤ ਤੁਹਾਡੇ ਲੜ ਲੱਗੀ ਹੈ, ਉਹ ਸਿਰਫ ਸਾਡੇ ਵੱਲ ਦੇਖਦੀ ਹੈ, ਦੋ ਬੋਲ ਪਿਆਰ ਦੇ ਸੁਣਨ ਲਈ, ਪਰ ਅਸੀਂ ਹਉਮੈ ਦੇ ਮਾਰੇ, ਮਰਦ ਪ੍ਰਧਾਨ ਸਮਾਜ ਦੀ ਉਪਜ ਹਾਂ ਅਤੇ ਇਸੇ ਕਰਕੇ ਆਪਣੀ ਹਉਮੈ ਨੂੰ ਠਾਰਨ ਲਈ ਤਾਉਮਰ ਆਪਣੀ ਪਤਨੀ ਨੂੰ 'ਸਾੜਦੇ' ਰਹਿੰਦੇ ਹਾਂ। ਇੱਕ ਵਾਰ ਆਪਣੀ ਹਉਮੈ ਨੂੰ ਕੁਝ ਮਿੰਟ ਲਈ ਪਾਸੇ ਰੱਖ ਕੇ ਦੇਖੋ, ਤੁਹਾਨੂੰ ਆਪਣੀ ਹਮਸਫਰ 'ਪਰੀਆਂ' ਵਾਂਗ ਲੱਗੇਗੀ ਕਿਉਂਕਿ ਉਹ ਵੀ ਮਨੁੱਖ ਹੈ ਅਤੇ ਉਸ ਦੇ ਦਿਲ ਵਿਚ ਵੀ ਜਜ਼ਬਾਤ ਹਨ। ਅਸੀਂ ਚਾਹੁੰਦੇ ਹਾਂ ਕਿ ਸਾਡਾ ਘਰ ਸਾਫ ਰਹੇ, ਸਾਡੇ ਬੱਚੇ ਚੰਗੇ ਕੱਪੜੇ ਪਾਉਣ ਅਤੇ ਸਾਨੂੰ ਵੀ ਹਰ ਸ਼ੈਅ ਵਕਤ ਨਾਲ ਮਿਲਦੀ ਰਹੇ, ਪਰ ਇਹ ਸਭ ਕਰਨ ਵਾਲੀ ਨੂੰ ਅਸੀਂ ਕਦੇ ਅਹਿਮੀਅਤ ਨਹੀਂ ਦਿੰਦੇ। ਇਸ ਨਾਲ ਘਰ ਵਿਚ ਮਾਹੌਲ ਖੁਸ਼ਨੁਮਾ ਨਹੀਂ ਰਹਿੰਦਾ ਤੇ ਲੜਾਈ-ਝਗੜੇ ਹੁੰਦੇ ਰਹਿੰਦੇ ਹਨ।

ਹਾਂ, ਜੇ ਤੁਸੀਂ ਆਪਣੀ ਹਉਮੈ ਨੂੰ ਪਰ੍ਹਾਂ ਨਹੀਂ ਰੱਖ ਸਕਦੇ ਤਾਂ ਫੇਰ ਇੱਕ ਵਾਰ ਆਪਣੀ ਪਤਨੀ ਦੀ ਮੌਤ ਦੇ ਕਲਪਿਤ ਵੀਡੀਓ ਨੂੰ ਅੱਖਾਂ ਸਾਹਮਣੇ ਚਲਾਓ।

ਸ਼ਮਸ਼ਾਨਘਾਟ ਤੋਂ ਮੁੜਦਿਆਂ ਆਪਣੇ ਜੁਆਕਾਂ ਦੇ ਚਿਹਰੇ ਦੇਖੋ। ਆਪਣੇ ਬੁੱਢੇ ਮਾਂ-ਬਾਪ ਦੇ ਚਿਹਰੇ ਪੜ੍ਹਨ ਦਾ ਯਤਨ ਕਰੋ। ਆਪਣੇ ਸੁੰਨੇ ਵਿਹੜੇ ਵੱਲ ਝਾਤੀ ਮਾਰ ਕੇ ਦੇਖੋ। ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ ਰਤਾ ਕੁ ਗੰਭੀਰਤਾ ਨਾਲ ਸੋਚ ਕੇ ਦੇਖੋ, ਸ਼ਾਇਦ! ਉਸ 'ਕਰਮਾਂਵਾਲੀ' ਦੀ ਅਹਿਮੀਅਤ ਦਾ ਗਿਆਨ ਹੋ ਜਾਵੇ।

ਸਿਆਣਿਆਂ ਦਾ ਕਥਨ ਹੈ ਕਿ ਪਿਆਰ ਦੀ ਜੰਗ ਪਿਆਰ ਨਾਲ ਹੀ ਜਿੱਤੀ ਜਾ ਸਕਦੀ ਹੈ। ਇੱਕ ਵਾਰ ਇਸ ਹਥਿਆਰ ਦਾ ਇਸਤੇਮਾਲ ਕਰਕੇ ਵੀ ਦੇਖੋ ਤਾਂ ਕਿ ਤੁਹਾਡੀ ਜ਼ਿੰਦਗੀ ਵਿਚ ਕਿਤੇ ਕੋਈ ਪਿਆਰ ਦੀ ਵਰਖਾ ਦਾ ਸਬੱਬ ਬਣ ਜਾਵੇ। ਇਹ ਗ੍ਰਹਿਸਥ ਜੀਵਨ ਸਵਰਗ ਵਾਂਗ ਲੱਗੇ। ਜਿਉਂਦੇ-ਵੱਸਦੇ ਰਹੋ ਸਭ ਆਪਣੇ ਘਰਾਂ ਵਿਚ, ਆਪਣੀਆਂ 'ਕਰਮਾਂਵਾਲੀਆਂ' ਨਾਲ...।

# ਸਰਦਾਰ ਜੱਸਾ ਸਿੰਘ ਆਹਲੂਵਾਲੀਆ

**ਜਨਮ ਸ਼ਤਾਬਦੀ 'ਤੇ ਵਿਸ਼ੇਸ਼**

*ਸਰਦਾਰ ਜੱਸਾ ਸਿੰਘ ਆਹਲੂਵਾਲੀਆ ਉਹ ਸਿੱਖ ਸਰਦਾਰ ਸਨ ਜਿਨ੍ਹਾਂ ਨੇ ਮਾਤਾ ਸੁੰਦਰੀ ਜੀ ਦਾ ਸਾਥ ਮਾਣਿਆ ਅਤੇ ਫਿਰ ਨਵਾਬ ਕਪੂਰ ਸਿੰਘ ਦੀ ਰਹਿਨੁਮਾਈ ਹੇਠ ਸਿੱਖ ਫੌਜਾਂ ਦੀ ਅਗਵਾਈ ਕੀਤੀ। ਸਰਦਾਰ ਆਹਲੂਵਾਲੀਆ ਦੀ ਅਗਵਾਈ ਹੇਠ ਅਹਿਮਦ ਸ਼ਾਹ ਅਬਦਾਲੀ ਦਾ ਟਾਕਰਾ ਕਰਦਿਆਂ ਭਾਵੇਂ ਸਿੱਖ ਫੌਜਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਜਿਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ, ਪਰ ਅਬਦਾਲੀ ਨੂੰ ਸਿੱਖਾਂ ਦੀ ਬਹਾਦਰੀ ਦਾ ਲੋਹਾ ਮੰਨਣਾ ਪਿਆ। ਅੰਮ੍ਰਿਤਸਰ ਦੀ ਲੜਾਈ ਵਿਚ ਤਾਂ ਸਰਦਾਰ ਜੱਸਾ ਸਿੰਘ ਦੀ ਅਗਵਾਈ ਹੇਠ ਫੌਜਾਂ ਨੇ ਅਬਦਾਲੀ ਦੇ ਦੰਦ ਸਹੀ ਅਰਥਾਂ ਵਿਚ ਖੱਟੇ ਕੀਤੇ। ਇਸ ਲੇਖ ਵਿਚ ਲੇਖਕ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ 'ਤੇ ਇਕ ਝਾਤ ਪੁਆਈ ਹੈ। -ਸੰਪਾਦਕ*

ਸ਼ਾਇਦ ਹੀ ਕੋਈ ਅਜਿਹਾ ਸਿੱਖ ਹੋਵੇ ਜਿਸ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਨਾਂ ਨਾ ਸੁਣਿਆ ਹੋਵੇ। ਜਦੋਂ ਕਿਤੇ ਸਿੱਖ ਇਤਿਹਾਸ ਅਤੇ ਖਾਸ ਕਰਕੇ 18ਵੀਂ ਸਦੀ ਦੇ ਸਿੱਖ ਸੂਰਬੀਰਾਂ ਦੀ ਗੱਲ ਚੱਲਦੀ ਹੈ ਤਾਂ ਜੱਸਾ ਸਿੰਘ ਆਹਲੂਵਾਲੀਆ ਦਾ ਨਾਂ ਬੜੇ ਮਾਣ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹ ਮਹਾਨ ਯੋਧੇ ਹੀ ਨਹੀਂ ਸਨ ਸਗੋਂ ਉਨ੍ਹਾਂ ਵਿਚ ਕੌਮ ਦੀ ਅਗਵਾਈ ਕਰਨ ਵਾਲੇ ਸਾਰੇ ਗੁਣ ਸਨ। ਉਨ੍ਹਾਂ ਬੜੇ ਔਖੇ ਵੇਲਿਆਂ ਵਿਚ ਸਿੱਖ ਪੰਥ ਦੀ ਅਗਵਾਈ ਕੀਤੀ ਅਤੇ ਔਖੇ ਵੇਲੇ ਵੀ ਬੜੇ ਬੇਬਾਕ ਹੋ ਕੇ ਪੰਥ ਨੂੰ ਮੁਸ਼ਕਿਲ 'ਚੋਂ ਕੱਢਣ ਲਈ ਢੁਕਵੇਂ ਫੈਸਲੇ ਲਏ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਨੂੰ ਲਾਹੌਰ ਜਿਲੇ ਦੇ ਪਿੰਡ ਆਹਲੂਵਾਲ ਵਿਖੇ ਸਰਦਾਰ ਬਦਰ ਸਿੰਘ ਦੇ ਘਰ ਹੋਇਆ। ਉਨ੍ਹਾਂ ਦਾ ਪਰਿਵਾਰ ਚੰਗਾ ਖਾਂਦਾ ਪੀਂਦਾ ਜਿਮੀਦਾਰਾ ਪਰਿਵਾਰ ਸੀ। ਛੋਟੀ ਉਮਰੇ ਹੀ ਉਨ੍ਹਾਂ ਦੇ



**ਹਰਮਹਿੰਦਰ ਚਹਿਲ**

ਪਿਤਾ ਦੀ ਮੌਤ ਹੋ ਗਈ। ਇਸ ਉਪਰੰਤ ਉਨ੍ਹਾਂ ਦੇ ਮਾਤਾ ਜੀ ਜੱਸਾ ਸਿੰਘ ਨੂੰ ਦਿੱਲੀ ਲੈ ਗਏ। ਉਥੇ ਜਾ ਕੇ ਉਨ੍ਹਾਂ ਨੂੰ ਮਾਤਾ ਸੁੰਦਰੀ ਜੀ ਦੇ ਨੇੜੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਮਾਤਾ ਸੁੰਦਰੀ ਜੀ ਦੀ ਸੰਗਤ ਵਿਚ ਜੱਸਾ ਸਿੰਘ ਬੜਾ ਰਸਭਿੰਨਾ ਕੀਰਤਨ ਕਰਨ ਲੱਗੇ। ਕੁਝ ਸਮੇਂ ਪਿਛੋਂ ਉਨ੍ਹਾਂ ਦੇ ਮਾਤਾ ਜੀ ਉਨ੍ਹਾਂ ਨੂੰ ਲੈ ਕੇ ਵਾਪਸ ਪੰਜਾਬ ਆ ਗਏ ਤੇ ਜਲੰਧਰ ਨੇੜੇ ਵਸੇਬਾ ਕੀਤਾ। ਗੁਰਬਾਣੀ ਨਾਲ ਜੁੜੇ ਹੋਣ ਕਾਰਨ ਜੱਸਾ ਸਿੰਘ ਰੋਜ਼ ਸਵੇਰੇ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਦੇ, ਬੜੀ ਸੋਹਣੀ ਰਬਾਬ ਵਜਾਉਂਦੇ। ਸੰਗਤਾਂ ਕੀਰਤਨ ਸੁਣ ਕੇ ਨਿਹਾਲ ਹੋ ਜਾਂਦੀਆਂ। ਇਕ ਵਾਰ ਗੁਰਪੁਰਬ ਮੌਕੇ ਜੱਸਾ ਸਿੰਘ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਗਏ। ਉਥੇ ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਦਾ ਕੀਰਤਨ ਸੁਣਿਆ ਤਾਂ ਬੜੇ ਪ੍ਰਭਾਵਤ ਹੋਏ। ਉਨ੍ਹਾਂ ਪਰਿਵਾਰ ਨੂੰ ਬੇਨਤੀ ਕਰਦਿਆਂ ਜੱਸਾ ਸਿੰਘ ਨੂੰ ਆਪਣੇ ਕੋਲ ਹੀ ਰੱਖ ਲਿਆ।

ਨਵਾਬ ਕਪੂਰ ਸਿੰਘ ਜਿੱਥੇ ਬੜੇ ਬਹਾਦਰ ਅਤੇ ਯੋਗ ਲੀਡਰ ਸਨ, ਉਥੇ ਬੜੇ ਸ਼ਰਧਾਵਾਨ ਸਿੱਖ ਸਨ। ਉਨ੍ਹਾਂ ਬੜੀ ਛੇਤੀ ਜੱਸਾ ਸਿੰਘ ਅੰਦਰਲੇ ਬਹਾਦਰੀ ਤੇ ਲੀਡਰੀ ਦੇ ਗੁਣ ਪਛਾਣ ਲਏ। ਉਦੋਂ ਮੁਗਲ ਹੁਕਮਰਾਨ ਸਿੱਖਾਂ ਨੂੰ ਖਤਮ ਕਰਨ 'ਤੇ ਤੁਲੇ ਹੋਏ ਸਨ। ਇਸ ਕਰਕੇ ਸਿੱਖਾਂ ਨੂੰ ਬੜੀਆਂ ਜੰਗਾਂ ਲੜਨੀਆਂ ਪਈਆਂ। ਜੱਸਾ ਸਿੰਘ ਹਰ ਜੰਗ 'ਚ ਵਧ ਚੜ੍ਹ ਕੇ ਹਿੱਸਾ ਲੈਂਦੇ ਅਤੇ ਯੋਗਤਾ ਨਾਲ ਜਿੱਤ ਪ੍ਰਾਪਤ ਕਰਦੇ। ਉਸ ਵੇਲੇ ਇੱਕ ਘਾਟ ਜ਼ਰੂਰ ਸੀ ਕਿ ਸਿੱਖ ਵੱਖੋ ਵੱਖਰੇ ਦਰਜਨਾਂ ਗਰੁਪਾਂ 'ਚ ਵੰਡੇ ਹੋਏ ਸਨ, ਕੋਈ ਸਾਂਝੀ ਕਮਾਂਡ ਨਹੀਂ ਸੀ।

ਪੰਥ ਨੇ 1745 ਵਿਚ ਸਰਬੱਤ ਖਾਲਸਾ ਬੁਲਾਇਆ। ਉਸ ਵੇਲੇ ਨਵਾਬ ਕਪੂਰ ਸਿੰਘ ਨੇ ਸਾਰੇ ਲੀਡਰਾਂ ਨਾਲ ਸਲਾਹ ਮਸ਼ਵਰਾ ਕੀਤਾ। ਬੜੀ ਸੋਚ ਵਿਚਾਰ ਪਿੱਛੋਂ ਬਾਰਾਂ ਗਰੁਪ ਬਣਾਏ ਗਏ। ਹਰ ਇਕ ਨੂੰ ਵੱਖਰਾ ਨਾਮ, ਵੱਖਰਾ ਝੰਡਾ ਅਤੇ ਵੱਖਰਾ ਹੀ ਲੀਡਰ ਦਿੱਤਾ ਗਿਆ। ਇਨ੍ਹਾਂ ਗਰੁਪਾਂ ਨੂੰ ਮਿਸਲਾਂ ਦਾ ਨਾਂ ਦਿੱਤਾ ਗਿਆ। ਜੱਸਾ ਸਿੰਘ ਨੂੰ ਆਹਲੂਵਾਲੀਆ ਮਿਸਲ ਦਾ ਮੁਖੀ ਬਣਾਇਆ ਗਿਆ। ਇਥੋਂ ਹੀ ਉਨ੍ਹਾਂ ਦੇ ਨਾਂ ਨਾਲ ਆਹਲੂਵਾਲੀਆ ਲਾਇਆ ਜਾਣ ਲੱਗਾ। ਇਸ ਤੋਂ ਬਿਨਾ ਉਨ੍ਹਾਂ ਨੂੰ ਸਾਰੀਆਂ ਮਿਸਲਾਂ ਦੀਆਂ ਫੌਜਾਂ ਦਾ ਸੁਪਰੀਮ ਕਮਾਂਡਰ ਥਾਪਿਆ ਗਿਆ। ਸਾਰੀਆਂ ਮਿਸਲਾਂ ਦਾ ਇਕੱਠ ਜਿਸ ਨੂੰ ਦਲ ਖਾਲਸਾ ਕਿਹਾ ਗਿਆ, ਦੇ ਮੁਖੀ ਨਵਾਬ ਕਪੂਰ ਸਿੰਘ ਸਨ। ਪਰ 1753 ਵਿਚ ਮੌਤ ਤੋਂ ਪਹਿਲਾਂ ਉਹ ਆਪਣੀ ਥਾਂ ਜੱਸਾ ਸਿੰਘ ਆਹਲੂਵਾਲੀਆ ਨੂੰ ਦੇ ਗਏ। ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖ ਫੌਜਾਂ ਨੂੰ ਬੜੀ ਯੋਗ ਅਗਵਾਈ ਦਿੱਤੀ ਤੇ 1761 'ਚ ਖਾਲਸੇ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਇਸ ਮਹਾਨ ਜਿੱਤ ਮੌਕੇ ਖਾਲਸਾ ਪੰਥ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦਾ ਖਿਤਾਬ ਬਖਸ਼ਿਆ। ਹਰਿਮੰਦਰ ਸਾਹਿਬ, ਜਿਸ ਦੀ ਕਿ ਅਬਦਾਲੀ ਨੇ ਤਬਾਹੀ ਕੀਤੀ ਸੀ, ਦੀ ਨਵ-ਉਸਾਰੀ ਦਾ ਕੰਮ ਵੀ ਸਰਦਾਰ ਆਹਲੂਵਾਲੀਆ ਨੇ ਹੀ ਕਰਵਾਇਆ।

ਇਰਾਨੀ ਬਾਦਸ਼ਾਹ ਨਾਦਰ ਸ਼ਾਹ ਨੇ 1738 'ਚ ਹਿੰਦ 'ਤੇ ਭਰਵਾਂ ਹਮਲਾ ਬੋਲਿਆ। ਛੇਤੀ ਹੀ ਉਸ ਨੇ ਮੁਗਲ ਸਾਮਰਾਜ ਦੀ ਜੜ੍ਹਾਂ ਉਖਾੜ ਦਿੱਤੀਆਂ। ਬਹੁਤ ਭਾਰੀ ਲੁੱਟ ਮਾਲ ਦੇ ਸਮਾਨ ਨਾਲ ਉਹ 1739 ਵਿਚ ਇਰਾਨ ਵੱਲ ਮੁੜਿਆ। ਹੋਰ ਸਮਾਨ ਤੋਂ ਬਿਨਾਂ ਉਸ ਨੇ ਹਜ਼ਾਰਾਂ ਹਿੰਦੂ ਔਰਤਾਂ ਨੂੰ ਬੰਦੀ ਬਣਾਇਆ ਹੋਇਆ ਸੀ। ਜਦੋਂ ਉਹ ਪੰਜਾਬ 'ਚੋਂ ਲੰਘਣ ਲੱਗਾ ਤਾਂ ਇਨ੍ਹਾਂ ਬੀਬੀਆਂ ਨੂੰ ਰਿਹਾ ਕਰਾਉਣਾ ਸਿੱਖ ਪੰਥ ਨੇ ਆਪਣਾ ਫਰਜ਼ ਸਮਝਿਆ। ਇਸ ਕੰਮ ਨੂੰ ਅੰਜ਼ਾਮ ਦੇਣ ਲਈ ਜੱਸਾ ਸਿੰਘ ਆਹਲੂਵਾਲੀਆ ਨੇ ਸਿੰਘਾਂ ਦੇ ਦਸਤੇ ਤਿਆਰ ਕੀਤੇ ਤੇ ਹਮਲੇ ਅਰੰਭ ਦਿੱਤੇ। ਬੜੀ ਛੇਤੀ ਉਨ੍ਹਾਂ ਸਭ ਔਰਤਾਂ ਨੂੰ ਰਿਹਾ ਕਰਵਾ ਕੇ ਘਰੋ ਘਰੀਂ ਪਹੁੰਚਾਇਆ।

ਨਾਦਰ ਸ਼ਾਹ ਦੇ ਕਤਲ ਤੋਂ ਬਾਅਦ ਉਸ ਦਾ ਹੀ ਇਕ ਕਮਾਂਡਰ ਅਹਿਮਦ ਸ਼ਾਹ ਅਬਦਾਲੀ ਅਫਗਾਨਿਸਤਾਨ ਦਾ ਬਾਦਸ਼ਾਹ ਬਣ ਗਿਆ। ਦਸੰਬਰ 1747 ਤੋਂ ਸ਼ੁਰੂ ਹੋ ਕੇ 1769 ਤੱਕ ਅਬਦਾਲੀ ਨੇ ਹਿੰਦ 'ਤੇ ਪੂਰੇ ਨੌਂ ਹਮਲੇ ਕੀਤੇ। ਹਰ ਵਾਰ ਉਸ ਦੀਆਂ ਫੌਜਾਂ ਨੂੰ ਪੰਜਾਬ 'ਚੋਂ ਲੰਘ ਕੇ ਜਾਣਾ ਪੈਂਦਾ, ਜਿੱਥੇ ਉਸ ਦਾ ਅੱਗੇ ਜਾਣਾ ਅਤੇ ਪਿਛਾਂਹ ਮੁੜਨਾ, ਸਿੰਘ ਫੌਜਾਂ ਦੁੱਭਰ ਕਰ ਦਿੰਦੀਆਂ। ਉਹ ਵੇਖ ਰਿਹਾ ਸੀ ਕਿ ਸਿੱਖ ਦਿਨੋਂ ਦਿਨ ਤਾਕਤਵਰ ਹੋ ਰਹੇ ਹਨ ਅਤੇ ਆਲੇ ਦੁਆਲੇ ਫੈਲਦੇ ਜਾ ਰਹੇ ਹਨ। ਉਸ ਦੇ ਪੰਜਵੇਂ ਹਮਲੇ ਵੇਲੇ ਤੱਕ ਸਿੱਖ ਇੰਨੇ ਤਾਕਤਵਰ ਹੋ ਗਏ ਸਨ ਕਿ ਉਨ੍ਹਾਂ ਅਬਦਾਲੀ ਦੇ ਜਨਰਲ ਨੂਰ ਉਦ ਦੀਨ ਬਾਮਜ਼ਾਈ ਨੂੰ ਪੰਜਾਬ ਹੀ ਨਾ ਲੰਘਣ ਦਿੱਤਾ ਤੇ ਹਰਾ ਕੇ ਵਾਪਸ ਭਜਾ ਦਿੱਤਾ। ਇਸ ਵੇਲੇ ਸਿੱਖਾਂ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਹੌਰ ਦਾ ਹਾਕਮ ਥਾਪ ਦਿੱਤਾ ਹੋਇਆ ਸੀ। ਅਬਦਾਲੀ ਦੰਦ ਪੀਹਣ ਲੱਗਾ। ਉਸ ਨੇ ਐਲਾਨ ਕੀਤਾ ਕਿ ਉਸ ਦਾ ਅਗਲਾ ਹਮਲਾ ਸਿਰਫ ਤੇ ਸਿਰਫ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹੋਵੇਗਾ।

ਇਸੇ ਮੰਤਵ ਨਾਲ ਫਰਵਰੀ 1762 ਵਿਚ ਅਹਿਮਦਸ਼ਾਹ ਅਬਦਾਲੀ ਨੇ ਭਾਰੀ ਫੌਜ ਨਾਲ ਹਿੰਦ ਵੱਲ ਨੂੰ ਕੂਚ ਕੀਤਾ। ਸਿੱਖ ਵੀ ਸਮਝ ਗਏ ਕਿ ਇਸ ਵਾਰ ਅਬਦਾਲੀ ਲੁੱਟ ਮਾਰ ਕਰਨ ਨਹੀਂ ਸਗੋਂ ਸਿੱਖਾਂ ਨੂੰ ਖਤਮ ਕਰਨ ਆ ਰਿਹਾ ਹੈ। ਉਹ ਆਪਣੀ ਤਾਕਤ ਦਾ ਅਨੁਮਾਨ ਲਾਉਂਦਿਆਂ ਵਿਉਂਤਾਂ ਬਣਾਉਣ ਲੱਗੇ। ਉਨ੍ਹਾਂ ਨੂੰ ਪਤਾ ਸੀ ਕਿ ਅਬਦਾਲੀ ਦੀ ਲੱਖਾਂ ਦੀ ਫੌਜ ਨਾਲ ਉਹ ਆਹਮੋ-ਸਾਹਮਣੇ ਲੜਾਈ ਨਹੀਂ ਲੜ ਸਕਦੇ। ਇਸ ਕਰਕੇ ਪੰਥ ਦੇ ਮੁਖੀ ਜੱਸਾ ਸਿੰਘ ਆਹਲੂਵਾਲੀਆ ਨੇ ਸਾਰੀਆਂ ਮਿਸਲਾਂ ਦੇ ਮੋਢੀਆਂ ਨਾਲ ਮਿਲ ਕੇ ਸਲਾਹਾਂ ਕੀਤੀਆਂ। ਫੈਸਲਾ ਇਹ ਹੋਇਆ ਕਿ ਇਸ ਵੇਲੇ ਸਿੱਖ ਪਾਸੇ ਹੋ ਜਾਣ ਤਾਂ ਕਿ ਇਸ ਵੱਡੀ ਆਫਤ ਤੋਂ ਬਚਾ ਹੋ ਸਕੇ। ਸਾਰੀ ਸਿੱਖ ਆਬਾਦੀ ਇਕੱਠਾ ਕਰਕੇ ਕਾਫਲੇ ਦੇ ਰੂਪ ਵਿਚ ਮਾਲਵੇ ਵੱਲ ਜਾਣ ਦਾ ਐਲਾਨ ਹੋਇਆ। ਕਿਉਂਕਿ ਮਾਲਵੇ ਵਿਚ ਉਸ ਵੇਲੇ ਮੁਗਲ ਰਾਜ ਨਹੀਂ ਸਗੋਂ ਆਲਾ ਸਿੰਘ ਦਾ ਰਾਜ ਸੀ। ਉਮੀਦ ਸੀ, ਉਥੇ ਸੁਰੱਖਿਆ ਮਿਲੇਗੀ।

ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਕਾਫਲੇ ਦੇ ਵਿਚਕਾਰ ਲੈ ਕੇ ਸਿੰਘ ਫੌਜੀ ਆਲੇ ਦੁਆਲੇ ਹੋ ਗਏ। ਇਸ ਤਰ੍ਹਾਂ ਕਾਫਲੇ ਨੂੰ ਤੋਰਦੇ ਉਹ ਮਾਲਵੇ ਵੱਲ ਵਧਣ ਲੱਗੇ। ਉਧਰੋਂ ਅਬਦਾਲੀ ਵੀ ਮਾਰੋ ਮਾਰ ਕਰਦਾ ਆ ਰਿਹਾ ਸੀ। ਅਬਦਾਲੀ ਦੀਆਂ ਫੌਜਾਂ ਅਤੇ ਸਿੱਖ ਕਾਫਲੇ ਦੇ ਵਿਚਕਾਰ ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸ਼ੁਕਰਚੱਕੀਆ, ਹਰੀ ਸਿੰਘ ਢਿੱਲੋਂ ਅਤੇ ਹੋਰ ਮਿਸਲਦਾਰ ਸਨ। ਇਸ ਵਿਉਂਤਬੰਦੀ ਦਾ ਸਾਰਾ ਦਿਸ਼ਾ ਨਿਰਦੇਸ਼ ਜੱਸਾ ਸਿੰਘ ਆਹਲੂਵਾਲੀਆ ਦਾ ਸੀ। ਕਾਫਲਾ ਤੁਰਦਾ ਗਿਆ ਤੇ ਕਾਫਲੇ ਨੂੰ ਬਚਾਉਂਦੇ ਹੋਏ ਆਹਲੂਵਾਲੀਆ ਅਤੇ ਹੋਰ ਮੋਢੀ, ਅਬਦਾਲੀ ਨਾਲ ਲੜਦੇ ਹੋਏ ਕਾਫਲੇ ਦੇ ਮਗਰ ਮਗਰ ਪਿਛਾਂਹ ਹਟਦੇ ਗਏ। ਪਰ ਅਬਦਾਲੀ ਦੀ ਫੌਜ ਬਹੁਤ ਵੱਡੀ ਸੀ ਤੇ ਉਹ ਟਿੱਡੀ ਦਲ ਦੀ ਤਰ੍ਹਾਂ ਉਪਰ ਚੜ੍ਹਦੀ ਆਉਂਦੀ ਗਈ। ਆਖਰ



ਕਾਫਲਾ ਮਲੇਰਕੋਟਲੇ ਨੇੜਲੇ ਪਿੰਡ ਕੁੱਪ ਰਹੀੜੇ ਆ ਪਹੁੰਚਿਆ। ਇੱਥੇ ਵੱਡੀ ਢਾਬ ਸੀ ਅਤੇ ਮੋਢੀਆਂ ਸੋਚਿਆ ਕਿ ਪਾਣੀ ਲਈ ਇਸ ਤੋਂ ਵਧੀਆ ਥਾਂ ਹੋਰ ਕਿਧਰੇ ਨਹੀਂ ਮਿਲੇਗੀ। ਸੋ ਉਨ੍ਹਾਂ ਕਾਫਲਾ ਆਪਣੇ ਘੇਰੇ ਅੰਦਰ ਲੈ ਲਿਆ ਅਤੇ ਆਪ ਸਿਰਾਂ 'ਤੇ ਕੱਫਣ ਬੰਨ ਕੇ ਲੜਨ ਲੱਗੇ।

ਇੱਥੇ ਸਿੰਘ ਫੌਜੀਆਂ ਅਤੇ ਉਨ੍ਹਾਂ ਦੇ ਜਰਨੈਲਾਂ ਦੀ ਬਹਾਦਰੀ ਬਿਆਨ ਕਰਨ ਲਈ ਸ਼ਬਦ ਮੁੱਕ ਜਾਂਦੇ ਹਨ। ਚੜ੍ਹਤ ਸਿੰਘ ਸ਼ੁਕਰਚੱਕੀਆ ਦੇ ਪੰਜ ਘੋੜੇ ਮਾਰੇ ਗਏ ਪਰ ਉਹ ਇਕ ਨੂੰ ਛੱਡ ਕੇ ਦੂਜੇ 'ਤੇ ਸਵਾਰ ਹੋ ਜਾਂਦਾ ਸੀ। ਇਵੇਂ ਹੀ ਹੋਰਨਾਂ ਲੀਡਰਾਂ ਦੇ ਸਰੀਰ ਜ਼ਖਮਾਂ ਨਾਲ ਭਰ ਗਏ ਪਰ ਉਹ ਲੜਨੋਂ ਨਾ ਹਟੇ। ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉਪਰ ਜ਼ਖਮਾਂ ਦੇ ਬਹੱਤਰ ਨਿਸ਼ਾਨ ਸਨ। ਪਰ ਨਾ ਉਨ੍ਹਾਂ ਦਰਦ ਮੰਨਿਆ ਤੇ ਨਾ ਲੜਨੋਂ ਹਟੇ। ਇਤਿਹਾਸ ਕਹਿੰਦਾ ਹੈ ਕਿ ਜੱਸਾ ਸਿੰਘ ਲੜਦੇ ਹੋਏ ਅਬਦਾਲੀ ਦੇ ਸਾਹਮਣੇ ਜਾ ਪਹੁੰਚੇ। ਅਬਦਾਲੀ ਨੂੰ ਨਿਸ਼ਾਨਾ ਬਣਾ ਕੇ ਖੰਡੇ ਦਾ ਇੰਨਾ ਭਰਵਾਂ ਵਾਰ ਕੀਤਾ ਕਿ ਅਬਦਾਲੀ ਤਾਂ ਪਾਸਾ ਵੱਟ ਗਿਆ ਪਰ ਉਸ ਦਾ ਘੋੜਾ ਵਿਚਕਾਰੋਂ ਚੀਰਿਆ ਗਿਆ। ਸਿੱਖਾਂ ਦਾ ਹੌਸਲਾ ਵੇਖ ਕੇ ਅਬਦਾਲੀ ਨੇ ਦੰਦਾਂ ਹੇਠ ਜੀਭ ਲੈ ਲਈ। ਪਰ ਉਸ ਦੀ ਫੌਜ ਦੀ ਗਿਣਤੀ ਬਹੁਤ ਵੱਡੀ ਸੀ ਤੇ ਸਿੱਖ ਘਿਰੇ ਹੋਏ ਸਨ। ਅਬਦਾਲੀ ਦਾ ਹੁਕਮ ਸੀ ਕਿ ਕਿਸੇ ਵੀ ਗੈਰ ਮੁਸਲਿਮ ਨੂੰ ਜਿਉਂਦਾ ਨਹੀਂ ਛੱਡਣਾ।

ਸ਼ਾਮ ਹੋਣ ਤੱਕ ਉਸ ਨੇ ਕਰੀਬ ਵੀਹ ਹਜ਼ਾਰ ਸਿੱਖ ਮਾਰ ਮੁਕਾਏ। ਆਪਣੀ ਜਾਚੇ ਉਸ ਨੇ ਸਭ ਸਿੱਖ ਮਾਰ ਦਿੱਤੇ ਸਨ। ਇੰਨੇ ਨੂੰ ਹਨੇਰਾ ਪੈਣ ਲੱਗਾ। ਉਸ ਦੀਆਂ ਫੌਜਾਂ ਪਿਛਾਂਹ ਹਟ ਗਈਆਂ। ਇੱਧਰ ਬਚੇ ਹੋਏ ਸਿੱਖ ਬਰਨਾਲੇ ਵੱਲ ਨਿਕਲ ਗਏ। ਇਸ ਕਤਲੇਆਮ ਨੂੰ ਸਿੱਖ ਇਤਿਹਾਸ ਵਿਚ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

ਅਗਲੇ ਦਿਨ ਕੁਝ ਉਦਾਸ ਸਿੰਘਾਂ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਪੁੱਛਿਆ ਕਿ ਜਥੇਦਾਰ ਜੀ ਆਪਣੇ ਤਾਂ ਸਭ ਲੋਕ ਮਾਰੇ ਗਏ, ਹੁਣ ਕੀ ਬਣੇਗਾ। ਸਰਦਾਰ ਜੱਸਾ ਸਿੰਘ ਨੇ ਮੁਸਕਰਾਉਂਦਿਆਂ ਕਿਹਾ ਕਿ ਕਾਣ ਕਾਣ ਝੜ ਗਿਆ ਹੈ ਤੇ ਜੋ ਬਚਿਆ ਹੈ ਇਹ ਸ਼ੁੱਧ ਖਾਲਸਾ ਹੈ। ਫਿਕਰ ਨਾ ਕਰੋ, ਗੁਰੂ ਦਾ ਹੁਕਮ ਹੈ ਕਿ ਖਾਲਸੇ ਨੇ ਦਿਨੋਂ ਦਿਨ ਵਧਦੇ ਹੀ ਜਾਣਾ ਹੈ।

ਇਹ ਗੱਲ ਉਦੋਂ ਸੱਚ ਹੋ ਨਿੱਬੜੀ ਜਦੋਂ ਘੱਲੂਘਾਰੇ ਦੇ ਸਿਰਫ ਚਾਰ ਕੁ ਮਹੀਨੇ ਬਾਅਦ ਹੀ ਸਿੰਘਾਂ ਨੇ ਸਰਹਿੰਦ ਦੇ ਸੂਬੇਦਾਰ ਜ਼ੈਨ ਖਾਨ ਨੂੰ ਹਰਾ ਕੇ ਕੁੱਪ ਰਹੀੜੇ ਦਾ ਬਦਲਾ ਲੈ ਲਿਆ। ਸਿੰਘਾਂ ਦੀ ਗਿਣਤੀ ਇੰਨੀ ਛੇਤੀ ਵਧੀ ਕਿ ਅਗਲੀ ਦੀਵਾਲੀ ਉਨ੍ਹਾਂ ਅੰਮ੍ਰਿਤਸਰ ਆ ਮਨਾਈ। ਅਬਦਾਲੀ ਸਿੱਖਾਂ ਦੀ ਚੜ੍ਹਤ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਉਸ ਨੇ ਸਮਝੌਤਾ ਕਰਨ ਲਈ ਟੀਮ ਭੇਜੀ। ਪਰ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਨੂੰ ਇਹ ਕਹਿੰਦਿਆਂ ਵਾਪਸ ਮੋੜ ਦਿੱਤਾ ਕਿ ਖਾਲਸੇ ਨੂੰ ਕਿਸੇ ਦੀ ਦਇਆ ਨਹੀਂ ਚਾਹੀਦੀ। ਅਸੀਂ ਜੋ ਕਰਾਂਗੇ ਗੁਰੂ ਦੀ ਮਿਹਰ ਨਾਲ ਕਰਾਂਗੇ।

ਅਬਦਾਲੀ ਫਿਰ ਤੋਂ ਚੜ੍ਹਾਈ ਕਰਕੇ ਆ ਗਿਆ। ਇਸ ਲੜਾਈ ਨੂੰ ਅੰਮ੍ਰਿਤਸਰ ਦੀ ਦੂਸਰੀ ਲੜਾਈ ਕਿਹਾ ਜਾਂਦਾ ਹੈ। ਘੱਲੂਘਾਰੇ ਵੇਲੇ ਉਹ ਆਪ ਆਪਣੀਆਂ ਫੌਜਾਂ ਦੀ ਅਗਵਾਈ ਕਰ ਰਿਹਾ ਸੀ। ਇੱਧਰ ਸਿੱਖ ਫੌਜਾਂ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਦੇ ਹੱਥ ਸੀ। ਦਿਨ ਚੜ੍ਹਦਿਆਂ ਹੀ ਲੜਾਈ ਸ਼ੁਰੂ ਹੋਈ ਤੇ ਸ਼ਾਮ ਤੱਕ ਬੰਦ ਹੋ ਗਈ। ਇਸ ਲੜਾਈ ਵਿਚ ਅਬਦਾਲੀ ਦੀ ਸ਼ਰਮਨਾਕ ਹਾਰ ਹੋਈ ਤੇ ਉਸ ਦੀਆਂ ਫੌਜਾਂ ਲਾਹੌਰ ਵੱਲ ਪਰਤ ਗਈਆਂ। ਸਿੰਘਾਂ ਨੇ ਬਹੁਤ ਸਾਰੇ ਅਫਗਾਨੀ ਫੌਜੀ ਬੰਦੀ ਬਣਾ ਲਏ। ਇਨ੍ਹਾਂ ਸਾਰਿਆਂ ਤੋਂ ਹਰਿਮੰਦਰ ਸਾਹਿਬ ਦੀ ਢਾਹੀ ਹੋਈ ਇਮਾਰਤ ਦੀ ਉਸਾਰੀ ਕਰਵਾਈ ਗਈ। ਸਰੋਵਰ, ਜੋ ਅਬਦਾਲੀ ਫੌਜਾਂ ਨੇ ਮਿੱਟੀ ਘੱਟੇ ਨਾਲ ਪੂਰ ਦਿੱਤਾ ਸੀ, ਉਹ ਸਾਫ ਕਰਵਾਇਆ ਗਿਆ। ਸਾਰਾ ਕੰਮ ਕਰਵਾ ਕੇ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਨੂੰ ਇਕੱਠੇ ਕੀਤਾ ਅਤੇ ਅੱਛਾਈ ਦਾ ਪਾਠ ਪੜ੍ਹਾਇਆ। ਉਪਰੰਤ ਇਹ ਕਹਿ ਕੇ ਕਿ ਉਹ ਵਾਪਸ ਕਦੇ ਪੰਜਾਬ ਨਾ ਆਉਣ, ਸਭ ਨੂੰ ਰਿਹਾ ਕਰ ਦਿੱਤਾ ਗਿਆ। ਇਸ ਨਾਲ ਅਬਦਾਲੀ ਦੀਆਂ ਫੌਜਾਂ ਵਿਚ ਸਿੱਖਾਂ ਪ੍ਰਤੀ ਬੜੀ ਹੀ ਸ਼ਰਧਾ ਭਾਵਨਾ ਜਾਗੀ। ਕਿਉਂਕਿ ਉਨ੍ਹਾਂ ਦਿਨ੍ਹਾਂ ਵਿਚ ਬੰਦੀ ਫੌਜੀਆਂ ਨੂੰ ਆਮ ਤੌਰ 'ਤੇ ਮਾਰ ਦਿੱਤਾ ਜਾਂਦਾ ਸੀ। ਅਬਦਾਲੀ ਤੱਕ ਇਹ ਗੱਲ ਪਹੁੰਚੀ ਤਾਂ ਉਹ ਜੱਸਾ ਸਿੰਘ ਆਹਲੂਵਾਲੀਆ ਦੇ ਕਿਰਦਾਰ ਤੋਂ ਬੜਾ ਪ੍ਰਭਾਵਤ ਹੋਇਆ। ਇਸ ਤੋਂ ਪਿੱਛੋਂ ਵੀ ਉਸ ਨੇ ਇੱਧਰ ਵੱਲ ਹਮਲਾ ਕੀਤਾ ਪਰ ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ ਸੀ ਕਿਉਂਕਿ ਸਿੱਖ ਬਹੁਤ ਤਾਕਤਵਰ ਹੋ ਚੁਕੇ ਸਨ। ਅੱਗੇ ਚੱਲ ਕੇ ਉਦੋਂ ਤਾਂ ਸਿੱਖਾਂ ਨੇ ਦੁਨੀਆਂ ਨੂੰ ਹੈਰਾਨ ਹੀ ਕਰ ਦਿੱਤਾ ਜਦੋਂ ਦਿੱਲੀ ਦੇ ਲਾਲ ਕਿਲੇ 'ਤੇ ਖਾਲਸਈ ਕੇਸਰੀ ਝੰਡਾ ਜਾ ਲਹਿਰਾਇਆ।

ਪਿੱਛੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣਾ ਸਦਰ ਮੁਕਾਮ ਕਪੂਰਥਲਾ ਬਣਾ ਲਿਆ। ਉਨ੍ਹਾਂ ਆਪਣੀ ਆਖਰੀ ਉਮਰ ਹਰਿਮੰਦਰ ਸਾਹਿਬ ਦੀ ਸੇਵਾ ਵਿਚ ਗੁਜ਼ਾਰੀ। ਗੁਰੂ ਘਰ ਦੇ ਪ੍ਰਬੰਧਾਂ 'ਚ ਸੁਧਾਰ ਕਰਨ ਲਈ ਬੜਾ ਕੁਝ ਕੀਤਾ। ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਕਰਵਾਈ। ਆਖਰ 65 ਸਾਲ ਦੀ ਉਮਰ ਭੋਗ ਕੇ 1783 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਗੁਰੂ ਚਰਨਾਂ ਵਿਚ ਜਾ ਬਿਰਾਜੇ।

---

## ਗੁਰ ਬਿਨੁ ਅਵਰ ਨਾਹੀ ਮੈ ਥਾਉ

**ਗੁਰਬਾਣੀ ਗਿਆਨ**

**ਗੋਂਡ ਮਹਲਾ ੫**

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥
ਗੁਰੁ ਮੇਰਾ ਦੇਉ ਅਲਖ ਅਭੇਉ॥
ਸਰਬ ਪੂਜ ਚਰਨ ਗੁਰ ਸੇਉ॥
ਗੁਰ ਬਿਨੁ ਅਵਰ ਨਾਹੀ ਮੈ ਥਾਉ॥
ਅਨਦਿਨੁ ਜਪਉ ਗੁਰੂ ਗੁਰ ਨਾਉ॥ ਰਹਾਉ॥
ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥
ਗੁਰੁ ਗੋਪਾਲੁ ਪੁਰਖੁ ਭਗਵਾਨੁ॥
ਗੁਰ ਕੀ ਸਰਣਿ ਰਹਉ ਕਰਿ ਜੋਰਿ॥
ਗੁਰੂ ਬਿਨਾ ਮੈ ਨਾਹੀ ਹੋਰਿ॥
ਗੁਰੁ ਬੋਹਿਥੁ ਤਾਰੇ ਭਵ ਪਾਰਿ॥
ਗੁਰ ਸੇਵਾ ਜਮ ਤੇ ਛੁਟਕਾਰਿ॥
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ॥
ਗੁਰ ਕੈ ਸੰਗਿ ਸਗਲ ਨਿਸਤਾਰਾ॥
ਗੁਰੁ ਪੂਰਾ ਪਾਈਐ ਵਡਭਾਗੀ॥
ਗੁਰ ਕੀ ਸੇਵਾ ਦੂਖੁ ਨ ਲਾਗੀ॥
ਗੁਰ ਕਾ ਸਬਦੁ ਨ ਮੇਟੈ ਕੋਇ॥
ਗੁਰੁ ਨਾਨਕੁ ਨਾਨਕੁ ਹਰਿ ਸੋਇ॥

ਗੁਰੂ ਅਰਜਨ ਦੇਵ ਜੀ ਇਸ ਸ਼ਬਦ ਵਿਚ ਕਹਿੰਦੇ ਹਨ, ਹੇ ਭਾਈ ਮੇਰਾ ਗੁਰੂ ਹੀ ਮੇਰੇ ਲਈ ਪੂਜਾ ਹੈ, ਗੁਰੂ ਹੀ ਪ੍ਰਭੂ ਦਾ ਰੂਪ ਹੈ, ਵੱਡੀ ਸਮਰੱਥਾ ਦਾ ਮਾਲਕ ਹੈ। ਮੇਰਾ ਗੁਰੂ ਉਸ ਪ੍ਰਕਾਸ਼ ਰੂਪ ਪ੍ਰਭੂ ਦਾ ਰੂਪ ਹੈ ਜਿਸ ਦਾ ਸਰੂਪ ਸ਼ਬਦਾਂ ਵਿਚ ਨਹੀਂ ਦੱਸਿਆ ਜਾ ਸਕਦਾ, ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ। ਮੈਂ ਗੁਰੂ ਦੇ ਉਨ੍ਹਾਂ ਚਰਨਾਂ ਦੀ ਸ਼ਰਨ ਪਿਆ ਰਹਿੰਦਾ ਹਾਂ, ਜਿਨ੍ਹਾਂ ਨੂੰ ਸਾਰੀ ਦੁਨੀਆਂ ਪੂਜਦੀ ਹੈ।

ਗੁਰੂ ਦੀ ਮਹਾਨਤਾ ਦਰਸਾਉਂਦਿਆਂ ਪੰਚਮ ਪਾਤਸ਼ਾਹ ਉਪਦੇਸ਼ ਕਰਦੇ ਹਨ, ਹੇ ਭਾਈ ਇਸ ਵਿਕਾਰਾਂ ਭਰੇ ਜਗਤ ਵਿਚ ਮਾਇਆ ਦੇ ਮੋਹ ਭਰੇ ਘੁੱਪ ਹਨੇਰੇ ਵਿਚੋਂ ਬਚਣ ਲਈ ਗੁਰੂ ਤੋਂ ਬਿਨਾ ਮੈਨੂੰ ਕੋਈ ਹੋਰ ਥਾਂ ਨਹੀਂ ਸੁੱਝਦਾ ਜਿਸ ਦਾ ਮੈਂ ਆਸਰਾ ਲੈ ਸਕਾਂ। ਇਸ ਲਈ ਮੈਂ ਹਰ ਦਿਨ, ਹਰ ਵੇਲੇ ਗੁਰੂ ਦਾ ਨਾਂ ਹੀ ਜਪਦਾ ਹਾਂ ਅਤੇ ਗੁਰੂ ਦਾ ਓਟ ਆਸਰਾ ਹੀ ਤੱਕੀ ਬੈਠਾ ਹਾਂ।

ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥
ਗੁਰੁ ਗੋਪਾਲੁ ਪੁਰਖੁ ਭਗਵਾਨੁ॥
ਗੁਰ ਕੀ ਸਰਣਿ ਰਹਉ ਕਰਿ ਜੋਰਿ॥
ਗੁਰੂ ਬਿਨਾ ਮੈ ਨਾਹੀ ਹੋਰਿ॥

ਹੇ ਭਾਈ, ਮੇਰਾ ਗੁਰੂ ਹੀ ਮੇਰੇ ਲਈ ਗਿਆਨ ਹੈ, ਗੁਰੂ ਸਦਾ ਸਦਾ ਲਈ ਮੇਰੇ ਹਿਰਦੇ ਵਿਚ ਵਸਦਾ ਹੈ। ਇਹੋ ਹੀ ਮੇਰਾ ਧਿਆਨ ਹੈ। ਗੁਰੂ ਸਰਬ ਵਿਆਪਕ ਤੇ ਸ੍ਰਿਸ਼ਟੀ ਦੇ ਪਾਲਣਹਾਰ ਰੱਬ ਦਾ ਰੂਪ ਹੈ। ਮੈਂ ਦੋਵੇਂ ਹੱਥ ਜੋੜ ਕੇ ਸਦਾ ਗੁਰੂ ਦੀ ਸ਼ਰਨ ਵਿਚ ਪਿਆ ਰਹਿੰਦਾ ਹਾਂ। ਗੁਰੂ ਤੋਂ ਬਿਨਾ ਮੈਨੂੰ ਹੋਰ ਕੋਈ ਆਸਰਾ ਸੁਝਦਾ ਹੀ ਨਹੀਂ।

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ, ਹੇ ਭਾਈ ਗੁਰੂ ਹੀ ਉਹ ਜਹਾਜ ਹੈ ਜੋ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਸਕਦਾ ਹੈ; ਤੇ ਗੁਰੂ ਦੀ ਸ਼ਰਨ ਵਿਚ ਰਹਿੰਦਿਆਂ ਜਮਾਂ ਦੇ ਡਰ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ। ਮਾਇਆ ਦੇ ਮੋਹ ਭਰੇ ਘੁੱਪ ਹਨੇਰੇ ਵਿਚ ਗੁਰੂ ਦਾ ਉਪਦੇਸ਼ ਹੀ ਆਤਮਕ ਜੀਵਨ ਦਾ ਚਾਨਣ ਦਿੰਦਾ ਹੈ। ਹੇ ਭਾਈ, ਗੁਰੂ ਦੀ ਸੰਗਤ ਵਿਚ ਰਿਹਾਂ ਸਾਰੇ ਹੀ ਜੀਵਾਂ ਦਾ ਪਾਰ ਉਤਾਰਾ ਹੋ ਜਾਂਦਾ ਹੈ।

ਗੁਰੁ ਪੂਰਾ ਪਾਈਐ ਵਡਭਾਗੀ॥
ਗੁਰ ਕੀ ਸੇਵਾ ਦੂਖੁ ਨ ਲਾਗੀ॥
ਗੁਰ ਕਾ ਸਬਦੁ ਨ ਮੇਟੈ ਕੋਇ॥
ਗੁਰੁ ਨਾਨਕੁ ਨਾਨਕੁ ਹਰਿ ਸੋਇ॥

ਗੁਰਦੇਵ ਆਖਦੇ ਹਨ, ਪੂਰਾ ਗੁਰੂ ਤਾਂ ਵੱਡੇ ਭਾਗਾਂ ਨਾਲ ਮਿਲਦਾ ਹੈ। ਗੁਰੂ ਦੀ ਸ਼ਰਨ ਵਿਚ ਰਹਿੰਦਿਆਂ ਕੋਈ ਦੁਖ ਪੋਹ ਨਹੀਂ ਸਕਦਾ। ਜਿਸ ਮਨੁੱਖ ਦੇ ਅੰਦਰ ਗੁਰੂ ਸ਼ਬਦ ਵੱਸ ਜਾਵੇ, ਉਸ ਅੰਦਰੋਂ ਆਤਮਕ ਜੀਵਨ ਦੇ ਉਜਾਲੇ ਨੂੰ ਦੂਜਾ ਕੋਈ ਵੀ ਮਨੁੱਖ ਕਦੇ ਮਿਟਾ ਨਹੀਂ ਸਕਦਾ। ਹੇ ਭਾਈ ਸੁਣੋ, ਗੁਰੂ ਨਾਨਕ ਉਸ ਮਿਹਰਬਾਨ ਪਰਮਾਤਮਾ ਦਾ ਹੀ ਰੂਪ ਹੈ।


***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਜ਼ੈਦ ਦੀ ਸਾਖੀ

**ਮੌਲਾਨਾ ਰੂਮ ਦੀ ਮਸਨਵੀ ਵਿਚ ਜ਼ੈਦ ਨਾਂ ਦਾ ਪਾਤਰ ਅਕਸਰ ਹਾਜ਼ਰ ਰਹਿੰਦਾ ਹੈ। ਇਹ ਖਲੀਲ ਜਿਬਰਾਨ ਦੇ ਨਾਇਕ ਅਲਮੁਸਤਫਾ ਜਾਂ ਮਿਖਾਇਲ ਨਈਮੀ ਦੇ ਮੀਰਦਾਦ ਵਾਂਗ ਹੈ ਜਿਥੇ ਅਲਮੁਸਤਫਾ, ਖਲੀਲ ਅਤੇ ਮੀਰਦਾਦ, ਮਿਖਾਇਲ ਖੁਦ ਹੈ। ਜੋ ਜੋ ਮੌਲਾਨਾ ਦੱਸਣਾ ਚਾਹੁੰਦੇ ਹਨ, ਜ਼ੈਦ ਰਾਹੀਂ ਦਸਦੇ ਹਨ। ਇਤਿਹਾਸ ਵਿਚਲਾ ਜ਼ੈਦ ਉਹ ਗੁਲਾਮ ਸੀ, ਜਿਸ ਨੂੰ ਨਬੀ ਹਜ਼ਰਤ ਮੁਹੰਮਦ ਸਾਹਿਬ ਨੇ ਕੋਲੋਂ ਰਕਮ ਤਾਰ ਕੇ ਆਜ਼ਾਦ ਕਰਾਇਆ ਅਤੇ ਤਾ ਉਮਰ ਆਪਣੇ ਨਾਲ ਰੱਖਿਆ। ਨਬੀ ਖੁਦ ਪੜ੍ਹ ਲਿਖ ਨਹੀਂ ਸਕਦੇ ਸਨ, ਜਦੋਂ ਵਹੀ ਉਤਰਦੀ, ਜ਼ੈਦ ਲਿਖਦਾ ਅਤੇ ਸੰਭਾਲਦਾ। ਉਸ ਨੂੰ ਕਾਤਿਬ ਕਿਹਾ ਗਿਆ। ਉਹ ਅਨੇਕ ਰਹੱਸਾਂ ਦਾ ਭੇਤੀ ਸੀ। ਇਸਲਾਮ ਵਿਚ ਉਸ ਦਾ ਰੁਤਬਾ ਉਵੇਂ ਆਦਰਯੋਗ ਹੈ ਜਿਵੇਂ ਗੁਰਮਤਿ ਵਿਚ ਭਾਈ ਮਰਦਾਨੇ ਦਾ।**

ਪੈਗੰਬਰ ਨੇ ਇਕ ਸਵੇਰ ਜ਼ੈਦ ਨੂੰ ਪੁੱਛਿਆ, ਨੇਕ ਦਿਲ ਰੱਬ ਦੇ ਪਿਆਰੇ ਜ਼ੈਦ, ਕੀ ਹਾਲ ਚਾਲ?

ਜ਼ੈਦ ਨੇ ਕਿਹਾ, ਦਿਲ ਦੀ ਪਿਆਰ ਅਗਨੀ ਨੇ ਮੈਨੂੰ ਹਫਤਿਆਂ ਤੱਕ ਸੌਣ ਨਹੀਂ ਦਿੱਤਾ। ਦਿਨ ਰਾਤ ਇੰਜ ਬੀਤੇ ਜਿਵੇਂ ਕੋਈ ਨੇਜ਼ੇ 'ਤੇ ਟੰਗਿਆ ਹੋਵੇ। ਉਸ ਜਹਾਨ ਵਿਚ ਸਾਰੇ ਧਰਮ ਇਕ ਹੋ ਗਏ ਹਨ। ਲੱਖਾਂ ਸਾਲ ਤੇ ਇਕ ਘੜੀ ਵਿਚ ਫਰਕ ਨਹੀਂ ਰਿਹਾ। ਭੂਤ ਤੇ ਭਵਿੱਖ ਵਿਚ ਫਰਕ ਨਹੀਂ। ਬੁੱਧੀ ਦਾ ਉਥੇ ਕਿਧਰੇ ਨਹੀਂ ਟਿਕਾਣਾ। ਲੋਕਾਂ ਨੂੰ ਆਕਾਸ਼ ਦਿਸਦਾ ਹੈ, ਮੈਨੂੰ ਆਕਾਸ਼ ਤੋਂ ਪਾਰ ਦੀ ਹਕੂਮਤ ਦਾ ਸਿੰਘਾਸਨ। ਜਿਵੇਂ ਬੁਤ ਪੂਜ ਨੂੰ ਸਾਹਮਣੇ ਪਿਆ ਪੱਥਰ ਦਿਸਦਾ ਹੈ, ਅੱਠ ਸੁਰਗ ਅਤੇ ਸੱਤ ਨਰਕ ਪ੍ਰਤੱਖ ਦਿੱਸਦੇ ਹਨ। ਬੁਰੇ ਭਲੇ ਲੋਕਾਂ ਦੀ, ਇਉਂ ਖੁਦ ਬਖੁਦ ਪਛਾਣ ਹੋ ਰਹੀ ਹੈ ਜਿਵੇਂ ਕਣਕ ਅਤੇ ਬਾਜਰੇ ਦੇ ਦਾਣੇ ਵੱਖ ਵੱਖ ਸਾਫ ਦਿਸਦੇ ਹਨ। ਕੌਣ ਨੇਕ ਹੈ ਕੌਣ ਬਦ, ਇਵੇਂ ਵੱਖ ਵੱਖ ਦਿੱਸ ਰਹੇ ਹਨ ਜਿਵੇਂ ਸੱਪ ਤੇ ਮੱਛੀ। ਉਜਲ ਦੀਦਾਰ, ਕਾਲੇ ਮੂੰਹ ਵਾਲਿਆਂ ਨਾਲ ਰਲ ਨਹੀਂ ਸਕਦੇ। ਜਿਸਮ ਅੰਦਰ ਰੂਹ ਇਉਂ ਕੈਦ ਹੈ ਜਿਵੇਂ ਮਾਂ ਦੇ ਪੇਟ ਵਿਚ ਵਿਗਸ ਰਿਹਾ ਬੱਚਾ। ਮੌਤ



ਮੌਲਾਨਾ ਰੂਮੀ

ਪੇਸ਼ਕਾਰ: ਹਰਪਾਲ ਸਿੰਘ ਪੰਨੂ
ਫੋਨ: 91-94642-51454

ਬੱਚੇ ਦੇ ਜਨਮ ਲੈਣ ਵਰਗੀ ਘਟਨਾ ਹੈ। ਕਲਮੂਹੇਂ ਈਥੋਪੀਅਨ ਕਹਿੰਦੇ ਹਨ, ਇਹ ਸਾਡੀਆਂ ਰੂਹਾਂ ਹਨ। ਅਨਾਤੋਲੀਆ ਦੀਆਂ ਰੌਸ਼ਨ ਰੂਹਾਂ ਖੂਬਸੂਰਤ ਹਨ। ਰੂਹਾਨੀ ਸੰਸਾਰ ਵਿਚ ਪੁੱਜ ਜਾਣ ਤਾਂ ਕਲਮੂਹੇਂ ਵੀ ਰੌਸ਼ਨਮੁਖ ਹੋ ਜਾਣਗੇ। ਮੈਨੂੰ ਕਿਆਮਤ ਦੇ ਦਿਨ ਵਾਪਰਨ ਵਾਲੀਆਂ ਘਟਨਾਵਾਂ ਦਾ ਪਤਾ ਹੈ। ਕਹੋ ਤਾਂ ਦੱਸਾਂ?

ਪੈਗੰਬਰ ਨੇ ਹੋਠਾਂ 'ਤੇ ਉਂਗਲ ਰੱਖ ਕੇ ਕਿਹਾ, ਖਾਮੋਸ਼। ਕੋਈ ਲੋੜ ਨਹੀਂ। ਇਹ ਗੁਫਤਗੂ ਅਨੰਤ ਹੈ। ਉਨ੍ਹਾਂ ਦਾ ਕਾਰਵਾਂ ਦੂਰ ਚਲਾ ਗਿਆ ਹੈ, ਜ਼ੈਦ। ਚਲੋ ਤੇਜ਼ ਕਦਮੀਂ ਚਲੀਏ। ਉਨ੍ਹਾਂ ਨਾਲ ਰਲੀਏ। ਖਾਮੋਸ਼ ਰਹੋ।

ਤੁਰਦਿਆਂ ਜ਼ੈਦ ਨੇ ਕਿਹਾ, ਪਰ ਸੂਰਜ ਨੂੰ ਕੱਛ ਵਿਚ ਕਿਵੇਂ ਛੁਪਾ ਸਕਦਾ ਹਾਂ ਮਾਲਕ? ਬੁੱਧੀ ਅਤੇ ਪਾਗਲਪਣ-ਦੋਵੇਂ ਪਰਦੇ ਫਟ ਗਏ ਹਨ। ਮੈਨੂੰ ਸਮਝਾਓ ਕਿ ਵੱਡੇ ਭੇਦ ਪ੍ਰਗਟ ਹੋਣ ਤੋਂ ਕਿਵੇਂ ਰੋਕੀਦੇ ਹਨ।

ਪੈਗੰਬਰ ਨੇ ਕਿਹਾ, ਅੱਖ ਅੱਗੇ ਉਂਗਲ ਕਰੋ। ਸੂਰਜ ਢਕਿਆ ਜਾਂਦਾ ਹੈ। ਨਿੱਕੀ ਜਿਹੀ ਉਂਗਲ ਅੱਖ ਅਗੇ ਆ ਜਾਏ ਤਾਂ ਚੰਦ, ਸੂਰਜ ਪਰਦੇ ਉਹਲੇ ਹੋ ਜਾਂਦੇ ਹਨ। ਛੁਪਣਾ ਤੇ ਛੁਪਾਣਾ ਸਿੱਖ, ਜ਼ੈਦ।

ਜ਼ੈਦ ਨੇ ਕਿਹਾ, ਸ਼ੀਸ਼ਾ ਅਤੇ ਤੱਕੜੀ ਝੂਠ ਨਹੀਂ ਬੋਲ ਸਕਦੇ, ਸ਼ੀਸ਼ਾ ਅਤੇ ਤੱਕੜੀ ਬੇਈਮਾਨੀ ਨਹੀਂ ਕਰਦੇ, ਤਾਂ ਵੀ, ਤੁਹਾਡਾ ਹੁਕਮ ਹੈ ਖਾਮੋਸ਼ ਰਹਾਂ, ਮੈਂ ਖਾਮੋਸ਼ ਰਹਾਂਗਾ ਮਾਲਕ। ਅੰਮ੍ਰਿਤ ਦਾ ਨਿਰਮਲ ਮਿੱਠਾ ਚਸ਼ਮਾ ਵਗਦਾ ਦਿਸ ਰਿਹਾ ਹੈ। ਮੋਮਨ ਤ੍ਰਿਪਤ ਹੋ ਰਹੇ ਹਨ, ਕਾਫਰ ਆਲੇ ਦੁਆਲੇ ਚੱਕਰ ਕੱਟ ਰਹੇ ਹਨ ਪਰ ਪਾਣੀ ਹਾਸਲ ਨਹੀਂ ਹੁੰਦਾ। ਮੈਂ ਖਾਮੋਸ਼ ਰਹਾਂਗਾ।

ਪੈਗੰਬਰ ਨੇ ਫੁਰਮਾਇਆ, ਤਾਰਿਆਂ ਦੀ ਰੋਸ਼ਨੀ ਏਨੀ ਤੇਜ਼ ਹੈ ਜ਼ੈਦ ਕਿ ਅੱਖਾਂ ਅੰਨ੍ਹੀਆਂ ਹੋ ਜਾਣ ਪਰ ਰੱਬ ਨੇ ਉਹ ਮੋਮਬੱਤੀਆਂ ਵਰਗੇ ਕਰ ਦਿੱਤੇ ਹਨ ਤਾਂ ਕਿ ਮੋਮਨਾਂ ਨੂੰ ਰਸਤਾ ਦਿਖਾ ਸਕਣ। ਇਹੀ ਤਾਰੇ ਸ਼ੈਤਾਨ ਉਪਰ ਟੁੱਟਣਗੇ ਤੇ ਤਬਾਹੀ ਮਚਾਉਣਗੇ।

ਤੁਸੀਂ ਜ਼ੈਦ ਨੂੰ ਹੁਣ ਦੇਖ ਨਹੀਂ ਸਕਦੇ। ਜੋੜੇ ਉਤਾਰ ਕੇ ਉਹ ਅਨੰਤ ਰੂਹਾਨੀਅਤ ਵਿਚ ਦਾਖਲ ਹੋ ਗਿਆ ਹੈ। ਤੁਸੀਂ ਉਸ ਨੂੰ ਢੂੰਡਣ ਦਾ ਯਤਨ ਨਾ ਕਰੋ ਕਿਉਂਕਿ ਉਸ ਦੇ ਕਦਮਾਂ ਦੇ ਨਿਸ਼ਾਨ ਵੀ ਗਾਇਬ ਹੋ ਗਏ ਹਨ। ਆਕਾਸ਼ ਗੰਗਾ ਦੇ ਰਸਤੇ ਉਪਰ ਕਦਮਾਂ ਦੇ ਨਿਸ਼ਾਨ ਨਹੀਂ ਹੁੰਦੇ, ਕੱਖ ਕਾਨੇ ਨਹੀਂ ਹੁੰਦੇ। ਸਾਰਾ ਕੁਝ ਸਾਫ ਹੈ।

ਰੱਬ ਦਾ ਧਿਆਨ ਕਰੋ, ਉਹ ਤੁਹਾਡਾ ਖਿਆਲ ਰਖੇਗਾ, ਤੁਹਾਡੇ ਸਾਰੇ ਫਿਕਰ ਉਸ ਦੇ ਫਿਕਰ ਹੋ ਜਾਣਗੇ। ਰੱਬ ਨੇ ਕਿਹਾ, ਐ ਪੈਗੰਬਰ ਕੇਵਲ ਮੋਮਨਾਂ ਦੀ ਸੰਗਤ ਕਰਨੀ। ਅਸੀਂ ਤੁਹਾਨੂੰ ਅਜਿਹੀ ਅੱਗ ਦੇ ਦਿਤੀ ਹੈ ਜਿਹੜੀ ਸੰਸਾਰ ਨੂੰ ਨਿੱਘ ਦਏਗੀ ਪਰ ਅੱਗ ਜੇ ਸੁਆਹ ਦੀ ਸੰਗਤ ਕਰੇਗੀ ਤਾਂ ਬੁਝ ਜਾਏਗੀ। ਸ਼ੈਤਾਨ, ਮੁਸਲਮਾਨ ਦਾ ਭੇਖ ਧਾਰ ਕੇ ਆਏਗਾ। ਉਸ ਦੀ ਪਛਾਣ ਕਰਨੀ।

ਮੁਹੰਮਦ ਨੇ ਜਦੋਂ ਆਪਣੀ ਸ਼ਰਾਬ ਵਰਤਾਈ ਤਾਂ ਸੰਸਾਰ ਦੇ ਪਹਿਲੇ ਸਾਰੇ ਠੇਕੇ ਬੰਦ ਹੋ ਗਏ। ਗਰੀਬ ਮੁਸਲਮਾਨ ਫਟੇ ਕੱਪੜਿਆਂ, ਨੰਗੇ ਧੜ ਕਾਫਰ ਜੰਗਬਾਜ਼ਾਂ ਨਾਲ ਲੜ ਕੇ ਫਤਿਹਯਾਬ ਹੋਏ। ਇਹ ਸਭ ਦੀਨੀ ਸ਼ਰਾਬ ਵਿਚ ਮਖਮੂਰ ਸਨ। ਜੇ ਮੈਂ ਕਹਾਂ ਕਿ ਮੁਹੰਮਦ ਦੇ ਹੱਥ ਵਿਚ ਸੁਰਾਹੀ ਹੈ ਤਾਂ ਇਹ ਠੀਕ ਨਹੀਂ। ਉਹ ਸ਼ਰਾਬ ਦਾ ਭਰਿਆ ਛਲਕਦਾ ਪਿਆਲਾ ਹੈ। ਸੁਰਾਹੀ ਰੱਬ ਦੇ ਹੱਥ ਵਿਚ ਹੈ।

ਪੈਗੰਬਰ ਤੱਕ ਪੁੱਜਣ ਦਾ ਰਸਤਾ ਪਿਆਰ ਹੈ। ਪਿਆਰ ਵਿਚੋਂ ਅਸੀਂ ਜਨਮ ਲਿਆ, ਪਿਆਰ ਸਾਡੀ ਮਾਂ ਹੈ।

ਮਾਂ ਤੂੰ ਪਰਦਿਆਂ ਵਿਚ ਕਿਉਂ ਛੁਪ ਗਈ ਹੈਂ? ਇਸ ਕਰਕੇ ਕਿ ਅਸੀਂ ਕਾਫਰ ਹਾਂ?

ਈਰਾਨ ਨੇ ਸੰਸਾਰ ਨੂੰ ਪੰਜ ਮਹਾਨ ਕਿਤਾਬਾਂ ਦਿਤੀਆਂ; ਫਿਰਦੌਸੀ ਦਾ ਸ਼ਾਹਨਾਮਾ, ਸ਼ੇਖ ਸਾਅਦੀ ਦੀ ਗੁਲਿਸਤਾਂ, ਹਾਫਿਜ਼ ਦਾ ਦੀਵਾਨ, ਫਰੀਦੁੱਦੀਨ ਅੱਤਾਰ ਦੀ ਪੰਛੀਆਂ ਦੀ ਮਜਲਿਸ ਅਤੇ ਮੌਲਾਨਾ ਰੂਮ ਦੀ ਮਸਨਵੀ। ਜੇ ਅਰਬੀ ਵਿਚ ਕੁਰਾਨ ਸ੍ਰੇਸ਼ਟ ਹੈ ਤਾਂ ਫਾਰਸੀ ਵਿਚਲੀ ਮਸਨਵੀ ਫਾਰਸੀ ਦਾ ਕੁਰਾਨ ਹੈ:

ਮਸਨਵੀ ਇ ਮੌਲਵੀ ਇ ਮਅਨਵੀ।
ਹਸਤ ਕੁਰਾਨ ਦਰ ਜ਼ਬਾਨ ਪਹਿਲਵੀ।

ਜਾਮੀ ਨੇ ਲਿਖਿਆ:

ਮਨ ਚਿ ਗੋਇਮ ਵਸਫਿ ਆਂ ਆਲੀ ਜਨਾਬ।
ਨੀਸਤ ਪੈਗੰਬਰ ਵਲੇ ਦਾਰਦ ਕਿਤਾਬ।

(ਉਚੀ ਸ਼ਾਨ ਵਾਲੇ (ਰੂਮੀ) ਦੇ ਕੀ ਗੁਣ ਬਿਆਨ ਕਰਾਂ? ਉਸ ਦੇ ਹੱਥ ਵਿਚ ਇਲਹਾਮ ਦੀ ਕਿਤਾਬ ਹੈ ਪਰ ਉਹ ਨਬੀ ਨਹੀਂ।)

ਮਸਨਵੀ ਵਿਚ ਰੂਮੀ ਵਾਰ ਵਾਰ ਸ਼ੱਮਸ ਦਾ ਜ਼ਿਕਰ ਕਰਦਾ ਹੈ:

ਸ਼ਮਸ ਤਬਰੀਜ਼ੀ ਕਿ ਨੂਰ ਮੁਤਲਿਕ ਹਸਤ।
ਆਫਤਾਬ ਅਸਤ ਵ ਜ਼ ਅਨਵਾਰਿ ਹਕ ਅਸਤ।

(ਸ਼ਮਸ ਤਬਰੇਜ਼ ਅੱਲਾਹ ਦਾ ਨੂਰ ਹੈ। ਉਹ ਸੂਰਜ ਹੈ, ਉਸ ਦੀ ਰੋਸ਼ਨੀ ਰੱਬ ਦੀ ਰੋਸ਼ਨੀ ਹੈ।)

ਦਸੰਬਰ 1273 ਈਸਵੀ, ਕੂਨੀਆਂ ਵਿਚ ਖੌਫਨਾਕ ਤੂਫਾਨ ਅਤੇ ਭੁਚਾਲ ਆਇਆ। ਵੱਡੀ ਗਿਣਤੀ ਵਿਚ ਮੌਤਾਂ ਹੋਈਆਂ। ਡਰੇ ਹੋਏ ਲੋਕ ਮੌਲਾਨਾ ਦੇ ਦਰਬਾਰ ਵਿਚ ਪੁੱਜੇ ਤੇ ਪੁੱਛਿਆ ਕਿ ਕੁਦਰਤ ਏਨੀ ਕ੍ਰੋਧਵਾਨ ਕਿਉਂ ਹੈ? ਮੌਲਾਨਾ ਨੇ ਫੁਰਮਾਇਆ, ਧਰਤੀ ਨੂੰ ਭੁੱਖ ਲੱਗੀ ਹੋਈ ਹੈ, ਸੁਆਦ ਬੋਟੀ ਦੀ ਖਾਹਸ਼ਵੰਦ ਹੈ। ਮਨਪਸੰਦ ਖੁਰਾਕ ਮਿਲ ਗਈ ਸ਼ਾਂਤ ਹੋ ਜਾਏਗੀ। ਸਤਾਰਾਂ ਦਸੰਬਰ ਨੂੰ ਮੌਲਾਨਾ ਦਾ ਦੇਹਾਂਤ ਹੋਇਆ ਤਾਂ ਕੁਦਰਤ ਸ਼ਾਂਤ ਹੋ ਗਈ। ਉਸ ਨੂੰ ਉਸ ਦੇ ਪਿਤਾ ਦੀ ਕਬਰ ਦੇ ਨਜ਼ਦੀਕ ਤੁਰਕੀ ਵਿਚ ਕੋਨੀਆਂ ਵਿਖੇ ਦਫਨਾਇਆ ਗਿਆ। ਪਹਿਲੋਂ ਹਿਜਰੀ ਸੰਮਤ ਦੇ ਹਿਸਾਬ ਉਸ ਦਾ ਉਰਸ ਮਨਾਇਆ ਜਾਂਦਾ ਸੀ ਪਰ ਪਿਛਲੀ ਅੱਧੀ ਸਦੀ ਤੋਂ 17 ਦਸੰਬਰ ਦਾ ਦਿਨ ਕੋਨੀਆਂ ਵਿਚ ਉਰਸ ਮਨਾਉਣਾ ਨਿਸ਼ਚਿਤ ਹੋ ਗਿਆ ਹੈ।

ਮਸਨਵੀ ਦੀਆਂ ਛੇ ਪੋਥੀਆਂ ਰਚ ਕੇ ਮੌਲਾਨਾ ਨੇ ਕਹਿ ਦਿਤਾ ਸੀ:

ਖਾਕੀਏ ਈ ਗੁਫਿਤਾ ਆਯਦ ਬੇਜ਼ਬਾਨ।
ਦਰ ਦਿਲਿ ਹਰ ਕਸ ਕਿ ਦਾਰਦ ਨੂਰੀ ਜਾਨ।

(ਜਿਸ ਦੀ ਆਤਮਾ ਪੁਰਨੂਰ ਹੋ ਗਈ, ਗ੍ਰੰਥ ਦਾ ਰਹਿੰਦਾ ਹਿੱਸਾ ਹਰ ਸ਼ਖਸ ਦੇ ਦਿਲ ਵਿਚ ਆਪਣੇ ਆਪ ਬਿਨ ਬੋਲਿਆਂ ਪ੍ਰਕਾਸ਼ਵਾਨ ਹੋ ਜਾਏਗਾ।)

ਪਰ ਸ਼ਿਅਰਾਂ ਦੀ ਬਣਤਰ ਅਤੇ ਸ਼ੈਲੀ ਤੋਂ ਸਾਬਤ ਹੋ ਜਾਂਦਾ ਹੈ ਕਿ ਸੱਤਵੀਂ ਕਿਤਾਬ ਕਿਸੇ ਹੋਰ ਦੀ ਨਹੀਂ, ਰੂਮੀ ਦੀ ਹੈ। ਸਿਧਾਂਤ ਇਸਲਾਮ ਦੇ ਹਨ, ਰੂਮੀ ਉਨ੍ਹਾਂ ਦੀ ਵਿਆਖਿਆ ਨਵੇਂ ਤਰੀਕੇ ਨਾਲ ਕਰਦਾ ਹੈ। ਸ਼ੱਰਈ ਆਖਦੇ ਹਨ, ਕੇਵਲ ਅੱਲਾਹ ਹੈ, ਉਸ ਦਾ ਕੋਈ ਸ਼ਰੀਕ ਨਹੀਂ, ਜਿਹੜਾ ਉਸ ਦੇ ਕਿਸੇ ਸ਼ਰੀਕ ਨੂੰ ਮੰਨੇ ਉਹ ਬੁਤ ਪੂਜ ਕਾਫਰ ਹੈ। ਉਹ ਆਪਣੇ ਮੱਤ ਦੇ ਸਮਰਥਨ ਵਾਸਤੇ ਕੁਰਾਨ ਦੀ ਆਇਤ ਪੜ੍ਹਦੇ ਹਨ, ਨਹੀਂ ਹੈ ਹੋਰ ਕੁਝ ਵੀ ਕਿਤੇ, ਸਿਵਾਇ ਇਕ ਅੱਲਾਹ ਦੇ। ਰੂਮੀ ਆਖਦਾ ਹੈ, ਫਿਰ ਤਾਂ ਜਿਧਰ ਨਜ਼ਰ ਜਾਏ, ਉਧਰ ਅੱਲਾਹ ਹੀ ਅੱਲਾਹ ਹੈ। ਜਦੋਂ ਦੂਜਾ ਉਸ ਦੇ ਸਿਵਾਇ ਹੋਰ ਕੋਈ ਨਹੀਂ, ਫਿਰ ਹਰੇਕ ਕਣ ਵਿਚ ਉਸੇ ਦਾ ਜਲਵਾ ਹੈ। ਰੂਮੀ ਦਾ ਕਥਨ ਹੈ, ਸਮੁੰਦਰ ਵਿਚ ਸਮੁੰਦਰ ਤੋਂ ਇਲਾਵਾ ਹੋਰ ਕੁਝ ਨਹੀਂ ਪਰ ਭੈਂਗੇ ਨੂੰ ਆਪਣੀ ਗੱਲ ਮੈਂ ਕਿਸ ਤਰੀਕੇ ਸਮਝਾਵਾਂ? ਤੂੰ ਰੋਟੀਆਂ ਦਾ ਟੋਕਰਾ ਸਿਰ ਉਪਰ ਚੁੱਕਿਆ ਹੋਇਆ ਹੈ, ਫਿਰ ਦਰ ਦਰ ਮੰਗਣ ਕਿਉਂ ਜਾਨੈਂ? ਬਹਿ ਤੇ ਆਰਾਮ ਨਾਲ ਖਾਹ।

ਸੂਫੀਆਂ ਵਿਚ ਦੋ ਤਰ੍ਹਾਂ ਦੀ ਵਿਚਾਰਧਾਰਾ ਹੈ। ਪਹਿਲੀ, ਜੋ ਕੁਝ ਹੁੰਦਾ ਹੈ, ਰੱਬ ਦੇ ਹੁਕਮ ਅਨੁਸਾਰ ਹੁੰਦਾ ਹੈ। ਦੂਜੀ, ਆਦਮੀ ਲਈ ਉਦਮ ਕਰਨਾ ਜ਼ਰੂਰੀ ਹੈ। ਪਹਿਲੀ ਕਿਸਮ ਦੇ ਲੋਕ ਭਾਗਵਾਦੀ ਹੋਣ ਕਾਰਨ ਆਲਸੀ ਹੋ ਜਾਂਦੇ ਹਨ। ਰੂਮੀ ਦੂਜੀ ਕਿਸਮ, ਭਾਵ ਕਿਰਤ ਕਰਨ ਨੂੰ ਚੰਗਾ ਜਾਣਦਾ ਹੈ। ਕਿਰਤ ਕਰੋ, ਉਸ ਪਿਛੋਂ ਰੱਬ ਦਾ ਫੈਸਲਾ ਉਡੀਕੋ। ਸ਼ਿਅਰ ਹੈ:

ਪਾਏ ਦਾਰੀ ਚੂੰ ਕੁਨੀ ਖੁਦ ਰਾ ਤੁ ਲੰਗ।
ਦਸਤ ਦਾਰੀ ਚੂੰ ਕੁਨੀ ਪਿਨਹਾਂ ਨੁ ਚੰਗ।

(ਚੰਗੇ ਭਲੇ ਹਨ ਤੇਰੇ ਪੈਰ, ਤੂੰ ਲੂਲਾ ਕਿਉਂ ਬਣਿਆ ਬੈਠਾ ਹੈਂ? ਠੀਕ ਹਨ ਤੇਰੇ ਹੱਥ, ਫਿਰ ਕੱਛਾਂ ਵਿਚ ਕਿਉਂ ਦੇਈਂ ਬੈਠਾ ਹੈਂ?)

ਬਰ ਤਵੱਕੁਲ ਮੈਂ ਕੁਨੀ ਦਰ ਕਾਰ ਕੁਨ।
ਕਾਰ ਕੁਨ ਪਸ ਤਕੀਆ ਬਰ ਜੱਬਾਰ ਕੁਨ।

(ਭਰੋਸਾ ਕਰਨਾ ਹੈ ਤਾਂ ਕਿਰਤ ਉਪਰ ਕਰ, ਇਸ ਤੋਂ ਬਾਅਦ ਭਰੋਸਾ ਰੱਬ ਉਪਰ ਕਰ।)

ਰੂਮੀ ਵੇਲੇ ਅਜਿਹੇ ਫਕੀਰਾਂ ਦੀ ਘਾਟ ਨਹੀਂ ਸੀ ਜੋ ਵਿਹਲੀਆਂ ਖਾਣ ਦੇ ਸ਼ੌਕੀਨ ਸਨ। ਕਿਹਾ ਕਰਦੇ ਸਨ ਕਿ ਅੱਲਾਹ ਆਪੇ ਦਏਗਾ ਜੇ ਕਿਸਮਤ ਵਿਚ ਲਿਖਿਆ ਹੋਇਆ। ਰੂਮੀ ਆਖਦਾ ਹੈ:

ਜਬਰਿਤੁ ਖੁਫਿਤਨ ਦਰ-ਉ-ਰਾਹ ਮਖਸਪ।
ਤਾ ਨ ਬੀਨੀ ਆਂ ਦਰ-ਉ-ਦਰਗਾਹ ਮਖਸਪ।

(ਤੇਰਾ ਨਸੀਬਾਂ ਵਿਚ ਯਕੀਨ, ਸੌਂ ਜਾਣ ਵਾਂਗ ਹੈ। ਹੋਸ਼ ਵਿਚ ਆ, ਰਸਤੇ ਵਿਚ ਸੌਂ ਨਾ। ਜਿੰਨਾ ਚਿਰ ਦਰ ਅਤੇ ਦਰਗਾਹ ਉਤੇ ਨਹੀਂ ਪੁਜਦਾ, ਸੌਵੀਂ ਨਾ।)

ਰੂਮੀ ਦੇ ਦੀਵਾਨ ਵਿਚ ਗਜ਼ਲਾਂ ਦੇ ਪੰਜਾਹ ਹਜ਼ਾਰ ਸ਼ਿਅਰ ਹਨ। ਏਨੀ ਉਤਮ ਰਚਨਾ ਹੈ ਕਿ ਸ਼ੇਖ ਸਾਅਦੀ ਅਸ਼ ਅਸ਼ ਕਰ ਉਠਿਆ ਤੇ ਲਿਖਿਆ, ਮੇਰੀ ਕਿਸਮਤ ਵਿਚ ਉਸ ਦੇ ਕਦਮਾਂ ਦੀ ਧੂੜ ਮੱਥੇ ਲਾਉਣੀ ਲਿਖੀ ਨਹੀਂ ਸੀ। ਸ਼ੀਰਾਜ਼ ਦੇ ਬਾਦਸ਼ਾਹ ਨੇ ਸਾਅਦੀ ਨੂੰ ਕਿਹਾ ਕਿ ਅੱਜ ਤੱਕ ਫਾਰਸੀ ਜ਼ਬਾਨ ਵਿਚ ਰਚੇ ਸਾਹਿਤ ਵਿਚੋਂ ਸਰਬੋਤਮ ਗਜ਼ਲ ਚੁਣ ਕੇ ਭੇਜੋ, ਸਾਅਦੀ ਨੇ ਰੂਮੀ ਦੇ ਦੀਵਾਨ ਵਿਚੋਂ ਗਜ਼ਲ ਭੇਜਦਿਆਂ ਕਿਹਾ, ਇਸ ਤੋਂ ਉਪਰ ਕੁਝ ਨਹੀਂ ਹੈ।

ਉਸ ਦੀ ਤੀਜੀ ਰਚਨਾ ਫੀਹੀ ਮਾ ਫੀਹੀ ਹੈ, ਜੋ ਮੌਲਾਨਾ ਵਲੋਂ ਲਿਖੇ ਖਤਾਂ ਦਾ ਸੰਗ੍ਰਿਹ ਹੈ। ਇਨ੍ਹਾਂ ਖਤਾਂ ਵਿਚੋਂ ਆਪਣੇ ਮਿੱਤਰਾਂ ਅਤੇ ਮੁਰੀਦਾਂ ਪ੍ਰਤੀ ਪਿਆਰ ਤਾਂ ਝਲਕਦਾ ਹੀ ਹੈ, ਮਾਅਰਫਤ ਦੇ ਵਿਸ਼ੇ ਉਪਰ ਵੀ ਅਨੇਕ ਟਿਪਣੀਆਂ ਮਿਲਦੀਆਂ ਹਨ। ਇਨ੍ਹਾਂ ਖਤਾਂ ਤੋਂ ਪਤਾ ਲਗਦਾ ਹੈ ਕਿ ਪਹਿਲਾਂ ਕੀਰਤਨ ਤੋਂ ਜਿੰਨਾ ਪਰਹੇਜ਼ ਕਰਦੇ ਸਨ, ਤਬਰੇਜ਼ ਨਾਲ ਮਿਲਾਪ ਤੋਂ ਬਾਅਦ ਵਿਸ਼ਵਾਸ ਹੋ ਗਿਆ ਕਿ ਕੀਰਤਨ ਰਾਹੀਂ ਹੀ ਦੀਨ ਦੀਆਂ ਉਚੀਆਂ ਮੰਜ਼ਿਲਾਂ ਤੱਕ ਪੁੱਜਿਆ ਜਾ ਸਕਦਾ ਹੈ। ਕਿਹਾ ਕਰਦੇ ਸਨ, ਅੰਜੀਰ ਹਰੇਕ ਪੰਛੀ ਦੀ ਖੁਰਾਕ ਨਹੀਂ ਹੈ।

-ਬੇਸਬਰੀਆਂ ਲਾਲਚੀ ਅੱਖਾਂ ਰਜਦੀਆਂ ਈ ਨਹੀਂ।

ਪਰ ਸਿੱਪੀ ਜਾਣਦੀ ਹੈ ਜੇ ਖਾਮੋਸ਼ ਰਹਿ ਕੇ ਸਬਰ ਨਾ ਕੀਤਾ ਤਾਂ ਮੋਤੀ ਨਹੀਂ ਬਣੇਗੀ।

-ਗੁਲਾਬੀ ਫੁੱਲਾਂ ਦੇ ਨਜ਼ਦੀਕ ਜਾ ਕੇ ਖੂਨੀ ਬੋਲ ਨਾ ਬੋਲ।

ਮਸਤਾਨਿਆਂ ਨੂੰ ਮੂਰਖ ਆਖ ਕੇ ਖਿੱਲੀ ਨਾ ਉਡਾ।

-ਹੁਨਰ ਦੇ ਨਾਲ ਨਾਲ ਉਡਣਾ ਚਾਹੁੰਨੈਂ ਤਾਂ ਪਹਿਲਾਂ ਨਜ਼ਰ ਮਾਰ ਕਿ ਕੀ ਤੇਰੇ ਜਿਸਮ ਉਪਰ ਖੰਭ ਹੈਨ ਵੀ?

-ਅੱਗ ਦੀ ਸੁਨਹਿਰੀ ਲਾਟ ਦੇਖਣ ਨੂੰ ਸੁਹਣੀ ਲਗਦੀ ਹੈ ਪਰ ਉਸ ਦਾ ਫੈਸਲਾ ਹੈ ਕਿ ਹਰੇਕ ਸ਼ੈਅ ਨੂੰ ਸਾੜ ਕੇ ਕਾਲੇ ਰੰਗ ਦਾ ਪੋਚਾ ਫੇਰ ਦੇਣਾ ਹੈ।

-ਜੇ ਅਗਿਆਨ ਸਦਕਾ ਤੂੰ ਅੰਨ੍ਹਾ ਨਾ ਹੋਇਆ ਹੁੰਦਾ ਤਾਂ ਸੂਰਜ ਸਾਹਮਣੇ ਬਰਫ ਵਾਂਗ ਦੇਰ ਤੱਕ ਜੰਮਿਆਂ ਕਿਵੇਂ ਰਹਿ ਸਕਦਾ ਸੈਂ?

-ਦਰਿਆ ਵਿਚ ਜੋ ਜੀਵ ਪੈਦਾ ਹੁੰਦੇ ਹਨ, ਮੁੜ ਮੁੜ ਦਰਿਆ ਵਲ ਨੂੰ ਨਸਦੇ ਹਨ।

-ਤੂੰ ਆਪਣੇ ਦਿਲ ਵਿਚ ਪੱਥਰ, ਲੋਹਾ ਅਤੇ ਅੱਗ ਸੰਭਾਲ ਰੱਖੀ ਹੈ। ਇਹ ਦੱਸ ਕਿ ਪਾਣੀ ਇਥੇ ਕਿਉਂ ਜਾਏਗਾ?

-ਮਾਲਕ ਨੂੰ ਦੇਖ ਕੇ ਕੁੱਤਾ ਪੈਰ ਚੁੰਮਣ ਜਾਂਦਾ ਹੈ,

ਬੇਗਾਨੇ ਉਪਰ ਉਹ ਸ਼ੇਰ ਵਾਂਗ ਹੱਲਾ ਬੋਲਦਾ ਹੈ।

ਤੈਨੂੰ ਆਪਣਿਆਂ ਤੇ ਬੇਗਾਨਿਆਂ ਦੀ ਸਮਝ ਕਦ ਆਏਗੀ?

-ਬੱਚਾ ਮਾਂ ਵਲ ਜਾਂਦਾ ਹੈ। ਟਾਹਣੀਆਂ ਮੁੱਢ ਵਲ ਝੁਕਦੀਆਂ ਹਨ।

ਬੇਸ਼ਕ ਦਿਸਦਾ ਨਹੀਂ, ਘੜੇ ਦਾ ਪਾਣੀ ਹੌਲੀ ਹੌਲੀ ਹਵਾ ਵਿਚ ਮਿਲਦਾ ਜਾਂਦਾ ਹੈ ਕਿਉਂਕਿ ਉਹ ਹਵਾ ਦਾ ਜਾਇਆ ਹੈ।

ਪਾਣੀ ਅਤੇ ਰੋਟੀ, ਸਾਡੇ ਮਾਸ ਵਰਗੇ ਨਹੀਂ ਪਰ ਜਦੋਂ ਅਸੀਂ ਪੀ ਖਾ ਲੈਂਦੇ ਹਾਂ, ਇਹ ਮਾਸ ਹੋ ਜਾਂਦੇ ਹਨ।

-ਰੱਬ ਨੇ ਜਿਹੜੀ ਅਕਲ ਸ਼ਹਿਦ ਦੀ ਮੱਖੀ ਨੂੰ ਦਿੱਤੀ, ਉਸ ਦਾ ਭੇਤ ਗਿੱਦੜ ਅਤੇ ਸ਼ੇਰ ਕਿਵੇਂ ਪਾ ਸਕਦੇ ਹਨ?

ਤੁਸੀਂ ਵੀ ਮਿੱਤਰੋ ਖੋਤੇ ਦੇ ਕੰਨ ਵੇਚ ਕੇ ਬੰਦੇ ਦੇ ਕੰਨ ਖਰੀਦ ਲਵੋ, ਫੇਰ ਅਸਾਡੀ ਗੱਲ ਸਮਝ ਆਉਣ ਲੱਗੇਗੀ।

-ਕਿਤਾਬਾਂ ਵਿਚਲੇ ਵਾਕ ਫਾਹੀਆਂ ਹਨ, ਦੋਸਤੋ।

ਕਿਤਾਬੀ ਵਾਕ, ਮਾਰੂਥਲਾਂ ਵਿਚ ਮ੍ਰਿਗ ਤ੍ਰਿਸ਼ਨਾ ਹਨ, ਤ੍ਰਿਪਤ ਨਹੀਂ ਕਰਦੇ।

ਪੁਰਾਤਨ ਜਨੌਰ ਕਹਾਣੀਆਂ ਵਿਚ ਤੋਤੀ ਦੀ ਕਥਾ ਆਉਂਦੀ ਹੈ। ਪਿੰਜਰੇ ਵਿਚ ਬੰਦ ਤੋਤੀ ਉਦਾਸ ਰਹਿੰਦੀ। ਮਾਲਕ ਪਰਦੇਸ ਚੱਲਿਆ ਤਾਂ ਹਰੇਕ ਨੂੰ ਪੁੱਛਿਆ ਕਿ ਕੀ ਸੁਗਾਤ ਲਿਆਵਾਂ, ਕਿਸ ਨੂੰ ਕੀ ਸੁਨੇਹਾ ਦੇ ਕੇ ਆਵਾਂ। ਉਸ ਨੇ ਤੋਤੀ ਨੂੰ ਵੀ ਇਹੋ ਪੁੱਛਿਆ। ਤੋਤੀ ਨੇ ਕਿਹਾ, ਉਸ ਦੇਸ਼ ਵਿਚ ਮੇਰੇ ਹਮਸਫਰ ਤੋਤਿਆਂ ਦੀਆਂ ਡਾਰਾਂ ਦਿੱਸਣਗੀਆਂ, ਉਨ੍ਹਾਂ ਨੂੰ ਕਹਿਣਾ, ਤੁਹਾਡੀ ਪਿੰਜਰੇ ਵਿਚ ਬੰਦ ਤੋਤੀ ਉਦਾਸ ਰੋਂਦੀ ਰਹਿੰਦੀ ਹੈ, ਤੁਹਾਨੂੰ ਯਾਦ ਕਰਦੀ ਹੈ। ਮੁਸਾਫਰ ਨੇ ਦਰਖਤ 'ਤੇ ਬੈਠੇ ਤੋਤਿਆਂ ਨੂੰ ਤੋਤੀ ਦੀ ਗੱਲ ਸੁਣਾਈ। ਸਭ ਨੇ ਧਿਆਨ ਨਾਲ ਸੁਣੀ। ਦਰਦ ਕਹਾਣੀ ਸੁਣ ਕੇ ਇਕ ਤੋਤਾ ਮਰ ਕੇ ਜਮੀਨ 'ਤੇ ਆ ਡਿੱਗਾ। ਮੁਸਾਫਰ ਪਛਤਾਇਆ ਕਿ ਕਾਹਨੂੰ ਇਹ ਗੱਲ ਕਰਨੀ ਸੀ। ਪਾਪ ਕਰ ਬੈਠਾ ਹਾਂ। ਵਾਪਸ ਆ ਕੇ ਇਹ ਘਟਨਾ ਤੋਤੀ ਨੂੰ ਸੁਣਾਈ। ਜਦ ਉਸ ਨੇ ਸੁਣਿਆ ਕਿ ਇਕ ਤੋਤਾ ਇਹ ਸੁਣਦਿਆਂ ਮਰ ਗਿਆ ਤਾਂ ਤੋਤੀ ਨੂੰ ਵੀ ਅਜਿਹਾ ਚੱਕਰ ਆਇਆ ਕਿ ਫੁੜਕ ਗਈ।

ਮਾਲਕ ਲੱਗਾ ਹੱਥ ਮਲਣ, ਦੂਹਰੀ ਮੂਰਖਤਾ ਕਰ ਦਿਤੀ। ਪਰਦੇਸੀਂ ਮਰੇ ਤੋਤੇ ਦੀ ਗੱਲ ਸੁਣ ਕੇ ਇਹ ਦਮ ਤੋੜ ਗਈ। ਮੇਰੇ ਵਰਗਾ ਅਹਿਮਕ ਹੋਰ ਕੌਣ ਹੋਏਗਾ? ਉਸ ਨੇ ਪਿੰਜਰੇ ਦੀ ਤਾਕੀ ਖੋਲ੍ਹੀ ਤੇ ਮਰੀ ਤੋਤੀ ਨੂੰ ਟੰਗੋਂ ਫੜ ਕੇ ਵਾੜ ਤੋਂ ਪਾਰ ਸੁੱਟ ਦਿਤਾ। ਜਿਉਂ ਹੀ ਮਾਲਕ ਨੇ ਤੋਤੀ ਵਗਾਹੀ, ਉਹ ਫੁੱਰਰ ਕਰਕੇ ਉਡ ਗਈ। ਹਿੰਦੋਸਤਾਨੀ ਕਥਾਕਾਰ ਤੋਤੇ ਅਤੇ ਤੋਤੀ ਦੇ ਮਰਨ ਨੂੰ ਮਕਰ ਫਰੇਬ ਰਾਹੀਂ ਆਜ਼ਾਦ ਹੋਣ ਦੀ ਚਲਾਕੀ ਦਸਦੇ ਹਨ। ਰੂਮੀ ਇਸ ਨੂੰ ਹੋਰ ਅਰਥ ਦਿੰਦਾ ਹੈ। ਉਹ ਲਿਖਦਾ ਹੈ, ਇਕ ਮਹਿਮਾਨ ਨੇ ਪਿੰਜਰੇ ਵਾਲੀ ਤੋਤੀ ਨੂੰ ਪੁੱਛਿਆ ਤੇਰੀ ਨਜ਼ਰ ਤਾਂ ਏਨੀ ਤਿੱਖੀ ਹੈ ਕਿ ਮੀਲਾਂ ਤਕ ਸਾਫ ਦੇਖ ਲੈਂਦੀ ਹੈਂ, ਕੀ ਤੈਨੂੰ ਫਾਹੀ ਨਹੀਂ ਸੀ ਦਿੱਸੀ? ਤੋਤੀ ਨੇ ਕਿਹਾ, ਜਦੋਂ ਕਿਸਮਤ ਮਾੜੀ ਹੋਵੇ ਭਾਈ ਤਾਂ ਅੱਖਾਂ ਉਪਰ ਚਿੱਟੇ ਦਿਨ ਪਰਦਾ ਪੈ ਜਾਂਦਾ ਹੈ। ਉਹ ਤੋਤੇ ਤੋਤੀ ਦੀ ਮੌਤ ਨੂੰ ਚਲਾਕੀ ਫਰੇਬ ਨਹੀਂ ਕਹਿੰਦਾ। ਉਹ ਆਖਦਾ ਹੈ, ਜਿਸਮ ਦੀਆਂ ਲੋੜਾਂ ਨੂੰ ਮਾਰ ਲਵੋਗੇ, ਆਪੇ ਨੂੰ ਮਾਰ ਲਵੋਗੇ ਤਦ ਆਜ਼ਾਦ ਹੋ ਕੇ ਉਡਣ ਲੱਗੋਗੇ। ਤੁਹਾਡੀਆਂ ਹਵਸਾਂ ਤੁਹਾਡਾ ਮਜ਼ਬੂਤ ਪਿੰਜਰਾ ਹੈ। ਇਸ ਪਿੰਜਰੇ ਵਿਚੋਂ ਨਿਕਲਣ ਦਾ ਇਹੋ ਰਸਤਾ ਹੈ, ਹੋਰ ਕੋਈ ਨਹੀਂ।

-ਪਿਆਸਾ ਆਦਮੀ ਸੰਸਾਰ ਵਿਚ ਪਾਣੀ ਲਭਦਾ ਫਿਰਦਾ ਹੈ। ਉਹ ਨਹੀਂ ਜਾਣਦਾ ਕਿ ਪਾਣੀ ਵੀ ਉਸ ਦੀ ਤਲਾਸ਼ ਵਿਚ ਤੁਰਿਆ ਹੋਇਆ ਹੈ।

-ਜਿਸ ਅੱਖਰ ਕਾਰਨ ਭਟਕ ਜਾਏਂ ਉਹ ਅੱਖਰ ਕੁਫਰ ਦਾ ਸੀ ਕਿ ਈਮਾਨ ਦਾ, ਇਕੋ ਗੱਲ ਹੈ, ਜਿਸ ਨਕਸ਼ੇ 'ਤੇ ਤੁਰਦਾ ਤੁਰਦਾ ਜੇ ਦੋਸਤ ਤੋਂ ਵਿਛੜ ਜਾਏਂ, ਉਹ ਨਕਸ਼ਾ ਚੰਗਾ ਸੀ ਕਿ ਮਾੜਾ, ਇਕੋ ਗੱਲ ਹੈ।

-ਖੁਸ਼ਹਾਲੀ ਵਕਤ ਜਿਹੜੇ ਪਰਛਾਵਾਂ ਬਣ ਕੇ ਰਹਿੰਦੇ ਸਨ, ਮੰਦਹਾਲੀ ਵਿਚ ਤੇਰਾ ਪੱਲਾ ਛੱਡ ਦੇਣਗੇ। ਤੇਰਾ ਮਾੜਾ ਹਾਲ ਦੇਖ ਕੇ ਦੂਰੋਂ ਕਹਿਣਗੇ, ਕਬਰ ਵਿਚੋਂ ਇਹ ਮੁਰਦਾ ਕਿਵੇਂ ਬਾਹਰ ਨਿਕਲ ਆਇਆ?

-ਐ ਦੁਨੀਆਂ, ਮੈਂ ਦੇਖ ਲਿਆ ਤੈਨੂੰ। ਪੁਰਾਣੀ ਮਿੱਟੀ ਤੋਂ ਬਗੈਰ ਤੂੰ ਹੋਰ ਕੱਖ ਨਹੀਂ, ਨਾ ਤੇਰਾ ਜਨਮ ਹੋਇਆ, ਨਾ ਤੂੰ ਉਗੀ, ਨਾ ਤੈਨੂੰ ਮੰਜ਼ਿਲ ਮਿਲੀ।

-ਜੇ ਸੰਸਾਰ ਬੇਅਕਲਾਂ, ਬੇਸ਼ਰਮਾਂ ਨਾਲ ਭਰਿਆ ਹੋਇਆ ਨਾ ਹੁੰਦਾ ਤਾਂ ਪੈਗੰਬਰਾਂ ਨੂੰ ਕਰਾਮਾਤਾਂ ਦਿਖਾਉਣ ਦੀ ਕੀ ਲੋੜ ਸੀ?

-ਜਿਵੇਂ ਪਿਆਲਾ ਖਾਲੀ ਹੋਣ 'ਤੇ ਦੁਬਾਰਾ ਭਰ ਲਿਆ ਜਾਂਦਾ ਹੈ, ਸੂਰਜ ਅਸਤ ਹੋ ਕੇ ਅਗਲੇ ਦਿਨ ਫਿਰ ਪ੍ਰਗਟ ਹੋ ਜਾਂਦਾ ਹੈ, ਤੂੰ ਵੀ ਸੂਰਜ ਹੈਂ ਰੂਮ, ਆਪਣੀ ਜਾਨ ਕੁਰਬਾਨ ਕਰ ਤੇ ਪੁਰਾਣੇ ਹਨੇਰੇ ਸੰਸਾਰ ਨੂੰ ਰੋਸ਼ਨ ਕਰ।

-ਪਿੱਸੂ ਨਾਲ ਖਫਾ ਹੋ ਕੇ ਆਪਣੀ ਕੰਬਲੀ ਨੂੰ ਅੱਗ ਵਿਚ ਨਾ ਸਾੜ। ਜਦੋਂ ਤੈਨੂੰ ਸੁਣਨਾ ਆ ਗਿਆ ਤਾਂ ਮੈਂ ਤੇਰੇ ਕੰਨਾਂ ਵਿਚ ਸੋਨੇ ਦੀਆਂ ਮੁੰਦਰਾਂ ਪਾਵਾਂਗਾ।

-ਮੁੰਦਰਾਂ ਦਾ ਨਾਂ ਸੁਣ ਕੇ ਖੁਸ਼ ਹੋ ਗਿਐਂ? ਇਹ ਤਾਂ ਕੁਝ ਵੀ ਨਹੀਂ, ਮੈਂ ਤੈਨੂੰ ਸੋਨੇ ਦੀ ਖਾਣ ਬਣਾ ਦਿਆਂਗਾ, ਚੰਦ ਨਹੀਂ, ਮੈਂ ਤੈਨੂੰ ਕਹਿਕਸ਼ਾਂ ਦਿਆਂਗਾ।

-ਤੂੰ ਹੰਕਾਰ ਦਾ ਕੈਦੀ ਹੈਂ, ਤੇਰਾ ਕੀ ਇਲਾਜ ਕਰਾਂ? ਜੇ ਤੂੰ ਲੋਹੇ ਦੇ ਪਿੰਜਰੇ ਵਿਚ ਬੰਦ ਹੁੰਦਾ, ਮੈਂ ਛੈਣੀ-ਹਥੌੜੇ ਨਾਲ ਲੋਹਾ ਕੱਟ ਕੇ ਤੈਨੂੰ ਆਜ਼ਾਦ ਕਰ ਦਿੰਦਾ। ਤੇਰਾ ਹੰਕਾਰ ਕਿਵੇਂ ਵੱਢਾਂ?

-ਅੱਗ, ਲੱਕੜਾਂ ਦੇ ਢੇਰ ਤੋਂ ਕਦ ਡਰਦੀ ਹੈ?

-ਕਸਾਈ ਭੇਡਾਂ ਦੇ ਇੱਜੜ ਤੋਂ ਕਦ ਡਰਿਆ ਹੈ।

-ਨਕਲ ਕਰਕੇ ਤੂੰ ਬੁਲਬੁਲ ਵਰਗੀ ਆਵਾਜ਼ ਕੱਢ ਸਕਦਾ ਹੈਂ। ਪਰ ਬੁਲਬੁਲ ਫੁੱਲਾਂ ਨਾਲ ਕਿਹੜੀਆਂ ਕਿਹੜੀਆਂ ਗੱਲਾਂ ਕਰਦੀ ਹੈ, ਤੈਨੂੰ ਕੀ ਪਤਾ?

-ਬੋਲਾ ਬੰਦਾ ਗੱਲ ਕਰਨ ਵਾਲੇ ਦੇ ਬੁਲ੍ਹ ਹਿਲਦੇ ਦੇਖ ਕੇ ਗੱਲ ਸਮਝ ਨਹੀਂ ਸਕਦਾ। ਚਾਮਚੜਿਕ ਸੂਰਜ ਦੀ ਸਿਫਤ ਨਹੀਂ ਕਰ ਸਕਦੀ।

-ਲੱਤਾਂ ਵਿਚ ਸੋਟੀ ਲੈ ਕੇ ਤੂੰ ਦੌੜਿਆ ਫਿਰਦਾ ਹੈਂ ਕਿ ਮੈਂ ਘੋੜੇ ਉਪਰ ਸਵਾਰ ਹਾਂ, ਸਾਨੂੰ ਪਤੈ ਸੋਟੀ ਦਾ ਭਾਰ ਸਗੋਂ ਤੂੰ ਚੁਕਿਆ ਹੋਇਐ।

---

ਆਰ. ਏ. ਨਿਕਲਸਨ ਨੇ ਮਸਨਵੀ ਦੀ ਜਾਣ ਪਛਾਣ ਕਰਾ ਕੇ ਇਸ ਦਾ ਅੰਗਰੇਜ਼ੀ ਵਿਚ 1400 ਪੰਨਿਆਂ ਦਾ ਵੱਡ ਆਕਾਰੀ ਗ੍ਰੰਥ ਸੰਸਾਰ ਦੇ ਸਪੁਰਦ ਕੀਤਾ। ਜੋ ਲੋਕ ਫਾਰਸੀ ਨਹੀਂ ਜਾਣਦੇ, ਉਨ੍ਹਾਂ ਲਈ ਇਸ ਤੋਂ ਵਧੀਆ ਸਟੀਕ ਤੇ ਮੁੱਲਵਾਨ ਅਕਾਦਮਿਕ ਕਾਰਜ ਹੋਰ ਕਿਤੇ ਨਹੀਂ ਹੈ।

# ਹੈਪੀ ਹੈਪੀ ਮਦਰ'ਜ਼ ਡੇ

**ਮਾਂ ਦਿਵਸ 'ਤੇ**

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

13 ਮਈ ਨੂੰ ਸੰਸਾਰ ਭਰ ਵਿਚ ਮਦਰ'ਜ਼ ਡੇ ਮਨਾਇਆ ਜਾ ਰਿਹਾ ਹੈ। ਪੁੱਤਰ-ਧੀਆਂ ਆਪਣੀਆਂ ਮਾਂਵਾਂ ਨੂੰ ਆਪੋ ਆਪਣੀ ਹੈਸੀਅਤ ਮੁਤਾਬਕ ਗਿਫਟ ਦੇ ਕੇ ਉਨ੍ਹਾਂ ਨੂੰ ਵਧਾਈ ਦਿੰਦੇ ਹਨ, ਅਤੇ ਗਲ ਲਗ ਕੇ ਮਿਲਦੇ ਹਨ, ਖੁਸ਼ੀ ਦਾ ਇਜ਼ਹਾਰ ਕਰਦੇ ਹਨ। ਪੈਸੇ ਵਾਲੇ ਜਾਂ ਫੁਰਸਤ ਵਾਲੇ ਕਿਸੇ ਚੰਗੇ ਰੈਸਟੋਰੈਂਟ ਵਿਚ ਲਿਜਾ ਕੇ ਮਾਂ ਨੂੰ ਰੋਟੀ ਵੀ ਖੁਆ ਲਿਆਉਂਦੇ ਹਨ ਅਤੇ ਆਪਣਾ ਫਰਜ਼ ਪੂਰਾ ਕਰਕੇ ਵਿਹਲੇ ਹੋ ਜਾਂਦੇ ਹਨ।

ਮੈਂ ਸੋਚਦੀ ਹਾਂ ਜਦੋਂ ਕਦੀ ਇਸ ਦਿਨ ਦੀ ਸ਼ੁਰੂਆਤ ਹੋਈ ਹੋਵੇਗੀ ਤਾਂ ਇਹ ਨਹੀਂ ਸੋਚਿਆ, ਵਿਚਾਰਿਆ ਗਿਆ ਹੋਵੇਗਾ ਕਿ ਕੁਝ ਸਮਾਂ ਬੀਤ ਜਾਣ ਮਗਰੋਂ ਮਾਂ ਦੇ ਨਾਂ ਦਾ ਇਹ ਦਿਨ ਸਿਰਫ ਦਿਨ ਬਣ ਕੇ ਹੀ ਰਹਿ ਜਾਵੇਗਾ ਪਰ ਮਾਂ ਵਿਚੋਂ ਗਾਇਬ ਹੋ ਚੁਕੀ ਹੋਵੇਗੀ।

ਅੱਜ ਦੇ ਸਮੇਂ ਇਨਸਾਨ ਬਹੁਤ ਤੇਜੀ ਨਾਲ ਅੰਨੇਵਾਹ ਦੌੜ ਰਿਹਾ ਹੈ, ਪਰ ਆਪਣੀ ਜ਼ਿੰਦਗੀ ਨਾਲ ਜੁੜੇ ਹਰ ਸੁੱਖ, ਆਰਾਮ ਅਤੇ ਹਰ ਰਿਸ਼ਤੇ ਨੂੰ ਬਹੁਤ ਪਿੱਛੇ ਕਿਤੇ ਦੂਰ ਛੱਡ ਕੇ ਇਕੱਲਾ ਵੀ ਹੋਈ ਜਾ ਰਿਹਾ ਹੈ। ਇਹ ਦੌੜ ਹੈ, ਮਾਇਆ ਦੀ, ਪੈਸੇ ਦੀ ਅਮੀਰੀ ਦੀ, ਉਚੇ ਸਟੇਟਸ ਦੀ ਅਤੇ ਸ਼ਾਨੋ ਸ਼ੌਕਤ ਦੀ। ਇਸ ਦੌੜ ਵਿਚ ਜਿਸ ਵੱਡਮੁਲੇ ਅਤੇ ਅਨਮੋਲ ਰਿਸ਼ਤੇ ਨੂੰ ਸਭ ਤੋਂ ਜ਼ਿਆਦਾ ਮਾਰ ਪਈ ਜਾਂ ਪੈ ਰਹੀ ਹੈ, ਉਹ ਹਨ-ਸਾਡੇ ਜਨਮ ਦਾਤੇ, ਸਾਡੇ ਮਾਂ-ਬਾਪ ਜਿਨ੍ਹਾਂ ਨੇ ਸਾਡੇ ਲਈ ਅਣਗਿਣਤ ਘਾਲਾਂ ਘਾਲੀਆਂ, ਅਣ ਥੱਕ ਮਿਹਨਤਾਂ ਕੀਤੀਆਂ ਅਤੇ ਸਾਨੂੰ ਇਕ ਵਧੀਆ ਜੀਵਨ ਦਿੱਤਾ ਪਰ ਅਸੀਂ ਉਨ੍ਹਾਂ ਦੀ ਲੋੜ ਵੇਲੇ ਉਨ੍ਹਾਂ ਨੂੰ ਕੀ ਦਿੱਤਾ?

ਮਦਰ'ਜ਼ ਡੇ 'ਤੇ ਮਾਂ ਦੀ ਗੱਲ ਕਰਨੀ ਹੀ ਬਣਦੀ ਹੈ, ਉਹ ਮਾਂ ਜੋ ਅੱਜ ਪੁੱਤਰਾਂ-ਧੀਆਂ ਅਤੇ ਭਰੇ ਪੂਰੇ ਪਰਿਵਾਰਾਂ ਦੇ ਹੁੰਦਿਆਂ ਵੀ ਅਨਾਥ ਆਸ਼ਰਮਾਂ ਵਿਚ ਧੱਕੇ ਖਾ ਰਹੀ ਹੈ, ਉਠਦੀ ਹੈ ਅਤੇ ਠੇਡੇ ਖਾ ਖਾ ਮੁੜ ਮੁੜ ਡਿਗਦੀ ਹੈ। ਉਹ ਮਾਂ ਜੋ ਨੌਂ ਮਹੀਨੇ ਆਪਣੇ ਬੱਚੇ ਨੂੰ ਢਿੱਡ ਵਿਚ ਚੁਕੀ ਘਰ ਦੇ ਸਾਰੇ ਕੰਮ ਵੀ ਕਰਦੀ ਹੈ ਅਤੇ ਆਪਣੇ ਅੰਦਰ ਪਲ ਰਹੇ ਅੰਸ਼ ਦੀਆਂ ਸੁੱਖਾਂ ਵੀ ਮੰਗਦੀ ਹੈ; ਉਹ ਮਾਂ ਜੋ ਆਪਣੇ ਬੱਚੇ ਨੂੰ ਜਨਮ ਦੇਣ ਵੇਲੇ ਅਥਾਹ ਅਤੇ ਅਣਗਿਣਤ ਪੀੜਾਂ ਸਹਿੰਦੀ ਉਸ ਖੁਸ਼ੀ ਦਾ ਅਨੁਭਵ ਵੀ ਕਰਦੀ ਹੈ ਜੋ ਹੁਣੇ ਹੀ ਉਸ ਦੀ ਝੋਲੀ ਵਿਚ ਕਿਲਕਾਰੀ ਮਾਰ ਉਸ ਨੂੰ ਜਗਤ ਜਨਨੀ ਮਾਂ ਬਣਨ ਦਾ ਅਨੰਦ ਦੇ ਕੇ ਸੰਪੂਰਨ ਔਰਤ ਦਾ ਮਾਣ ਦੇਣ ਵਾਲੀ ਹੈ।

ਉਹ ਮਾਂ, ਜੋ ਬੱਚੇ ਦੇ ਜਨਮ ਮਗਰੋਂ ਇਕ ਪਲ ਵਿਚ ਸਭ ਪੀੜਾਂ ਭੁੱਲ ਕੇ ਉਸ ਦੇ ਲਾਲਨ ਪਾਲਨ ਵਿਚ ਜੁਟ ਜਾਂਦੀ ਹੈ; ਉਹ ਮਾਂ, ਜੋ ਆਪ ਭੁਖੀ ਪਿਆਸੀ ਰਹਿ ਕੇ ਵੀ ਆਪਣੀ ਔਲਾਦ ਨੂੰ ਹਰ ਚੀਜ਼ ਮੁਹੱਈਆ ਕਰਵਾਉਂਦੀ ਹੈ; ਉਹ ਮਾਂ, ਅੱਜ ਕਿਥੇ ਹੈ? ਉਹ ਮਾਂ ਸਾਡੇ ਜੀਵਨ ਵਿਚ ਕਿਉਂ ਨਹੀਂ ਹੈ? ਉਹ ਮਾਂ ਘਰ ਵਿਚ ਕਿਉਂ ਦਿਖਾਈ ਨਹੀਂ ਦਿੰਦੀ? ਜਾਂ ਅਸੀਂ ਆਪ ਹੀ ਉਸ ਨੂੰ ਕਿਤੇ ਛੱਡ ਆਏ ਹਾਂ? ਮਾਂ! ਉਹ ਮਾਂ, ਜਿਸ ਦੱਬੀ ਕੁਚਲੀ ਲਈ ਗੁਰੂ ਨਾਨਕ ਦੇਵ ਜੀ ਨੇ ਬੁਲੰਦ ਆਵਾਜ਼ ਉਠਾਈ ਅਤੇ ਆਖਿਆ: ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਅੱਜ ਉਸ ਮਾਂ ਦਾ ਸਤਿਕਾਰ ਕਰਨ ਤੋਂ ਅਸੀਂ ਨਾਬਰ ਕਿਉਂ ਹੋ ਰਹੇ ਹਾਂ? ਹਾਂ, ਕੁਝ ਕੁ ਵਡਭਾਗੇ ਪਰਿਵਾਰ ਅਜੇ ਵੀ ਹੈਨ ਜਾਂ ਹੋਸਨ ਜਿਨ੍ਹਾਂ ਦੀਆਂ ਮਾਂਵਾਂ ਬੁਢਾਪੇ ਦੇ ਦਿਨ ਆਪਣੇ ਪਰਿਵਾਰਾਂ ਵਿਚ ਰਹਿ ਕੇ ਪੋਤੇ-ਪੋਤੀਆਂ ਨਾਲ ਖੇਡ ਕੇ ਗੁਜ਼ਾਰ ਰਹੀਆਂ ਹਨ, ਪਰ ਬਹੁ ਗਿਣਤੀ ਉਨ੍ਹਾਂ ਦੀ ਹੋ ਗਈ ਹੈ ਜੋ ਮਾਂ-ਬਾਪ ਨੂੰ ਐਵੇਂ ਵਾਧੂ ਭਾਰ ਸਮਝ ਕੇ ਘਰਾਂ 'ਚੋਂ ਬਾਹਰ ਕੱਢ ਰਹੇ ਹਨ।

ਕੁਝ ਸਮਾਂ ਪਹਿਲਾਂ ਵਤਨ ਫੇਰੀ ਹੋਈ ਤਾਂ ਬੱਚੇ ਕਹਿਣ ਲੱਗੇ, ਤੁਸੀਂ ਕਿਸੇ ਬਜ਼ੁਰਗ ਘਰ ਵਿਚ ਜ਼ਰੂਰ ਜਾਣਾ ਅਤੇ ਉਥੇ ਰਹਿੰਦੇ ਬਜ਼ੁਰਗਾਂ ਨੂੰ ਜ਼ਰੂਰ ਮਿਲ ਕੇ ਆਉਣਾ। ਅਸੀਂ ਵੀ ਮਨ ਬਣਾਇਆ ਕਿ ਮਾਂ-ਬਾਪ ਦੀ ਯਾਦ ਵਿਚ ਲੋੜਮੰਦਾਂ ਲਈ ਕੀਤੀ ਇਹ ਸੇਵਾ ਦਾ ਮੌਕਾ ਠੀਕ ਰਹੇਗਾ। ਖੈਰ, ਗੁਰੂ ਮਿਹਰ ਸਦਕਾ ਜੋ ਪੁਜਦਾ ਸਰਦਾ ਸੀ, ਲੈ ਕੇ ਇਕ ਬੁਢਾਪਾ ਘਰ ਵਿਚ ਜਾ ਪਹੁੰਚੇ, ਜਿਥੇ ਕੁਝ ਕੁ ਬਜ਼ੁਰਗ ਵੀ ਸਨ ਪਰ ਬਹੁਗਿਣਤੀ ਮਾਤਾਵਾਂ ਦੀ ਹੀ ਸੀ। ਉਥੇ ਮਾਂਵਾਂ ਦੇ ਜੋ ਹਾਲ ਵੇਖੇ, ਉਨ੍ਹਾਂ ਦੇ ਵਿਰਲਾਪ ਸੁਣੇ-ਉਹ ਸਦਾ ਮੇਰੇ ਅੰਦਰ ਸਮਾਏ ਰਹਿਣਗੇ। ਬਿਆਨ ਕਰਨਾ ਡਾਢਾ ਔਖਾ ਹੈ, ਫਿਰ ਵੀ ਹੋਕਾ ਦੇਣ ਦੀ ਕੋਸ਼ਿਸ਼ ਤਾਂ ਕਰਾਂਗੀ ਹੀ, ਹਾਏ ਰੱਬ ਜੀ! ਤੇਰੀ ਬਣਾਈ ਜਗਤ ਜਨਨੀ ਦਾ ਇੰਨਾ ਮੰਦੜਾ ਹਾਲ? ਉਥੇ ਖਲੋਤੀ ਦੇ ਹੱਥ ਵੀ ਜੁੜੇ ਤੇ ਅੱਖਾਂ ਵਿਚੋਂ ਆਪ ਮੁਹਾਰੇ ਅੱਥਰੂ ਵੀ ਵਹਿ ਤੁਰੇ: ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥

ਮੈਨੂੰ ਰੋਂਦੀ ਵੇਖ ਇਕ ਮਾਂ ਬੋਲੀ, ਤੂੰ ਕਿਉਂ ਰੋਨੀ ਏਂ, ਕੀ ਤੇਰਾ ਪੁੱਤਰ ਵੀ ਤੈਨੂੰ ਪਿਆਰ ਨਹੀਂ ਕਰਦਾ? ਇਹ ਸੁਣ ਮੇਰੀਆਂ ਭੁੱਬਾਂ ਨਿਕਲ ਗਈਆਂ। ਪਰਾਂ ਦੂਜੇ ਮੰਜੇ 'ਤੇ ਬੈਠੀ ਇਕ ਮਾਂ ਨਿਰੰਤਰ ਆਵਾਜ਼ਾਂ ਦੇਈ ਜਾ ਰਹੀ ਸੀ, "ਵੇ ਬੇਟਾ ਗਗਨਦੀਪ ਮੈਨੂੰ ਲੈ ਜਾਹ ਆਣ ਕੇ, ਮੈਂ ਨਹੀਂ ਇਥੇ ਰਹਿਣਾ, ਮੇਰਾ ਇਥੇ ਜੀ ਨਹੀਂ ਲੱਗਦਾ। ਤੂੰ ਕਿਹਾ ਸੀ, ਬੇਬੇ ਮੈਂ ਤੈਨੂੰ ਛੇਤੀ ਆ ਕੇ ਲੈ ਜਾਵਾਂਗਾ। ਕਿੰਨਾ ਚਿਰ ਹੋ ਗਿਆ ਏ, ਤੂੰ ਕਿਉਂ ਨਹੀਂ ਆਉਂਦਾ। ਮੈਂ ਰੋ ਰੋ ਮਰ ਚੱਲੀ ਆਂ।"

ਜਦ ਮੈਂ ਉਸ ਮਾਂ ਦੇ ਨੇੜੇ ਹੋਈ ਤਾਂ ਉਹ ਝਟ ਬੋਲੀ, "ਤੈਨੂੰ ਤੇ ਪਤਾ ਏ ਨਾ ਮੇਰੇ ਪੁੱਤਰ ਗਗਨਦੀਪ ਦਾ, ਬੜਾ ਈ ਚੰਗਾ ਏ ਮੇਰਾ ਪੁੱਤ, ਨੂੰਹ ਵੀ ਚੰਗੀ ਏ। ਬਸ ਮੈਨੂੰ ਕਹਿੰਦੇ ਸਨ, ਨਿਆਣਿਆਂ ਨਾਲ ਨਾ ਬਹੁਤੀਆਂ ਗੱਲਾਂ ਕਰਿਆ ਕਰ, ਵਿਗੜ ਜਾਣਗੇ। ਭਲਾ ਮੈਂ ਕਿਵੇਂ ਵਿਗਾੜ ਦਿਆਂਗੀ ਨਿਆਣਿਆਂ ਨੂੰ? ਭਲਾ ਉਹ ਮੇਰੇ ਕੁਝ ਨਹੀਂ ਲਗਦੇ? ਤੇ ਹੁਣ ਪਈ ਰਾਹ ਵੇਹਨੀ ਆਂ, ਖੌਰੇ ਕਦੋਂ ਆਵੇਗਾ! ਤੈਨੂੰ ਉਹਨੇ ਕੁਝ ਦਸਿਆ ਏ ਕਿ ਨਹੀਂ ਆਉਣ ਬਾਰੇ? ਮੈਂ ਤੇ ਤਿਆਰ ਬੈਠੀ ਆਂ, ਘਰੇ ਜਾਣ ਨੂੰ।"

ਇਹ ਸੁਣ-ਵੇਖ ਕੇ ਮੇਰਾ ਦਿਲ ਮੂੰਹ ਨੂੰ ਆ ਗਿਆ ਤੇ ਮੈਂ ਮਾਂ ਦੇ ਗਲ ਚਿੰਬੜ ਗਈ। ਮੇਰੇ ਸਿਰ 'ਤੇ ਹੱਥ ਰੱਖ ਕੇ ਬੋਲੀ, "ਲੈ ਝੱਲੀ ਨਾ ਹੋਵੇ ਤੇ, ਤੂੰ ਕਿਉਂ ਪਈ ਰੋਨੀ ਏਂ? ਗਗਨਦੀਪ ਨੇ ਤੇ ਅੱਜ ਭਲਕ ਆਉਣਾ ਹੀ ਆਉਣਾ ਏ, ਕੋਈ ਕੰਮ ਪੈ ਗਿਆ ਹੋਸੀ, ਆਪੇ ਆ ਜਾਸੀ।"

ਆਹ ਹਾਲ ਜੇ ਸਾਡੀਆਂ ਮਾਂਵਾਂ ਦਾ! ਬਾਕੀ ਜੋ ਬਿਰਧ ਘਰਾਂ ਦਾ ਰਹਿਣ ਸਹਿਣ ਹੈ, ਉਹ ਤਾਂ ਆਪੂੰ ਜਾ ਕੇ ਵੇਖਿਆਂ ਹੀ ਬਣਦਾ ਹੈ। ਮਾਂਵਾਂ ਦਾ ਦਿਨ, ਉਹ ਮਾਂਵਾਂ ਜੋ ਆਪਾ ਗੁਆ ਕੇ, ਆਪਾ ਵਾਰ ਕੇ ਅਤੇ ਸੁਖਾਂ ਸੁਖ ਕੇ ਆਪਣੀ ਔਲਾਦ ਨੂੰ ਸਮੇਂ ਦੇ ਹਾਣੀ ਅਤੇ ਜ਼ਿੰਦਗੀ ਜਿਉਣ ਦੇ ਕਾਬਲ ਬਣਾਉਂਦੀਆਂ ਹਨ, ਉਨ੍ਹਾਂ ਵਲ ਕੰਡ ਨਾ ਕਰੀਏ, ਉਨ੍ਹਾਂ ਵਲੋਂ ਮੂੰਹ ਨਾ ਫੇਰੀਏ। ਆਪਣੇ ਪਿਛੋਕੜ ਵਲ ਵੇਖੀਏ, ਸਾਡੀਆਂ ਦਾਦੀਆਂ-ਨਾਨੀਆਂ ਵੀ ਤਾਂ ਆਪਣੇ ਪਰਿਵਾਰਾਂ ਵਿਚ ਹੀ ਜ਼ਿੰਦਗੀ ਗੁਜ਼ਾਰ ਕੇ ਆਪਣੇ ਪਰਿਵਾਰਾਂ ਵਿਚੋਂ ਹੀ ਰੁਖਸਤ ਹੋਈਆਂ ਹਨ। ਕੀ ਅੱਜ ਇਕੀਵੀਂ ਸਦੀ ਵਿਚ ਬੱਚੇ ਇੰਨੇ ਅਗਾਂਹਵਧੂ ਜਾਂ ਮਾਡਰਨ ਹੋ ਗਏ ਨੇ ਕਿ ਮਾਂ ਦਾ ਘਰ ਵਿਚ ਹੋਣਾ ਉਹ ਬਰਦਾਸ਼ਤ ਹੀ ਨਹੀਂ ਕਰ ਸਕਦੇ! ਮਾਂ ਦਾ ਸਾਲ ਵਿਚ ਇਕ ਦਿਨ ਮਨਾਉਣਾ, ਸਾਲ ਦਾ ਇਕ ਦਿਨ ਮਾਂਵਾਂ ਨੂੰ ਸਮਰਪਿਤ ਕਰਨਾ, ਬਹੁਤ ਚੰਗੇਰੀ ਭਾਵਨਾ ਹੈ, ਪਰ ਮਾਂਵਾਂ ਨੂੰ ਉਨ੍ਹਾਂ ਦੇ ਆਪਣੇ ਹੀ ਬਣਾਏ ਘਰਾਂ ਵਿਚ ਬਣਦਾ ਪਿਆਰ ਸਤਿਕਾਰ ਨਾ ਮਿਲਣਾ, ਇਹ ਦੁਖਦਾਈ ਹੈ।

ਅਜੋਕੀ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਨੂੰ ਸਾਡੀ ਬੇਨਤੀ ਹੈ ਕਿ ਇਸ ਸੁਝਾਓ 'ਤੇ ਜ਼ਰੂਰ ਗੌਰ ਕਰਨੀ ਬਣਦੀ ਹੈ। ਜਦ ਬਜ਼ੁਰਗ ਮਾਪੇ ਆਪਣੇ ਬੱਚਿਆਂ ਦੇ ਨਾਲ ਰਹਿੰਦੇ ਹਨ ਤਾਂ ਘਰਾਂ ਦੇ ਅਨੇਕਾਂ ਭਾਰ ਉਹ ਆਪ ਬਿਨਾ ਕਹੇ ਹੀ ਚੁਕੀ ਫਿਰਦੇ ਹਨ, ਜਿਵੇਂ ਕਿ ਛੋਟੇ ਬੱਚਿਆਂ ਦੀ ਦੇਖ-ਭਾਲ ਕਰਨਾ, ਬੱਚਿਆਂ ਨੂੰ ਸਕੂਲ ਛੱਡਣਾ ਅਤੇ ਫਿਰ ਲੈ ਕੇ ਆਉਣਾ ਅਤੇ ਹੋਰ ਘਰ ਦੇ ਕਈ ਕੰਮ। ਇਕ ਹੋਰ ਸਵਾਲ ਵੀ ਉਠਦਾ ਹੈ ਕਿ ਜੇ ਬੱਚਿਆਂ ਦੇ ਮੁਤਾਬਕ ਮਾਪੇ ਪੜ੍ਹੇ-ਲਿਖੇ ਨਹੀਂ ਜਾਂ ਉਨ੍ਹਾਂ ਦੇ ਖਿਆਲਾਂ ਮੁਤਾਬਕ ਪੂਰੇ ਨਹੀਂ ਉਤਰ ਰਹੇ ਤਾਂ ਕੀ ਬੁੱਢੇ ਮਾਪਿਆਂ ਨੂੰ ਆਪਣੇ ਹੀ ਘਰ ਪਰਿਵਾਰ ਵਿਚੋਂ ਕੱਢ ਦੇਣਾ ਚਾਹੀਦਾ ਹੈ?

ਯਾਦ ਰੱਖੀਏ, ਇਹ ਉਹ ਹੀ ਅਨਪੜ੍ਹ ਮਾਂਵਾਂ ਹਨ, ਜਿਨ੍ਹਾਂ ਦੀ ਬਦੌਲਤ ਤੁਸੀਂ ਵੱਡੀਆਂ ਵੱਡੀਆਂ ਡਿਗਰੀਆਂ ਲੈ ਕੇ ਵੱਡੀਆਂ ਵੱਡੀਆਂ ਕਮਾਈਆਂ ਕਰ ਰਹੇ ਹੋ, ਮਹਿੰਗੀਆਂ ਕਾਰਾਂ ਅਤੇ ਮਹਿਲਾਂ ਵਰਗੇ ਘਰਾਂ ਵਿਚ ਸੁਖਾਂ ਭਰੀ ਜ਼ਿੰਦਗੀ ਬਤੀਤ ਕਰ ਰਹੇ ਹੋ, ਪਰ ਜਿਉਣ ਜੋਗਿਓ, ਇਕ ਕਮਰਾ ਮਾਂ ਨੂੰ ਵੀ ਘਰ ਵਿਚ ਜ਼ਰੂਰ ਦਿਓ, ਬੁੱਢੀ ਮਾਂ ਹਰ ਵੇਲੇ ਤੁਹਾਨੂੰ ਅਸੀਸਾਂ ਦੇਵੇਗੀ। ਜਦ ਵੀ ਸਾਹਮਣਿਓਂ ਲੰਘੋਗੇ ਤੁਹਾਡੀਆਂ ਸੁਖਾਂ ਮੰਗੇਗੀ। ਮਾਂ ਨੂੰ ਬੁਢਾਪੇ ਵਿਚ ਤੁਹਾਡੇ ਪਿਆਰ ਦੀ, ਤੁਹਾਡੇ ਸਾਥ ਦੀ ਬਹੁਤ ਲੋੜ ਹੈ, ਮਾਂ ਤਾਂ ਥੋੜ੍ਹਾ ਖਾ ਕੇ ਮਾੜਾ ਪਹਿਨ ਕੇ ਵੀ ਕਦੀ ਸੀ ਨਹੀਂ ਕਰੇਗੀ, ਪਰ ਮਾਂ ਨੂੰ ਇਕ ਦਿਨ ਨਹੀਂ, ਹਰ ਰੋਜ਼ ਪਿਆਰ ਦਿਓ। ਮਾਂਵਾਂ ਕਦੀ ਵੀ ਬੱਚਿਆਂ ਕੋਲੋਂ ਆਪਣੇ ਹੱਕ ਨਹੀਂ ਮੰਗਦੀਆਂ ਪਰ ਇਹ ਉਨ੍ਹਾਂ ਦਾ ਹੱਕ ਉਨ੍ਹਾਂ ਨੂੰ ਜ਼ਰੂਰ ਦਿਓ, ਉਨ੍ਹਾਂ ਨੂੰ ਕਦੀ ਵੀ ਬੇ-ਘਰੀਆਂ ਨਾ ਹੋਣ ਦਿਓ ਕਿ ਉਹ ਤੁਹਾਡੇ ਰਾਹ ਵੇਖਦੀਆਂ, ਤੁਹਾਨੂੰ ਆਵਾਜ਼ਾਂ ਦਿੰਦੀਆਂ ਹੀ ਇਸ ਦੁਨੀਆਂ ਤੋਂ ਕੂਚ ਕਰ ਜਾਣ।

ਬੱਚਿਆਂ ਦੇ ਨਾਲ ਨਾਲ ਮੇਰੀ ਮਾਂਵਾਂ ਨੂੰ ਵੀ ਬੇਨਤੀ ਹੈ ਕਿ ਬੁਢਾਪਾ ਸਾਡੇ ਜੀਵਨ ਦਾ ਐਸਾ ਔਖਾ ਪੜਾਅ ਹੈ, ਜਿਸ ਵਿਚ ਸਾਨੂੰ ਹਰ ਪਲ ਸਹਾਰੇ ਦੀ ਲੋੜ ਪੈਂਦੀ ਹੈ ਅਤੇ ਉਹ ਸਹਾਰਾ ਸਾਡੇ ਬੱਚਿਆਂ ਤੋਂ ਵਧ ਕੇ ਸਾਨੂੰ ਕੋਈ ਵੀ ਨਹੀਂ ਦੇ ਸਕਦਾ। ਇਸ ਲਈ ਆਪਣੇ ਬੋਲ ਚਾਲ ਜਾਂ ਹਰ ਕੰਮ ਵਿਚ ਟੋਕਾ ਟਾਕੀ ਕਰਨ 'ਤੇ ਜੇ ਕਾਬੂ ਪਾ ਲਿਆ ਜਾਵੇ ਤਾਂ ਬਹੁਤ ਸਾਰੇ ਮਸਲੇ ਹੱਲ ਹੋ ਸਕਦੇ ਹਨ। ਬਹੁਤੀ ਵਾਰੀ ਸਾਡੇ ਗਿਲੇ ਪੁੱਤਰਾਂ ਨਾਲੋਂ ਵੱਧ ਨੂੰਹਾਂ ਵੱਲ ਇਸ਼ਾਰੇ ਕਰਦੇ ਹਨ। ਜੇ ਸੱਸ-ਨੂੰਹ ਦਾ ਰਿਸ਼ਤਾ ਕਿਤੇ ਮਾਂ-ਧੀ ਵਾਂਗ ਬਣ ਜਾਵੇ ਤਾਂ ਇਸ ਕਲੇਸ਼ ਦੇ ਦਰਖਤ ਨੂੰ ਜੜ੍ਹੋਂ ਹੀ ਵੱਢਿਆ ਜਾ ਸਕਦਾ ਹੈ, ਪਰ ਸਾਡੇ ਸਮਾਜ ਦੀ ਬਦਕਿਸਮਤੀ ਹੈ ਕਿ ਹਰ ਮਾਂ ਇਹ ਤਾਂ ਚਾਹੁੰਦੀ ਹੈ ਕਿ ਮੇਰਾ ਜਵਾਈ ਤਾਂ ਮੇਰੀ ਧੀ ਦੇ ਪੈਰ ਧੋ ਧੋ ਕੇ ਪੀਵੇ, ਪਰ ਆਪਣੇ ਘਰ ਵਿਚ ਵਿਆਹ ਕੇ ਲਿਆਂਦੀ ਨੂੰਹ ਲਈ ਉਹ ਆਪਣੀ ਵਿਚਾਰਧਾਰਾ ਬਦਲਣ ਨੂੰ ਕਦੀ ਤਿਆਰ ਨਹੀਂ ਹੁੰਦੀ। ਇਥੋਂ ਹੀ ਨਫਰਤ, ਈਰਖਾ ਅਤੇ ਬਿਗਾਨੇਪਨ ਦਾ ਬੂਟਾ ਵਧਣਾ ਸ਼ੁਰੂ ਹੋ ਜਾਂਦਾ ਹੈ ਜਿਸ ਦੇ ਨਤੀਜੇ ਬੁਢਾਪੇ ਵਿਚ ਸਾਡੇ ਸਾਹਮਣੇ ਆ ਖੜ੍ਹੇ ਹੁੰਦੇ ਹਨ ਅਤੇ ਆਪਣੀ ਬੀਜੀ ਫਸਲ ਨੂੰ ਵੀ ਫਿਰ ਆਪੇ ਹੀ ਵੱਢਣਾ ਪੈਂਦਾ ਹੈ।

ਇਨ੍ਹਾਂ ਮਸਲਿਆਂ ਦੀ ਹੀ ਉਪਜ ਹਨ, ਇਹ ਬਜ਼ੁਰਗ ਘਰ ਜਿਥੇ ਮਾਂਵਾਂ ਨਰਕਾਂ ਵਰਗੀ ਜ਼ਿੰਦਗੀ ਜਿਉਂਦੀਆਂ ਆਪਣੇ ਬੱਚਿਆਂ ਨੂੰ ਮਿਲਣ ਲਈ ਤਰਸਦੀਆਂ-ਤੜਪਦੀਆਂ ਹੀ ਰਹਿ ਜਾਂਦੀਆਂ ਹਨ। ਬੀਮਾਰੀ ਪੁਰਾਣੀ ਹੈ ਪਰ ਲਾਇਲਾਜ ਨਹੀਂ। ਆਓ, ਇਸ ਮਦਰ'ਜ਼ ਡੇ 'ਤੇ ਪ੍ਰਣ ਕਰੀਏ ਕਿ ਕੋਈ ਵੀ ਮਾਂ ਹੁਣ ਕਿਸੇ ਬਜ਼ੁਰਗ ਘਰ ਵਿਚ ਜਾ ਕੇ ਸ਼ਰਨਾਰਥੀਆਂ ਵਾਲਾ ਜੀਵਨ ਨਹੀਂ ਜੀਵੇਗੀ, ਉਹ ਬੁਢਾਪੇ ਦੇ ਦਿਨ ਆਪਣੇ ਘਰ ਪਰਿਵਾਰ ਵਿਚ ਹੀ ਇੱਜਤ ਨਾਲ ਜੀਵੇਗੀ ਅਤੇ ਆਖਰੀ ਸਫਰ 'ਤੇ ਵੀ ਆਪਣੇ ਘਰੋਂ ਹੀ ਵਿਦਾ ਹੋਵੇਗੀ। ਮਾਂ ਦਾ ਇਹ ਹੱਕ ਉਸ ਦੀ ਝੋਲੀ ਵਿਚ ਜ਼ਰੂਰ ਪਾਈਏ।

# ਜ਼ਿੰਦਗੀ ਦਾ ਦੂਜਾ ਨਾਂ ਹੈ ਮਾਂ!

**ਸੁਰਜੀਤ, ਕੈਨੇਡਾ**
**ਫੋਨ: 416-605-3784**

ਮਾਂ ਬੱਚੇ ਨੂੰ ਜ਼ਿੰਦਗੀ ਦਿੰਦੀ ਹੈ। ਇਕ ਮਾਂ ਨੂੰ ਆਪਣਾ ਬੱਚਾ ਦੁਨੀਆਂ ਵਿਚ ਸਭ ਤੋਂ ਪਿਆਰਾ ਲਗਦਾ ਹੈ, ਇਸ ਲਈ ਉਹ ਉਸ ਨੂੰ ਸਭ ਤੋਂ ਅੱਗੇ ਕੱਢਣ ਦਾ ਯਤਨ ਕਰਦੀ ਹੈ। ਉਸ ਨੂੰ ਹਰ ਤਰ੍ਹਾਂ ਨਾਲ ਕਾਮਯਾਬ ਇਨਸਾਨ ਬਣਾਉਣ ਲਈ ਆਪਣਾ ਟਿੱਲ ਲਾ ਦਿੰਦੀ ਹੈ। ਮਾਂ ਬੱਚੇ ਨੂੰ ਨਿਰਸਵਾਰਥ ਹੋ ਕੇ ਪਾਲਦੀ ਹੈ, ਇਸੇ ਲਈ ਮਾਂ ਦਾ ਰਿਸ਼ਤਾ ਸਾਰੇ ਰਿਸ਼ਤਿਆਂ ਵਿਚੋਂ ਪਵਿੱਤਰ ਮੰਨਿਆ ਜਾਂਦਾ ਹੈ। ਕੋਈ ਵੀ ਸ਼ਖਸ ਆਪਣੀ ਮਾਂ ਦਾ ਦੇਣ ਨਹੀਂ ਦੇ ਸਕਦਾ। ਮਾਂ ਇਨਸਾਨ ਦੀ ਜ਼ਿੰਦਗੀ ਵਿਚ ਕਈ ਰੋਲ ਨਿਭਾਉਂਦੀ ਹੈ। ਉਹ ਉਸ ਦੀ ਜਨਮਦਾਤੀ, ਪਾਲਣਹਾਰੀ, ਗੁਰੂ, ਦਿਸ਼ਾ ਨਿਰਦੇਸ਼ਕ ਅਤੇ ਚੰਗੀ ਦੋਸਤ ਹੁੰਦੀ ਹੈ।

ਇਸੇ ਲਈ ਕਿਸੇ ਨੇ ਕਿਹਾ, "ਰੱਬ ਹਰ ਜਗਾ ਨਹੀਂ ਪਹੁੰਚ ਸਕਦਾ ਸੀ, ਇਸ ਲਈ ਉਸ ਨੇ ਮਾਂ ਬਣਾਈ।" ਬੜਾ ਖੂਬਸੂਰਤ ਹੈ, ਇਹ ਨਿੱਕਾ ਜਿਹਾ ਸ਼ਬਦ, ਮਾਂ! ਬਹੁਤ ਜੇਰੇ ਵਾਲੀ ਤੇ ਬੱਚੇ ਲਈ ਜਾਨ ਤੱਕ ਕੁਰਬਾਨ ਕਰਨ ਵਾਲੀ ਹੁੰਦੀ ਹੈ, ਮਾਂ!

ਇਹ ਸ਼ਬਦ ਸੁਣਦਿਆਂ ਹੀ ਮਾਂ ਦੇ ਅਨੇਕਾਂ ਰੂਪ ਸਾਹਮਣੇ ਆਉਂਦੇ ਨੇ। ਨੀਲੀ ਝੀਲ ਵਿਚ ਚੂਚਿਆਂ ਨੂੰ ਤੈਰਨਾ ਸਿਖਾਉਂਦੀਆਂ ਬਤਖਾਂ ਦਾ ਦਿਲਕਸ਼ ਨਜ਼ਾਰਾ ਅੱਖਾਂ ਅੱਗਿਉਂ ਲੰਘ ਜਾਂਦਾ ਹੈ। ਮੂਹਰੇ ਮੂਹਰੇ ਚੂਚੇ ਤੇ ਪਿੱਛੇ ਪਿੱਛੇ ਤਰਦੀ ਮਾਂ ਬਤਖ! ਚੁੰਝ ਨਾਲ ਗਰਦਨੋਂ ਫੜ੍ਹ ਪੁੱਠੇ ਪਾਸੇ ਜਾਂਦੇ ਚੂਚੇ ਨੂੰ ਸਿੱਧੇ ਰਾਹੇ ਪਾਉਂਦੀ ਮਾਂ ਬਤਖ! ਦਿਲ ਆਪ-ਮੁਹਾਰੇ ਕਹਿ ਉਠਦਾ ਹੈ, ਵਾਹ ਨੀ ਮਮਤਾ! ਜਾਨਵਰਾਂ ਨੂੰ ਆਪਣੇ ਬੱਚਿਆਂ ਨਾਲ ਪਿਆਰ ਕਰਦੇ ਵੇਖ ਮਨ ਮੰਤਰ-ਮੁਗਧ ਹੋ ਜਾਂਦਾ ਹੈ।

ਕੈਨੇਡਾ ਵਿਚ ਜਦੋਂ ਬਤਖਾਂ ਆਪਣੇ ਚੂਚਿਆਂ ਨੂੰ ਸਾਵਧਾਨੀ ਨਾਲ ਸੜਕ ਪਾਰ ਕਰਾਉਂਦੀਆਂ ਹਨ ਤਾਂ ਵੱਡੀਆਂ ਵੱਡੀਆਂ ਬੱਸਾਂ ਅਤੇ ਕਾਰਾਂ ਵੀ ਰੁਕ ਜਾਂਦੀਆਂ ਹਨ। ਉਸ ਨਿੱਕੀ ਜਿੰਨੀ ਮਾਂ ਨੂੰ ਵੇਖ ਮਮਤਾ ਅੱਗੇ ਸਿਰ ਝੁਕ ਜਾਂਦਾ ਹੈ! ਫੇਰ ਧਿਆਨ ਜਾਂਦਾ ਹੈ, ਆਪਣੇ ਬੱਚਿਆਂ ਦੇ ਮੂੰਹ ਵਿਚ ਚੋਗਾ ਪਾਉਂਦੇ ਪੰਛੀਆਂ ਵੱਲ। ਸਾਰੇ ਜੀਵ ਹੀ ਮਮਤਾ ਨਾਲ ਭਰੇ ਹੋਏ ਹਨ। ਮਾਂ ਭਾਵੇਂ ਸ਼ੇਰਨੀ ਹੋਵੇ ਜਾਂ ਇਨਸਾਨ, ਹਮੇਸ਼ਾ ਆਪਣੇ ਬੱਚਿਆਂ ਨੂੰ ਬੜੇ ਮੋਹ ਨਾਲ ਪਾਲਦੀ ਹੈ। ਜੇ ਵੇਖਿਆ ਜਾਵੇ ਤਾਂ ਕੁਦਰਤ ਵੀ ਤਾਂ ਸਾਡੀ ਮਾਂ ਹੀ ਹੈ, ਕਿੰਨੀ ਮਮਤਾ ਨਾਲ, ਕਿੱਥੇ ਕਿੱਥੇ ਅਤੇ ਕਿਵੇਂ ਕਿਵੇਂ ਜੀਵਾਂ ਦੀ ਪਾਲਣਾ ਕਰਦੀ ਹੈ।

ਮਾਂ ਮੰਗਤੀ ਹੋਵੇ ਜਾਂ ਰਾਣੀ, ਉਹ ਆਪਣੇ ਬੱਚੇ ਲਈ ਸਭ ਕੁਝ ਕਰਦੀ ਹੈ, ਜੋ ਉਹ ਕਰ ਸਕਦੀ ਹੋਵੇ। ਕਈ ਔਰਤਾਂ ਰਾਜਨੀਤੀ ਦੇ ਖੇਤਰ ਵਿਚ ਕੰਮ ਕਰਦੀਆਂ ਹਨ ਅਤੇ ਬਹੁਤ ਰੁਝੀਆਂ ਹੁੰਦੀਆਂ ਹਨ। ਕਈ ਹੋਰ ਉਚੇ ਉਚੇ ਅਹੁਦਿਆਂ 'ਤੇ ਤਾਇਨਾਤ ਹੁੰਦੀਆਂ ਹਨ ਪਰ ਆਪਣੇ ਬੱਚਿਆਂ ਦੀ ਪਰਵਰਿਸ਼ ਬਾਰੇ ਪੂਰੀਆਂ ਸੁਚੇਤ ਅਤੇ ਸਮਰਪਿਤ ਹੁੰਦੀਆਂ ਹਨ।

ਅਮਰੀਕਾ ਦੇ 35ਵੇਂ ਰਾਸ਼ਟਰਪਤੀ ਜੌਹਨ ਕੈਨੇਡੀ ਦੀ ਪਤਨੀ ਜੈਕੁਲਿਨ ਕੈਨੇਡੀ ਨੇ 'ਫਸਟ ਲੇਡੀ' ਹੋਣ ਦੇ ਨਾਲ ਨਾਲ ਆਪਣੇ ਬੱਚਿਆਂ ਦਾ ਵਧੀਆ ਪਾਲਣ-ਪੋਸਣ ਕੀਤਾ। ਰਾਜਕੁਮਾਰੀ ਡਾਇਆਨਾ ਨੇ ਵੀ ਆਪਣੇ ਦੋਹਾਂ ਪੁੱਤਰਾਂ ਦੀ ਪਾਲਣਾ ਆਪ ਕੀਤੀ ਅਤੇ ਉਨ੍ਹਾਂ ਅੰਦਰ ਵਧੀਆ ਗੁਣ ਭਰਨ ਦੇ ਪੂਰੇ ਯਤਨ ਕੀਤੇ। ਮਿਸ਼ੈਲ ਉਬਾਮਾ ਆਪਣੇ ਰਾਜਨੀਤਕ ਰੁਝੇਵਿਆਂ ਦੇ ਬਾਵਜੂਦ ਆਪਣੀਆਂ ਬੱਚੀਆਂ ਦਾ ਵਧੀਆ ਧਿਆਨ ਰੱਖਦੀ ਰਹੀ ਹੈ। ਝਾਂਸੀ ਦੀ ਰਾਣੀ ਨੇ ਆਪਣੇ ਪੁੱਤਰ ਨੂੰ ਪਿੱਠ ਪਿੱਛੇ ਬੰਨ ਕੇ ਜੰਗਾਂ ਲੜੀਆਂ। ਇਸਾਈਆਂ ਵਿਚ ਜੀਸਸ ਕਰਾਈਸਟ ਦੀ ਮਾਂ ਮੇਰੀ ਨੂੰ ਦੁਨੀਆਂ ਦੀ ਸਭ ਤੋਂ ਵੱਧ ਨਰਮ ਦਿਲ ਮਾਂ ਮੰਨਦੇ ਹਨ। ਮਾਂ ਭਾਵੇਂ ਕਿਸੇ ਵੀ ਹਾਲਤ ਵਿਚ ਹੋਵੇ, ਆਪਣੇ ਬੱਚਿਆਂ ਲਈ ਸਭ ਕੁਝ ਨਿਛਾਵਰ ਕਰ ਦਿੰਦੀ ਹੈ।

'ਮਾਂ' ਦੁਨੀਆਂ ਨੂੰ ਅਗਾਂਹ ਤੋਰਨ ਵਾਲੀ ਸ਼ਕਤੀ ਦਾ ਨਾਂ ਹੈ। 'ਮਾਂ' ਸ਼ਬਦ ਜ਼ੁਬਾਨ 'ਤੇ ਆਉਂਦਿਆਂ ਹੀ ਮਨ ਅਹਿਸਾਨਮੰਦੀ ਨਾਲ ਭਰ ਉਠਦਾ ਹੈ। ਮਾਂ ਦਾ ਕਰਜ ਮਨੁੱਖ ਕਦੇ ਉਤਾਰ ਹੀ ਨਹੀਂ ਸਕਦਾ। ਨਾ ਹੀ ਮਾਂ ਅਹਿਸਾਨ ਸਮਝ ਕੇ ਆਪਣੇ ਬੱਚਿਆਂ 'ਤੇ ਆਪਣੀ ਮਮਤਾ ਲੁਟਾਉਂਦੀ ਹੈ। ਜਾਨਵਰ ਆਪਣੇ ਬੱਚਿਆਂ ਕੋਲੋਂ ਭਵਿੱਖ ਦੀ ਕੋਈ ਆਸ ਨਹੀਂ ਰੱਖਦੇ ਤਾਂ ਵੀ ਉਹ ਆਪਣੇ ਬੱਚਿਆਂ ਨੂੰ ਮੋਹ ਨਾਲ ਪਾਲਣ ਵਿਚ ਕੋਈ ਕਸਰ ਨਹੀਂ ਛੱਡਦੇ ਤੇ ਆਪਣੇ ਬੱਚਿਆਂ ਨੂੰ ਸਵੈ-ਨਿਰਭਰ ਕਰਕੇ ਉਨ੍ਹਾਂ ਨੂੰ ਆਜ਼ਾਦ ਕਰ ਦਿੰਦੇ ਹਨ।



ਮਨੁੱਖ ਦੇ ਜੀਵਨ ਵਿਚ ਮਾਂ ਦੀ ਦੇਣ ਨੂੰ ਯਾਦ ਕਰਨਾ ਕਵੀਆਂ ਤੇ ਗਾਇਕਾਂ ਦਾ ਮਨ ਭਾਉਂਦਾ ਵਿਸ਼ਾ ਰਿਹਾ ਹੈ। ਮਾਂ ਦੀ ਮਮਤਾ ਮਈ ਛੋਹ ਨਾਲ ਬੱਚਿਆਂ ਅਤੇ ਸਮਾਜ 'ਤੇ ਪਏ ਸਾਕਾਰਾਤਮਕ ਪ੍ਰਭਾਵਾਂ ਨੂੰ ਮਾਨਤਾ ਦੇਣ ਲਈ ਹਰ ਵਰ੍ਹੇ 'ਮਾਂ-ਦਿਵਸ' ਮਨਾਇਆ ਜਾਂਦਾ ਹੈ। ਇਸ ਦਿਨ ਸਕੂਲੀ ਬੱਚੇ ਆਪਣੀਆਂ ਮਾਂਵਾਂ ਦੇ ਲਾਡ ਪਿਆਰ, ਉਨ੍ਹਾਂ ਦੀ ਪਾਲਣਾ-ਪੋਸਣਾ ਪ੍ਰਤੀ ਸ਼ੁਕਰਾਨੇ ਦਾ ਇਜ਼ਹਾਰ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਫੁੱਲ, ਤਸਵੀਰਾਂ ਅਤੇ ਕਾਰਡ ਬਣਾ ਕੇ ਉਨ੍ਹਾਂ ਨੂੰ ਭੇਟ ਕਰਦੇ ਹਨ। ਵੱਡੇ ਆਪਣੀਆਂ ਮਾਂਵਾਂ ਨੂੰ ਕਿਧਰੇ ਬਾਹਰ ਖਾਣੇ 'ਤੇ ਲੈ ਜਾਂਦੇ ਹਨ ਜਾਂ ਕਈ ਤਰ੍ਹਾਂ ਦੇ ਤੋਹਫੇ ਦੇ ਕੇ ਆਪਣੇ ਪਿਆਰ ਦਾ ਪ੍ਰਗਟਾਵਾ ਕਰਦੇ ਹਨ।

ਮਦਰ'ਜ਼ ਡੇ ਦੇ ਪਿਛੋਕੜ ਵੱਲ ਝਾਤੀ ਮਾਰਿਆਂ ਪਤਾ ਲੱਗਦਾ ਹੈ ਕਿ ਇਹ ਦਿਨ 1908 ਤੋਂ ਅਮਰੀਕਾ ਵਿਚ ਮਨਾਇਆ ਜਾਂਦਾ ਹੈ। 1832 ਵਿਚ ਵੈਸਟ ਵਰਜੀਨੀਆ ਵਿਚ ਜੰਮੀ ਸੋਸ਼ਲ ਐਕਟਿਵਿਸਟ ਐਨ ਮੇਰੀ ਰੀਵਜ਼ ਜਾਰਵਿਸ ਨੇ ਇਕ 'ਮਦਰ'ਜ਼ ਡੇ ਵਰਕ ਕਲੱਬ' ਬਣਾਇਆ ਅਤੇ ਕਲੱਬ ਜ਼ਰੀਏ ਟੀ. ਬੀ. ਦੀਆਂ ਮਰੀਜ਼ ਮਾਂਵਾਂ ਦੇ ਇਲਾਜ ਲਈ ਚੰਦਾ ਇਕੱਠਾ ਕਰਕੇ ਉਨ੍ਹਾਂ ਦੀ ਮਦਦ ਕਰਦੀ। ਉਸ ਦੇ ਆਪਣੇ 12 ਬੱਚੇ ਜਵਾਨ ਹੋਣ ਤੋਂ ਪਹਿਲਾਂ ਹੀ ਰੱਬ ਨੂੰ ਪਿਆਰੇ ਹੋ ਗਏ ਪਰ ਉਸ ਨੇ ਉਦਾਸ ਹੋ ਕੇ ਬਾਕੀ ਮਾਂਵਾਂ ਦੀ ਮਦਦ ਕਰਨ ਦਾ ਕੰਮ ਨਹੀਂ ਛੱਡਿਆ। 1905 ਵਿਚ ਮਈ ਦੇ ਦੂਜੇ ਐਤਵਾਰ ਉਸ ਦੀ ਮੌਤ ਹੋ ਗਈ। ਉਸ ਦੀ ਬੇਟੀ ਐਨਾ ਨੇ ਜਦੋਜਹਿਦ ਕਰਕੇ ਆਪਣੀ ਮਾਂ ਦੀ ਯਾਦ ਵਿਚ ਸਾਰੀਆਂ ਮਾਂਵਾਂ ਨੂੰ ਮਾਣ ਦੁਆਉਣ ਲਈ ਇਸ ਦਿਨ ਨੂੰ ਛੁੱਟੀ ਵਜੋਂ ਮਨਜ਼ੂਰ ਕਰਵਾ ਲਿਆ।

ਮਨੁੱਖੀ ਇਤਿਹਾਸ ਵਿਚ ਜਾਰਵਿਸ ਤੋਂ ਬਿਨਾ ਵੀ ਅਜਿਹੀਆਂ ਹੋਰ ਬਹੁਤ ਸਾਰੀਆਂ ਮਾਂਵਾਂ ਹੋਈਆਂ ਹਨ, ਜਿਨ੍ਹਾਂ ਨੇ ਸਾਰੀ ਮਨੁੱਖਤਾ ਨੂੰ ਆਪਣੇ ਬੱਚੇ ਸਮਝ ਕੇ ਉਨ੍ਹਾਂ 'ਤੇ ਮਮਤਾ ਲੁਟਾਈ। ਮਦਰ ਟੈਰੇਸਾ ਦੀ ਮਮਤਾ ਦਾ ਘੇਰਾ ਤਾਂ ਇੰਨਾ ਵਿਸ਼ਾਲ ਸੀ ਕਿ ਕੋਈ ਰੰਗ, ਨਸਲ, ਰੁਤਬਾ, ਉਮਰ, ਸਰੀਰਕ ਆਕਾਰ ਜਾਂ ਅਵਸਥਾ ਇਸ ਤੋਂ ਬਾਹਰ ਨਾ ਜਾ ਸਕੇ। ਉਸ ਦੀ ਇਸ ਸੇਵਾ ਸਦਕਾ ਉਸ ਨੂੰ ਸੰਤ ਅਤੇ ਮਾਂ (ਮਦਰ) ਦੀ ਉਪਾਧੀ ਦਿੱਤੀ ਗਈ। ਸਾਡੇ ਇਤਿਹਾਸ ਅਤੇ ਮਿਥਿਹਾਸ ਵਿਚ ਵੀ ਅਨੇਕਾਂ ਮਹਾਨ ਮਾਂਵਾਂ ਦੇ ਨਾਂ ਵਰਣਨਯੋਗ ਹਨ। ਜੇ ਮਾਤਾ ਤ੍ਰਿਪਤਾ ਨੇ ਗੁਰੂ ਨਾਨਕ ਦੇਵ ਜੀ ਨੂੰ, ਬੀਬੀ ਭਾਨੀ ਨੇ ਗੁਰੂ ਅਰਜਨ ਦੇਵ ਜੀ ਨੂੰ ਅਤੇ ਮਾਤਾ ਗੁਜਰੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਵਿਚ ਤਿਆਰ ਨਾ ਕੀਤਾ ਹੁੰਦਾ ਤਾਂ ਅੱਗੇ ਜਾ ਕੇ ਉਹ ਆਪਣੇ ਮਿਸ਼ਨ ਵਿਚ ਕਿੰਜ ਕਾਮਯਾਬ ਹੋ ਸਕਦੇ ਸਨ?

ਅੱਜ ਕਲ ਹਰ ਸ਼ੈਅ ਨੂੰ ਮੰਡੀ ਨੇ ਨਿਗਲ ਲਿਆ ਹੈ। ਸ਼ਰਧਾ ਪੂਰਬਕ ਅਤੇ ਕਿਸੇ ਮਕਸਦ ਨੂੰ ਸਾਹਮਣੇ ਰੱਖ ਕੇ ਬਣਾਏ ਇਨ੍ਹਾਂ ਖਾਸ ਦਿਨਾਂ 'ਤੇ ਹੁਣ ਰਸਮਾਂ ਦੀ ਧੂੜ ਪੈਂਦੀ ਜਾ ਰਹੀ ਹੈ। ਅੱਜ ਕਲ ਮਦਰ'ਜ਼ ਡੇ ਤੋਹਫਿਆਂ ਅਤੇ ਪ੍ਰੀਤੀ ਭੋਜਾਂ ਦਾ ਮੁਥਾਜ ਹੋ ਕੇ ਰਹਿ ਗਿਆ ਹੈ। ਲੋੜ ਹੈ, ਇਸ ਦੀ ਅਸਲੀ ਅਹਿਮੀਅਤ ਨੂੰ ਪਛਾਨਣ ਦੀ। ਹਰ ਦਿਨ ਹੀ ਮਾਂ ਦਿਵਸ ਹੁੰਦਾ ਹੈ। ਆਪਣੀ ਮਾਂ ਦੀ ਕਦਰ ਕਰਨਾ ਹਰ ਪ੍ਰਾਣੀ ਦਾ ਪਹਿਲਾ ਫਰਜ਼ ਹੈ। ਜੇ ਮਾਂ ਕੇਵਲ ਸਾਲ ਵਿਚ ਇਕੋ ਵਾਰੀ ਸਾਨੂੰ ਲਾਡ ਲਡਾਉਂਦੀ ਅਤੇ ਬਾਕੀ ਦਿਨ ਸਾਨੂੰ ਵਿਸਾਰੀ ਰੱਖਦੀ ਤਾਂ ਜਰਾ ਸੋਚੋ ਸਾਡੀ ਹੋਂਦ ਕਿਵੇਂ ਦੀ ਹੁੰਦੀ? ਇਹ ਇਕ ਦਿਨ ਤਾਂ ਆਪਣੇ ਰਿਸ਼ਤੇ 'ਤੇ ਪਈ ਧੂੜ ਨੂੰ ਝਾੜਨ ਲਈ ਹੁੰਦਾ ਹੈ। ਇਸ ਦਿਨ ਨੂੰ ਸਾਰਥਕ ਤਰੀਕੇ ਨਾਲ ਮਨਾਉਣਾ ਚਾਹੀਦਾ ਹੈ। ਬਚਪਨ ਵਿਚ ਗੋਦ 'ਚ ਪਾਲਣ ਅਤੇ ਉਂਗਲੀ ਲਾ ਕੇ ਤੁਰਨਾ ਸਿਖਾਉਣ ਵਾਲੀ ਮਾਂ ਜਦੋਂ ਬਿਰਧ ਹੋ ਜਾਂਦੀ ਹੈ ਤਾਂ ਉਸ ਦੇ ਬੱਚਿਆਂ ਦਾ ਫਰਜ਼ ਬਣਦਾ ਹੈ ਕਿ ਹੁਣ ਉਹ ਉਸ ਦਾ ਸਹਾਰਾ ਬਣਨ। ਅੱਜ ਮਾਂ ਬਿਰਧ ਹੋਈ ਹੈ, ਕੱਲ ਨੂੰ ਅਸੀਂ ਹੋਣਾ ਹੈ। ਸੋ ਆਪਣੀ ਮਾਂ ਦਾ ਹਰ ਰੋਜ਼ ਸਤਿਕਾਰ ਕਰਨਾ ਸਾਡਾ ਸਭ ਦਾ ਇਨਸਾਨੀ ਫਰਜ਼ ਹੈ। ਆਓ, ਆਪਣੀ ਮਾਂ ਦੇ ਦਿਲ ਦੀ ਗੱਲ ਸੁਣੀਏ, ਉਸ ਨੂੰ ਅਣਗੌਲਿਆ ਨਾ ਕਰੀਏ ਤਾਂ ਹੀ ਮਾਂ ਦਿਵਸ ਮਨਾਉਣਾ ਸਫਲ ਹੋ ਸਕਦਾ ਹੈ।

ਬਾਰਹਮਾਹ

# ਮੱਘਰ ਚੜ੍ਹੇ ਜੋ ਸਰਦੀ ਹੋਈ

***ਮੱਘਰ ਦਾ ਮਹੀਨਾ ਅੰਦਰੋਂ ਮਘਣ ਅਤੇ ਮਿਲਾਪ ਦਾ ਮਹੀਨਾ ਹੈ। ਇਸ ਮਹੀਨੇ ਇਕ ਤਾਂ ਤਾਪਮਾਨ ਵਾਹਵਾ ਚੁੱਭੀ ਮਾਰ ਜਾਂਦਾ ਹੈ ਤੇ ਠੰਢ ਵਧ ਜਾਂਦੀ ਹੈ ਅਤੇ ਦੂਜੇ, ਰਾਤਾਂ ਲੰਮੇਰੀਆਂ ਹੋ ਜਾਂਦੀਆਂ ਹਨ। ਖੇਤੀ ਵਗੈਰਾ ਦੇ ਕੰਮ-ਕਾਰ ਵੀ ਸੀਮਿਤ ਹੋ ਜਾਂਦੇ ਹਨ। ਇਸ ਵਿਹਲ ਦੇ ਮੱਦੇਨਜ਼ਰ ਹੀ ਵਿਆਹਾਂ ਦਾ ਜ਼ੋਰ ਪੈ ਜਾਂਦਾ ਹੈ। ਬਾਰਹਮਾਹ ਦੇ ਲੇਖਕ ਆਸਾ ਸਿੰਘ ਘੁਮਾਣ ਨੇ ਦੇਸੀ ਸਾਲ ਦੇ ਇਸ ਨੌਵੇਂ ਮਹੀਨੇ ਬਾਰੇ ਆਪਣੇ ਇਸ ਲੇਖ ਵਿਚ ਮੱਘਰ ਦੀ ਧੂਣੀ ਖੂਬ ਮਘਾਈ ਹੈ। -ਸੰਪਾਦਕ***

ਪੰਜਾਬ ਵਿਚ ਮੱਘਰ ਦੇ ਮਹੀਨੇ ਤੱਕ ਕਾਫੀ ਠੰਢ ਹੋ ਜਾਂਦੀ ਹੈ। ਤਾਪਮਾਨ ਘੱਟੋ ਘੱਟ 8 ਡਿਗਰੀ ਅਤੇ ਵੱਧ ਤੋਂ ਵੱਧ 25 ਡਿਗਰੀ ਸੈਲਸੀਅਸ ਤੱਕ ਡਿੱਗ ਪੈਂਦਾ ਹੈ। ਮੱਘਰ ਦੀ ਸੰਗਰਾਂਦ ਨੂੰ ਸੂਰਜ ਸਵੇਰੇ 7 ਕੁ ਵਜੇ ਚੜ੍ਹਦਾ ਹੈ ਅਤੇ ਸ਼ਾਮ ਨੂੰ 5, 5:30 ਦੇ ਕਰੀਬ ਡੁੱਬਦਾ ਹੈ। ਇਸ ਤਰ੍ਹਾਂ ਇਸ ਮਹੀਨੇ ਦੀਆਂ ਰਾਤਾਂ ਸਾਢੇ ਤੇਰਾਂ ਘੰਟੇ ਦੇ ਕਰੀਬ ਹੁੰਦੀਆਂ ਹਨ। ਕੇਸ਼ਵ ਦਾਸ ਇਸ ਮਹੀਨੇ ਦਾ ਰਿਤੂ-ਚਿਤਰਨ ਕਰਦਿਆਂ ਲਿਖਦਾ ਹੈ, "ਮੱਘਰ ਦਾ ਮਹੀਨਾ ਸਿਆਲ ਆਉਣ ਦੀ ਸੂਚਨਾ ਦਿੰਦਾ ਹੈ। ਦਿਨ ਛੋਟੇ ਹੋ ਜਾਂਦੇ ਹਨ ਤੇ ਰਾਤਾਂ ਲੰਮੀਆਂ। ਆਕਾਸ਼ ਦਾ ਰੰਗ ਨਿਖਰਿਆ ਹੋਇਆ ਨੀਲਾ ਹੋ ਜਾਂਦਾ ਹੈ। ਹਵਾ ਚੂੰਡੀਆਂ ਭਰਨ ਲੱਗ ਜਾਂਦੀ ਹੈ। ਸਿਆਲੇ ਦੀ ਚੜ੍ਹਤਲ ਤੋਂ ਡਰਦੇ ਦਰਿੰਦੇ ਖੂੰਜੇ ਅਤੇ ਘੁਰਨੇ ਤਲਾਸ਼ ਕਰਨ ਲਗਦੇ ਹਨ। ਤੀਵੀਆਂ ਸਰਦੀਆਂ ਦੀ ਤਿਆਰੀ ਲਈ ਰਜਾਈਆਂ ਨਗੰਦਦੀਆਂ ਹਨ। ਇਸ ਰੁੱਤ ਵਿਚ ਅਸਮਾਨ ਨੀਲੀ ਭਾਅ ਮਾਰਦਾ ਹੈ ਅਤੇ ਉਸ ਉਤੇ ਬੱਦਲਾਂ ਦੀ ਇਕ ਟਾਕੀ ਤੱਕ ਨਹੀਂ ਹੁੰਦੀ। ਪਹਾੜਾਂ ਵੱਲੋਂ ਠੱਕਾ

**ਆਸਾ ਸਿੰਘ ਘੁਮਾਣ**
ਫੋਨ: 91-98152-53245

ਚੱਲਦਾ ਹੈ। ਮਨੁੱਖ ਤਾਂ ਕੀ, ਪਸੂ ਵੀ ਢਾਰਿਆਂ ਦਾ ਨਿੱਘ ਭਾਲਦੇ ਹਨ। ਜਿਉਂ-ਜਿਉਂ ਸਰਦੀ ਦਾ ਜ਼ੋਰ ਵਧਦਾ ਹੈ, ਕਚਨਾਰਾਂ ਦੇ ਪੱਤਰ ਝੜਦੇ ਹਨ ਅਤੇ ਟਾਹਣੀਆਂ ਨੰਗੀਆਂ ਤੇ ਬੁੱਚੀਆਂ ਹੋ ਜਾਂਦੀਆਂ ਹਨ। ਬ੍ਰਿੰਦਾਬਨ ਦੀਆਂ ਉਨ੍ਹਾਂ ਨਹਾਉਂਦੀਆਂ ਗੋਪੀਆਂ ਵਾਂਗ ਜਿਨ੍ਹਾਂ ਦੇ ਕੱਪੜਿਆਂ ਨੂੰ ਮਨਹਰ-ਦੇਵ ਗੋਵਿੰਦ ਚੁਰਾ ਕੇ ਲੈ ਗਿਆ ਹੋਵੇ।"


ਮੱਘਰ ਮਹੀਨੇ ਕੋਈ ਖਾਸ ਤਿਉਹਾਰ ਨਹੀਂ ਮਨਾਇਆ ਜਾਂਦਾ ਤੇ ਨਾ ਹੀ ਕੋਈ ਮੇਲਾ ਵਗੈਰਾ ਭਰਦਾ ਹੈ। ਸ਼ਾਇਦ ਇਹ ਮਹੀਨਾ ਵਿਆਹ ਸ਼ਾਦੀਆਂ ਲਈ ਵਿਹਲਾ ਛੱਡਿਆ ਹੋਵੇ। ਮੌਸਮ ਪੱਖੋਂ ਇਹ ਮਹੀਨਾ ਵਿਆਹਾਂ ਦੇ ਬਹੁਤ ਅਨੁਕੂਲ ਹੈ। ਚੀਜ਼ਾਂ ਵਸਤਾਂ ਖਰਾਬ ਨਹੀਂ ਹੁੰਦੀਆਂ, ਖੇਤੀਬਾੜੀ ਤੋਂ ਵੀ ਵਿਹਲ ਹੁੰਦੀ ਹੈ। ਮੇਲ-ਮਿਲਾਪ ਵੀ ਨਿੱਘ ਦਿੰਦਾ ਹੈ ਅਤੇ ਸੁਭਾਗ ਜੋੜੀ ਨੂੰ ਪ੍ਰਾਈਵੇਸੀ ਹੰਢਾਉਣ ਲਈ ਅਤੇ ਮਹਿਮਾਨ ਨਿਵਾਜ਼ੀ ਲਈ ਅਗਲੇ ਤਿੰਨ ਮਹੀਨੇ ਅਨੁਕੂਲ ਮੌਸਮ ਮਿਲ ਜਾਂਦਾ ਹੈ। ਵੈਸੇ ਵੀ ਅੱਗੇ ਪੋਹ-ਮਾਘ ਵਿਚ ਜ਼ਿਆਦਾ ਸਰਦੀ ਹੋ ਜਾਂਦੀ ਹੈ, ਇਸ ਲਈ ਵਿਆਹ-ਸ਼ਾਦੀਆਂ ਦਾ ਪ੍ਰਬੰਧ ਕਰਨਾ ਅਤੇ ਮਹਿਮਾਨਾਂ ਦੇ ਰਹਿਣ ਲਈ ਇੰਤਜ਼ਾਮ ਕਰਨਾ ਔਖਾ ਹੁੰਦਾ ਹੈ।

ਲੋਕ ਨਿਸ਼ਚਾ ਰਿਹਾ ਹੈ ਕਿ ਮੱਘਰ ਮਹੀਨੇ ਵਿਆਹ ਕਰਨ ਵਾਲੇ ਦੋਸਤੀ ਭਰੀ ਦੀਰਘ-ਆਯੂ ਭੋਗਦੇ ਹਨ ਅਤੇ ਸੰਤਾਨ ਦਾ ਅਨੰਦ ਪ੍ਰਾਪਤ ਕਰਦੇ ਹਨ। ਐਨ. ਆਰ. ਆਈ. ਪੰਜਾਬੀ ਵੀ ਇਨ੍ਹੀਂ ਦਿਨੀਂ ਵਤਨ ਮੁੜਨੇ ਸ਼ੁਰੂ ਹੋ ਜਾਂਦੇ ਹਨ। ਮੈਰਿਜ ਪੈਲੇਸਾਂ ਅਤੇ ਬਾਜ਼ਾਰਾਂ ਵਿਚ ਖੂਬ ਭੀੜ ਹੋਣ ਲੱਗਦੀ ਹੈ। ਸਾਰੇ ਪਾਸੇ ਵਿਆਹ ਰਚਿਆ ਲੱਗਦਾ ਹੈ: ਕੱਪੜੇ ਦੀਆਂ ਦੁਕਾਨਾਂ 'ਤੇ, ਬੁਟੀਕਾਂ 'ਤੇ, ਬਿਊਟੀ ਪਾਰਲਰਾਂ 'ਤੇ, ਸੁਨਿਆਰਿਆਂ ਦੀਆਂ ਦੁਕਾਨਾਂ 'ਤੇ...।

ਸਰਦੀਆਂ ਦੇ ਮੌਸਮ ਵਿਚ ਸਰਦੀ ਤੋਂ ਬਚਾਅ ਲਈ ਮੋਟੇ ਕੱਪੜੇ ਪਹਿਨੇ ਜਾਂਦੇ ਹਨ। ਲੋਕ ਵੰਨ-ਸੁਵੰਨੇ ਰੰਗਾਂ ਦੇ ਸਵੈਟਰ, ਜਰਸੀਆਂ, ਕੋਟੀਆਂ, ਕੋਟ-ਪੈਂਟ ਵਗੈਰਾ ਪਹਿਨੀ ਸਿਹਤਮੰਦ ਨਜ਼ਰ ਆਉਂਦੇ ਹਨ। ਕੁਝ ਸਾਲ ਪਹਿਲਾਂ ਤਾਂ ਮੱਘਰ ਦੀ ਤਿਆਰੀ ਵਜੋਂ ਕੱਤੇ ਵਿਚ ਹੀ ਮਨਿਆਰੀ ਦੀਆਂ ਦੁਕਾਨਾਂ 'ਤੇ ਕਈ ਰੰਗਾਂ ਦੀ ਉਨ ਦੇ ਢੇਰ ਲੱਗ ਜਾਂਦੇ ਸਨ। ਔਰਤਾਂ ਖੁਦ ਸਵੈਟਰ, ਜਰਸੀਆਂ, ਕੋਟੀਆਂ, ਮਫਲਰ, ਦਸਤਾਨੇ ਆਦਿ ਬੁਣਦੀਆਂ ਸਨ। ਧਿਆਨ ਕਿਸੇ ਹੋਰ ਪਾਸੇ ਰੱਖਦਿਆਂ ਵੀ ਬੁਣਾਈ ਕਰੀ ਜਾਂਦੀਆਂ ਔਰਤਾਂ ਦੀ ਕਲਾ ਦੇਖ ਕੇ ਹੈਰਾਨੀ ਹੁੰਦੀ ਸੀ। ਇਕ ਸਮਾਂ ਆਇਆ, ਜਦੋਂ ਸਕੂਲਾਂ ਵਿਚ ਪੜ੍ਹਾਉਂਦੀਆਂ 'ਭੈਣਜੀਆਂ' ਬੱਸ ਵਿਚ ਸਫਰ ਕਰਦਿਆਂ ਜਾਂ ਸਕੂਲ ਵਿਚ ਡਿਊਟੀ ਟਾਈਮ ਵਿਚ ਹੀ ਸਵੈਟਰ ਬੁਣੀ ਜਾਂਦੀਆਂ ਸਨ। ਸਮਾਂ ਬੜੀ ਤੇਜ਼ੀ ਨਾਲ ਬਦਲਿਆ ਹੈ, ਹੁਣ ਤਾਂ ਹਰ ਕੋਈ ਰੈਡੀਮੇਡ ਸਵੈਟਰ, ਜਰਸੀਆਂ, ਕੋਟ-ਪੈਂਟ ਖਰੀਦਦਾ ਹੈ। ਸਰਦੀਆਂ ਵਿਚ ਜਿਥੇ ਮਰਦ ਲੋਕ ਫੱਬ-ਫੱਬ ਪੈਂਦੇ ਹਨ, ਉਥੇ ਔਰਤਾਂ ਨੂੰ ਸਰਦੀਆਂ ਨਾਲ ਖਾਸ ਚਿੜ ਰਹੀ ਹੈ, ਕਿਉਂਕਿ ਸ਼ਾਲ ਵਗੈਰਾ ਲੈਣ ਨਾਲ ਉਨ੍ਹਾਂ ਦਾ ਜਿਸਮਾਨੀ ਰੋਅਬ ਮਾਰਿਆ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਔਰਤਾਂ ਵਿਚ ਅੱਜ ਕੱਲ੍ਹ ਸ਼ਾਲ ਲੈਣ ਦਾ ਰੁਝਾਨ ਘਟਿਆ ਹੈ ਅਤੇ ਇਨਰ-ਵੀਅਰ ਜਾਂ ਵਾਰਮ-ਵੀਅਰ ਦਾ ਰਿਵਾਜ ਵਧਿਆ ਹੈ।

ਕੱਤਕ ਵਿਚ ਤਿਆਰ ਕੀਤੀਆਂ ਅਤੇ ਨਗੰਦੀਆਂ ਰਜਾਈਆਂ-ਤਲਾਈਆਂ ਮੱਘਰ ਮਹੀਨੇ ਬੜੇ ਚਾਵਾਂ ਨਾਲ ਲਈਆਂ ਜਾਂਦੀਆਂ ਹਨ। ਪੋਲੀਆਂ-ਪੋਲੀਆਂ ਤਲਾਈਆਂ ਅਤੇ ਨਿੱਘੀਆਂ-ਨਿੱਘੀਆਂ ਰਜਾਈਆਂ ਗੁਦਗੁਦਾ ਅਹਿਸਾਸ ਪੈਦਾ ਕਰਦੀਆਂ ਹਨ। ਰਜਾਈਆਂ ਤਿਆਰ ਕਰਨ ਦਾ ਕੰਮ ਵੀ ਬੜਾ ਦਿਲਚਸਪ ਹੁੰਦਾ ਹੈ। ਹਰ ਔਰਤ ਇਹ ਕੰਮ ਨਹੀਂ ਕਰ ਸਕਦੀ। ਇਹ ਵੀ ਕਲਾ ਹੁੰਦੀ ਹੈ। ਅੱਜ ਕੱਲ੍ਹ ਤਾਂ ਰਜਾਈਆਂ ਰੈਡੀਮੇਡ ਮਿਲ ਜਾਂਦੀਆਂ ਹਨ ਅਤੇ ਰਜਾਈਆਂ ਭਰਾਉਣ ਵਾਲੀਆਂ ਦੁਕਾਨਾਂ ਵੀ ਉਪਲਬਧ ਹਨ, ਪਰ ਕੁਝ ਕੁ ਸਾਲ ਪਹਿਲਾਂ ਤੱਕ ਪਿੰਡਾਂ ਵਿਚ ਇਹ ਕਾਰਜ ਬੀਬੀਆਂ ਰਲ-ਮਿਲ ਕੇ ਕਰਦੀਆਂ ਸਨ। ਰੂੰ-ਪਿੰਜਣੀ ਮਸ਼ੀਨ 'ਤੇ ਰੂੰ ਅਤੇ ਰਜਾਈ ਦੇ ਪੱਲੇ ਲਿਜਾ ਕੇ ਉਥੇ ਹੀ ਮੋਟੇ-ਮੋਟੇ ਨਗੰਦੇ ਮਾਰ ਲਏ ਜਾਂਦੇ ਤਾਂ ਕਿ ਰੂੰ ਇਕੱਠਾ ਨਾ ਹੋ ਜਾਵੇ। ਬਾਅਦ ਵਿਚ ਘਰ ਲਿਆ ਕੇ ਉਨ੍ਹਾਂ ਨੂੰ ਸਹੀ ਤਰ੍ਹਾਂ ਨਗੰਦ ਲਿਆ ਜਾਂਦਾ। ਅੱਜ ਕੱਲ੍ਹ ਭਾਵੇਂ ਬੜੀ ਅੱਛੀ ਕੁਆਲਿਟੀ ਦੇ ਕੰਬਲ ਆ ਗਏ ਹਨ, ਪਰ ਰਜਾਈ ਵਾਲਾ ਅਨੰਦ ਤਾਂ ਰਜਾਈ ਵਿਚ ਹੀ ਆਉਂਦਾ ਹੈ।

ਇਸ ਰੁੱਤ ਵਿਚ ਸੰਜੋਗ ਅਤੇ ਵਿਯੋਗ ਦੀਆਂ ਭਾਵਨਾਵਾਂ ਸਦਾ ਭਾਰੂ ਰਹੀਆਂ ਹਨ। ਇਕ ਤਾਂ ਰਾਤਾਂ ਲੰਮੀਆਂ ਹੁੰਦੀਆਂ ਹਨ, ਦੂਜਾ ਛੇਤੀ ਹੀ ਲੋਕੀਂ ਅੰਦਰੀਂ ਵੜ ਜਾਂਦੇ ਹਨ ਅਤੇ ਦਿਨ ਚੜ੍ਹੇ ਰਜਾਈਆਂ ਵਿਚੋਂ ਨਿਕਲਦੇ ਹਨ। ਇਹ ਰੁੱਤ ਉਨ੍ਹਾਂ ਲਈ ਬੜੀ ਭਾਰੂ ਹੁੰਦੀ ਹੈ ਜੋ ਇਕਲਾਪਾ ਹੰਢਾ ਰਹੇ ਹੋਣ। ਵਿਯੋਗਣ ਲਈ ਸਰਦੀਆਂ ਡਾਢੀਆਂ ਦੁਖਦਾਈ ਹੁੰਦੀਆਂ ਹਨ। ਸਾਂਝੇ ਪਰਿਵਾਰਾਂ ਵਿਚ ਕਈ ਵਾਰ ਹੋਰ ਵੀ ਔਖੇਰਾ ਹੋ ਜਾਂਦਾ ਹੈ, ਕਿਉਂਕਿ ਪਰਿਵਾਰ ਵਿਚ ਆਪੋ-ਆਪਣੇ ਜੁੱਟ ਹੁੰਦੇ ਹਨ- ਸੱਸ-ਸਹੁਰੇ ਦਾ, ਜੇਠ-ਜਠਾਣੀ ਦਾ, ਦਿਉਰ-ਦਰਾਣੀ ਦਾ, ਪਿਉ-ਪੁੱਤਰ ਦਾ, ਮਾਂਵਾਂ-ਧੀਆਂ ਦਾ। ਪੁਰਾਣੇ ਸਮਿਆਂ ਵਿਚ ਜਦੋਂ ਬਿਜਲੀ ਨਹੀਂ ਸੀ ਹੁੰਦੀ, ਸਿਆਲ ਦੀਆਂ ਰਾਤਾਂ ਹੋਰ ਵੀ ਡਰਾਉਣੀਆਂ ਹੋ ਜਾਂਦੀਆਂ ਸਨ। ਅੱਜ ਕੱਲ੍ਹ ਬਿਜਲੀ ਅਤੇ ਟੈਲੀਵਿਜ਼ਨ ਨੇ ਜ਼ਿੰਦਗੀ ਦੀ ਰਹਿਤਲ ਵੱਡੀ ਹੱਦ ਤੱਕ ਬਦਲ ਦਿੱਤੀ ਹੈ। ਮੋਬਾਈਲ ਅਤੇ ਇੰਟਰਨੈਟ ਨੇ ਵੀ ਵੱਡਾ ਇਨਕਲਾਬ ਲੈ ਆਂਦਾ ਹੈ। ਹੁਣ ਪਰਦੇਸਣਾਂ ਪਹਿਲਾਂ ਜਿੰਨਾ ਉਦਾਸ ਤੇ ਨਿਰਾਸ਼ ਨਹੀਂ ਹੁੰਦੀਆਂ।



ਪੰਜਾਬੀ ਸਾਹਿਤ ਵਿਚ ਬਾਰਹਮਾਹ ਰਚਨਾ ਵਿਚ ਮੱਘਰ ਮਹੀਨਾ ਦੁਖਦਾਈ ਵਿਛੋੜੇ ਦਾ ਮਹੀਨਾ ਹੈ। ਵਿਯੋਗਣ ਰੋਂਦੀ ਹੈ, ਤੜਫਦੀ ਹੈ, ਹਾੜ੍ਹੇ ਕੱਢਦੀ ਹੈ, ਮਰਨ ਨੂੰ ਫਿਰਦੀ ਹੈ:

ਮਘਰਿ ਮੈਂ ਪਾਰਿ ਮਿਤ੍ਰ ਨਾਂ ਜਾਂਦਾ
ਰਾਖਸ਼ ਨੇਹੁ ਹੱਡਾਂ ਨੂੰ ਖਾਂਦਾ। (ਬੁੱਲੇ ਸ਼ਾਹ)

---

ਮੈਨੂੰ ਮੱਘਰ ਆਇ ਡਰਾਵੰਦਾ ਏ
ਬਾਝ ਸਾਈਂ ਥਰੇ ਥਰ ਕੰਬਨੀ ਹਾਂ।
(ਸ਼ਾਹ ਮੁਰਾਦ)

---

ਮੱਘਰ ਕਰੇ ਬੜਾ ਤੰਗ, ਲਗਾ ਤਨ ਸੀਤ
ਕਿ ਫਰਿਆ ਅੰਗ,
ਮੇਰਾ ਰੰਗ ਭਇਆ ਬਦਰੰਗ।
(ਬਰਖੁਰਦਾਰ)

---

ਸੀਤ ਸੁਹਾਣੀ ਸਰਦ ਰੁੱਤ
ਮੱਘਰ ਮੋ ਗਰਿ ਨਾਹੀ ਕੰਤ।
(ਕੇਸਰ ਸਿੰਘ)

---

ਮੱਘਰ ਚੜ੍ਹੇ ਜੋ ਸਰਦੀ ਹੋਈ
ਬੰਦੀ ਬ੍ਰਿਹੋਂ ਨੇ ਬੰਨ ਪਰੋਈ।
(ਗੁਲਾਮ ਹੁਸੈਨ)

---

ਚੜ੍ਹੇ ਮਘਰ ਹੋਈ ਨਿਰਾਸ਼
ਟੁੱਟ ਗਈ ਆਸ
ਪ੍ਰੋਤਾ ਮਾਸ, ਸਮੇਂ ਦੇ ਤੀਰ ਨੇ।
(ਫਜ਼ਲ ਸ਼ਾਹ)

ਸੋ, ਲੰਮੀਆਂ ਰਾਤਾਂ ਅਤੇ ਠੰਢ ਦਾ ਵਰਤਾਰਾ ਵਿਯੋਗ ਦੇ ਦਰਦ ਨੂੰ ਜ਼ਿਆਦਾ ਪ੍ਰਚੰਡ ਕਰ ਦਿੰਦਾ ਹੈ। ਉਂਜ ਪਹਿਲੇ ਵੇਲਿਆਂ ਵਿਚ ਪੰਜਾਬਣਾਂ ਇਨ੍ਹਾਂ ਲੰਮੀਆਂ ਰਾਤਾਂ ਦਾ ਫਾਇਦਾ ਤ੍ਰਿੰਜਣ ਬਿਠਾ ਕੇ ਲੈ ਲੈਂਦੀਆਂ ਸਨ। ਹਿੰਮਤੀ ਔਰਤਾਂ ਤੇ ਜੁਆਨ ਕੁੜੀਆਂ ਟਾਈਮ ਨਾਲ ਹੀ ਕਿਸੇ ਖੁੱਲ੍ਹੇ ਘਰ ਵਿਚ ਚਰਖੇ ਡਾਹ ਲੈਂਦੀਆਂ ਤੇ ਜ਼ਿਦ ਨਾਲ ਕੱਤਦੀਆਂ। ਇਸ ਮਹੀਨੇ ਕਪਾਹ ਨਵੀਂ-ਨਵੀਂ ਆਈ ਹੁੰਦੀ ਸੀ। ਕੱਤਣ ਲਈ ਮੌਸਮ ਅਨੁਕੂਲ ਹੁੰਦਾ ਸੀ, ਕਿਉਂਕਿ ਸਿੱਲ ਦਾ ਮੌਸਮ ਲੰਘ ਚੁਕਾ ਹੁੰਦਾ ਹੈ।

ਸਰੋਜਨੀ ਨਾਇਡੂ ਨੇ ਕਿਤੇ ਲਿਖਿਆ ਸੀ, "ਸਦੀਆਂ ਤੋਂ ਕਵੀ ਚਰਖੇ ਤੇ ਖੱਡੀ ਦੀ ਉਪਮਾ ਦਿੰਦੇ ਆ ਰਹੇ ਹਨ। ਹੋਣੀ ਆਪਣੇ ਚਰਖੇ ਉਤੇ ਤੰਦਾਂ ਕੱਢ ਕੱਢ ਮਨੁੱਖ ਦੀ ਕਿਸਮਤ ਉਣ ਰਹੀ ਹੈ।" ਤਕਲੇ ਵਿਚੋਂ ਨਿਕਲ ਰਹੀ ਤੰਦ ਨਿਰੰਤਰ ਸਿਰਜਣਾ ਦੀ ਪ੍ਰਤੀਕ ਹੈ। ਸੂਫੀ ਕਵੀ ਸ਼ਾਹ ਹੁਸੈਨ ਜੁਆਨ ਕੁੜੀ ਦੇ ਕੱਤਣ ਦੀ ਉਪਮਾ ਨੂੰ ਅਧਿਆਤਮਕਤਾ ਨਾਲ ਜੋੜਦਿਆਂ ਵਕਤ ਸਿਰ ਆਪਣੇ ਫਰਜ਼ ਪੂਰੇ ਕਰਨ ਲਈ ਕਹਿੰਦਾ ਹੈ:

ਕੁਝ ਕੱਤ ਕੁੜੇ, ਕੁਝ ਵੱਟ ਕੁੜੇ
ਛੱਲੀ ਲਾਹ ਭਰੋਟੇ ਅੱਟ ਕੁੜੇ।
ਜੇ ਪੂਣੀ ਪੂਣੀ ਕੱਤੇਂਗੀ
ਤਾਂ ਨੰਗੀ ਮੂਲ ਨ ਵੱਤੇਂਗੀ।

ਪੰਜਾਬਣ ਮੁਟਿਆਰ ਲਈ ਚਰਖਾ ਉਦਯੋਗਿਕ ਇਕਾਈ ਰਿਹਾ ਹੈ, ਕਲਾ ਰਿਹਾ ਹੈ, ਸਭਿਅਤਾ ਦੀ ਤੋਰ ਰਿਹਾ ਹੈ ਅਤੇ ਸਭਿਆਚਾਰ ਦਾ ਚਲਦਾ ਚੱਕਰ ਰਿਹਾ ਹੈ। ਚਰਖੇ ਨਾਲ ਬਹੁਤ ਹਾਵ-ਭਾਵ ਜੁੜੇ-ਪੁੜੇ ਹਨ। ਚਰਖਾ ਚਲਾਉਣਾ ਅਤੇ ਉਸ ਵਿਚੋਂ ਬਾਰੀਕ ਤੰਦ ਕੱਢਣਾ ਅਤੇ ਨਾਲ ਹੀ ਗਲੋਟਾ ਬਣਾ ਕੇ ਉਸ ਨੂੰ ਉਤਾਰ ਲੈਣਾ, ਕਾਮਲ ਦੀ ਕਲਾ ਸੀ ਜੋ ਸਿਰਫ ਦੇਖਣ ਨਾਲ ਹੀ ਸਮਝ ਪੈ ਸਕਦੀ ਹੈ। ਇਹ ਕੇਵਲ ਸੁਚੱਜੀ ਦੇ ਹਿੱਸੇ ਆਈ ਕਲਾ ਹੈ, ਕੁਚੱਜੀ ਦੇ ਵੱਸ ਦੀ ਗੱਲ ਨਹੀਂ। ਪੰਜਾਬਣ ਨੂੰ ਮਾਣ ਹੁੰਦਾ ਸੀ ਆਪਣੀ ਕੱਤਣੀ 'ਤੇ, ਆਪਣੇ ਚਰਖੇ 'ਤੇ, ਆਪਣੀ ਕੱਢੀ ਲੰਮੀ ਬਾਰੀਕ ਤੰਦ 'ਤੇ। ਅੱਜ ਚਰਖਾ ਭਾਵੇਂ ਨੁਮਾਇਸ਼ ਦੀ ਚੀਜ਼ ਬਣ ਗਿਆ ਹੈ, ਪਰ ਇਹ ਸੱਚ-ਮੁੱਚ ਹੀ ਪੰਜਾਬ ਦੇ ਸਭਿਆਚਾਰ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ।

ਚਰਖਾ ਬਣਾਉਣ ਵਾਲਾ ਤਰਖਾਣ ਵੀ ਚਰਖਾ ਬਣਾਉਣ ਵਿਚ ਆਪਣੀ ਕਲਾ ਦਿਖਾਉਂਦਾ ਸੀ। ਚਰਖਾ ਦਾਜ ਵਿਚ ਬੜੇ ਉਚੇਚ ਨਾਲ ਦਿੱਤਾ ਜਾਂਦਾ ਸੀ ਜੋ ਅਕਸਰ ਕਈ ਰੰਗਾਂ-ਢੰਗਾਂ ਨਾਲ ਸ਼ਿੰਗਾਰਿਆ ਹੁੰਦਾ ਸੀ। ਦਾਜ ਦਾ ਚਰਖਾ ਕਈ ਸੰਵੇਦਨਾਵਾਂ ਦਾ ਆਧਾਰ ਹੁੰਦਾ ਸੀ:

ਮਾਂ ਮੇਰੀ ਨੇ ਚਰਖਾ ਭੇਜਿਆ
ਪੀੜ੍ਹੀ ਘੜਾ ਦੇ ਤੂੰ।
ਵੇ ਸਾਰੀ ਰਾਤ ਕਤਿਆ ਕਰੂੰ
ਕੱਤਿਆ ਕਰੂੰ ਤੇਰੀ ਰੂੰ।

ਤ੍ਰਿੰਜਣ ਭਾਵੇਂ ਮਿਹਨਤ ਵਾਲਾ ਕੰਮ ਹੋਣ ਕਰ ਕੇ ਜੁਆਨ ਕੁੜੀਆਂ ਹੀ ਬਿਠਾਉਂਦੀਆਂ, ਪਰ ਉਨ੍ਹਾਂ ਵਿਚ ਕੁਝ ਸਿਆਣੀ ਉਮਰ ਦੀਆਂ ਔਰਤਾਂ ਵੀ ਜ਼ਰੂਰ ਹੁੰਦੀਆਂ ਸਨ ਤਾਂ ਕਿ ਜੁਆਨੀ 'ਤੇ ਨਜ਼ਰ ਰੱਖੀ ਜਾ ਸਕੇ। ਕੱਤਣ ਦਾ ਅਸਲੀ ਮਜ਼ਾ ਤਾਂ ਪੇਕੇ ਪਿੰਡ ਹੀ ਹੁੰਦਾ ਹੈ, ਜਿਥੇ ਹਮ-ਉਮਰ ਕੁੜੀਆਂ ਖੂਬ ਹਾਸਾ ਠੱਠਾ ਕਰਦੀਆਂ ਹਨ। ਇਕ ਦੂਜੇ ਨੂੰ ਸੰਵਾਦ-ਚੂੰਢੀ ਵੀ ਵੱਢੀ ਜਾਂਦੀ ਹੈ ਤੇ ਸਰੀਰਕ ਵੀ। ਜਵਾਨੀ ਆਪਣੀ ਹੀ ਕਿਸਮ ਦੀ ਮਸਤੀ ਹੁੰਦੀ ਹੈ ਜੋ ਦਿਨ-ਰਾਤ ਚੜ੍ਹੀ ਰਹਿੰਦੀ ਹੈ। ਮੁਕਾਬਲੇ ਵਿਚ ਆ ਕੇ ਜਦ ਦਸ-ਪੰਦਰਾਂ ਚਰਖੇ ਇਕੱਠੇ ਚਲਦੇ ਤਾਂ ਸੱਚ-ਮੁੱਚ ਐਸੀ ਘੂਕਰ ਬੰਨ੍ਹਦੇ ਜੋ ਦਿਲਾਂ ਦੀਆਂ ਤਰਬਾਂ ਛੇੜ ਦਿੰਦੀ। ਸੁਡੌਲ ਡੌਲਿਆਂ ਨਾਲ ਸੱਜੇ ਹੱਥ ਨਾਲ ਹੱਥੀ ਘੁੰਮਾ-ਘੁੰਮਾ ਕੇ 'ਘੁੰਮ ਚਰਖੜਿਆ ਘੁੰਮ' ਦਾ ਜ਼ੋਰ ਦਿੰਦਿਆ, ਖੱਬੇ ਹੱਥ ਨਾਲ ਤਕਲੇ ਤੋਂ ਚੁੱਕਿਆ ਤੰਦ ਮੋਢੇ ਤੇ ਸਿਰ ਤੋਂ ਉਪਰ ਲਿਜਾ ਕੇ ਉਸੇ ਤੱਕਲੇ 'ਤੇ ਕਲਾਮਈ ਢੰਗ ਨਾਲ ਲਪੇਟ ਕੇ ਅਗਲਾ ਤੰਦ ਚੁੱਕਿਆ ਜਾਂਦਾ, ਨਾਲ ਹੀ ਕੋਈ ਘੋੜੀ/ ਸੁਹਾਗ ਗੁਣਗੁਣਾਇਆ ਜਾਂਦਾ, ਤੇ ਉਸ ਵੇਲੇ ਕੱਤਣੀ ਫਰਾਟੇ ਮਾਰਨ ਲੱਗ ਪੈਂਦੀ। ਇਹ ਤ੍ਰਿੰਜਣ ਕਈ ਵੇਰ ਬਹੁਤ ਕੁਵੇਲੇ ਤੱਕ ਚੱਲਦਾ ਰਹਿੰਦਾ। ਅੱਧੀ-ਅੱਧੀ ਰਾਤ ਤੱਕ, ਸਰਘੀ ਵੇਲੇ ਤੱਕ। ਤ੍ਰਿੰਜਣ ਦਾ ਨਕਸ਼ਾ ਹੇਠ ਲਿਖੀ ਕਵਿਤਾ ਤੋਂ ਵਧੀਆ ਕੀ ਬੰਨ੍ਹਿਆ ਜਾ ਸਕਦਾ ਹੈ:

ਤੇ ਫੇਰ ਮੇਰੇ ਘਰ ਜਦੋਂ
ਆਲੇ 'ਚ ਕਿਰਨਾਂ ਬਹਿੰਦੀਆਂ
ਕਿਰਨਾਂ ਜਿਹੀਆਂ ਕੁਝ ਨੱਢੀਆਂ
ਚੰਦਨ ਦੇ ਪੀੜ੍ਹੇ ਡਾਹੁੰਦੀਆਂ
ਤੇ ਚਰਖੀਆਂ ਦੀ ਘੂਕ 'ਤੇ
ਸੱਜਣਾਂ ਦਾ ਬ੍ਰਿਹਾ ਗਾਉਂਦੀਆਂ
ਕੁਝ ਯਾਦ ਕੱਤਣ ਆਉਂਦੀਆਂ
ਕੁਝ ਦਾਜ ਕੱਤਣ ਆਉਂਦੀਆਂ
ਤੇ ਬਹੁਤ ਡੂੰਘੀ ਰਾਤ ਤੱਕ
ਭੋਰੇ 'ਚ ਰਲ ਕੇ ਬਹਿੰਦੀਆਂ
ਤੇ ਫੇਰ ਭਰੀਆਂ ਖਿੱਤੀਆਂ
ਸਿਰੇ ਜਦੋਂ ਆ ਜਾਂਦੀਆਂ
ਮਾਹਲਾਂ ਤਦੋਂ ਭਰੜਾਂਦੀਆਂ,
ਹੱਥੀਆਂ ਨੂੰ ਨੀਂਦਾਂ ਆਉਂਦੀਆਂ
ਦੀਵੇ ਨੂੰ ਫੂਕਰ ਮਾਰ ਕੇ
ਸੱਜਣਾਂ ਦੇ ਸੁਪਨੇ ਲੈਂਦੀਆਂ
ਕੁਝ ਹੰਢੀਆਂ ਮਸ਼ਟੰਡੀਆਂ
ਭੋਰੇ 'ਚ ਭੂਤਰ ਜਾਂਦੀਆਂ।

ਮੱਘਰ ਮਹੀਨਾ ਅੰਦਰੋਂ ਮਘਣ ਦਾ ਮਹੀਨਾ ਹੈ। ਇਸ ਮਹੀਨੇ ਗਰਮਾਇਸ਼ ਅਤੇ ਤਾਕਤ ਵਧਾਉਣ ਵਾਲੇ ਪਦਾਰਥ ਬਣਾਏ ਜਾਂਦੇ ਹਨ, ਜਿਵੇਂ ਖੋਆ, ਅਲਸੀ, ਮੇਥੇ ਆਦਿ। ਇਨ੍ਹਾਂ ਦਿਨਾਂ ਵਿਚ ਦੁੱਧ ਵਾਧੂ ਹੁੰਦਾ ਹੈ ਕਿਉਂਕਿ ਖੇਤਾਂ ਵਿਚ ਛਟਾਲਾ ਭਰਪੂਰ ਹੁੰਦਾ ਹੈ। ਉਧਰੋਂ ਘਰ ਦਾ ਗੁੜ, ਮੱਕੀ ਦੀਆਂ ਛੱਲੀਆਂ, ਮੂੰਗਫਲੀ ਵਗੈਰਾ। ਨੌਜੁਆਨ ਇਨ੍ਹਾਂ ਦਿਨਾਂ ਵਿਚ ਵਧੀਆ ਖੁਰਾਕਾਂ ਖਾਂਦੇ ਹਨ ਅਤੇ ਸ਼ਾਮ ਨੂੰ ਵਿਹਲੇ ਪਏ ਖੇਤਾਂ ਵਿਚ ਖੇਡ ਵੀ ਲੈਂਦੇ ਹਨ। ਇਸ ਮਹੀਨੇ ਖੇਤਾਂ ਵਿਚ ਕੰਮ ਕਾਰ ਘਟ ਜਾਂਦਾ ਹੈ। ਪੰਜਾਬ ਦੇ ਪਿੰਡਾਂ ਵਿਚ ਇਹ ਦਿਨ ਸੁਖ ਲੈਣ ਦੇ ਦਿਨ ਕਹੇ ਜਾ ਸਕਦੇ ਹਨ। ਫਸਲ ਬੀਜੀ ਜਾ ਚੁਕੀ ਹੁੰਦੀ ਹੈ, ਮੁੱਖ ਕੰਮ ਪਸੂਆਂ ਨੂੰ ਸਾਂਭਣ ਦਾ ਹੀ ਹੁੰਦਾ ਹੈ। ਉਨ੍ਹਾਂ ਨੂੰ ਅੰਦਰ-ਬਾਹਰ ਕਰਨਾ, ਪੱਠੇ ਪਾਉਣੇ, ਧਾਰਾਂ ਕੱਢਣੀਆਂ ਆਦਿ ਹੀ ਮੁੱਖ ਆਹਰ ਹੁੰਦਾ ਹੈ।

ਸ਼ਹਿਰਾਂ ਵਿਚ ਮਾਲ-ਰੋਡਾਂ 'ਤੇ ਜਾਂ ਰੈਸਟੋਰੈਂਟਾਂ ਵਿਚ ਖਾਣ-ਪੀਣ ਦੀਆਂ ਵਸਤੂਆਂ ਵੀ ਸਰਦੀ ਦੇ ਮੌਸਮ ਦੇ ਅਨੁਕੂਲ ਮਿਲਣ ਲੱਗਦੀਆਂ ਹਨ। ਠੰਢੀ ਰਸ-ਮਲਾਈ, ਕੋਲਡ ਡਰਿੰਕ, ਆਈਸ ਕ੍ਰੀਮ, ਬੀਅਰ ਆਦਿ ਦੀ ਥਾਂ ਨਾਨ-ਵੈਜ ਆਈਟਮਾਂ ਦਾ ਜ਼ੋਰ ਵਧਣ ਲੱਗਦਾ ਹੈ। ਰੇੜ੍ਹੀਆਂ 'ਤੇ ਉਬਲੇ ਆਂਡੇ, ਮੱਛੀ, ਮੁਰਗਾ ਆਦਿ ਮਿਲਣ ਲੱਗਦੇ ਹਨ। ਚਾਹ-ਕਾਫੀ ਦੀ ਮੰਗ ਵਧਣ ਲਗਦੀ ਹੈ। ਬਰਗਰ, ਟਿੱਕੀ , ਹਾਟ-ਡਾਗ ਵੱਧ ਵਿਕਣ ਲੱਗਦੇ ਹਨ। ਸ਼ਰਾਬ ਦੀ ਵਿਕਰੀ ਵਧ ਜਾਂਦੀ ਹੈ।

ਪੰਜਾਬੀ ਸਾਹਿਤ ਵਿਚ ਇਸ਼ਕ ਹਕੀਕੀ ਅਤੇ ਇਸ਼ਕ ਮਜ਼ਾਜੀ ਦਾ ਸੰਕਲਪ ਕਾਫੀ ਭਾਰੂ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਉਸ ਪਰਮਾਤਮਾ ਤੱਕ ਪਹੁੰਚਣ ਲਈ ਪਿਆਰ ਦਾ ਸਬਕ ਜ਼ਰੂਰੀ ਹੈ, ਜੋ ਉਸ ਪਰਮਾਤਮਾ ਦੀ ਰਈਅਤ ਨਾਲ ਪਿਆਰ ਕਰ ਕੇ ਸਿੱਖਿਆ ਜਾ ਸਕਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਰੂਹਾਨੀ ਮੰਜ਼ਿਲ ਹੀ ਮਨੁੱਖ ਦਾ ਮਕਸਦ ਹੈ। ਗੁਰੂ ਅਰਜਨ ਦੇਵ ਇਸ ਮਹੀਨੇ ਦੇ ਪ੍ਰਥਾਇ ਲਿਖਦਿਆਂ ਮੱਘਰ ਮਹੀਨੇ ਦੇ ਸੁਭਾਅ ਤੋਂ ਭਲੀ ਭਾਂਤ ਜਾਣੂੰ ਹੁੰਦਿਆਂ ਲਿਖਦੇ ਹਨ:

ਮੱਘਰ ਮਾਹਿ ਸੋਹੰਦੀਆਂ
ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ
ਜਿ ਸਾਹਿਬਿ ਮੇਲੜੀਆਹ॥
ਤਨੁ ਮਨੁ ਮਉਲਿਆ ਰਾਮ ਸਿਉ
ਸੰਗ ਸਾਧ ਸਹੇਲੜੀਆਹ॥
ਸਾਧ ਜਨਾ ਤੇ ਬਾਹਰੀ
ਸੇ ਰਹਨਿ ਇਕੇਲੜੀਆਹ॥

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੱਘਰ ਹੈ ਤਾਂ ਮਿਲਾਪ ਦਾ ਮਹੀਨਾ ਪਰ ਮਹਾਂ-ਮਿਲਾਪ ਦੇ ਮਾਰਗ 'ਤੇ ਚੱਲਦਿਆਂ ਜ਼ਰੂਰੀ ਹੈ ਕਿ ਆਪਣੀ ਸ਼ਖਸੀਅਤ ਵਿਚ ਵਿਸ਼ੇਸ਼ ਗੁਣ ਵਿਦਮਾਨ ਕੀਤੇ ਜਾਣ। ਗੁਰੂ ਨਾਨਕ ਦੇਵ ਇਸ ਗੱਲ 'ਤੇ ਜ਼ੋਰ ਦਿੰਦੇ ਹਨ:

ਮੱਘਰ ਮਾਹ ਭਲਾ
ਹਰਿ ਗੁਣ ਅੰਕਿ ਸਮਾਵਏ॥
ਗੁਣਵੰਤੀ ਗੁਣ ਰਵੈ
ਮੈ ਪਿਰ ਨਿਹਚਲ ਭਾਵਏ॥
ਨਿਹਚਲ ਚਤੁਰੁ ਸੁਜਾਣ ਬਿਧਾਤਾ
ਚੰਚਲ ਜਗਤ ਸਬਾਇਆ॥
ਗਿਆਨ ਧਿਆਨ ਗੁਣ ਅੰਕਿ ਸਮਾਣੇ
ਪ੍ਰਭ ਭਾਣੇ ਤਾ ਭਾਇਆ॥
ਗੀਤ ਨਾਦ ਕਵਿਤ ਕਵੇ ਸੁਣਿ
ਰਾਮ ਨਾਮ ਦੁਖੁ ਭਾਗੈ॥
ਨਾਨਕ ਸਾ ਧਨ ਨਾਹ ਪਿਆਰੀ
ਅਭ ਭਗਤੀ ਪਿਰ ਆਗੈ॥

ਗੁਰੂ ਜੀ ਵੱਲੋਂ ਲਿਖਿਆ ਇਹ ਇਕੱਲਾ ਮਹੀਨਾ ਹੈ ਜਿਸ ਵਿਚ ਆਲੇ-ਦੁਆਲੇ ਦਾ ਚਿਤਰਨ ਨਹੀਂ ਹੈ। ਸਮਾਜਕ ਅਤੇ ਦੁਨਿਆਵੀ ਵਰਤਾਰੇ ਦਾ ਵਰਣਨ ਵੀ ਘੱਟ ਹੈ। ਉਨ੍ਹਾਂ ਬੱਸ ਮਨੁੱਖ ਨੂੰ ਉਪਦੇਸ਼ ਦਿੱਤਾ ਹੈ ਅਤੇ ਕੁਦਰਤ ਦੀ ਥਾਂ ਕਾਦਰ ਦਾ ਵਿਖਿਆਨ ਹੈ। ਇਸ ਦਾ ਕਾਰਨ ਕੁਝ ਵੀ ਹੋਵੇ, ਪਰ ਦੋਹਾਂ ਹੀ ਰਚਨਾਵਾਂ ਤੋਂ ਜਾਹਰ ਹੈ ਕਿ ਪੰਜਾਬ ਵਿਚ ਗਰਮੀ ਦੇ ਮਹੀਨੇ ਦੂਰ-ਦੂਰ ਰਹਿਣ ਦੇ ਮਹੀਨੇ ਹਨ ਜਦਕਿ ਮੱਘਰ ਦਾ ਮਹੀਨਾ ਘੱਟ ਸਰਦੀ ਦਾ ਮਹੀਨਾ ਹੋਣ ਕਰ ਕੇ ਮਿਲਾਪ ਦੇ ਜ਼ਿਆਦਾ ਅਨੁਕੂਲ ਹੈ। ਪੋਹ-ਮਾਘ ਵਿਚ ਸਰਦੀ ਕਾਫੀ ਹੋ ਜਾਂਦੀ ਹੈ ਅਤੇ ਬਹੁਤ ਸਰਦੀ ਦੇ ਦਿਨ ਵੀ ਸਹਿਜ ਜੀਵਨ ਨੂੰ ਉਲਟ ਪ੍ਰਭਾਵਤ ਕਰਦੇ ਹਨ। ਉਨ੍ਹਾਂ ਦਿਨਾਂ ਵਿਚ ਧੁੰਦ ਅਤੇ ਕੋਰਾ ਜੀਵਨ ਵਿਚ ਸਥਿਰਤਾ ਲੈ ਆਉਂਦੇ ਹਨ। ਮੱਘਰ ਇਸੇ ਕਰ ਕੇ ਹੀ ਵਧੀਆ ਮਹੀਨਾ ਹੈ ਕਿਉਂਕਿ ਇਸ ਮਹੀਨੇ ਵਿਚ ਅੰਗ-ਸੰਗ ਬੈਠਣਾ ਚੰਗਾ ਲੱਗਦਾ ਹੈ। ਧਾਰਮਿਕ ਪੱਖੋਂ ਭਗਤੀ, ਸਮਾਧੀ, ਚਿੰਤਨ, ਜੋਗ ਆਦਿ ਲਈ ਵੀ ਇਹ ਮੌਸਮ ਬੇਹਦ ਅਨੁਕੂਲ ਹੁੰਦਾ ਹੈ।

ਪਾਕਿਸਤਾਨੀ ਕਹਾਣੀ

# ਸੱਤ ਖਸਮੀ

ਉਹਦੀ ਮਾਂ ਬਹੁਤ ਬੁਰੀ ਜਨਾਨੀ ਨਹੀਂ ਸੀ ਪਰ ਕਦੀ ਗੱਲਾਂ ਤਾਂ ਬੁਰੀਆਂ ਈ ਕਰਦੀ ਸੀ। ਇਕ ਬੁਰੀ ਗੱਲ ਤਾਂ ਇਹ ਸੀ ਪਈ ਉਹ ਹਰ ਵੇਲੇ ਧੀ ਦਾ ਕੱਦ ਨਾਪਦੀ ਰਹਿੰਦੀ। ਦੂਜੀ ਉਹਨੂੰ ਸਲੂਣਾ ਪਾ ਕੇ ਦੇਣ ਲਈ ਸਭ ਤੋਂ ਨਿੱਕੀ ਕਟੋਰੀ ਕੱਢ ਕੇ ਲਿਆਉਂਦੀ। ਬਾਪ ਤੇ ਭਰਾਵਾਂ ਲਈ ਖੁੱਲ੍ਹੇ ਭਾਂਡੇ ਹੁੰਦੇ। ਸਾਰੀ ਹਾਂਡੀ ਲੱਦ ਦੇ ਉਨ੍ਹਾਂ ਅੱਗੇ ਰੱਖੀ ਜਾਂਦੀ। ਇੰਜ ਭਾਵੇਂ ਮਾਂ ਆਪਣੇ ਲਈ ਓਨਾ ਕੁ ਸਲੂਣਾ ਵੀ ਨਹੀਂ ਸੀ ਬਚਾਉਂਦੀ, ਜਿੰਨਾ ਉਹਨੂੰ ਦਿੰਦੀ ਸੀ ਪਰ ਉਹਨੂੰ ਤਾਂ ਬੁਰਾ ਲਗਦਾ ਸੀ। ਕਿੰਜ ਦਾ ਲੱਗਦਾ ਸੀ? ਉਹ ਇਸ ਉਮਰੇ ਯਾਦ ਨਹੀਂ ਕਰ ਸਕਦੀ। ਗੱਲਾਂ ਉਹਨੂੰ ਸਾਰੀਆਂ ਯਾਦ ਨੇ। ਆਂਡਿਆਂ ਵਾਲੀ ਗੱਲ ਵੀ। ਇਕ ਦਿਨ ਬੜੀ ਠੰਢ ਸੀ। ਘਰ ਵਿਚ ਪੰਜ ਆਂਡੇ ਵੀ ਹੈ ਸਨ ਪਰ ਮਾਂ ਨੇ ਚਾਰ ਈ ਉਬਾਲੇ। ਪਿਉ ਤੇ ਭਰਾਵਾਂ ਨੂੰ ਤਾਂ ਸਾਬਤਾ-ਸਾਬਤਾ ਆਂਡਾ ਦਿੱਤਾ ਪਰ ਉਹਨੂੰ ਆਪਣੇ ਆਂਡੇ ਵਿਚੋਂ ਅੱਧਾ। ਏਸੇ ਤਰ੍ਹਾਂ ਮੁਰੱਬੇ ਵਾਲੀ ਗੱਲ ਸੀ...ਭਰਿਆ ਮਰਤਬਾਨ ਮੰਜੇ ਥੱਲੇ ਪਿਆ ਸੀ। ਪਿਆਲਾ ਭਰ ਕੇ ਉਹ ਦੀ ਮਾਂ ਮੁਰੱਬਾ ਕੱਢਦੀ ਤਾਂ ਉਹਦੇ ਹਿੱਸੇ ਚੱਟਣ ਜੋਗਾ ਸ਼ੀਰਾ ਈ ਆਉਂਦਾ। ਉਹਨੇ ਵੀ ਬਦਲੇ ਦੀ ਚੰਗੀ ਤਰਕੀਬ ਲੱਭ ਲਈ। ਹਰ ਰੋਜ਼ ਝਾੜੂ ਦੇਣ ਲਈ ਮੰਜੇ ਹੇਠ ਵੜ ਦੇ ਕੇ ਚਾਰ ਫਾੜੀਆਂ ਕੱਢ ਕੇ ਖਾ ਜਾਂਦੀ।

**ਅਫਜ਼ਲ ਤੌਸੀਫ**
ਲਿਪੀਅੰਤਰ : ਡਾ. ਸਪਤਾਲ ਕੌਰ

ਇਕ ਦਿਨ ਜਦੋਂ ਮਾਂ ਨੂੰ ਪਤਾ ਲੱਗਾ, ਬਹੁਤ ਸਾਰਾ ਮੁਰੱਬਾ ਖਾਧਾ ਜਾ ਚੁੱਕਾ ਏ, ਤਾਂ ਉਹਨੇ ਚੰਗੀ ਸੁਥਰੀ ਕੀਤੀ। "ਚਲ ਹਉ ਬਾਲੜੀ ਹੈ, ਖਾ ਲਿਆ ਤਾਂ ਕੀ ਹੋਇਆ," ਬਾਪ ਨੇ ਗੱਲ ਟਾਲ ਦਿੱਤੀ। ਪਰ ਮਾਂ ਕਿਵੇਂ ਟਲਣ ਦੇਂਦੀ, "ਜੇ ਏਸੇ ਤਰ੍ਹਾਂ ਖਾਂਦੀ ਪੀਂਦੀ ਰਹੀ ਤਾਂ ਕੱਲ੍ਹ ਨੂੰ ਕੋਠੇ ਜਿੱਡੀ ਹੋ ਖਲੋਣੀ ਏ। ਅੱਠਾਂ-ਨੌਵਾਂ ਸਾਲਾਂ ਦੀ ਕੁੜੀ ਨੂੰ ਇਸ ਗੱਲ ਦੀ ਬਹੁਤੀ ਸਮਝ ਤਾਂ ਕਿਥੋਂ ਆਉਂਦੀ, ਫੇਰ ਵੀ ਉਹ ਸੋਚਦੀ ਰਹੀ, ਉਹ ਕਿਸੇ ਕੋਲੋਂ ਪੁਛਣਾ ਚਾਹੁੰਦੀ ਸੀ, "ਜੇ ਮੈਂ ਕੋਠੇ ਜਿੱਡੀ ਹੋ ਵੀ ਜਾਂ ਤਾਂ ਮਾਂ ਨੂੰ ਕਾਹਦਾ ਡਰ?" ਫੇਰ ਇਕ ਦਿਨ ਤਾਂ ਬਹੁਤ ਹੀ ਪੁੱਛਣ ਵਾਲੀ ਗੱਲ ਮਾਂ ਨੇ ਕਰ ਛੱਡੀ।

ਉਸ ਦਿਨ ਮਾਂ ਨੂੰ ਗੁੱਸਾ ਚੜ੍ਹਾਉਣ ਵਾਲੀਆਂ ਦੋ ਗੱਲਾਂ ਅੱਗੜ-ਪਿੱਛੜ ਹੋ ਗਈਆਂ। ਘਰ ਵਿਚ ਚਾਹ ਦਾ ਇਕੋ-ਇਕ ਸੈਟ ਸੀ, ਜੋ ਪ੍ਰਾਹੁਣਿਆਂ ਲਈ ਕੱਢਿਆ ਜਾਂਦਾ। ਘਰ ਦਿਆਂ ਲਈ ਤਾਂ ਕੋਝੇ ਜਿਹੇ ਚਾਰ ਮੱਘੇ ਈ ਸਨ, ਜਿਨ੍ਹਾਂ ਵਿਚ ਚਾਹ ਪੀਂਦੇ। ਇਥੇ ਵੀ ਉਹਦਾ ਖਿਆਲ ਏ, ਪੰਜਾਂ ਜੀਆਂ ਲਈ ਚਾਰ ਮੱਘੇ ਹੋਣ ਦਾ ਮਤਲਬ ਏ, ਉਹਦੇ ਹਿੱਸੇ ਦਾ ਮੱਘਾ ਕੋਈ ਨਹੀਂ ਸੀ। ਉਹਨੂੰ ਕਿਸੇ ਦੇ ਜੂਠੇ ਮੱਘੇ ਵਿਚ ਚਾਹ ਮਿਲਦੀ। ਚਾਹ ਦੇ ਭਾਂਡੇ ਧੋਣਾ ਉਸੇ ਦੇ ਜ਼ਿੰਮੇ ਸੀ। ਉਸ ਦਿਨ ਕੋਈ ਮਹਿਮਾਨ ਆਏ ਤਾਂ ਬੜਾ ਸਾਂਭ ਕੇ ਰੱਖਿਆ ਸੈਟ ਕੱਢ ਕੇ ਉਨ੍ਹਾਂ ਨੂੰ ਚਾਹ ਭੇਜੀ ਗਈ। ਹਮੇਸ਼ਾਂ ਵਾਂਗ ਪਿਆਲੀਆਂ ਧੋਣ ਬੈਠੀ ਤਾਂ ਖਬਰੇ ਕਿਵੇਂ ਪਿਆਲੀ ਹੱਥੋਂ ਤਿਲਕ ਗਈ ਤਾਂ ਉਹਨੂੰ ਇੰਜ ਲੱਗਾ ਜਿਵੇਂ ਉਹਦਾ ਦਿਲ ਵੀ ਤਿਲਕ ਗਿਆ ਹੋਵੇ। ਇੰਜ ਉਹ ਆਪਣੇ ਆਪ ਵਿਚ ਬਥੇਰੀ ਵੱਡੀ ਸਜ਼ਾ ਸੀ ਪਰ ਮਾਂ ਨੂੰ ਏਡੀ ਸਮਝ ਕਿਥੇ! ਉਹਨੇ ਆਪ ਝਿੜਕਾਂ ਦੇਣ ਤੋਂ ਅੱਡ ਬਾਪ ਕੋਲ ਸ਼ਿਕਾਇਤ ਵੀ ਲਾਈ, "ਕੁੜੀ ਦਾ ਧਿਆਨ ਕੰਮ ਵਿਚ ਨਹੀਂ। ਅੱਜ ਪਿਆਲਾ ਭੰਨੀ ਏ, ਕੱਲ੍ਹ ਨੂੰ ਕੁਝ ਹੋਰ...।"

ਅੱਜ 40-45 ਵਰ੍ਹੇ ਦੀ ਉਮਰੇ ਵੀ ਉਹ ਜਾਣਨਾ ਚਾਹੁੰਦੀ ਏ, ਉਹ ਕਿਹੜੀ ਸ਼ੈਅ ਸੀ ਜਿਹਨੂੰ ਭੱਜੀ ਪਿਆਲੀ ਪਿਛੋਂ ਉਹ ਭੰਨ ਸਕਦੀ ਸੀ। ਮਾਂ ਨੂੰ ਕਾਹਦਾ ਅੰਦੇਸ਼ਾ ਸੀ? ਉਸ ਦਿਨ ਹੋਣ ਵਾਲੀ ਦੂਜੀ ਗੱਲ ਵਿਚ ਮਾਂ ਨੇ ਖਬਰੇ ਉਹੋ ਗੱਲ ਆਖੀ ਸੀ। ਉਹ ਦੂਜੀ ਗੱਲ ਉਸ ਵੇਲੇ ਹੋਈ ਜਦੋਂ ਮਾਂ ਨੇ ਆਪਣਾ ਭਾਰਾ ਜਿਹਾ ਟਰੰਕ ਇਕ ਥਾਂ ਤੋਂ ਦੂਜੀ ਥਾਂ ਰੱਖਣਾ ਸੀ। ਉਹਨੂੰ ਆਪਣੀ ਧੀ ਦੇ ਦਿਲ ਦੀ ਨਰਮੀ ਦਾ ਪਤਾ ਨਹੀਂ ਸੀ ਪਰ ਉਹਦੇ ਨਿੱਕੇ-ਨਿੱਕੇ ਹੱਥਾਂ ਦੀ ਕਮਜ਼ੋਰੀ ਦਾ ਵੀ ਪਤਾ ਨਹੀਂ ਸੀ। ਇਕ ਗੱਲੋਂ ਤਾਂ ਚੰਗਾ ਹੋਇਆ। ਟਰੰਕ ਛੁੱਟ ਕੇ ਡਿੱਗ ਪਿਆ। ਨਹੀਂ ਤਾਂ ਉਹਦੀਆਂ ਉਂਗਲਾਂ ਟੁੱਟ ਜਾਣੀਆਂ ਸਨ। ਪਰ ਸਵਾਹ ਚੰਗਾ ਹੋਇਆ, ਟਰੰਕ ਛੁੱਟ ਕੇ ਮਾਂ ਦੇ ਪੈਰ 'ਤੇ ਲੱਗ ਗਿਆ। ਹਮੇਸ਼ਾਂ ਵਾਂਗ ਡਰ ਨਾਲ ਉਹਦਾ ਦਿਲ ਕੰਬ ਗਿਆ ਪਰ ਮਾਂ ਦੇ ਦਿਲ ਵਿਚੋਂ ਤਾਂ ਜਿਵੇਂ ਫਨੀਅਰ ਨਾਗ ਨਿਕਲ ਪਿਆ, "ਸੱਤ ਖਸਮੀ ਨਾ ਹੋਵੇ ਤਾਂ...।"

ਉਸ ਵੇਲੇ ਉਹਨੂੰ ਇਸ ਗੱਲ ਦੀ ਸਮਝ ਬਿਲਕੁਲ ਨਹੀਂ ਸੀ ਆਈ। ਫੇਰ ਵੀ ਉਹਨੂੰ ਪਤਾ ਜ਼ਰੂਰ ਸੀ ਪਈ ਕੋਈ ਭੈੜੀ ਗੱਲ ਮਾਂ ਦੇ ਮੂੰਹੋਂ ਨਿਕਲੀ ਏ। ਉਸ ਦਿਨ ਉਹਨੇ ਮਾਂ ਕੋਲੋਂ ਨਫਰਤ ਦਾ ਪਹਿਲਾ ਤਜਰਬਾ ਵੀ ਕੀਤਾ। ਇੰਜ ਤੇ ਆਂਡੇ ਵਾਲੀ ਗੱਲ ਵੀ ਬੁਰੀ ਸੀ, ਛੋਲਿਆਂ ਵਾਲੀ ਵੀ ਕਦੋਂ ਚੰਗੀ ਸੀ! ਚੌਲਾਂ ਵਿਚ ਪਾਵਣ ਲਈ ਖਬਰੇ ਕਾਹਦੇ ਲਈ ਉਬਾਲ ਕੇ ਰੱਖੇ ਛੋਲਿਆਂ ਵਿਚੋਂ ਉਹਨੇ ਅੱਧੇ ਕੁ ਛਕ ਲਏ। ਭੁੱਖ ਬੜੀ ਲਗੀ ਸੀ। ਨਾਲੇ ਲੂਣ ਲਾ ਕੇ ਛੋਲੇ ਸਵਾਦੀ ਵੀ ਬੜੇ ਲੱਗੇ। ਗੱਲ ਸੁਣ ਕੇ ਅੱਬਾ ਜੀ ਤਾਂ ਹੱਸ ਪਏ ਸਨ ਪਰ ਮਾਂ ਨੇ ਚੰਗਾ ਕਲੇਸ਼ ਕੀਤਾ। ਅੱਜ ਉਹਨੂੰ ਸਾਰੀਆਂ ਗੱਲਾਂ ਹਾਸੇ ਵਾਲੀਆਂ ਲਗਦੀਆਂ ਪਰ ਉਹ ਸੱਤ ਖਸਮੀ ਉਹਦੇ ਜੀਵਨ ਦਾ ਕਿੱਡਾ ਕੌੜਾ ਸੱਚ ਬਣ ਚੁਕਾ ਏ। ਮਾਂ ਮੋਈ ਨੂੰ ਬੜੇ ਦਿਨ ਹੋ ਗਏ। ਉਹਦੀ ਉਮਰ 20-22 ਵਰ੍ਹੇ ਦੀ ਸੀ। ਮੰਗਣੀ ਨਾ ਵਿਆਹ, ਪਰ ਮਾਂ ਦੇ ਮਰਨ ਪਿਛੋਂ ਖਬਰੇ ਕੀ ਹੋਇਆ, ਉਹਨੇ ਆਪੇ ਕਿਸੇ ਨਾਲ ਵਿਆਹ ਕਰ ਲਿਆ। ਬੜਾ ਈ ਨਿਕੰਮਾ ਬੰਦਾ ਸੀ, ਕੋਤਰ ਸੌ ਬਿਮਾਰੀਆਂ ਲਗੀਆਂ ਹੋਈਆਂ ਸਨ ਉਹਨੂੰ।

"ਫੇਰ ਵੀ ਉਹ ਚੰਗਾ ਸੀ।" ਕਿਉਂ ਜੋ ਉਹਦੇ ਨਾਲ ਜੁੜੀ ਹੋਈ ਕੋਈ ਹੋਰ ਜਨਾਨੀ ਨਹੀਂ ਸੀ। ਉਹਨੂੰ ਪਤਾ ਵੀ ਕੱਖ ਨਹੀਂ ਸੀ ਲਗਦਾ ਉਹ ਕਿੰਜ ਕਰਦੀ ਏ, ਕੀ ਕਰਦੀ ਏ। ਪਰ ਉਹਨੇ ਆਪੇ ਇਕ ਵਫਾਦਾਰੀ ਪਾਲ ਲਈ ਹੋਈ ਸੀ। ਕਈ ਸਾਲ ਕੋਸ਼ਿਸ਼ ਕੀਤੀ, ਉਹ ਠੀਕ ਹੋ ਜਾਵੇ। ਆਪਣੇ ਪੈਸੇ ਨਾਲ ਡਾਕਟਰਾਂ, ਹਕੀਮਾਂ ਕੋਲ ਵੀ ਲੈ ਕੇ ਜਾਂਦੀ ਰਹੀ। ਉਹ ਕੁਝ ਠੀਕ ਹੋ ਵੀ ਗਿਆ, ਪਰ ਦੂਜੇ ਪਾਸਿਓਂ ਖਰਾਬ ਹੋ ਗਿਆ। ਉਹ ਜ਼ਿਹਨੀ ਤੌਰ 'ਤੇ ਕੁਰੱਪਟ ਹੋ ਚੁਕਾ ਸੀ। ਉਹਨੇ ਇਕ ਪੀਰ ਵੀ ਫੜ ਲਿਆ। ਉਹ ਪੀਰ ਮੁੰਡੇ ਪਾਲ ਸੀ। ਆਪਣੇ ਮੁਰੀਦਾਂ ਦੀਆਂ ਕਮਜ਼ੋਰੀਆਂ ਭਾਲ ਲੈਂਦਾ। ਅਕੀਦਾ ਪੱਕਾ ਹੋਣ ਪਿੱਛੋਂ ਸਾਰ ਉਹ ਆਪਣਾ ਕੰਮ ਸ਼ੁਰੂ ਕਰਦਾ। ਪਤਾ ਨਹੀਂ ਉਸ ਪੀਰ ਨੂੰ ਜਨਾਨੀਆਂ ਨਾਲ ਕੀ ਵੈਰ ਸੀ, ਉਨ੍ਹਾਂ ਨਾਲ ਨਫਰਤ ਕਰਦਾ। ਆਪਣੇ ਹਰੇਕ ਮੁਰੀਦ ਨੂੰ ਜਨਾਨੀ ਦੇ ਖਿਲਾਫ ਕਰਨ ਲਈ ਉਹ ਦੋ ਤਰੀਕੇ ਵਰਤਦਾ। ਇਕ ਤਾਂ ਆਮ ਗੱਲ ਸੀ, ਜਨਾਨੀ ਜ਼ਾਤ ਬਾਰੇ ਉਹਦੇ ਛਲ-ਕਪਟ ਤੋਂ ਭੈੜ ਵਾਲੀ ਫਿਤਰਤ ਬਾਰੇ ਉਹਨੇ ਬਥੇਰਾ ਕੁਝ ਆਪੇ ਘੜ ਕੇ ਰਖਿਆ ਹੋਇਆ ਸੀ। ਬੈਠੇ-ਬੈਠੇ ਕਹਾਣੀਆਂ ਕਿੱਸੇ ਬਣਾ ਲੈਂਦਾ। ਜੰਮ ਕੇ ਸੁਣਾਉਂਦਾ। ਦੂਜੇ, ਉਹ ਕਿਸੇ ਵੀ ਜਨਾਨੀ ਦੀ ਜ਼ਾਤ ਵਾਸਤੇ ਅਜਲ ਵਸੇਵੇ ਵਾਲੀਆਂ ਗੱਲਾਂ ਫੁਲਝੜੀਆਂ ਬਣਾ ਕੇ ਛੱਡੀ ਜਾਂਦਾ। ਜ਼ਹਿਰ ਦੀ ਖਾਲ ਬਥੇਰਿਆਂ ਵਿਚ ਪੈਦਾ ਹੋ ਚੁਕੀ ਸੀ।

ਉਸ ਪੀਰ ਦੀ ਸੁਹਬਤ ਨਾਲ, ਖਬਰੇ ਉਹ ਆਪਣੇ ਈ ਮਾੜੇ ਮਾਦੇ ਨਾਲ ਬਣਿਆ ਹੋਇਆ ਸੀ, ਉਹ ਜ਼ਿਹਨੀ ਤੌਰ 'ਤੇ ਕੁਰੱਪਟ ਹੋ ਗਿਆ।

"ਕਿਸ ਤਰ੍ਹਾਂ?" ਮੈਂ ਪੁੱਛਿਆ ਤਾਂ ਉਹ ਚੰਗੀ ਤਰ੍ਹਾਂ ਦੱਸ ਨਾ ਸਕੀ। ਫੇਰ ਵੀ ਜਿੰਨਾ ਕੁ ਉਹਨੇ ਦੱਸਿਆ ਪਈ ਉਹ ਭੈੜੀਆਂ, ਬਹੁਤ ਭੈੜੀਆਂ ਗੱਲਾਂ ਉਹਦੇ ਨਾਲ ਦਿਨ-ਰਾਤ ਕਰਦਾ ਸੀ।

"ਕਿਸ ਤਰ੍ਹਾਂ ਦੀਆਂ ਗੱਲਾਂ? ਕੁਝ ਤਾਂ ਦੱਸ!"

"ਬਸ ਤੂੰ ਇੰਜ ਸਮਝ ਲੈ ਉਹ ਮੈਨੂੰ ਰੋਜ਼ ਈ 'ਸੱਤ ਖਸਮੀ' ਕਹਿੰਦਾ ਸੀ।"

"ਫੇਰ ਕੀ ਹੋਇਆ, ਹੁਣ ਇਹ ਗੱਲਾਂ ਸਹਿ ਕੇ ਵੱਡੀ ਨਹੀਂ ਹੋ ਗਈ ਸੈਂ?"

"ਨਹੀਂ, ਮੈਂ ਅੱਜ ਵੀ ਕਈ ਗੱਲਾਂ ਵਿਚ ਕੱਚੀ ਉਮਰ ਦੀ ਕੁੜੀ ਆਂ। ਅੱਜ ਵੀ ਮੈਨੂੰ ਕੋਈ ਸੱਤ ਖਸਮੀ ਕਹੇ ਤਾਂ ਉਸੇ ਤਰ੍ਹਾਂ ਸੇਕ ਲਗਦਾ ਏ, ਜਿਸ ਤਰ੍ਹਾਂ ਪਹਿਲੀ ਵਾਰ ਮਾਂ ਦੇ ਕਹਿਣ ਨਾਲ ਲੱਗਾ ਸੀ। ਉਦੋਂ ਮੈਨੂੰ ਗੱਲ ਦੇ ਮਤਲਬ ਦਾ ਕੋਈ ਥਹੁ ਪਤਾ ਨਹੀਂ ਸੀ। ਅੱਜ ਜਾਣਦੀ ਹਾਂ ਪਰ ਅੱਜ ਵੀ ਇਸ ਗੱਲ ਨਾਲ ਐਨਾਲਾਇਜ਼ ਨਹੀਂ ਕਰ ਸਕਦੀ। ਇਹ ਮਾਪੇ ਕੁੜੀ ਲਈ ਖਸਮ ਲਭਦੇ ਝੱਲੇ-ਪਾਗਲ ਹੋਏ ਰਹਿੰਦੇ ਨੇ, ਖੁਸ਼ਾਮਦਾਂ ਕਰਦੇ, ਦਾਜ ਦੇ ਕੇ ਅਗਲੇ ਦੇ ਹੱਥ ਫੜਾਉਂਦੇ ਨੇ, ਪਰ ਅਗਲੇ ਕਦਰ ਨਹੀਂ ਪਾਉਂਦੇ ਪਰ ਜੇ ਕੁੜੀ ਆਪ ਕਿਧਰੇ ਦਿਲ ਲਾ ਲਵੇ ਤਾਂ ਗਾਲ੍ਹ, ਬਹੁਤ ਈ ਗੰਦੀ ਗਾਲ੍ਹ ਬਣ ਜਾਂਦੀ ਏ। ਕਿੱਡਾ ਫਰਕ ਏ ਵਿਆਹ ਹੋਣ 'ਚ ਤੇ ਖਸਮ ਕਰਨ ਵਿਚ। ਆਪਣੀ ਮਨ ਮਰਜ਼ੀ ਵਾਲੇ ਨੂੰ ਕਹੇ ਖਿਤਾਬ ਦਿੱਤੇ ਜਾਂਦੇ ਨੇ... ਦੁੱਲ੍ਹਾ ਰਾਜਾ, ਪ੍ਰਾਹੁਣਾ, ਲਾੜਾ, ਪਰ ਜੇ ਕੋਈ ਆਪਣੀ ਮਨ ਮਰਜ਼ੀ ਦਾ ਨਾ ਹੋਵੇ ਤਾਂ 'ਖਸਮ'।"

ਉਹ ਦੇ ਵਾਰ-ਵਾਰ 'ਖਸਮ' ਕਹਿਣ ਤੋਂ ਮੈਨੂੰ ਲੱਗਾ ਇਹ ਲਫਜ਼ ਏਡਾ ਮਾੜਾ ਵੀ ਤੇ ਨਹੀਂ ਪਰ ਹੈ ਵੀ। ਫਾਰਸੀ ਵਿਚ ਤਾਂ ਖਸਮ ਦਾ ਮਤਲਬ ਦੁਸ਼ਮਣ ਹੁੰਦਾ ਏ। ਪੰਜਾਬੀ ਵਿਚ ਆ ਕੇ 'ਦੁਸ਼ਮਣ' 'ਮਾਲਕ' ਬਣ ਜਾਂਦਾ ਏ। ਮਾਲਕ ਤੇ ਦੁਸ਼ਮਣ-ਦੋਵੇਂ ਇਕ ਵੀ ਹੋ ਸਕਦੇ ਨੇ...ਨਹੀਂ?

ਉਹ ਹੱਸ ਪਈ। ਇਥੇ ਆ ਕੇ ਗੱਲ ਮੁੱਕ ਸਕਦੀ ਸੀ ਪਰ ਮੈਂ ਅਜੇ ਮੁੱਕਣ ਨਹੀਂ ਸੀ ਦੇਣਾ ਚਾਹੁੰਦੀ। ਹਾਲੇ ਤਾਂ ਬਥੇਰਾ ਕੁਝ ਰਹਿੰਦਾ ਸੀ। ਉਹ ਭਾਵੇਂ ਨਾ ਦੱਸਣਾ ਚਾਹੁੰਦੀ ਪਰ ਮੈਂ ਜਾਣਨਾ ਜ਼ਰੂਰ ਚਾਹੁੰਦੀ ਸਾਂ। ਉਹਦੇ ਬਾਕੀ ਰਹਿੰਦੇ ਖਸਮ, ਛੇ ਪੂਰੇ, ਕਿਵੇਂ ਆਏ ਤੇ ਕਿਵੇਂ ਹੋ ਗਏ? ਛੇ ਕਹਾਣੀਆਂ ਭਾਵੇਂ ਅਧੂਰੀਆਂ ਈ ਹੋਣ।

"ਅੱਛਾ...ਫੇਰ...ਉਹ ਬਦ ਦੁਆ ਪੂਰੀ ਕਿਵੇਂ ਹੋਈ?"

ਮੈਂ ਉਹਦੇ ਹੱਥ 'ਤੇ ਹੱਥ ਰੱਖ ਕੇ ਬੜੇ ਦੁਲਾਰ ਨਾਲ ਪੁੱਛਿਆ, "ਤੂੰ ਕਹਾਣੀਆਂ ਲਿਖਦੀ ਏਂ ਨਾ? ਸਮਝ ਗਈ ਕਹਾਣੀ ਕਢਵਾਣ ਦੇ ਚੱਕਰ ਵਿਚ ਹੋਵੇਂਗੀ? ਹੈ ਨਾ!" ਉਹਨੇ ਮੇਰੇ ਵਲ ਵੇਖਿਆ।

"ਨਹੀਂ ਕਢਵਾ ਕੇ ਲਿਖੀ ਕਹਾਣੀ ਵੀ ਕੋਈ ਕਹਾਣੀ ਹੋਈ। ਪੁਲਿਸ ਰਿਪੋਰਟ ਵਿਚ ਤੇ ਕਹਾਣੀ ਵਿਚ ਫਰਕ ਹੋਣਾ ਚਾਹੀਦਾ ਏ। ਇੰਜ ਦੀ ਗੱਲ ਤਾਂ ਤੂੰ ਆਪੇ ਛੇੜੀ ਸੀ।" ਉਹਨੇ ਮੰਨਿਆ। ਆਪਣੇ ਮਾਜੀ ਕੋਲੋਂ ਪਿੱਛਾ ਛੁਡਾਉਣ ਲਈ ਉਹ ਅੰਦਰ ਦਾ ਜਮਾ ਬਾਹਰ ਕੱਢ ਸੁੱਟਣਾ ਚਾਹੁੰਦੀ ਏ। ਕਈ ਵਾਰੀ ਕੰਧਾਂ ਨਾਲ ਗੱਲਾਂ ਵੀ ਕਰਦੀ ਰਹਿੰਦੀ, ਪਰ ਕੰਧਾਂ ਦੇ ਕੰਨ ਵੀ ਤਾਂ ਹੁੰਦੇ ਨੇ। ਕੰਧ-ਲਿਖਤ ਦੀਆਂ ਕਹਾਣੀਆਂ ਵੀ ਘੱਟ ਨਹੀਂ ਬਣਦੀਆਂ। ਪਰ ਕਹਾਣੀ ਤਾਂ ਮੇਰਾ ਮਸਲਾ ਸੀ, ਉਹਦਾ ਨਹੀਂ। ਕਿਸੇ ਦੀ ਆਖੀ ਗੱਲ ਨਾਲ ਜਾਂ ਬਦ ਦੁਆ ਨਾਲ ਕੱਖ ਨਹੀਂ ਬਣਦਾ। ਬੰਦੇ ਨਾਲ ਜੋ ਕੁਝ ਹੁੰਦਾ ਏ ਜਾਂ ਨਹੀਂ ਹੁੰਦਾ, ਉਹ ਦੀ ਜ਼ਿੰਮੇਦਾਰੀ ਦਾ ਮਸਲਾ ਤਾਂ ਬਹੁਤ ਈ ਉਲਝਿਆ ਹੋਇਆ ਏ। ਟੁੱਟੇ ਪੱਤੇ ਵਾਂਗ ਬੰਦਾ ਹਵਾਵਾਂ ਵਿਚ ਧੱਕੇ ਧੋੜੇ ਖਾਂਦਾ ਏ, ਕਿਸੇ ਦੀ ਬਦ ਦੁਆ ਨਾਲ ਨਹੀਂ। ਆਪਣੇ ਹੌਲੇ ਹੋਣ ਦੀ ਵਜ੍ਹਾ ਨਾਲ। ਕੁਝ ਇਸੇ ਤਰ੍ਹਾਂ ਦੀ ਗੱਲ ਮੈਨੂੰ ਉਦੋਂ ਵੀ ਲਗੀ। ਉਹ ਸਾਰੇ ਆਦਮੀ ਜੋ ਉਹਦੇ ਖਸਮ ਬਣੇ ਮਾੜੇ ਜਿਹੇ ਸਾਥ ਲਈ, ਮਾੜੀ ਜਿਹੀ ਦਿਲ ਲਗੀ ਲਈ, ਉਹਦੇ ਨੇੜੇ ਆਏ ਹੋਣੇ ਨੇ। ਫੇਰ ਅੱਗੋਂ ਉਹਦੀ ਆਪਣੀ ਕਮਜ਼ੋਰੀ ਸੀ ਪਰ ਉਹਦੇ ਅੰਦਰ ਇਕ ਤਾਕਤ ਵੀ ਸੀ। ਇਸ ਕਮਜ਼ੋਰ ਤੇ ਤਾਕਤ ਵਿਚ ਜੰਗ ਕਦੀ ਖਤਮ ਨਹੀਂ ਹੋਈ। ਇਸ ਜੰਗ ਨੇ ਉਹਦਾ ਕੁਝ ਬਣਨ ਨਾ ਦਿੱਤਾ। ਜਿਥੇ ਕਿਧਰੇ ਕੋਈ ਗੱਲ ਬਣੀ, ਜੰਗ ਦੀ ਅੱਗ ਨੇ ਸਭ ਕੁਝ ਸਾੜ ਸੁੱਟਿਆ। ਉਹਨੇ ਉਸ ਆਦਮੀ ਦੀ ਬੇਇੱਜ਼ਤੀ ਕੀਤੀ, ਉਹਨੂੰ ਘਰੋਂ ਕੱਢਿਆ, ਉਸ ਰਸਤੇ ਨੂੰ ਛੱਡ ਦਿੱਤਾ, ਜਿਥੇ ਉਹਦੇ ਨਾਲ ਸਾਹਮਣਾ ਹੋਣ ਦਾ ਕੋਈ ਅਮਕਾਨ ਹੋ ਸਕਦਾ ਸੀ। ਫੇਰ ਵੀ ਜੇ ਕੋਈ ਲੀਚੜ ਹੋਇਆ ਰਿਹਾ ਤਾਂ ਉਹਨੇ ਮੁਕਾਬਲੇ ਉਤੇ ਕਿਸੇ ਹੋਰ ਨੂੰ ਆਉਣ ਦਿੱਤਾ। ਏਨਾ ਈ ਨਹੀਂ, ਉਹਨੇ ਬਰਾਬਰ ਦਾ ਵਰਤਾਰਾ ਵੀ ਕੀਤਾ। ਜੇ ਕਿਸੇ ਨੇ ਕੁਝ ਖਰਚ ਕੀਤਾ, ਉਹਨੇ ਆਪ ਬਹੁਤਾ ਕਰ ਦਿੱਤਾ। ਇੰਜ ਭਾਵੇਂ ਉਹ ਸਾਰੇ ਈ ਕਿਧਰੇ ਕੰਮ ਗਾਰਤ ਹੋ ਚੁਕੇ ਨੇ ਪਰ ਉਹਨੂੰ ਪੱਕੀ ਆਸ ਏ ਪਈ ਉਨ੍ਹਾਂ ਵਿਚੋਂ ਇਕ ਵੀ ਉਹਨੂੰ ਬੁਰਾ ਨਹੀਂ ਸਮਝਦਾ ਹੋਣਾ। ਮੈਨੂੰ ਲਗਦਾ ਏ, ਨਿਰੀ ਆਸ ਦੀ ਗੱਲ ਵੀ ਨਹੀਂ ਹੋਣੀ। ਜਿਸ ਕਲਾਸ ਦੇ ਉਹ ਬੰਦੇ ਸਨ, ਕਾਗਜ਼ੀ, ਡਰੂ, ਲੋਅਰ-ਮਿਡਲ ਕਲਾਸੀਏ ਬਾਬੂ ਜਾਂ ਏਸ ਤਰ੍ਹਾਂ ਦੇ, ਉਹ ਆਪ ਆਪਣੇ ਆਪ ਨੂੰ ਲੁਕਾਉਣ ਵਾਲੇ ਹੁੰਦੇ ਨੇ। ਫੇਰ ਉਹਨੇ ਕੁਝ ਇਸ ਤਰ੍ਹਾਂ ਦੀ ਗੱਲ ਕੀਤੀ ਵੀ ਸੀ ਪਈ ਆਦਮੀ ਜਨਾਨੀ ਨੂੰ ਨਫਰਤ ਤਾਹੀਉਂ ਕਰਦਾ ਏ ਜਦੋਂ ਉਹਦੇ ਪਿਛੇ ਪੈ ਜਾਵੇ। ਵਿਆਹ ਦੀ ਜ਼ੰਜੀਰ ਗਲ ਵਿਚ ਪਾਵੇ।



ਉਹਦੀ ਇਸ ਤਰ੍ਹਾਂ ਦੀ ਗੱਲ ਨਾਲ ਮੈਂ ਹੱਕੀ ਬੱਕੀ ਰਹਿ ਗਈ ਸਾਂ! ਵਿਆਹ ਨਹੀਂ ਸੀ! ਪਿਆਰ ਵੀ ਨਹੀਂ! ਫੇਰ ਰਿਸ਼ਤਾ ਕੀ ਹੋਇਆ? ਇੰਜ ਮੇਰੇ ਅੰਦਰ ਕਿਧਰੇ ਗੱਲ ਰੜਕਦੀ ਵੀ ਸੀ। ਰਿਸ਼ਤੇ ਨਾਤੇ ਬੰਦੇ ਲਈ ਨਫਾ ਘੱਟ, ਨੁਕਸਾਨ ਬਹੁਤਾ ਲਿਆਏ। ਖਬਰੇ ਇਸ ਕਰਕੇ ਅੱਜ ਬਹੁਤ ਪੁਰਾਣਾ ਤੇ ਬਹੁਤ ਨਵਾਂ ਸਮਾਜ ਇਕੋ ਜਿਹੇ ਲਗਦੇ ਨੇ। ਉਹ ਜ਼ਮਾਨੇ ਜਦੋਂ ਹਾਲੇ ਵਿਆਹ ਤੇ ਇਸ਼ਕ ਦਾ ਕਲਚਰ ਨਹੀਂ ਸੀ ਬਣਿਆ, ਕੋਈ ਜਨਾਨੀ ਆਦਮੀ ਨੂੰ ਫਾਹੁਣ ਲਈ ਦੋਵੇਂ ਹੱਥ ਸੰਗਲ ਚੁੱਕੀ ਨਹੀਂ ਸੀ ਫਿਰਦੀ। ਅੱਜ ਜਦੋਂ ਯੂਰਪ ਵਰਗੇ ਸਮਾਜ ਨੇ ਪੁਰਾਣੀਆਂ ਜ਼ੰਜੀਰਾਂ ਭੰਨ ਤੋੜ ਸੁੱਟੀਆਂ, ਜਨਾਨੀ ਦੇ ਮੋਢੇ ਆਜ਼ਾਦ ਹੋ ਗਏ ਨੇ, ਉਹ ਹੋਰ ਬਥੇਰੇ ਕੰਮ ਕਰਨ ਜੋਗੀ ਹੋ ਗਈ ਏ। ਪਰ ਇਹ ਜਨਾਨੀ, ਜੋ ਇਕ ਬਦ ਦੁਆ ਦੀ ਗੁਲਾਮ ਹੋਈ ਬੈਠੀ ਏ, ਫੇਰ ਵੀ ਮਰਦ ਕੋਲੋਂ ਆਜ਼ਾਦ ਰਹਿਣਾ ਚਾਹੁੰਦੀ ਏ। ਇਹਨੂੰ ਕੋਈ ਕਿੱਧਰ ਰੱਖ ਕੇ ਤੋਲੇ?

ਥੋੜ੍ਹੀ ਦੇਰ ਅਸੀਂ ਦੋਵੇਂ ਸੋਚੀਂ ਪੈ ਗਈਆਂ। ਫੇਰ ਉਹਨੇ ਅੱਖ ਚੁੱਕ ਕੇ ਮੇਰੇ ਵੱਲ ਦੇਖਿਆ, "ਹੋਰ ਚਾਹ?" "ਨਹੀਂ ਬੱਸ!" ਮੈਂ ਜਵਾਬ ਦਿੱਤਾ ਪਰ ਮੇਰੇ ਅੰਦਰ ਉਠਦੇ ਸਵਾਲਾਂ ਦੀ ਬਸ ਬਿਲਕੁਲ ਨਹੀਂ ਸੀ ਹੋਈ। ਭਾਵੇਂ ਉਹਨੇ ਦੂਜੀ ਵਾਰੀ ਚਾਹ ਪੁੱਛ ਕੇ ਛੁੱਟੀ ਦਾ ਅਲਾਰਮ ਵਜਾ ਦਿੱਤਾ ਸੀ ਪਰ ਮੈਨੂੰ ਲਗਦਾ ਸੀ, ਇਸ ਤਰ੍ਹਾਂ ਦੇ ਮਸਲੇ ਉਤੇ ਵਿਚਾਰ ਸਾਂਝੇ ਕਰਨ ਲਈ ਮੈਨੂੰ ਕਦੇ ਵੀ ਕੋਈ ਅਜਿਹਾ ਬੰਦਾ ਨਹੀਂ ਸੀ ਮਿਲਣਾ। ਆਦਮੀਆਂ ਕੋਲੋਂ ਮੈਂ ਆਪੇ ਝਕਦੀ ਰਹਿੰਦੀ ਹਾਂ। ਇੰਜ ਵੀ ਮੈਨੂੰ ਪਤਾ ਏ, ਉਹ ਏਡੀ ਡੂੰਘੀ ਸੋਚ ਦੇ ਮਾਲਕ ਨਹੀਂ ਹੁੰਦੇ। ਜਨਾਨੀ ਦੇ ਤਜਰਬੇ ਨੂੰ ਸਮਝਣ ਲਈ ਤਾਂ ਕਈ ਜਨਮ ਵੀ ਲੈਣ ਤਾਂ ਬਣਨਾ ਕੁਝ ਵੀ ਨਹੀਂ। ਔਰਤਾਂ ਆਪਣੇ ਖਾਸ ਮਸਲਿਆਂ 'ਤੇ ਗੱਲ ਨਹੀਂ ਕਰਦੀਆਂ। ਬਹੁਤਾ ਹੋਇਆ ਤਾਂ ਉਪਰੀ ਜਿਹੀ ਵਾਰਦਾਤ ਨੂੰ ਲਫਜ਼ ਦੇ ਦਿੱਤੇ। ਕਦੇ ਦੁੱਖ ਬਣਾ ਕੇ, ਕਦੇ ਖਾਹਸ਼ ਦੇ ਰੰਗ ਵਿਚ ਰੰਗ ਕੇ ਗੱਲ ਨਹੀਂ ਬਣਦੀ। ਬੜਾ ਈ ਸੋਚ-ਸਮਝ ਕੇ ਮੈਂ ਪੁੱਛਿਆ, "ਹੁਣ ਕਿਸ ਤਰ੍ਹਾਂ ਗੁਜ਼ਰ ਰਹੀ ਏ?"

"ਵੇਲੇ ਦੀ ਗੱਡੀ ਕਿ ਮੇਰੀ ਨਬਜ਼? ਫਿਲਹਾਲ ਤਾਂ ਦੋਵੇਂ ਚੱਲ ਰਹੀਆਂ ਨੇ।" ਉਹ ਹੱਸ ਪਈ।

"ਮੇਰਾ ਮਤਲਬ ਸੀ...।"

"ਮੈਂ ਸਮਝਦੀ ਹਾਂ!" ਉਹਨੇ ਮੇਰੀ ਗੱਲ ਕੱਟ ਕੇ ਆਪਣੇ ਹੱਥ ਲੈ ਲਈ, "ਤੁਹਾਡੇ ਪੁੱਛਣ ਦਾ ਮਤਲਬ ਏ ਉਨ੍ਹਾਂ ਸੱਤਾਂ ਤੋਂ ਬਾਅਦ ਕੋਈ ਅੱਠਵਾਂ ਹੈ ਮੇਰੀ ਜ਼ਿੰਦਗੀ ਵਿਚ?"

ਮੇਰਾ ਮਤਲਬ ਸ਼ਾਇਦ ਏਹੋ ਸੀ ਪਰ ਮੈਂ ਏਡੇ ਭੈੜੇ ਤਰੀਕੇ ਨਾਲ ਨਹੀਂ ਸੀ ਪੁੱਛਣਾ। ਪਰ ਉਹ ਵੱਖਰੀ ਤਰ੍ਹਾਂ ਦੀ ਜਨਾਨੀ ਸੀ। ਮੁਹੱਜ਼ਬ ਹੋਣ ਦੀ ਹਿਪੋਕਰੇਸੀ ਨੂੰ ਚੰਗਾ ਨਹੀਂ ਸੀ ਜਾਣਦੀ। ਉਹਨੇ ਬੜੀ ਜੁਰਅਤ ਨਾਲ ਮੇਰੇ ਸਵਾਲ ਨੂੰ ਬੁੱਝ ਵੀ ਲਿਆ, ਜਵਾਬ ਵੀ ਦਿੱਤਾ, "ਹੁਣ ਮੈਂ ਇਸ ਥਪੇੜੇ ਤੋਂ ਆਜ਼ਾਦ ਹਾਂ ਤੇ ਆਜ਼ਾਦ ਰਹਿਣ ਦਾ ਇਰਾਦਾ ਵੀ ਕੱਚਾ ਨਹੀਂ।"

ਮੈਂ ਉਹਦੇ ਚਿਹਰੇ 'ਤੇ ਨਜ਼ਰ ਮਾਰੀ। ਇਕ ਜਵਾਨ, ਚੰਗੀ ਸ਼ਕਲ ਦੀ ਤੰਦਰੁਸਤ ਜਨਾਨੀ ਮੇਰੇ ਸਾਹਮਣੇ ਬੈਠੀ ਸੀ। ਚਾਲੀ ਤੋਂ ਥੱਲ੍ਹੇ ਈ ਹੋਣੀ ਏ। ਕਿਸਰਾਂ ਹੋ ਸਕਦਾ ਏ? ਉਹਨੇ ਖਬਰੇ ਮੇਰਾ ਸਵਾਲ ਸਮਝ ਲਿਆ। ਆਖਣ ਲੱਗੀ, "ਆਹੋ, ਜੋ ਹੋਣਾ ਸੀ ਹੋ ਚੁਕਾ। ਹੁਣ ਅਗੋਂ ਇਸ ਮਖਲੂਕ ਤੋਂ ਦੂਰ ਈ ਰਹਿਣਾ ਏ। ਆਪਣੀ ਦੁਨੀਆਂ ਚਹੁੰ ਕੰਧਾਂ ਵਿਚ ਘੇਰ ਕੇ ਬੂਹਾ ਬੰਦ ਕਰ ਛੱਡਣਾ ਏ। ਕਿਸੇ ਕੁੱਤੇ-ਬਿੱਲੀ ਨੂੰ ਅੰਦਰ ਨਹੀਂ ਵੜਨ ਦੇਣਾ।"

"ਅੱਛਾ ਕਦੋਂ ਤੋੜੀ?" ਮੈਂ ਪੁੱਛਿਆ।

"ਟਿਲ ਦਾ ਲਾਸਟ" ਉਹਨੇ ਜਵਾਬ ਦਿੱਤਾ।

"ਆਈ ਵਿਸ਼ ਯੂ ਸਕਸੈਸ।" ਮੈਂ ਉਹਨੂੰ ਦੁਆ ਦਿੱਤੀ।

ਕਈ ਸਾਲ ਲੰਘ ਗਏ। ਮੈਨੂੰ ਉਹ ਕਦੇ ਵੀ ਯਾਦ ਨਾ ਆਈ। ਉਂਜ ਵੀ ਮੇਰਾ ਘਰ ਉਹਦੇ ਘਰ ਤੋਂ ਦੂਰ ਹੋ ਗਿਆ ਸੀ। ਥਾਂ ਉਹਨੇ ਈ ਬਦਲੀ ਸੀ। ਫੇਰ ਇਕ ਦਿਨ, ਜਮਾਨੇ ਪਿਛੋਂ ਮੈਂ ਅਨਾਰਕਲੀ ਗਈ। ਪੁਰਾਣੀਆਂ ਯਾਦਾਂ, ਕਈ ਪੁਰਾਣੇ ਲੋਕੀ ਵੀ ਮਿਲ ਪਏ। ਅਜੇ ਸੂਰਜ ਛਿਪਿਆ ਨਹੀਂ। ਜਾਣ-ਪਛਾਣ ਦੇ ਲੋਕ ਹੈ ਨੇ। ਮੇਰੇ ਦਿਲ ਨੂੰ ਤਸੱਲੀ ਜਿਹੀ ਹੋਈ। ਅੱਜ ਕੱਲ੍ਹ ਜ਼ਿੰਦਗੀ ਮੈਨੂੰ ਬੇਇਤਬਾਰੀ ਲੱਗਣ ਲਗ ਪਈ ਏ ਨਾ। ਮੁੜਦੀ ਵਾਰੀ ਸਾਹਮਣਿਓਂ ਆਉਂਦੀ ਉਹ ਮਿਲ ਪਈ। ਚੰਗੀ ਸਜੀ-ਬਣੀ ਹੋਈ ਸੀ। ਨਾਲ ਇਕ ਬੰਦਾ। ਦੋਵੇਂ ਦੁਨੀਆਂ ਤੋਂ ਬੇਖਬਰ ਗੱਲਾਂ ਕਰਦੇ ਆ ਰਹੇ ਸਨ। ਮੇਰੇ ਐਨ ਸਾਹਮਣੇ ਆ ਕੇ ਉਹਨੇ ਅੱਖ ਚੁਕੀ। ਝੱਟ ਜੱਫੀ ਪਾ ਲਈ। ਉਹ ਕੁਝ ਘਾਬਰ ਕੇ ਅਜਿਹਾ ਕਰ ਰਹੀ ਸੀ। ਫਿਰ ਛੇਤੀ ਨਾਲ ਬੰਦੇ ਨੂੰ ਕਹਿਣ ਲੱਗੀ, "ਜੂਸ ਲੈ ਕੇ ਆਓ ਛੇਤੀ।"

"ਜੂਸ ਰਸਤੇ ਵਿਚ?" ਮੈਂ ਉਹਨੂੰ ਡਕਦੀ ਰਹਿ ਗਈ ਪਰ ਉਹ ਚਲਾ ਗਿਆ। ਉਹਦੇ ਜਾਂਦਿਆਂ ਹੀ ਅੱਖ ਮਾਰ ਕੇ ਆਖਣ ਲੱਗੀ, "ਜ਼ਰਾ ਮਗਰੋਂ ਲਾਹਿਆ ਏ। ਗੱਲ ਤਾਂ ਕਰੀਏ। ਇਹ ਰਜ਼ੀ ਏ, ਦੋ ਸਾਲ ਹੋਏ ਮਿਲਿਆ ਸੀ, ਅਸੀਂ 'ਕੱਠੇ ਰਹਿੰਦੇ ਪਏ ਹਾਂ। ਬੜਾ ਈ ਚੰਗਾ ਏ। ਬੜਾ ਈ...।"

"ਅੱਛਾ!" ਮੈਂ ਉਹਦੀਆਂ ਅੱਖਾਂ ਵਿਚ ਵੇਖਿਆ।

"ਉਸ ਬੰਦ ਦਰਵਾਜੇ ਦਾ ਕੀ ਬਣਿਆ ਜੋ ਕੁੱਤੇ-ਬਿੱਲੀਆਂ ਲਈ ਪੱਕਾ ਬੰਦ ਕੀਤਾ ਸੀ?"

ਉਹ ਹੱਸ ਪਈ, "ਇਹ ਬੰਦੇ ਦਾ ਪੁੱਤਰ ਏ। ਮੇਰਾ ਦੋਸਤ ਏ। ਅਸਾਂ ਵਿਆਹ ਨਹੀਂ ਕੀਤਾ ਪਰ ਦੁਨੀਆਂ ਵਾਸਤੇ ਮੀਆਂ-ਬੀਵੀ ਹਾਂ।" ਉਹ ਇਕ ਦਮ ਚੁੱਪ ਕਰ ਗਈ। ਬੰਦੇ ਦਾ ਪੁੱਤਰ ਜੂਸ ਲੈ ਕੇ ਆ ਗਿਆ ਸੀ। ਮੈਨੂੰ ਭੀੜ ਵਿਚ ਖਲੋਣਾ ਚੰਗਾ ਨਹੀਂ ਸੀ ਲੱਗ ਰਿਹਾ। ਮੇਰਾ ਟੈਲੀਫੋਨ ਨੰਬਰ ਉਹਨੇ ਆਪਣੀ ਤਲੀ 'ਤੇ ਲਿਖ ਲਿਆ।

ਕੋਈ ਮਹੀਨੇ ਪਿਛੋਂ ਉਹਦਾ ਫੋਨ ਆਇਆ, "ਤੁਸੀਂ ਆਪਣਾ ਪਤਾ ਦਸੋ, ਮੈਂ ਮਿਲਣ ਆਉਣਾ ਚਾਹੁੰਦੀ ਆਂ।"

ਬੜੇ ਦਿਨ ਲੰਘ ਗਏ ਪਰ ਉਹ ਨਾ ਆਈ, ਨਾ ਮਿਲੀ। ਫੇਰ ਇਕ ਦਿਨ ਅਚਨਚੇਤੀ ਸਾਹਮਣੇ ਆ ਗਈ, "ਮੈਂ ਤੁਹਾਡੇ ਵੱਲ ਆਉਣਾ ਸੀ ਪਰ ਸ਼ਰਮ ਆਉਂਦੀ ਸੀ।"

"ਸ਼ਰਮ? ਮੇਰੇ ਤੋਂ? ਪਰ ਕਾਹਤੋਂ?" ਮੈਂ ਪੁੱਛਿਆ ਤਾਂ ਆਖਣ ਲੱਗੀ, "ਗੱਲ ਈ ਅਜਿਹੀ ਸੀ ਪਰ ਤੁਹਾਨੂੰ ਦੱਸਣੀ ਵੀ ਜ਼ਰੂਰੀ ਏ।"

ਮੈਨੂੰ ਲੱਗਾ ਉਹਨੂੰ ਮਾੜੇ ਜਿਹੇ ਦਿਲਾਸੇ ਦੀ ਲੋੜ ਏ, "ਚੱਲ ਆ ਘਰ ਚਲੀਏ।" ਮੈਂ ਉਹਦੇ ਮੋਢੇ 'ਤੇ ਹੱਥ ਰੱਖ ਦਿੱਤਾ।

ਘਰ ਆ ਕੇ ਵੀ ਉਹ ਰੋਣਹਾਕੀ ਹੋਈ ਮੇਰੇ ਅੱਗੇ ਬੈਠੀ ਰਹੀ। ਮੈਂ ਚਾਹ ਦੀ ਪਿਆਲੀ ਉਹਦੇ ਹੱਥ ਫੜਾ ਕੇ ਉਹਨੂੰ ਮਾੜਾ ਜਿਹਾ ਛੇੜਿਆ, "ਉਸ ਦਿਨ ਵਾਲਾ ਜੂਸ ਤੂੰ ਆਫਰ ਈ ਨਾ ਕੀਤਾ। ਉਹ ਵਿਚਾਰਾ ਬੰਦੇ ਦਾ ਪੁੱਤਰ ਲੈ ਕੇ ਆਇਆ ਤਾਂ ਤੈਨੂੰ ਅਗਾਂਹ ਜਾਣ ਦੀ ਜਲਦੀ ਪੈ ਗਈ।"

"ਹਾਂ ਉਹ। ਮੈਨੂੰ ਪਤਾ ਸੀ, ਤੁਸੀਂ ਰਸਤੇ 'ਤੇ ਖਲੋ ਕੇ ਜੂਸ ਪੀਣਾ ਠੀਕ ਨਹੀਂ ਸਮਝਦੇ।" ਉਹਦੀਆਂ ਅੱਖਾਂ 'ਚੋਂ ਦੋ ਅੱਥਰੂ ਚਾਹ ਦੀ ਪਿਆਲੀ ਵਿਚ ਕਿਰ ਗਏ। "ਉਹ ਹੋ ਮੈਨੂੰ ਤਾਂ ਪਤਾ ਈ ਨਹੀਂ ਸੀ, ਅੱਥਰੂ ਖੋਰ ਕੇ ਚਾਹ ਬਹੁਤੀ ਮਜ਼ੇਦਾਰ ਹੋ ਜਾਂਦੀ ਏ।" ਮੇਰੇ ਕਹਿਣ 'ਤੇ ਉਹ ਰੋਂਦੀ-ਰੋਂਦੀ ਹੱਸ ਪਈ। ਮੀਂਹ ਪੈਂਦੇ ਧੁੱਪ ਨਿਕਲ ਆਵੇ ਤਾਂ ਕਾਲੀ ਗਿੱਦੜੀ ਦਾ ਵਿਆਹ ਹੁੰਦਾ ਏ। ਉਹਨੇ ਪਰਸ 'ਚੋਂ ਰੁਮਾਲ ਕੱਢ ਕੇ ਅੱਥਰੂ ਪੂੰਝ ਲਏ। ਮੈਨੂੰ ਲੱਗਾ, ਉਹ ਕੁਝ ਕਹਿਣਾ ਚਾਹੁੰਦੀ ਏ ਪਰ ਸ਼ੁਰੂ ਨਹੀਂ ਕਰ ਸਕਦੀ। ਸੋ ਮੈਂ ਆਪੇ ਈ ਪੁੱਛਿਆ, "ਕੀ ਹਾਲ ਏ ਤੇਰੇ ਉਹਦਾ? ਮੇਰਾ ਮਤਲਬ ਏ ਬੰਦੇ ਦੇ ਪੁੱਤਰ ਦਾ...?"

"ਪਤਾ ਨਹੀਂ, ਠੀਕ ਈ ਹੋਣਾ ਏ।"

"ਕਿਉਂ, ਉਹ ਤੇਰੇ ਕੋਲ ਨਹੀਂ ਰਹਿੰਦਾ?" ਮੈਂ ਪੁੱਛਿਆ ਤੇ ਉਹ ਚੁੱਪ ਜਿਹੀ ਹੋ ਗਈ, ਫੇਰ ਆਪੇ ਬੋਲਣ ਲਗ ਪਈ, "ਉਹ ਬੰਦੇ ਦਾ ਪੁੱਤਰ ਨਹੀਂ ਸੀ। ਬਗੈਰ ਦੱਸੇ ਪੁੱਛੇ ਕਿਸੇ ਜਨੌਰ ਵਾਂਗ ਨੱਸ ਗਿਆ ਘਰੋਂ। ਪੰਜਾਂ ਸੱਤਾਂ ਦਿਨਾਂ ਪਿਛੋਂ ਕਿਸੇ ਦੇ ਹੱਥ ਆਪਣਾ ਸਮਾਨ ਮੰਗਵਾ ਭੇਜਿਆ। ਮੈਨੂੰ ਤਾਂ ਜਿਵੇਂ ਅੱਗ ਲੱਗ ਗਈ। ਮੇਰਾ ਜੀਅ ਕੀਤਾ, ਬੜਾ ਈ ਜੀਅ ਕੀਤਾ, ਕਿਸੇ ਤਰ੍ਹਾਂ ਇਹ ਅੱਗ ਉਹਨੂੰ ਲੱਗ ਜਾਵੇ। ਕਿਸੇ ਤਰ੍ਹਾਂ ਮੈਂ ਉਹਨੂੰ ਸੜਦੇ ਹੋਏ ਵੇਖਾਂ। ਭਾਵੇਂ ਉਹਦਾ ਪਿੰਡਾ ਈ ਹੋਵੇ, ਕੁਝ ਸੜੇ ਤਾਂ ਸਹੀ...ਮੈਂ ਉਹ ਭਾਂਡੇ ਭੰਨ ਸੁੱਟੇ, ਜਿਨ੍ਹਾਂ ਵਿਚ ਉਹ ਖਾਂਦਾ ਪੀਂਦਾ ਸੀ। ਉਹ ਸਿਰਹਾਣਾ ਸਾੜ ਸੁੱਟਿਆ, ਜਿਸ 'ਤੇ ਸਿਰ ਰੱਖ ਕੇ ਸੌਂਦਾ ਸੀ। ਆਪ ਮੇਰਾ ਦਿਲ ਜਿਵੇਂ ਸੜ ਕੇ ਸਵਾਹ ਹੋ ਗਿਆ ਹੋਵੇ...ਆਹੋ ਵਿਆਹ ਕਰਾਉਂਦਾ ਫਿਰਦਾ ਏ। ਪਰ ਮੈਂ ਉਹਨੂੰ ਇਸ ਜੋਗਾ ਛੱਡਣਾ ਨਹੀਂ। ਸਿਰੋਂ ਮਾਰ ਦੇਣਾ ਏ।"

ਮੈਨੂੰ ਲੱਗਾ ਉਹ ਸੱਚੀਂ-ਮੁੱਚੀਂ ਬਹੁਤ ਔਖੀ ਸੀ। ਉਹਦੇ ਅੰਦਰ ਬਦਲੇ ਦੀ ਅੱਗ ਦਾ ਭਾਂਬੜ ਬਲ ਰਿਹਾ ਸੀ-ਇੰਜਰਡ ਐਂਡ ਇਨਸਲਟਿਡ। ਇਹ ਪਹਿਲੀ ਵਾਰ ਹੋਇਆ ਸੀ। ਖਬਰੇ ਪਹਿਲੀ ਵਾਰੀ ਉਹਨੇ ਬਦ ਦੁਆ ਦੇ ਘੇਰੇ 'ਚੋਂ ਨਿਕਲ ਕੇ ਕਿਸੇ ਮਰਦ ਨੂੰ ਆਪਣਾ ਕੀਤਾ ਸੀ। ਸੱਤ ਖਸਮੀ ਅੱਜ ਉਕਾ ਈ ਉਜੜ ਗਈ ਹੋਈ ਸੀ। ਕੀ ਮਾਂ ਦੀ ਬਦ ਦੁਆ ਨਾਲ?

# ਸ਼ੀਸ਼ਾ ਸਭਨਾਂ ਦਾ ਇੱਕੋ ਜਿਹਾ ਮੀਆਂ...

## ਦੁੱਖ ਪਰਦੇਸਾਂ ਦੇ

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁੱਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਸੇ ਨੂੰ ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਵਿਚ ਉਨ੍ਹਾਂ ਵਡੇਰੀ ਉਮਰੇ ਪਹੁੰਚੇ ਪੰਜਾਬੀਆਂ ਦੀ ਇਲਾਜ ਕੈਨੇਡਾ ਰਹਿ ਕੇ ਕਰਵਾਇਆ ਜਾਵੇ ਜਾਂ ਇੰਡੀਆ ਤੋਂ ਸਸਤੇ ਭਾਅ ਦੀ ਦੁਵਿਧਾ ਦੀ ਗੱਲ ਕੀਤੀ ਹੈ ਅਤੇ ਅਖੀਰ ਨਤੀਜਾ ਇਹੋ ਕੱਢਿਆ ਹੈ ਕਿ ਕੈਨੇਡਾ ਬਿਹਤਰ ਹੈ। -ਸੰਪਾਦਕ***

ਇੱਕ ਦਿਨ ਪੱਤਰਕਾਰ ਤੇ ਲੇਖਕ ਬਲਬੀਰ ਮੋਮੀ ਨਾਲ ਅਗਲੇ ਪਿਛਲੇ ਦੁੱਖਾਂ-ਸੁੱਖਾਂ ਦੀ ਪਟਾਰੀ ਖੁੱਲ੍ਹ ਪਈ, 'ਸਿਹਤ ਕਿਵੇਂ ਆ ਬਈ?'

'ਤਕਰੀਬਨ ਠੀਕ ਈ ਆ।'

'ਤਕਰੀਬਨ ਕਿਵੇਂ ਬਈ? ਚੰਗੀ ਜਾਂ ਮਾੜੀ?'

'ਤਕਰੀਬਨ ਠੀਕ ਐ, ਆਹ ਵਿਚੋਂ ਹੋਰਵੇਂ ਜਿਹੇ, ਹੋਰ ਪਾਸੇ ਤੋਰਾ ਤੋਰ ਦਿੱਤਾ ਈ...।'

'ਬਈ ਸੱਚ ਕਹਿਨਾਂ। ਯਾਦ ਈ, ਜਦੋਂ ਜਵਾਬ ਪੂਰਾ ਠੀਕ ਨਈਂ ਸੀ ਹੁੰਦਾ, ਕਹੀਦਾ ਸੀ, ਮਾਹਟਰ ਜੀ, ਤਕਰੀਬਨ ਠੀਕ ਈ ਐ। ਉਹ ਹੀ ਅੱਜ ਕੱਲ੍ਹ ਸਾਡਾ ਹਾਲ ਈ, ਸਿਹਤ ਪੂਰੀ ਠੀਕ ਨਈਂ। ਤੇਰੀ ਕਿਵੇਂ ਐ?'



'ਸ਼ੀਸ਼ਾ ਸਭ ਦਾ ਇੱਕੋ ਮੀਆਂ ਮੁਹੰਮਦ ਬਖਸ਼ਾ', ਏਦਾਂ ਹੀ ਇੱਕ ਗੁੱਝੀ ਜਿਹੀ ਹਾਜ਼ਰ ਜਵਾਬੀ ਰੇੜ੍ਹ ਗਿਆ। ਦੋਸਤੋ! ਜੇ

**ਪ੍ਰਿੰ. ਬਲਕਾਰ ਸਿੰਘ ਬਾਜਵਾ**
balkarbajwa1935@gmail.com
ਫੋਨ: 647-402-2170

ਜਨਮੇਜਾ ਸਿੰਘ ਜੌਹਲ ਦਾ 'ਕੈਮਰਾ ਚੁੱਪ ਨਹੀਂ' ਤਾਂ ਸ਼ੀਸ਼ਾ ਬਜ਼ੁਰਗਾਂ ਦਾ ਵੀ ਚੁੱਪ ਨਹੀਂ। ਉਸੇ ਤਰ੍ਹਾਂ ਹੀ ਜਿਵੇਂ ਗੁਰਭਜਨ ਗਿੱਲ ਦੀ ਵਾਰਤਕ ਪੁਸਤਕ 'ਕੈਮਰੇ ਦੀ ਅੱਖ ਬੋਲਦੀ' ਹੈ। ਵਡੇਰੀ ਉਮਰੇ ਅਸੀਂ ਇੱਕੋ ਜਿਹੇ ਹੀ ਹਾਲ-ਅਹਿਵਾਲ 'ਚ ਹੁੰਦੇ ਹਾਂ। ਇੱਕੋ ਜਿਹੇ ਸਿਹਤ ਮਸਲੇ, ਮਾਮਲੇ, ਮੁਹਾਂਦਰੇ ਤੇ ਪੈੜ ਚਾਲਾਂ। ਕਿਸੇ ਨੂੰ ਉਚੀ ਸੁਣਨ ਲੱਗ ਪੈਂਦਾ, ਕਿਸੇ ਨੂੰ ਮੋਟੇ ਸ਼ੀਸ਼ੇ ਲੱਗ ਜਾਂਦੇ ਨੇ, ਕਿਸੇ ਦੇ ਗੋਡੇ ਘਸਣ ਕਰਕੇ ਲੱਤਾਂ ਤਿੰਨ ਪਹੀਏ ਟੈਂਪੂ ਵਾਂਗ ਸਾਈਕਲ ਸਟੈਂਡ ਬਣ ਜਾਂਦੀਆਂ ਨੇ, ਕਿਸੇ ਨੂੰ ਸ਼ੱਕਰ ਰੋਗ, ਕਿਸੇ ਨੂੰ ਦਿਲ ਰੋਗ ਅਤੇ ਸਭ ਤੋਂ ਵੱਧ ਆਮ ਘੇਰਨ ਵਾਲਾ ਗਦੂਦ ਰੋਗ (ਪਿਸ਼ਾਬ ਰੋਗ), ਜਿਸ ਦੇ ਅੱਗੋਂ ਕਈ ਕਾਰਨ, ਕਿਸਮਾਂ, ਆਦਿ ਘੇਰ ਲੈਂਦੀਆਂ ਹਨ। ਇਨ੍ਹਾਂ ਨੂੰ ਇੱਕ ਦੂਜੇ ਨਾਲ ਸਾਂਝੇ ਕਰਦਿਆਂ ਪੀੜਾਂ, ਚੀਸਾਂ, ਟੀਸਾਂ ਤੇ ਦੁੱਖ ਘਟਦੇ ਨੇ ਅਤੇ ਸਹਿਣਯੋਗਤਾ ਵਧਦੀ ਹੈ। ਜਦੋਂ ਸਭ ਦੀ ਇੱਕੋ ਜਿਹੀ ਕਹਾਣੀ ਹੋਵੇ, ਬੰਦਾ ਐਵੇਂ ਆਪਣੇ ਨਸੀਬਾਂ ਨੂੰ ਨਹੀਂ ਕੋਸਣ ਲੱਗਦਾ। 'ਦੁੱਖ-ਸੁੱਖ ਨਾਲ ਉਮਰ, ਸਰੀਰਾਂ, ਘਰ ਘਰ ਇਹੋ ਅੱਗ' ਹੋਵੇ ਤਾਂ ਬੰਦਾ ਪੀਰਾਂ, ਫਕੀਰਾਂ, ਬਾਬਿਆਂ, ਡੇਰਿਆਂ, ਮੜੀ ਮਸਾਣਾਂ 'ਤੇ ਮੱਥੇ ਰਗੜਨ ਦੇ ਰਾਹੇ ਨਹੀਂ ਪੈਂਦਾ। ਨਾ ਮਾਇਆ ਰੋੜ੍ਹਦੈ।

'ਕੇਰਾਂ ਮੈਂ ਬਰੈਂਪਟਨ ਦੇ ਇਕ ਹਸਪਤਾਲੋਂ ਨਿਕਲਦਿਆਂ ਇੱਕ ਬਜ਼ੁਰਗ ਨੂੰ ਹਮਦਰਦ ਰਾਈਡ ਦਿੱਤੀ। ਸਿਹਤ ਬਾਰੇ ਆਪਣੀ ਕਥਾ ਸੁਣਾਉਂਦਿਆਂ ਸਿਰ ਉਤਾਂਹ ਚੁੱਕ, ਦੋਵੇਂ ਹੱਥ ਅੱਡ ਕਹਿੰਦਾ, "ਉਹ ਉਪਰਲਾ ਰੱਬ, ਮਾਲਕ ਹੀ ਜਾਣੇ, ਮਿਹਰ ਕਰੇ, ਜਿੰਨੀ ਲਿਖੀ ਹੈ, ਓਨੀ ਹੀ ਭੋਗਣੀ ਹੈ।"

ਮੇਰੇ ਕੋਲੋਂ ਰਹਿ ਨਾ ਹੋਇਆ, "ਜੇ ਉਹਦੇ ਹੱਥ 'ਚ ਹੀ ਸਭ ਕੁਝ ਹੈ ਤਾਂ ਹੁਣ ਹਸਪਤਾਲਾਂ, ਡਾਕਟਰਾਂ ਦੇ ਗੇੜ ਵਿਚ ਆਹ ਬੱਸਾਂ 'ਚ ਕਿਉਂ ਠੇਡੇ ਖਾਂਦਾ ਫਿਰਦੈਂ, ਘਰ ਬੈਠਾ ਹੀ ਉਸ ਮਾਲਕ ਨੂੰ ਧਿਆਈ ਜਾਹ, ਕਿੰਨਾ ਸੌਖਾ ਇਲਾਜ ਏ।"

ਉਹ ਥੋੜ੍ਹਾ ਭਮੱਤਰ ਗਿਆ। ਮੇਰੇ ਵੱਲ ਕੌੜਾ ਜਿਹਾ ਝਾਕੇ। ਲੱਗਾ ਜਿਵੇਂ ਉਹਦੇ ਵਹਿਮਾਂ ਭਰਮਾਂ ਨੂੰ ਇੱਕ ਬਾਦਲੀਲ ਕਰਾਰੀ ਚੋਟ ਲੱਗੀ ਹੋਵੇ।

ਹੁਣੇ ਹੁਣੇ ਹੀ ਇੱਕ ਬੁਢੇਪੇ ਰੋਗ 'ਚੋਂ ਦੀ ਲੰਘਿਆ ਹਾਂ। ਚਿੱਤ ਕਰਦੈ ਆਪਣੇ ਸ਼ੀਸ਼ੇ ਵਰਗੇ ਭਰਾਵਾਂ ਨਾਲ ਆਪਣਾ ਸ਼ੀਸ਼ੇ ਵਾਲਾ ਤਾਜ਼ਾ ਤਾਜ਼ਾ ਅਕਸ ਹੀ ਸਾਂਝਾ ਕਰ ਲਵਾਂ। ਇਹਦੇ ਨਾਲ ਹਮਸਫਰਾਂ ਨੂੰ ਸ਼ਾਇਦ ਕੁਝ ਸੇਧਾਂ, ਕੁਝ ਜਾਣਕਾਰੀ ਮਿਲ ਸਕੇ। ਗਦੂਦ ਰੋਗ (ਗਦੂਦਾਂ ਦਾ ਫੂਲਣਾ) 60 ਕੁ ਸਾਲਾਂ ਬਾਅਦ ਸਭ ਨੂੰ ਹੋ ਹੀ ਜਾਂਦੈ। ਹਰ ਬੰਦੇ ਦੇ ਸੰਸਕਾਰ, ਵਾਤਾਵਰਣ ਉਹਨੂੰ ਕਈ ਕਿਸਮ ਦੇ ਇਲਾਜ ਕਰਨ ਲਾ ਦਿੰਦੇ। ਛੋਟੀ ਤੋਂ ਵੱਡੀ ਮਰਜ ਤੱਕ ਜਿੰਨੇ ਬੰਦੇ, ਓਨੇ ਇਲਾਜ, ਦਵਾ ਦਾਰੂ। ਮਰੀਜ ਨੂੰ ਹਰ ਇੱਕ ਲੁਕਮਾਨ ਹਕੀਮ ਬਣ ਬਹੁੜਦਾ ਹੀ ਨਹੀਂ, ਟਕਰਦੈ ਵੀ ਏ। 'ਸਭ ਸਿਆਣਿਆਂ ਇੱਕੋ ਮੱਤ, ਮੂਰਖ ਆਪੋ ਆਪਣੀ।' ਇਹ ਮੱਤ 'ਕੇਰਾਂ ਤਾਂ ਬੰਦੇ ਨੂੰ ਪਨਸਾਰੀ ਦੀ ਹੱਟੀ ਦੇ ਰਾਹੇ ਤੋਰ ਦਿੰਦੀ ਐ, ਅਤੇ ਦੌਰੀ ਡੰਡਾ ਖੜਕਣ ਲੱਗ ਪੈਂਦੈ। ਝੋਲਾ ਛਾਪ ਡਾਕਟਰਾਂ ਨੂੰ ਵੀ ਅਜ਼ਮਾਉਂਦੈ। ਪੁੱਜਤ ਯੋਗਤਾ ਮੁਤਾਬਕ ਠੇਡੇ ਖਾ ਖੂ ਫਿਰ ਅਖੀਰ ਮਾਹਰ ਡਾਕਟਰਾਂ ਦਾ ਦਰ ਆ ਮੱਲਦੈ। ਉਦੋਂ ਤੱਕ ਕਈ ਵਾਰੀ ਰੋਗ ਕੁਝ ਜ਼ਿਆਦਾ ਹੀ ਵਿਗੜ ਗਿਆ ਹੁੰਦੈ।

ਇੰਡੀਆ ਗਿਆ ਕਾਹਲਾ ਪਰਵਾਸੀ ਤੁਰੰਤ ਇਲਾਜ ਲਈ ਭਾਰਤੀ ਡਾਕਟਰਾਂ ਦੇ ਢਹੇ ਚੜ੍ਹ ਜਾਂਦੈ। ਮੈਂ ਭਾਰਤੀ ਡਾਕਟਰਾਂ ਦੀ ਨਿੰਦਿਆ ਨਹੀਂ ਕਰਦਾ, ਪਰ ਜਿੰਦਾਂ ਦੇ ਉਥੇ ਦੀ ਪੈਸਾ ਬਟੋਰਨੀ ਨਿਜੀ ਦੁਕਾਨਦਾਰੀ ਤੇ ਬਾਜ਼ਾਰੀ ਇਲਾਜਾਂ, ਨਕਲੀ ਦੁਆਈਆਂ, ਗੈਰ ਕਾਨੂੰਨੀ ਫਾਰਮੇਸੀਆਂ, ਲੈਬਾਂ, ਕੱਚ-ਘਰੜ ਝੋਲਾ ਛਾਪ ਡਾਕਟਰਾਂ ਤੇ ਦਵਾਈ ਫਰਮਾਂ ਦੇ ਆਪਸੀ ਕਮਿਸ਼ਨਾਂ ਦੇ ਕਿੱਸੇ ਸੁਣੀਂਦੇ ਹਨ, ਬੰਦਾ ਡਰ ਜਾਂਦੈ। ਚੰਡੀਗੜ੍ਹ ਪੀ. ਜੀ. ਆਈ. ਤੋਂ ਲੈ ਕੇ ਵੱਡੇ ਵੱਡੇ ਨਾਂਵਾਂ ਵਾਲੇ ਨਿਜੀ ਹਸਪਤਾਲ ਕਮਾਲ ਦੇ ਹਨ। ਅਖਬਾਰਾਂ 'ਚ ਉਨ੍ਹਾਂ ਦੇ ਵਿਗਿਆਪਨ ਪੂਰੇ ਪੰਨਿਆਂ 'ਤੇ ਰੋਜ਼ਾਨਾ ਛਾਏ ਹੁੰਦੇ ਨੇ, ਪਰ ਦਿਲ ਨਹੀਂ ਖਲੋਂਦਾ।

ਏਦਾਂ ਦੇ ਇੱਕ ਵੱਡੇ ਹਸਪਤਾਲ 'ਚ ਇੱਕ ਮਿੱਤਰ ਦਾ ਤਜਰਬਾ ਵੀ ਯਾਦ ਸੀ। ਜਿਸ ਦਾ ਇਲਾਜ ਹੋ ਗਿਆ ਪਰ ਕੁਝ ਜ਼ਿਆਦਾ ਹੀ ਵਧੀਆ ਹੋ ਗਿਆ। ਪਿਸ਼ਾਬ ਅਰੋਕ ਚੱਲ ਪਿਆ। ਡਾਇਪਰ ਲਾਉਣੇ ਪਏ। ਕੈਨੇਡਾ ਆ ਕੇ ਮੁੜ ਡਾਕਟਰ ਨੇ ਸਰਜਰੀ ਕਰ ਕੇ ਸੈਟ ਕੀਤਾ। ਸਿਵਿਕ ਹਸਪਤਾਲ, ਬਰੈਂਪਟਨ ਦੀ ਇੱਕ ਜਾਣੂ ਨਰਸ ਦੀਆਂ ਸੁਣਾਈਆਂ ਗੱਲਾਂ ਯਾਦ ਆ ਜਾਂਦੀਆਂ। ਜੇ ਮਿਸਾਲਾਂ ਦੇਣੀਆਂ ਸ਼ੁਰੂ ਕਰਾਂ ਤਾਂ ਨਾਵਲਿਟ ਬਣ ਜਾਵੇਗਾ।


ਦੋ ਕੁ ਸਾਲਾਂ ਤੋਂ ਬੁਢੇਪਾ ਪਿਸ਼ਾਬ ਸਮੱਸਿਆ ਮਹਿਸੂਸ ਹੋ ਰਹੀ ਸੀ। ਐਤਕੀਂ ਇੰਡੀਆ ਜਾ ਰਿਹਾ ਸਾਂ। ਫੈਮਿਲੀ ਡਾਕਟਰ ਨੂੰ ਦਸਿਆ, ਕਹਿੰਦਾ, "ਇੰਡੀਆ ਜਾ ਆ, ਮਾਮੂਲੀ ਜਿਹੀ ਸਰਜਰੀ ਨਾਲ ਮਸਲਾ ਹੱਲ ਹੋ ਜਾਊ।" ਤਕਲੀਫ ਨਾਲ ਦਰ ਗੁਜ਼ਰ ਕਰਦਾ ਰਿਹਾ। ਵਿਚੇ ਖਿਆਲ ਆਵੇ, ਇਥੋਂ ਕਿਸੇ ਚੰਗੇ ਡਾਕਟਰ ਦੀ ਸਲਾਹ ਲੈਣ 'ਚ ਕੀ ਹਰਜ ਐ। ਇੱਕ ਨਿਜੀ ਯੂਰਾਲੋਜੀ ਹਸਪਤਾਲ ਨੇੜੇ ਹੀ ਇੱਕ ਕੋਠੀ 'ਚ ਚੱਲ ਰਿਹਾ ਸੀ। ਦਰ ਜਾ ਹੀ ਖੜਕਾਇਆ। ਹਸਪਤਾਲ ਅੰਦਰ ਇੱਕ ਕੋਨੇ 'ਚ ਦੇਵੀ-ਦੇਵਤਿਆਂ ਦੀਆਂ ਫੋਟੋਆਂ ਤੇ ਮੂਰਤੀਆਂ ਅੱਗੇ ਧੂਫ ਬੱਤੀਆਂ ਨੇ ਮੱਥਾ ਠਣਕਾਇਆ। ਵਿਗਿਆਨੀ ਡਾਕਟਰ ਹੋਵੇ ਤੇ ਆਹ ਵਿਸ਼ਵਾਸ, ਦੋਵੇਂ ਇਕੱਠੇ! ਘਰ ਜੋ ਮਰਜੀ ਕਰੋ, ਹਸਪਤਾਲ 'ਚ ਇਹਦਾ ਵਿਖਾਲਾ ਕਿਉਂ! ਉਵੇਂ ਹੀ ਜਿਵੇਂ ਬਾਜ਼ਾਰ ਦੀਆਂ ਦੁਕਾਨਾਂ ਤੇ ਸ਼ੋਅਰੂਮਾਂ 'ਚ ਵੇਖੀਦੈ।

ਕੁਝ ਮਰੀਜ ਅਤੇ ਉਨ੍ਹਾਂ ਦੇ ਪਰਿਵਾਰ ਰਿਸੈਪਸ਼ਨ 'ਚ ਬੈਠੇ ਸਨ। ਫਿਰੋਜ਼ਪੁਰ ਵੱਲ ਦਾ ਇੱਕ ਚੰਗਾ ਖਾਂਦਾ-ਪੀਂਦਾ ਕਿਸਾਨ ਪਰਿਵਾਰ ਲੱਗਦਾ ਸੀ। ਚਿੱਟੇ ਚਾਦਰਿਆਂ, ਪਜਾਮਿਆਂ ਵਾਲੇ ਭਊ ਅਤੇ ਸੋਨੇ ਦੇ ਕੜੇ, ਛਾਪਾਂ-ਚੂੜੀਆਂ ਤੇ ਕੋਕਿਆਂ ਵਾਲੀਆਂ ਬੀਬੀਆਂ। ਉਹ ਆਪਣੀ ਮਰੀਜ ਬੀਬੀ ਦਾ ਹਾਲ-ਚਾਲ ਪੁੱਛਣ ਵਿਚ ਨੱਠ-ਭੱਜ ਰਹੇ ਸਨ। ਨਰਸ ਬਾਹਰ ਬਿਠਾਉਂਦੀ, ਉਹ ਮੁੜ ਮਰੀਜ ਕੋਲ ਜਾ ਖੜ੍ਹਦੇ। ਕੋਈ ਘੰਟੇ ਕੁ ਪਿੱਛੋਂ ਡਾਕਟਰ ਗੇਟ ਦੇ ਨਾਲ ਬਣੇ ਆਪਣੇ ਕੈਬਿਨ ਵੱਲ ਜਾਂਦਾ ਨਜ਼ਰੀਂ ਪਿਆ। ਸ਼ਾਇਦ ਆਪਣੀ ਉਪਰਲੀ ਰਿਹਾਇਸ਼ 'ਚੋਂ ਚਾਹ ਪਾਣੀ ਪੀ ਕੇ ਉਤਰਿਆ ਸੀ। ਪੰਜ ਕੁ ਵਜੇ ਸਨ। ਰਿਸੈਪਸ਼ਨਿਸਟ ਨਰਸ ਤੋਂ ਇਸ਼ਾਰਾ ਮਿਲਿਆ ਅਤੇ ਡਾਕਟਰ ਕੋਲ ਜਾ ਹਾਜ਼ਰ ਹੋਇਆ। ਸਮੱਸਿਆ ਦੱਸੀ। ਉਹਨੇ ਮੇਰੀ ਪ੍ਰਾਈਵੇਸੀ ਦਾ ਮੌਕਾ ਵਿਖਾਉਣ ਲਈ ਕਿਹਾ। ਬੈਟਰੀ ਮਾਰ ਅੱਖ ਦੇ ਫਲਕਾਰੇ ਵਿਚ ਬੋਲਿਆ, "ਕੱਲ ਆ ਜਾਓ, ਸਰਜਰੀ ਕਰ ਦਿਆਂਗਾ। 20 ਹਜ਼ਾਰ ਲੱਗੂ ਤੇ ਸ਼ਾਮ ਤੱਕ ਛੁੱਟੀ ਮਿਲ ਜਾਊ।"

ਇੱਕ ਵਾਰੀ ਤਾਂ ਹੱਥ 'ਤੇ ਸਰੋਂ ਜੰਮਦੀ ਜਾਪੀ। ਮਨ ਕਰੇ ਇਹ ਕੰਮ ਮੁਕਾ ਹੀ ਚੱਲੀਏ। ਕਿਤੇ ਕੈਨੇਡਾ ਜਾ ਕੇ ਕੋਈ ਲੰਮਾ ਚੱਕਰ ਹੀ ਨਾ ਪੈ ਜਾਵੇ। ਵੇਟਿੰਗ ਬੜੀ ਹੈ। ਚਾਰ ਕੁ ਸੌ ਡਾਲਰ ਦੀ ਹੀ ਤਾਂ ਗੱਲ ਏ।

ਸੋਚਦਾ ਰਿਹਾ। ਸਨੇਹੀਆਂ ਵੱਲੋਂ ਦੱਸੀਆਂ ਦਵਾਈਆਂ ਵੀ ਵਰਤੀਆਂ, ਪਰ ਬੇਫਾਇਦਾ। ਇੱਕ ਫਾਰਮੇਸੀ ਵਾਲੇ ਨੇ ਇੱਕ ਦਵਾਈ ਦੇ ਕਈ ਗਰੇਡਾਂ ਅਤੇ ਵੱਖ ਵੱਖ ਮੁੱਲ ਦੀਆਂ ਦਵਾਈਆਂ ਦਾ ਦਾਜ ਵਾਂਗ ਵਿਖਾਲਾ ਪਾ ਧਰਿਆ। ਇਸ ਵਰਤਾਰੇ ਦੇ ਸੰਨ੍ਹ ਮਨ ਨਾ ਟਿਕਿਆ-ਨਾ ਡਾਕਟਰ 'ਤੇ, ਨਾ ਫਾਰਮੇਸੀਆਂ/ਲੈਬਾਂ 'ਤੇ। ਇਸ ਤੋਂ ਪਹਿਲਾਂ ਇੱਕ ਸਕਿੱਨ ਡਾਕਟਰ ਅਤੇ ਕੁਝ ਡੈਂਟਿਸਟਾਂ ਦਾ ਹੱਥ ਵੇਖ ਚੁਕਾ ਸਾਂ। ਫੀਸਾਂ ਅਤੇ ਹਸਪਤਾਲੀ ਮਾਹੌਲ 'ਚ ਵੀ ਅੰਤਰ ਬੜੇ ਸਨ। ਇਨ੍ਹਾਂ ਦੇ ਮਿਲੇ-ਜੁਲੇ ਜਿਹੇ ਤਜਰਬੇ ਜ਼ਿਹਨ 'ਚ ਇੱਕ ਘੜਮੱਸ ਜਿਹਾ ਪਾ ਦਿੰਦੇ। ਘਰਵਾਲੀ ਜੋ ਪਹਿਲਾਂ ਹੀ ਕੈਨੇਡਾ ਤੋਂ ਸਫਰ ਦੀਆਂ ਦਵਾਈਆਂ ਵਾਲਾ ਵਾਹਵਾ ਭਾਰਾ ਬੈਗ ਚੁੱਕੀ ਫਿਰਦੀ ਸੀ, ਜਦੋਂ ਇਥੇ ਕਿਸੇ ਮਾੜੀ ਮੋਟੀ ਅਹੁਰ 'ਚ ਪੀੜਤ ਹੋ ਜਾਂਦੀ ਤਾਂ ਨਿਜੀ ਡਾਕਟਰ ਟੈਸਟਾਂ, ਦਵਾਈਆਂ ਦੀ ਇੱਕ ਲੰਮੀ ਸੂਚੀ ਫੜ੍ਹਾ ਦਿੰਦੇ। ਲੈਬਾਂ, ਦਵਾਈਆਂ ਬਾਰੇ ਅਖਬਾਰਾਂ 'ਚ ਡਰਾਉਣੇ ਜਿਹੇ ਚਰਚੇ ਡਰਾ ਦਿੰਦੇ। ਫਸਿਆਂ ਨੂੰ ਫਟਕਣ ਕੀ ਆਖ! ਦਵਾਈਆਂ ਕਾਫੀ ਮਿਕਦਾਰ ਤੇ ਉਚੀ ਡਿਗਰੀ ਵਾਲੀਆਂ ਹੁੰਦੀਆਂ। ਜਿਨ੍ਹਾਂ ਨਾਲ ਉਹ ਕਈ ਵਾਰੀ ਰਾਤ ਤੜਫਦਿਆਂ ਕੱਟਦੀ।

ਕੋਠੀ ਲੱਗਿਆਂ ਨੂੰ ਇੱਕ ਇਹ ਵੀ ਸੰਤਾਪ ਭੋਗਣਾ ਪੈਂਦੈ। ਲੁਧਿਆਣਾ ਦਾ ਪ੍ਰਦੂਸ਼ਣ ਤਾਂ ਚੰਗੇ ਭਲੇ ਬੰਦੇ ਨੂੰ ਮੰਜੇ 'ਤੇ ਪਾ ਦਿੰਦੈ। ਪੰਜਾਬ ਆਈ ਬੀਬੀ ਵਿਚਾਰੀ ਨੇ ਨੂੰਹਾਂ, ਪੁੱਤਾਂ ਲਈ ਘੁਮਾਰ ਮੰਡੀ ਦੇ ਸ਼ੋਅ ਰੂਮਾਂ ਅਤੇ ਬੁਟੀਕਾਂ 'ਚ ਵੀ ਜਾਣਾ ਹੁੰਦਾ ਸੀ। ਢਿੱਲੀ ਹੋਣ 'ਤੇ ਮੈਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ।



ਅਖੀਰ ਦਿਨ ਗਿਣਦਿਆਂ, ਸੁਖੀ ਸਾਂਦੀ ਕੈਨੇਡਾ ਆ ਗਏ। ਆਪਣੇ ਸਰੀਰਕ ਰੋਗ ਦੀਆਂ ਅਪੁਆਇੰਟਮੈਂਟਾਂ ਬੱਚਿਆਂ ਕੋਲੋਂ ਪਹਿਲਾਂ ਹੀ ਬਣਵਾਈਆਂ ਹੁੰਦੀਆਂ। ਇਹ ਚੱਕਰ ਦੋਹੀਂ ਥਾਂਈਂ ਇਲਾਜ ਦਾ ਬੜੇ ਕਮਾਲ ਦੀ ਤੁਲਨਾ ਕਰਾਉਂਦਾ ਰਹਿੰਦਾ।

ਮੈਂ ਤਾਂ ਪਿਸ਼ਾਬ ਮਰਜ ਤੋਂ ਛੇਤੀ ਤੋਂ ਛੇਤੀ ਛੁਟਕਾਰਾ ਪਾਉਣਾ ਚਾਹੁੰਦਾ ਸਾਂ। ਅਪੁਆਇੰਟਮੈਂਟਾਂ ਲੰਮੀਆਂ ਜ਼ਰੂਰ ਸਨ, ਪਰ ਜਿਸ ਸਲੀਕੇ ਅਤੇ ਤਰੀਕੇ ਨਾਲ ਡਾਕਟਰ ਤੇ ਹਸਪਤਾਲੀ ਸਿਸਟਮ ਚੱਲਦੈ, ਉਹ ਤਾਂ ਇੱਕ ਵਾਰੀ ਪੂਰੀ ਸੰਤੁਸ਼ਟੀ ਕਰਾ ਦਿੰਦੈ। ਤਿੰਨ ਕੁ ਮਹੀਨਿਆਂ ਦੀਆਂ ਅਰੰਭਕ ਅਪੁਆਇੰਟਾਂ ਪਿੱਛੋਂ ਮੇਰੀ ਸਰਜਰੀ ਦਾ ਦਿਨ ਆ ਢੁੱਕਾ। ਇੱਕ ਪੂਰਵ ਮਿਲਣੀ 'ਚ ਡਾਕਟਰ ਇਬਰਾਹੀਮ ਅਸਲਮ ਵੇਖ ਕੇ ਕਹਿੰਦਾ, "ਤੁਹਾਡੇ ਅਸਲ ਮਸਲੇ ਦੇ ਹੱਲ ਲਈ ਪਹਿਲਾਂ ਇੱਕ ਹੋਰ ਸਰਜਰੀ ਕਰਨੀ ਪਏਗੀ। ਸੁਰਾਖ ਬਹੁਤਾ ਹੀ ਭੀੜਾ ਹੈ। ਸਿਸਥੋਸਕੋਪੀ ਕਰਨ ਲਈ ਪਾਈਪ ਅੰਦਰ ਨਹੀਂ ਜਾ ਰਹੀ।"

ਮੈਂ ਕਿਹਾ, "ਡਾਕਟਰ ਸਾਹਿਬ ਅੱਜ ਹੀ ਕਰ ਦਿਉ। ਮੈਂ ਤਕੜਾਂ। ਦੋਹਾਂ ਗੋਡਿਆਂ ਦੇ ਇਲਾਜ ਇੱਕੋ ਵਾਰੀ ਕਰਾ ਕੇ ਜੌੜੇ ਹੀ ਜੰਮ ਧਰੇ ਸਨ।"

ਡਾਕਟਰ ਗੁੱਝੇ ਜਿਹੇ ਮਸ਼ਕੂਲੇ ਨਾਲ ਕਹਿੰਦਾ, "ਜੇ ਇਹ ਦੋ ਹੁੰਦੇ ਤਾਂ ਇਨ੍ਹਾਂ ਦਾ ਵੀ ਇੱਕੋ ਵਾਰੀ ਕਰ ਦਿੰਦਾ।" ਕੋਲ ਖੜ੍ਹੀਆਂ ਨਰਸਾਂ ਮੁਸਕਰਾ ਪਈਆਂ। "ਇਸ ਵਾਸਤੇ ਹੁਣ ਤੁਹਾਨੂੰ ਪਹਿਲਾਂ ਮੇਰੇ ਕਿਸੇ ਹੋਰ ਵਿਭਾਗ ਦੀ ਅਪੁਆਇੰਟਮੈਂਟ ਮਿਲੇਗੀ।" ਸੋਚਦਾ ਸੀ, ਚੰਗਾ ਬਚੇ। ਲੁਧਿਆਣੇ ਵਾਲੇ ਨੇ ਤਾਂ ਪੈਸੇ ਵੱਟ, ਚੀਰ-ਫਾੜ ਕਰ ਤੋਰ ਦੇਣਾ ਸੀ। 'ਅੱਗੇ ਤੇਰੇ ਭਾਗ ਲੱਛੀਏ' ਵਾਂਗ ਅਗਲੀ ਸਮੱਸਿਆ ਪਿਆ ਭੁਗਤੀਂ।

ਸਰਜਰੀ ਵਾਲੇ ਦਿਨ ਆਪਣੀ ਸਾਥਣ ਨੂੰ ਨਾਲ ਲੈ ਘੰਟਾ ਪਹਿਲਾਂ ਹੀ ਵਾਰੀ ਜਾ ਮੱਲੀ। ਹਰ ਪੈਰ 'ਤੇ ਏਥੇ ਦਾ ਹੈਲਥ ਸਿਸਟਮ ਆਪਣੀ ਉਚੇਰੀ ਵਿਲੱਖਣਤਾ ਅਤੇ ਮੁਹਾਰਤ ਜਾਹਰ ਕਰਦਾ। ਪ੍ਰੀਸਰਜਰੀ ਅਪੁਆਇੰਟਮੈਂਟ ਵਿਚ ਬਲੱਡ, ਈ. ਸੀ. ਜੀ. ਤੇ ਐਲਰਜੀ ਵਗੈਰਾ ਦੇ ਟੈਸਟ ਹੋਏ। ਰਿਪੋਰਟਾਂ ਤਿਆਰ ਹੋ ਕੰਪਿਊਟਰ 'ਤੇ ਚੜ੍ਹ ਗਈਆਂ। ਸਰਜਰੀ ਵਾਲੇ ਦਿਨ ਸਰਜਰੀ ਵਿਭਾਗ ਵਿਚ ਬਹੁ ਸਭਿਆਚਾਰੀ, ਬਹੁਕੌਮੀ ਲੋਕ ਚੈਕ-ਇਨ ਹੋ ਰਹੇ ਸਨ। ਵਾਲੰਟੀਅਰ ਨਰਸਾਂ ਬੜੇ ਸੋਹਣੇ ਤੇ ਨਿਮਰ ਤਰੀਕੇ ਤੇ ਸਲੀਕੇ ਨਾਲ ਵੱਖ ਵੱਖ ਡੈਸਕਾਂ 'ਤੇ ਬਿਠਾ ਦਿੰਦੀਆਂ। ਇੱਕ ਡੈਸਕ ਵਾਲੀ ਨੇ ਫਿਰ ਇੱਕ ਵਾਰੀ ਸਭ ਕੁਝ ਵੇਖਿਆ ਤੇ ਇੰਟਰਾ-ਵੀਨਸ ਸੂਈ ਦਾ ਜੁਗਾੜ ਫਿੱਟ ਕਰ ਦਿੱਤਾ। ਘੰਟੇ ਕੁ ਪਿੱਛੋਂ ਸਬੰਧਤ ਬੈਡ 'ਤੇ ਗੁਲੂਕੋਜ਼ ਲਾ ਦਿੱਤੀ। ਡਾ. ਅਸਲਮ ਆਇਆ, ਦੱਸਿਆ ਕਿ ਅੱਜ ਦੋਵੇਂ ਕੰਮ ਹੋ ਜਾਣਗੇ। ਉਹਦਾ ਸਹਾਇਕ ਅਨੈਸਥੇਸੀਏ ਬਾਰੇ ਦੱਸ ਗਿਆ। ਇੱਕ ਸਮਾਰਟ ਗੋਰੀ ਨਰਸ ਐਨਾ ਆਪਣੀ ਜਾਣ-ਪਛਾਣ ਦੇ ਕੇ ਹੋਰ ਹਦਾਇਤਾਂ ਵੀ ਦੇ ਗਈ।

ਪੌਣੇ ਕੁ ਘੰਟੇ 'ਚ ਐਨ ਸਰਜਰੀ ਲਾਈਟਾਂ ਹੇਠ ਪਹੁੰਚ ਗਿਆ। ਮੂੰਹ 'ਤੇ ਮਾਸਕ ਲੱਗਣ ਪਿਛੋਂ ਪਤਾ ਉਦੋਂ ਲੱਗਾ ਜਦੋਂ ਸਭ ਕੁਝ ਹੋ ਚੁਕਾ ਸੀ। ਅੱਖ ਖੁੱਲ੍ਹਣ 'ਤੇ ਨਰਸ ਨੂੰ ਪੁੱਛਿਆ, "ਸਰਜਰੀ ਹੋ ਗਈ ਐ?"

"ਸਭ ਕੁਝ ਹੋ ਗਿਐ। ਹੁਣ ਤੁਹਾਨੂੰ ਰਿਕਵਰੀ ਰੂਮ 'ਚ ਲਿਜਾਇਆ ਜਾ ਰਿਹੈ।"

ਪਿਸ਼ਾਬ ਦੀ ਹਾਜਤ ਹੋਈ। ਪਿਸ਼ਾਬ ਕਰਦਿਆਂ ਨਿਗਾਹ ਪਈ। ਵਾਕਿਆ ਹੀ ਚਮਤਕਾਰ ਹੋ ਚੁਕਾ ਸੀ। ਨਾਲੋ ਨਾਲ ਪੂਰੇ ਅਮਲ ਦੌਰਾਨ ਇਸ ਸਾਰੇ ਸਿਸਟਮ ਦੀ ਤੁਲਨਾ ਲੁਧਿਆਣੇ ਵਾਲੇ ਹਸਪਤਾਲ ਨਾਲ ਹੋਈ ਗਈ। ਰਿਕਵਰੀ ਰੂਮ 'ਚ ਨਰਸ ਨੇ ਜੂਸ ਦਿੱਤਾ। ਮੂੰਹੋਂ ਨਿਕਲਿਆ, "ਯੂ ਡਾਕਟਰ, ਆਰ ਰੀਅਲੀ ਏਂਜਲਜ਼ (ਫਰਿਸ਼ਤੇ) ਹੋ ਧਰਤੀ 'ਤੇ।"

ਲੋਕ ਐਵੇਂ ਰੱਬ ਪੱਥਰਾਂ 'ਚੋਂ ਭਾਲਦੇ ਫਿਰਦੇ ਨੇ। ਇਹ ਜੇ ਅਸਲ ਮਾਨਵ ਸੇਵਾ। ਪਖੰਡੀ ਸਾਧੂ, ਬਾਬੇ ਤਾਂ ਐਵੇਂ ਲੋਕਾਂ ਨੂੰ ਦੋਜ਼ਖ, ਨਰਕ ਦੇ ਡਰਾਵੇ ਦੇ ਦੇ ਠੱਗੀ ਜਾ ਰਹੇ ਹਨ। ਹਸਪਤਾਲ ਹਨ, ਅਸਲ ਰੱਬ ਦੇ ਘਰ! ਜਿਹੜੇ ਮਾਨਵਤਾ ਨੂੰ ਜੀਵਨ ਦਾਨ ਦਿੰਦੇ ਹਨ ਤੇ ਦੁੱਖ ਨਿਵਾਰਨ ਕਰਦੇ ਹਨ। ਜੇ ਕੋਈ ਸਾਡੀ ਕਮਾਈ ਦੇ ਦਸਵੰਧ ਦਾ ਹੱਕਦਾਰ ਹੈ ਤਾਂ ਉਹ ਹਸਪਤਾਲ ਹਨ।

2009-10 ਦੀ ਭਾਰਤ ਫੇਰੀ ਦੌਰਾਨ ਮੇਰੀ ਪਤਨੀ ਦੇ ਪੈਰਾਂ ਤੇ ਲੱਤਾਂ 'ਚ ਸੋਜ ਆਈ ਦੇਖੀ। ਸੋਚਿਆ ਸ਼ਾਇਦ ਸਫਰ ਦੌਰਾਨ ਲੱਤਾਂ ਲਮਕਾ ਕੇ ਬੈਠਿਆਂ ਆਈ ਹੋਵੇ। ਪਹੁੰਚਣ ਪਿੱਛੋਂ ਵੀ ਹਟੀ ਨਾ ਸਗੋਂ ਵਧਦੀ ਜਾਪੀ। ਚੰਡੀਗੜ੍ਹ ਦੀ ਫੇਰੀ ਦੌਰਾਨ ਪੀ. ਜੀ. ਆਈ. ਦੇ ਇਕ ਡਾਕਟਰ ਨੂੰ ਵਿਖਾਉਣ ਲਈ ਸੁਧਾਰ ਦੇ ਇੱਕ ਪੁਰਾਣੇ ਦੋਸਤ ਫਾਰਮਾਸਿਸਟ ਦੀ ਤਜਵੀਜ਼ 'ਤੇ ਅਮਲ ਕੀਤਾ। ਉਹ ਉਦੋਂ ਸੁਧਾਰ ਪ੍ਰਾਇਮਰੀ ਹੈਲਥ ਸੈਂਟਰ ਵਿਚ ਫਾਰਮਾਸਿਸਟ ਸੀ। ਚੰਡੀਗੜ੍ਹ ਉਹ ਆਇਆ ਹੀ ਐਮ. ਫਾਰਮੇਸੀ ਕਰਨ ਸੀ। ਡਰੱਗ ਇੰਸਪੈਕਟਰ ਵਜੋਂ ਪੰਜਾਬ ਸਰਕਾਰ ਦੀ ਨੌਕਰੀ ਤੋਂ ਸੇਵਾ ਮੁਕਤ ਹੋ ਚੰਡੀਗੜ੍ਹ ਹੀ ਸੈਟਲ ਹੋ ਚੁਕਾ ਸੀ। ਅੱਜ ਕੱਲ੍ਹ ਚੰਡੀਗੜ੍ਹ ਇੱਕ ਫਾਰਮੇਸੀ ਵਿਚ ਕੰਮ ਕਰ ਰਿਹਾ ਹੈ। ਕਈ ਟੈਸਟ ਕਰਾਏ। ਦਵਾਈਆਂ ਲਈਆਂ ਪਰ ਕੋਈ ਫਾਇਦਾ ਨਾ ਹੋਇਆ।

ਲੁਧਿਆਣੇ ਆਏ ਤਾਂ ਇੱਕ ਰਿਸ਼ਤੇਦਾਰ ਨੇ ਡੀ. ਐਮ. ਸੀ. ਦੇ ਇੱਕ ਮਾਹਰ ਡਾਕਟਰ ਦੀ ਦੱਸ ਪਾਈ। ਹਸਪਤਾਲ ਦੇ ਚੱਕਰ 'ਚੋਂ ਬਚਣ ਲਈ ਉਸ ਨੂੰ ਨਿਜੀ ਤੌਰ 'ਤੇ ਮਿਲਣਾ ਬਿਹਤਰ ਸਮਝਿਆ। ਉਹ ਸਰਾਭਾ ਨਗਰ ਦੇ ਬੜੇ ਪੋਸ਼ ਏਰੀਏ ਵਿਚ ਆਪਣੀ ਮਹੱਲ ਜਿੱਡੀ ਕੋਠੀ 'ਚ ਹੀ ਪ੍ਰੈਕਟਿਸ ਕਰਦਾ ਸੀ। ਉਹਨੇ ਕੁਝ ਟੈਸਟਾਂ ਦੇ ਨਾਲ ਨਾਲ ਕੁਝ ਦਵਾਈਆਂ ਲਿਖ ਦਿੱਤੀਆਂ। ਹੈਰਾਨੀ ਹੋਈ ਕਿ ਉਹਨੇ ਇੱਕ ਵਿਸ਼ੇਸ਼ ਫਾਰਮੇਸੀ ਤੇ ਲੈਬ ਵਿਚ ਜਾਣ ਲਈ ਹਦਾਇਤ ਵੀ ਕਰ ਦਿੱਤੀ।

ਮਹੀਨਾ ਭਰ ਦਵਾਈ ਚੱਲਦੀ ਰਹੀ। ਆਰਾਮ ਨਾ ਆਇਆ। ਫਿਕਰ ਪੈ ਗਿਆ। ਉਧਰੋਂ ਵਾਪਸੀ ਫਲਾਈਟ ਦੀ ਤਰੀਖ ਵੀ ਨੇੜੇ ਆ ਗਈ। ਸੋਚਿਆ ਹੁਣ ਕੈਨੇਡਾ ਜਾ ਕੇ ਇਸ ਤਕਲੀਫ ਦਾ ਨਿੱਠ ਕੇ ਇਲਾਜ ਕਰਾਵਾਂਗੇ। ਫੈਮਿਲੀ ਡਾਕਟਰ ਨਾਲ ਅਪੁਆਇੰਟਮੈਂਟ ਪਹਿਲਾਂ ਹੀ ਬਣੀ ਹੋਈ ਸੀ। ਪਹੁੰਚਦਿਆਂ ਸਾਰ ਹੀ ਜਾ ਮਿਲੇ। ਉਸ ਨੇ ਸਿੱਧਾ ਹੀ ਇੱਕ ਕਿਡਨੀ ਸਪੈਸ਼ਲਿਸਟ ਕੋਲ ਰੈਫਰ ਕਰ ਦਿੱਤਾ। ਹੁਣ ਤੱਕ ਸੋਜ ਪੱਟਾਂ ਤੋਂ ਉਤਾਂਹ ਵੱਲ ਵੀ ਵਧ ਰਹੀ ਸੀ। ਡਾਕਟਰ ਨੇ ਟੈਸਟ ਕਰਵਾ ਸਿੱਧਾ ਹੀ ਮਰਜ ਦੀ ਪਛਾਣ ਕਰ ਲਈ।

ਉਸ ਨੇ ਕਿਹਾ, ਇਹ ਰੋਗ ਪਿਓਰਨਟੇਰੀਓ ਕਰ ਕੇ ਜਾਣਿਆ ਜਾਂਦੈ। ਇਸ ਵਿਚ ਕਿਡਨੀ ਸੁਰਾਖ ਕੁਝ ਮੋਕਲੇ ਹੋਣ ਕਰਕੇ ਖੁਰਾਕ ਵਿਚਲੇ ਪ੍ਰੋਟੀਨ ਕਣ ਸਰੀਰ 'ਚ ਅਟਕਦੇ ਨਹੀਂ। ਉਹ ਪਿਸ਼ਾਬ 'ਚ ਖਾਰਜ ਹੋਈ ਜਾਂਦੇ ਹਨ। ਇਹ ਰੋਗ ਹੌਲੀ ਹੌਲੀ ਵਧਦਾ ਵਧਦਾ ਸਾਰੇ ਸਰੀਰ 'ਚ ਫੈਲ ਜਾਂਦਾ ਹੈ। ਅਖੀਰ ਫੇਫੜਿਆਂ 'ਚ ਅਤੇ ਸਮੁੱਚੇ ਸਰੀਰ ਵਿਚ ਫੈਲ ਜਾਂਦਾ ਹੈ। ਇਸ ਦਾ ਇਲਾਜ ਇੱਕੋ ਹੀ ਹੈ, ਪਰ ਹੈ ਬੜਾ ਸਖਤ। ਜੇ ਅਸਫਲ ਹੋ ਜਾਏ ਤਾਂ ਕੁਝ ਗੌਣ ਅਸਰ ਛੱਡ ਜਾਂਦਾ ਹੈ, ਜਿਸ ਨਾਲ ਵਿਸ਼ੇਸ਼ ਤੌਰ 'ਤੇ ਸਰੀਰ ਦਾ ਕੁਦਰਤੀ ਇਮਿਊਨ ਸਿਸਟਮ ਤਹਿਸ-ਨਹਿਸ ਹੋ ਜਾਂਦਾ ਹੈ। ਅਸੀਂ ਬਿਨਾ ਕਿਸੇ ਡਰ-ਭੈਅ ਦੇ, ਡਾਕਟਰ ਦੀ ਰਾਏ ਦਾ ਸਤਿਕਾਰ ਕੀਤਾ।

ਇਲਾਜ ਸ਼ੁਰੂ ਹੋ ਗਿਆ। ਹੋਰ ਚਾਰਾ ਵੀ ਕੋਈ ਨਹੀਂ ਸੀ। ਡਰੂ ਜਿਹੀ ਬੀਬੀ ਨੂੰ ਮੂੰਹ ਰਾਹੀਂ ਦਵਾਈ ਅੰਦਰ ਲੰਘਾਉਣੀ ਔਖੀ ਹੁੰਦੀ, ਪਰ ਦਵਾਈਆਂ ਨੇ ਪੈਂਦੀ ਸੱਟੇ ਉਸ ਨੂੰ ਪਾਣੀ ਅੰਦਰ ਲੰਘਾਉਣਾ ਹੀ ਮੁਹਾਲ ਕਰ ਦਿੱਤਾ। ਔਖੇ ਸੌਖੇ ਤਿੰਨ ਕੁ ਡੋਜ਼ਾਂ ਦਿੱਤੀਆਂ ਕਿ ਉਹ ਤਾਂ ਨਾ ਕੁਝ ਖਾਵੇ, ਨਾ ਕੁਝ ਪੀਵੇ। ਪਾਣੀ ਵੀ ਅੰਦਰ ਨਾ ਲੰਘੇ, ਉਲਟੀ ਆ ਜਾਵੇ। ਹਾਰ ਕੇ ਐਮਰਜੈਂਸੀ ਜਾਣਾ ਪਿਆ। ਸਾਰੇ ਡਰ ਗਏ। ਕਈ ਪੁੱਠੀਆਂ ਸਿੱਧੀਆਂ ਗੱਲਾਂ ਵੀ ਸੁਣਨ ਨੂੰ ਮਿਲੀਆਂ। ਹਸਪਤਾਲ ਵਿਚ ਇੰਟਰਾ-ਵੀਨਸ ਰਾਹੀਂ ਦਵਾਈਆਂ ਦੇਣੀਆਂ ਅਰੰਭ ਹੋਈਆਂ ਅਤੇ ਗੁਲੂਕੋਜ਼ ਵੀ ਲੱਗਾ।

ਖੈਰ, ਇਲਾਜ ਕੋਈ ਛੇ ਮਹੀਨੇ ਚਲਦਾ ਰਿਹਾ। ਹਸਪਤਾਲ ਤੋਂ ਛੁੱਟੀ ਤਾਂ ਹਫਤੇ ਕੁ ਪਿੱਛੋਂ ਮਿਲ ਗਈ, ਪਰ ਇੱਕ ਵਾਰੀ ਮੁੜ ਐਮਰਜੈਂਸੀ ਜਾਣਾ ਪਿਆ। ਉਲਟੀਆਂ ਤੇ ਬਲੱਡ ਪ੍ਰੈਸ਼ਰ ਵਧਣ ਦੇ ਡਰੋਂ ਲੂਣ ਘੱਟ ਕਰਨਾ ਪਿਆ। ਸੋਡੀਅਮ ਘਟ ਗਿਆ। ਏਦਾਂ ਪੂਰੀ ਦ੍ਰਿੜਤਾ ਨਾਲ ਇਲਾਜ ਕਰਦੇ ਰਹੇ। ਆਖੀਰ ਡਾਕਟਰ ਨੇ ਦਵਾਈਆਂ ਦੀ ਲੰਬੀ ਲਿਸਟ ਦਿੱਤੀ ਅਤੇ ਕਿਹਾ ਕਿ ਤੁਹਾਨੂੰ ਹੁਣ ਤਾਉਮਰ ਇਹ ਲੈਣੀਆਂ ਪੈਣਗੀਆਂ।

ਇੱਕ ਨਿਰੋਲ ਸ਼ਾਕਾਹਾਰੀ, ਟੀਟੋਟਲਰ ਨੂੰ ਪਤਾ ਨਹੀਂ ਕਿਵੇਂ ਇਹ ਕਿਡਨੀ ਰੋਗ ਆ ਚੰਬੜਿਆ। ਕਾਦਰ ਹੀ ਜਾਣੇ! ਆਮ ਤੌਰ 'ਤੇ ਨਸ਼ੇ ਤੇ ਸ਼ਰਾਬ ਦਾ ਸੇਵਨ ਕਰਨ ਵਾਲਿਆਂ ਨੂੰ ਇਹ ਰੋਗ ਲੱਗਦੈ। ਹੁਣ ਸਿਰਫ ਇੱਕ ਤਕਲੀਫ ਜ਼ਰੂਰ ਤੰਗ ਕਰਦੀ ਹੈ ਜੋ ਕਮਜ਼ੋਰ ਇਮਿਊਨਿਟੀ ਕਰਕੇ ਛੇਤੀ ਹੀ ਆ ਘੇਰਦੀ ਹੈ। ਉਹਦਾ ਪੇਟ ਬਹੁਤ ਛੇਤੀ ਖਰਾਬ ਹੋ ਜਾਂਦੈ। ਪਰ ਸਮੁੱਚੇ ਤੌਰ 'ਤੇ ਸਭ ਠੀਕ ਠਾਕ ਚੱਲ ਰਿਹਾ ਹੈ। ਹਰ ਰੋਜ਼ ਚਾਰ ਕੁ ਕਿੱਲੋਮੀਟਰ ਸੈਰ ਕਰਦੀ ਹੈ।

ਮੈਂ ਸ਼ੁਕਰਾਨੇ ਵਜੋਂ ਕੋਈ ਪਾਠ ਵਗੈਰਾ ਨਾ ਕਰਾਇਆ। ਹਸਪਤਾਲ ਨੂੰ ਦਾਨ ਜ਼ਰੂਰ ਦਿੱਤਾ। ਏਦਾਂ ਹੀ ਇੱਕ ਪੜ੍ਹੇ-ਲਿਖੇ ਨੌਜਵਾਨ ਨੂੰ ਜਦੋਂ ਡਾਕਟਰਾਂ ਨੇ ਐਨ ਮੌਤ ਦੇ ਕੰਢੇ ਤੋਂ ਕੋਈ ਦੋ ਕੁ ਸਾਲ ਦੀ ਜਦੋਜਹਿਦ ਬਾਅਦ ਤੁਰਨ ਫਿਰਨ ਲਾਇਆ ਤਾਂ ਉਸ ਨੇ ਸ਼ੁਕਰਾਨੇ ਹਿੱਤ ਅਖੰਡ ਪਾਠ ਕਰਾਇਆ। ਸੰਗਤ ਦਾ ਧੰਨਵਾਦ ਕਰਦਿਆਂ ਮੈਂ ਕਿਹਾ, ਇਹ ਸ਼ੁਕਰਾਨਾ ਗੁਰੂ ਸਾਹਿਬਾਨ ਵਿਚ ਤੁਹਾਡੀ ਨਿਹਚਾ ਦਾ ਪ੍ਰਤੀਕ ਹੈ, ਪਰ ਅਸਲ ਸ਼ੁਕਰਾਨਾ ਸਾਨੂੰ ਹਸਪਤਾਲਾਂ ਦਾ ਕਰਨਾ ਚਾਹੀਦਾ ਹੈ। ਹਸਪਤਾਲੀ ਸਿਸਟਮ ਹੀ ਅਸਲ ਜੀਵਨ ਦਾਤਾ ਸਿੱਧ ਹੋ ਰਿਹੈ।

ਇੱਕ ਵਾਰ ਮੇਰਾ ਕੋਰਾ ਅਨਪੜ੍ਹ ਹਲ ਵਾਹਕ ਮਾਮਾ ਵਡੇਰੀ ਉਮਰੇ ਇੱਕ ਗਦੂਦੀ ਕੈਂਸਰ ਦਾ ਰੋਗੀ ਹੋ ਗਿਆ। ਉਹਦੇ ਮੁੰਡੇ ਦਾ ਇੱਕ ਸਾਥੀ ਪ੍ਰੋਫੈਸਰ ਹਾਲ-ਚਾਲ ਪੁੱਛਣ ਘਰ ਆਇਆ। ਕਹੀ ਜਾਵੇ ਵਾਹਿਗੁਰੂ, ਵਾਹਿਗੁਰੂ ਕਰਿਆ ਕਰੋ! ਉਹਦੇ ਜਾਣ ਪਿੱਛੋਂ ਮਾਮਾ ਕਹਿੰਦਾ, "ਲੈ ਇਹਨੂੰ ਪ੍ਰੋਫੈਸਰ ਕਿਹੜੇ ਮੂਰਖ ਨੇ ਬਣਾਇਐ, ਇਹ ਤਾਂ ਮੈਨੂੰ ਕਮਲਾ ਲੱਗਦੈ, ਅਖੇ, ਵਾਹਿਗੂਰੂ, ਵਾਹਿਗੂਰੂ ਕਰਿਆ ਕਰੋ। ਓਏ ਬੇਵਕੂਫਾ, ਵਾਹਿਗੂਰੂ ਮੇਰਾ ਰੋਗ ਦੂਰ ਕਰ ਦਊ! ਕਮਲਿਆ ਕਿਸੇ ਚੰਗੇ ਡਾਕਟਰ ਦੀ ਦੱਸ ਪਾ। ਇਹਨੂੰ ਤਾਂ ਅਕਲ ਈ ਕੋਈ ਨਈਂ, ਇਹ ਮੁੰਡਿਆਂ ਨੂੰ ਖੇਹ ਸੁਆਹ ਪੜ੍ਹਾਉਂਦਾ ਹੋਊ?"

# ਪਾਬਲੋ ਨੇਰੂਦਾ ਨਾਲ ਮੁਲਾਕਾਤ

***ਲੋਕ ਗੀਤ ਇਕੱਠੇ ਕਰਦਿਆਂ ਸਾਰੀ ਜ਼ਿੰਦਗੀ ਬਤੀਤ ਕਰਨ ਵਾਲੇ ਮਰਹੂਮ ਘੁਮੱਕੜ ਦੇਵਿੰਦਰ ਸਤਿਆਰਥੀ (28 ਮਈ 1908-12 ਫਰਵਰੀ 2003) ਦੀ ਸਮੁੱਚੀ ਸਾਹਿਤ ਰਚਨਾ ਲੋਕ ਗੀਤਾਂ ਦੇ ਵਿਹੜੇ ਵਿਚੋਂ ਹੀ ਉਗਮੀ ਹੈ। ਇਸੇ ਕਰ ਕੇ ਇਨ੍ਹਾਂ ਰਚਨਾਵਾਂ ਵਿਚ ਲੋਕ ਗੀਤਾਂ ਵਰਗੀ ਬੇਪ੍ਰਵਾਹੀ ਅਤੇ ਅਰੁਕ ਵੇਗ ਸਮਾਇਆ ਹੋਇਆ ਹੈ। ਇਸ ਲੇਖ ਵਿਚ ਸਤਿਆਰਥੀ ਨੇ ਚਿੱਲੀ ਦੇ ਇਨਕਲਾਬੀ ਕਵੀ ਪਾਬਲੋ ਨੇਰੂਦਾ (12 ਜੁਲਾਈ 1904-23 ਸਤੰਬਰ 1973) ਦੀ ਦਿੱਲੀ ਫੇਰੀ ਦਾ ਬਿਆਨ ਜੋੜਿਆ ਹੈ। ਇਸ ਦਾ ਰੰਗ ਵੀ ਲੋਕ ਗੀਤਾਂ ਵਾਲਾ ਹੈ। -ਸੰਪਾਦਕ***

ਅਚਾਨਕ ਪਤਾ ਲੱਗਿਆ ਕਿ ਪਾਬਲੋ ਨੇਰੂਦਾ ਦਿੱਲੀ ਆਏ ਹਨ, ਉਹ ਵੀ ਚੌਥੇ ਦਿਨ। ਦਿੱਲੀ ਵਿਚ ਉਹ ਉਨ੍ਹਾਂ ਦਾ ਆਖਰੀ ਦਿਨ ਸੀ। ਪਹਿਲਾਂ ਤਾਂ ਮੈਂ ਆਪਣੀ ਇਸ ਆਦਤ 'ਤੇ ਲਾਹਨਤ ਭੇਜੀ ਕਿ ਅਖ਼ਬਾਰ ਪੜ੍ਹਨ ਲਈ ਵੀ ਵਕਤ ਨਾ ਕੱਢਿਆ ਜਾ ਸਕੇ। ਨਹੀਂ ਤਾਂ ਸਾਹਿਬ ਇਹ ਕਿਵੇਂ ਹੋ ਸਕਦਾ ਸੀ ਕਿ ਏਨਾ ਵੱਡਾ ਸਾਹਿਤਕਾਰ ਦਿੱਲੀ ਆਵੇ ਅਤੇ ਮੈਨੂੰ ਉਸ ਦਿਨ ਪਤਾ ਲੱਗੇ ਜਿਸ ਦਿਨ ਉਹ ਦਿੱਲੀ ਤੋਂ ਵਿਦਾ ਹੋ ਰਿਹਾ ਹੋਵੇ। ਫਿਰ ਮੈਂ ਆਪਣੀ ਖ਼ੁਸ਼ਕਿਸਮਤੀ 'ਤੇ ਫ਼ਖ਼ਰ ਕਰਨ ਲੱਗਿਆ ਕਿ ਚਲੋ, ਇਹ ਵੀ ਗਨੀਮਤ ਹੈ। ਕਿਸੇ ਤਰ੍ਹਾਂ ਜੋਸ਼ ਮਲੀਹਾਬਾਦੀ ਨਾਲ ਫ਼ੋਨ ਮਿਲਾਉਣ ਵਿਚ ਸਫਲਤਾ ਮਿਲੀ। ਉਹ ਪਹਿਲਾਂ ਹੀ ਤਿਆਰ ਸਨ। ਮੈਂ ਦੌੜਿਆ-ਦੌੜਿਆ ਉਨ੍ਹਾਂ ਦੇ ਕਮਰੇ ਵਿਚ ਗਿਆ। ਉਥੇ ਆਮ ਵਾਂਗ ਮਜਲਿਸ ਲੱਗੀ ਸੀ। ਉਹ ਬੋਲੇ, "ਪਾਬਲੋ ਨੇਰੂਦਾ ਦੀ ਕੀ ਗੱਲ ਹੈ। ਸਾਹਿਬ ਅਸੀਂ ਉਨ੍ਹਾਂ ਨੂੰ ਦੇਖਿਆ ਹੈ ਅਤੇ ਉਨ੍ਹਾਂ ਦੇ ਸ਼ਿਅਰ ਸੁਣ ਕੇ ਮਹਿਸੂਸ ਕੀਤਾ ਕਿ ਇਸ ਆਦਮੀ ਵਿਚ ਬਲਾਅ ਦੀ ਤਾਕਤ ਹੈ। ਹਾਲਾਂਕਿ ਸਪੇਨੀ ਜ਼ਬਾਨ ਮੈਂ ਨਹੀਂ ਸਮਝ ਸਕਦਾ, ਫਿਰ ਵੀ ਖ਼ੂਬਸੂਰਤ ਅੰਦਾਜ਼ ਹੈ ਸਪੇਨੀ ਜ਼ਬਾਨ ਦੇ ਇਸ ਸ਼ਾਇਰ ਦਾ।

ਦੇਵਿੰਦਰ ਸਤਿਆਰਥੀ

ਅਨੁਵਾਦ ਵਿਚ ਅਸਲ ਦਾ ਰੰਗ ਤਾਂ ਮੁਸ਼ਕਿਲ ਨਾਲ ਪੈਦਾ ਹੁੰਦਾ ਹੈ, ਸਗੋਂ ਇਹ ਕਹੋ ਕਿ ਅਜਿਹਾ ਹੋ ਸਕਣਾ ਅਸੰਭਵ ਹੈ, ਪਰ ਅਨੁਵਾਦ ਦੀ ਮਦਦ ਨਾਲ ਥੋੜ੍ਹਾ-ਬਹੁਤ ਜ਼ਰੂਰ ਸਮਝ ਸਕਿਆ। ਬਸ ਸਾਹਿਬ, ਇਹ ਕਹਿਣ ਨੂੰ ਦਿਲ ਚਾਹੁੰਦਾ ਹੈ ਕਿ ਨੇਰੂਦਾ, ਨੇਰੂਦਾ ਹੈ।"

ਦਰਵਾਜ਼ੇ 'ਤੇ ਕਾਰ ਤਿਆਰ ਸੀ। ਮੈਂ ਸੋਚਿਆ, ਇਹ ਮਹਿਫ਼ਲ ਤਾਂ ਚਾਰ ਕਾਰਾਂ ਵਿਚ ਨਹੀਂ ਸਮਾ ਸਕਦੀ। ਏਨਾ ਤਾਂ ਜੋਸ਼ ਸਾਹਿਬ ਵੀ ਸਮਝਦੇ ਸਨ। ਹਾਲਾਂਕਿ ਉਨ੍ਹਾਂ ਤੋਂ ਇਹ ਉਮੀਦ ਨਹੀਂ ਸੀ ਕਿ ਰਸਤਾ ਕੱਢ ਸਕਣਗੇ। ਉਹ ਆਪ ਹੀ ਬੋਲੇ, "ਤਸੱਲੀ ਰੱਖੋ, ਹੁਣੇ ਚੱਲਦੇ ਹਾਂ ਅਤੇ ਇਹ ਹਜ਼ਰਾਤ ਏਥੇ ਹੀ ਰਹਿ ਜਾਣਗੇ। ਮੈਂ ਅਤੇ ਆਪ, ਬਸ ਦੋ-ਇਕ ਬੰਦੇ ਹੋਰ ਚੱਲਣਗੇ।"

ਕਮਰੇ ਵਿਚ ਜ਼ੋਰ ਦਾ ਕਹਿਕਹਾ ਗੂੰਜਿਆ ਅਤੇ ਜੋਸ਼ ਆਪਣੇ ਦੋ ਸਾਥੀਆਂ ਨਾਲ ਕਾਰ ਵਲ ਵਧੇ। ਮੈਂ ਡਰਾਈਵਰ ਨੂੰ ਕਿਹਾ, "ਜਿੰਨੀ ਛੇਤੀ ਹੋ ਸਕੇ, ਕਾਰ ਡੇਵਿਕੋ ਦੇ ਸਾਹਮਣੇ ਪਹੁੰਚਾ। ਹਾਦਸਾ ਨਾ ਹੋ ਜਾਏ, ਕਿਉਂਕਿ ਮਰਨ ਤੋਂ ਪਹਿਲਾਂ ਪਾਬਲੋ ਨੇਰੂਦਾ ਨੂੰ ਦੇਖ ਲੈਣਾ ਚਾਹੁੰਦਾ ਹਾਂ।"

ਮੈਂ ਪਾਬਲੋ ਨੇਰੂਦਾ ਬਾਰੇ ਬਹੁਤ ਸੁਣ ਰੱਖਿਆ ਸੀ। 'ਰੈਜ਼ੀਡੈਂਸੀ ਆਨ ਅਰਥ' (ਧਰਤੀ 'ਤੇ ਨਿਵਾਸ-ਸਥਾਨ) ਉਨ੍ਹਾਂ ਦਾ ਕਾਵਿ ਸੰਗ੍ਰਿਹ, ਜਿਸ 'ਚ ਮੂਲ ਸਪੇਨੀ ਕਵਿਤਾਵਾਂ ਦੇ ਨਾਲ-ਨਾਲ ਅੰਗਰੇਜ਼ੀ ਅਨੁਵਾਦ ਵੀ ਉਪਲਬਧ ਹੈ, ਮੇਰੇ ਕੋਲ ਮੌਜੂਦ ਸੀ ਪਰ ਇਨ੍ਹਾਂ ਕਵਿਤਾਵਾਂ ਦਾ ਅਧਿਐਨ ਕਰਦਿਆਂ ਮੈਂ ਕਦੇ ਵੀ ਨਹੀਂ ਸੀ ਸੋਚਿਆ ਕਿ ਏਨੀ ਜਲਦੀ ਤੇ ਉਹ ਵੀ ਦਿੱਲੀ ਵਿਚ ਨੇਰੂਦਾ ਦੇ ਦਰਸ਼ਨ ਹੋ ਜਾਣਗੇ। ਨੇਰੂਦਾ ਦੇ ਸਬੰਧ ਵਿਚ ਫਰਾਂਸ ਦੇ ਪ੍ਰਸਿਧ ਕਵੀ ਲੂਈ ਅਰਾਗੋਂ ਨੇ ਕਿਹਾ ਸੀ:

ਉਸ ਨੂੰ ਸੁੰਘਦੇ ਫਿਰਦੇ ਹਨ
ਖੋਜਦੇ ਫਿਰਦੇ ਹਨ ਪਹਾੜੀਆਂ ਵਿਚ
ਸਮੁੰਦਰ ਵਿਚ ਅਤੇ ਸਮੁੰਦਰ ਕੰਢੇ
ਨੇਰੂਦਾ ਕਿਥੇ ਹੈ? ਨੇਰੂਦਾ ਕਿਥੇ ਹੈ?
ਪਰ ਨੇਰੂਦਾ ਅੱਜ ਵੀ ਗਾ ਰਿਹਾ ਹੈ
ਆਪਣੇ ਗੀਤ ਪਹਿਲਾਂ ਹੀ ਵਾਂਗ।

ਜੋਸ਼ ਨੇ ਜ਼ੋਰ ਦੇ ਕੇ ਕਿਹਾ, "ਸਾਹਿਬ ਅਜੀਬ ਆਦਮੀ ਹੈ ਨੇਰੂਦਾ। ਚਿੱਲੀ (ਦੱਖਣੀ ਅਮਰੀਕਾ) ਦੇ ਟੈਮਕੋ ਸ਼ਹਿਰ ਵਿਚ ਪੈਦਾ ਹੋਇਆ। ਉਮਰ ਛਿਆਲੀ ਸਾਲ। ਕੁਝ ਖ਼ਾਸ ਜ਼ਿਆਦਾ ਵੀ ਨਹੀਂ। ਖ਼ੈਰ, ਮੇਰੇ ਤੋਂ ਤਾਂ ਛੋਟੇ ਹੀ ਹੋਏ ਪਰ ਸਾਹਿਬ ਉਹ ਜੋ ਕਿਹਾ ਗਿਆ ਹੈ - ਬਜ਼ੁਰਗੀ ਬਾਅਕਲ ਅਸਤ... ਹਾਂ ਤਾਂ ਇਸ ਹਿਸਾਬ ਨਾਲ ਮੈਂ ਉਨ੍ਹਾਂ ਨੂੰ ਆਪਣੇ ਤੋਂ ਵੱਡਾ ਮੰਨਦਾ ਹਾਂ।"

ਮੈਂ ਹੱਸ ਕੇ ਕਿਹਾ, "ਜੋਸ਼ ਸਾਹਿਬ, ਮੇਰੇ ਤੋਂ ਤਾਂ ਨੇਰੂਦਾ ਉਮਰ ਵਿਚ ਚਾਰ ਸਾਲ ਵੱਡੇ ਹਨ।"

ਜ਼ੋਰ ਦਾ ਕਹਿਕਹਾ। ਕਾਰ ਉੱਡੀ ਜਾ ਰਹੀ ਹੈ। ਪਤਾ ਲੱਗਿਆ, ਨੇਰੂਦਾ ਵਿਸ਼ਵ ਅਮਨ ਕਮੇਟੀ ਦੇ ਉਪ ਪ੍ਰਧਾਨ ਹਨ ਅਤੇ ਇਸੇ ਸਬੰਧ ਵਿਚ ਦਿੱਲੀ ਆਏ ਹਨ। ਕਾਰ ਵਿਚ ਬੈਠੇ ਇਕ ਸਾਹਿਬ ਕਹਿ ਰਹੇ ਸਨ, "ਸੁਣਿਆ ਹੈ, ਨੇਰੂਦਾ ਨੂੰ ਹਿੰਦੁਸਤਾਨ ਵਿਚ ਦਸ ਦਿਨ ਠਹਿਰਨ ਦੀ ਇਜਾਜ਼ਤ ਮਿਲੀ ਹੈ ਅਤੇ ਉਹ ਵੀ ਦਿੱਲੀ ਅਤੇ ਬੰਬਈ ਵਿਚ ਹੀ। ਚਾਰ ਦਿਨ ਦਿੱਲੀ ਵਿਚ ਖ਼ਤਮ ਹੋਏ ਸਮਝੋ ਅਤੇ ਬਾਕੀ ਦੇ ਛੇ ਦਿਨ ਬੰਬਈ ਵਿਚ ਗੁਜ਼ਾਰ ਕੇ ਉਨ੍ਹਾਂ ਨੂੰ ਏਥੋਂ ਚੱਲ ਦੇਣਾ ਹੋਵੇਗਾ।"

ਮੈਨੂੰ ਇਸ ਗੱਲ ਦਾ ਫ਼ਿਕਰ ਸੀ ਕਿ ਕਿਧਰੇ ਅਜਿਹਾ ਨਾ ਹੋਵੇ ਕਿ ਨੇਰੂਦਾ ਕਿਸੇ ਜਗ੍ਹਾ ਅਟਕ ਜਾਣ। ਲੋਕ ਡੇਵਿਕੋ ਵਿਚ ਜਮ੍ਹਾਂ ਹੋਏ ਹੋਣਗੇ, ਕਿਧਰੇ ਉਨ੍ਹਾਂ ਨੂੰ ਆਪਣਾ ਜਿਹਾ ਮੂੰਹ ਲੈ ਕੇ ਵਾਪਸ ਨਾ ਜਾਣਾ ਪਵੇ। ਇਕ ਅਜਿਹੀ ਘਟਨਾ ਪਹਿਲਾਂ ਵੀ ਹੋ ਚੁੱਕੀ ਸੀ ਕਿ ਮਹਿਮਾਨ ਦਾ ਇੰਤਜ਼ਾਰ ਕਰਨ ਬਾਅਦ ਉਸ ਨੂੰ ਦਾਅਵਤ ਦੇਣ ਵਾਲੇ ਆਪ ਹੀ ਚਾਹ ਪੀ ਕੇ ਮੇਜ਼ਾਂ ਤੋਂ ਉਠ ਗਏ।

ਉਹੀ ਗੱਲ ਹੋਈ। ਹਾਲਾਂਕਿ ਅਸੀਂ ਚਾਰ ਵਜੇ ਸ਼ਾਮੀਂ ਡੇਵਿਕੋ ਵਿਚ ਪਹੁੰਚ ਗਏ ਸੀ, ਪਤਾ ਲੱਗਿਆ ਕਿ ਨੇਰੂਦਾ ਅਜੇ ਤਕ ਉਥੇ ਨਹੀਂ ਆਏ। ਸਾਹਮਣੇ ਵਾਲਾ ਹਾਲ ਖਚਾ-ਖਚ ਭਰਿਆ ਹੋਇਆ ਸੀ। ਗੱਪਾਂ ਮਾਰਨ ਵਾਲਿਆਂ ਦੀ ਕੁਝ ਨਾ ਪੁੱਛੋ ਪਰ ਜਦੋਂ ਤਕ ਲਾੜਾ ਨਾ ਨਜ਼ਰ ਆਏ, ਜੰਞ ਦੀ ਸਜ-ਧਜ ਕੀ ਮਾਅਨੇ ਰੱਖਦੀ ਹੈ।

ਇਨ੍ਹਾਂ ਵਿਚੋਂ ਕੁਝ ਲੋਕ ਤਾਂ ਨੇਰੂਦਾ ਨੂੰ ਮਿਲ ਚੁੱਕੇ ਸਨ। ਉਨ੍ਹਾਂ ਨੂੰ ਏਨੀ ਫ਼ਿਕਰ ਨਹੀਂ ਸੀ ਪਰ ਉਹ ਲੋਕ ਜੋ ਅਜੇ ਤਕ ਨੇਰੂਦਾ ਨੂੰ ਦੇਖ ਨਹੀਂ ਸੀ ਸਕੇ, ਬਾਰ-ਬਾਰ ਅੱਡੀਆਂ ਚੁੱਕ-ਚੁੱਕ ਕੇ ਦਰਵਾਜ਼ੇ ਵੱਲ ਦੇਖਣ ਲੱਗਦੇ। ਸੱਚ ਪੁੱਛੋ ਤਾਂ ਇਕ-ਇਕ ਪਲ ਭਾਰੀ ਹੋ ਰਿਹਾ ਸੀ।

ਸੱਚਮੁੱਚ ਮੈਨੂੰ ਡਰ ਸੀ ਕਿ ਪਾਬਲੋ ਨੇਰੂਦਾ ਨਾਲ ਮੁਲਾਕਾਤ ਦੀ ਗੱਲ ਖਟਾਈ ਵਿਚ ਨਾ ਪੈ ਜਾਵੇ। ਇਕ ਪਾਸੇ ਤਾਂ ਮੈਂ ਉਨ੍ਹਾਂ ਲੋਕਾਂ ਨੂੰ ਕੋਸਣ ਲੱਗਾ, ਜਿਨ੍ਹਾਂ ਦੇ ਜ਼ਿੰਮੇ ਇਹ ਕੰਮ ਲਾਇਆ ਗਿਆ ਸੀ ਕਿ ਉਹ ਦਿੱਲੀ ਦੇ ਇਸ ਸਨਮਾਨਤ ਮਹਿਮਾਨ ਨੂੰ ਪ੍ਰੋਗਰਾਮ ਦੇ ਅਨੁਸਾਰ ਠੀਕ ਸਮੇਂ ਅਤੇ ਠੀਕ ਜਗ੍ਹਾ ਪਹੁੰਚਾ ਦਿਆ ਕਰਨ ਤੇ ਦੂਜੇ ਪਾਸੇ ਆਪਣੀ ਮੂਰਖਤਾ 'ਤੇ ਲਾਹਨਤ ਭੇਜ ਰਿਹਾ ਸਾਂ ਕਿ ਤਿੰਨ ਦਿਨ ਮੈਂ ਅਖ਼ਬਾਰ ਦੇਖੇ ਬਿਨਾ ਗੁਜ਼ਾਰ ਦਿੱਤੇ।

ਜੋਸ਼ ਸਾਹਿਬ ਕਹਿ ਰਹੇ ਸਨ, "ਨੇਰੂਦਾ ਆਵੇਗਾ, ਜ਼ਰੂਰ ਆਵੇਗਾ, ਤਸੱਲੀ ਰੱਖੋ।"

ਨੇਰੂਦਾ ਦੇ ਇਸ ਸਨਮਾਨ ਸਮਾਰੋਹ ਲਈ ਡੇਵਿਕੋ ਵਿਚ ਇਹ ਪ੍ਰਬੰਧ ਦੇਖ ਕੇ ਹਰ ਕਿਸੇ ਦਾ ਦਿਲ ਖ਼ੁਸ਼ੀ ਨਾਲ ਉਛਲ ਰਿਹਾ ਸੀ। ਉਰਦੂ, ਹਿੰਦੀ ਅਤੇ ਪੰਜਾਬੀ ਦੇ ਕਈ ਕਵੀ ਅਤੇ ਸਾਹਿਤਕਾਰ, ਅਨੇਕ ਚਿਤਰਕਾਰ, ਪੱਤਰਕਾਰ, ਅਧਿਆਪਕ ਤੇ ਰਾਜਨੇਤਾ-ਸਭ ਕੌਮਾਂਤਰੀ ਪ੍ਰਸਿਧੀ ਦੇ ਕਵੀ ਨੂੰ ਮਿਲਣ ਲਈ ਜਮ੍ਹਾਂ ਹੋਏ ਸਨ ਪਰ ਅਜੇ ਤਕ ਕਵੀ ਨੇਰੂਦਾ ਦਾ ਇੰਤਜ਼ਾਰ ਸੀ।

ਮੇਜ਼ਾਂ 'ਤੇ ਚਾਹ ਆਉਣ ਲੱਗੀ ਅਤੇ ਜਿਵੇਂ ਅਜਿਹੇ ਮੌਕਿਆਂ 'ਤੇ ਆਮ ਕਰ ਕੇ ਦੇਖਣ ਵਿਚ ਆਉਂਦਾ ਹੈ, ਉਚ ਵਰਗ ਦੇ ਸਭਿਆਚਾਰ ਵਿਚ ਢਲੇ ਹੋਏ ਲੋਕਾਂ ਦੇ ਮਹਿਮਾਨ ਦੀ ਗ਼ੈਰ-ਮੌਜੂਦਗੀ ਵਿਚ ਚਾਹ ਦੀਆਂ ਪਿਆਲੀਆਂ ਵੱਲ ਹੱਥ ਉੱਠਣ ਲੱਗੇ। ਔਰਤਾਂ ਚਾਹ ਸਰਵ ਕਰ ਰਹੀਆਂ ਸਨ। ਇਹ ਦੇਖ ਕੇ ਮੈਨੂੰ ਬੁਰਾ ਲੱਗਿਆ।

ਲੋਕ ਹੱਸ ਰਹੇ ਸਨ। ਕਿਸੇ ਨੂੰ ਹੱਸਣ ਤੋਂ ਰੋਕਣਾ ਤਾਂ ਮੇਰੇ ਵੱਸ ਨਹੀਂ ਸੀ, ਪਰ ਮੈਂ ਕਹਿਣਾ ਚਾਹੁੰਦਾ ਸਾਂ- ਅੱਜ ਤਾਂ ਅਸੀਂ ਖੋਖਲਾ ਹਾਸਾ ਹੱਸਣ ਦੀ ਥਾਂ ਮਹਾਨ ਸਾਹਿਤਕਾਰ ਨੂੰ ਮਿਲਣ ਆਏ ਹਾਂ ਅਤੇ ਸਾਡੇ ਉਸ ਸਾਹਿਤਕਾਰ ਮਹਿਮਾਨ ਨੂੰ ਡੇਵਿਕੋ ਦਾ ਰਸਤਾ ਕਿਉਂ ਨਹੀਂ ਮਿਲ ਸਕਿਆ।

ਅਚਾਨਕ ਕਿਸੇ ਕਿਹਾ, "ਨੇਰੂਦਾ ਆ ਗਏ।"

ਸਾਰਿਆਂ ਦੀਆਂ ਅੱਖਾਂ ਦਰਵਾਜ਼ੇ ਵੱਲ ਉਠ ਗਈਆਂ। ਚਾਹ ਦਾ ਖ਼ਿਆਲ ਛੱਡ ਕੇ ਲੋਕ ਅਸਲ ਮਜ਼ਮੂਨ ਵੱਲ ਆਕ੍ਰਸ਼ਿਤ ਹੋਏ। ਕਿਸੇ-ਕਿਸੇ ਦੀ ਅੱਖ ਵਿਚ ਇਹ ਭਾਵ ਉਭਰ ਰਿਹਾ ਸੀ- ਕਾਸ਼! ਅਸੀਂ ਹੋਰ ਥੋੜ੍ਹਾ ਇੰਤਜ਼ਾਰ ਕੀਤਾ ਹੁੰਦਾ।

ਨੇਰੂਦਾ ਦੇ ਨਾਲ ਸ੍ਰੀਮਤੀ ਨੇਰੂਦਾ ਵੀ ਸੀ। ਜੋਸ਼ ਨਾਲ ਨੇਰੂਦਾ ਨੇ ਖ਼ਾਸ ਤੌਰ 'ਤੇ ਹੱਥ ਮਿਲਾਇਆ। ਮੈਂ ਵੀ ਬਗਲ ਵਿਚ ਖਲੋਤਾ ਸੀ। ਸੱਚਮੁੱਚ ਨੇਰੂਦਾ ਦੇ ਚਿਹਰੇ 'ਤੇ ਮੈਨੂੰ ਮਨੁੱਖਤਾ ਦਾ ਨਵਾਂ ਦਿਸਹੱਦਾ ਉਭਰਦਾ ਦਿਖਾਈ ਦਿੱਤਾ। ਉਸ ਦੀਆਂ ਅੱਖਾਂ ਵਿਚ ਵਿਸ਼ਵਾਸ ਦੀ ਗਹਿਰਾਈ ਸੀ, ਭਾਵੇਂ ਉਂਜ ਦੇਖਣ ਵਿਚ ਉਨ੍ਹਾਂ ਦੀਆਂ ਅੱਖਾਂ ਕਿਸੇ ਹੱਦ ਤੱਕ ਖੁੱਲ੍ਹੀਆਂ ਨਜ਼ਰ ਆ ਰਹੀਆਂ ਸਨ। ਨੇਰੂਦਾ ਨੇ ਮੇਰੇ ਵੱਲ ਦੇਖਿਆ, ਜਿਵੇਂ ਉਹ ਕੁਝ ਪੁੱਛਣਾ ਚਾਹੁੰਦਾ ਹੋਵੇ। ਜੋਸ਼ ਨੇ ਮੇਰੀ ਜਾਣ-ਪਛਾਣ ਕਰਾਉਂਦਿਆਂ ਕਿਹਾ, "ਆਪ ਹਨ ਸਾਡੇ ਦੋਸਤ ਦੇਵਿੰਦਰ ਸਤਿਆਰਥੀ। ਹਿੰਦੁਸਤਾਨ ਦੇ ਲੋਕ ਗੀਤ ਸੰਗ੍ਰਹਿ ਕਰਨ ਦੀ ਧੁਨ ਵਿਚ ਪਿੰਡ-ਪਿੰਡ ਛਾਣ ਮਾਰਿਆ।"

ਨੇਰੂਦਾ ਨੇ ਮੇਰੇ ਨਾਲ ਹੱਥ ਮਿਲਾਉਂਦਿਆਂ ਕਿਹਾ, "ਆਪ ਨੂੰ ਮਿਲ ਕੇ ਖ਼ੁਸ਼ੀ ਹੋਈ।"

ਇਹ ਬੋਲ ਰਸਮੀ ਕਿਸਮ ਦਾ ਬੋਲ ਨਹੀਂ ਸੀ। ਮੈਨੂੰ ਇਸ ਤਰ੍ਹਾਂ ਲੱਗਿਆ ਕਿ ਸਦੀਆਂ ਦੇ ਫ਼ਾਸਲੇ ਦੂਰ ਹੋ ਗਏ ਅਤੇ ਸਾਡੀ ਮੁਲਾਕਾਤ ਸਿਰਫ਼ ਦੋ ਵਿਅਕਤੀਆਂ ਦੀ ਮੁਲਾਕਾਤ ਨਹੀਂ, ਸਗੋਂ ਦੋ ਦੇਸ਼ਾਂ ਦੀ ਮੁਲਾਕਾਤ ਹੈ।

ਜੋਸ਼ ਅਤੇ ਨੇਰੂਦਾ ਦੇ ਵਿਚਕਾਰਲੀ ਕੁਰਸੀ 'ਤੇ ਬੈਠਾ ਹੋਇਆ ਮੈਂ ਸੋਚ ਰਿਹਾ ਸੀ ਕਿ ਇਹ ਕਿੰਨਾ ਮਹਾਨ ਦਿਨ ਹੈ।

ਓਧਰ ਨੇਰੂਦਾ ਬਾਰੇ ਦੱਸਿਆ ਜਾ ਰਿਹਾ ਸੀ ਅਤੇ ਸਰੋਤੇ ਮੰਤਰ-ਮੁਗਧ ਹੋਏ ਬੈਠੇ ਸਨ। ਇਧਰ ਮੈਂ ਮਨ ਹੀ ਮਨ ਨੇਰੂਦਾ ਦੀ 'ਸਪੇਨ' ਸਿਰਲੇਖ ਵਾਲੀ ਕਵਿਤਾ ਗੁਣਗੁਣਾ ਰਿਹਾ ਸੀ ਜਿਸ ਦਾ ਹਿੰਦੀ ਅਨੁਵਾਦ ਮੈਂ ਬੜੀ ਲਗਨ ਅਤੇ ਆਤਮ-ਵਿਸ਼ਵਾਸ ਨਾਲ ਕੀਤਾ ਸੀ। ਇਸ ਕਵਿਤਾ ਦਾ ਕਵੀ ਮੇਰੀ ਬਗਲ ਵਿਚ ਬੈਠਾ ਸੀ ਅਤੇ ਮੈਂ ਉਸ ਦਾ ਮੋਢਾ ਫੜ ਕੇ ਕਹਿਣਾ ਚਾਹੁੰਦਾ ਸੀ: 'ਸਪੇਨ' ਦੇ ਕਵੀ ਨੂੰ ਮੇਰਾ ਸੌ-ਸੌ ਪ੍ਰਣਾਮ!



ਮੰਚ ਤੋਂ ਜੋ ਭਾਸ਼ਣ ਦਿੱਤਾ ਜਾ ਰਿਹਾ ਸੀ, ਉਸ 'ਚ ਨੇਰੂਦਾ ਦੀ ਦਿਲ ਖੋਲ੍ਹ ਕੇ ਪ੍ਰਸ਼ੰਸਾ ਕੀਤੀ ਜਾ ਰਹੀ ਸੀ। ਇਸ ਦੌਰਾਨ ਨੇਰੂਦਾ ਨੇ ਇਕ ਪਲ ਲਈ ਮੇਰੇ ਵੱਲ ਦੇਖਿਆ ਅਤੇ ਮੈਂ ਪੁੱਛ ਲਿਆ, "ਆਪ ਦੀ ਇਕ ਕਵਿਤਾ 'ਸਪੇਨ' ਵੀ ਤਾਂ ਹੈ।"

"ਹਾਂ, ਤਾਂ!" ਨੇਰੂਦਾ ਨੇ ਸਿਰ ਹਿਲਾਇਆ ਤੇ ਅੱਖਾਂ ਝਪਕੀਆਂ, ਜਿਵੇਂ ਪੁੱਛ ਰਹੇ ਹੋਣ- ਇਸ ਸਮੇਂ ਉਸ ਕਵਿਤਾ ਦੀ ਯਾਦ ਕਿਵੇਂ ਆ ਗਈ?

ਮੈਂ ਥੋੜ੍ਹਾ ਹੌਸਲਾ ਕਰ ਕੇ ਕਿਹਾ, "ਮੈਨੂੰ ਉਹ ਕਵਿਤਾ ਬਹੁਤ ਪਸੰਦ ਹੈ।"

ਨੇਰੂਦਾ ਨੇ ਖਾਸ ਅੰਦਾਜ਼ 'ਚ ਸਿਰ ਹਿਲਾਇਆ, ਜਿਵੇਂ ਕਹਿ ਰਹੇ ਹੋਣ, ਪਸੰਦ ਆਪੋ-ਆਪਣੀ। ਮੈਂ ਸੋਚਿਆ ਕਿ ਥੋੜ੍ਹਾ ਹੌਸਲਾ ਕਰ ਕੇ ਦੇਖਾਂ। ਹੌਲੀ ਜਿਹੀ ਉਨ੍ਹਾਂ ਦੇ ਕੰਨ ਕੋਲ ਮੂੰਹ ਲਿਜਾ ਕੇ ਮੈਂ ਕਿਹਾ, "ਉਸ ਕਵਿਤਾ ਦਾ ਮੈਂ ਹਿੰਦੀ ਅਨੁਵਾਦ ਆਪਣੇ ਕਵਿਤਾ ਸੰਗ੍ਰਹਿ ਦੇ ਇਕ ਭਾਗ ਵਿਚ ਸ਼ਾਮਲ ਕੀਤਾ ਹੈ, ਜਿਸ ਵਿਚ ਛੇ ਹੋਰ ਕੌਮਾਂਤਰੀ ਕਵਿਤਾਵਾਂ ਦੇ ਅਨੁਵਾਦ ਵੀ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿਚ ਇਕ ਕਵਿਤਾ ਮਾਓ-ਜ਼ੇ-ਤੁੰਗ ਦੀ 'ਹਿਮ' ਵੀ ਹੈ।"

ਨੇਰੂਦਾ ਨੇ ਹੌਲੀ ਜਿਹੀ ਕਿਹਾ, "ਜਿਵੇਂ ਮੇਰੀ ਸਪੇਨੀ ਭਾਸ਼ਾ ਤੁਹਾਨੂੰ ਨਹੀਂ ਆਉਂਦੀ, ਉਸੇ ਤਰ੍ਹਾਂ ਮੈਨੂੰ ਤੁਹਾਡੀ ਹਿੰਦੀ ਨਹੀਂ ਆਉਂਦੀ।"

ਮੈਂ ਕੁਝ ਝਿਪ ਜਿਹਾ ਗਿਆ, ਕਿਉਂਕਿ ਸ਼ਾਇਦ ਮੈਂ ਨੇਰੂਦਾ ਦੇ ਮੂੰਹੋਂ ਕੋਈ ਪ੍ਰਸ਼ੰਸਾ ਭਰਿਆ ਬੋਲ ਸੁਣਨ ਦੀ ਉਮੀਦ ਰੱਖਦਾ ਸਾਂ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ, "ਅਨੁਵਾਦ ਵਿਚ ਅਸਲ ਕਵਿਤਾ ਦਬ ਜਾਂਦੀ ਹੈ। ਆਪਣੀ ਕਵਿਤਾਵ ਦੇ ਅੰਗਰੇਜ਼ੀ ਅਨੁਵਾਦ ਵਿਚ ਮੈਂ ਦੇਖਦਾ ਹਾਂ ਕਿ ਗੱਲ ਨਹੀਂ ਬਣੀ। ਮੇਰੀ ਆਵਾਜ਼ ਬਹੁਤ ਦਬ ਗਈ ਹੈ। ਸਪੇਨੀ ਭਾਸ਼ਾ ਵਿਚ ਹੀ ਮੇਰੀ ਆਵਾਜ਼ ਉਭਰਦੀ ਹੈ।"

"ਕੰਮ ਚਲਾਊ ਅਨੁਵਾਦ ਦੇ ਬਿਨਾ ਵੀ ਤਾਂ ਗੁਜ਼ਾਰਾ ਨਹੀਂ।" ਮੈਂ ਅਨੁਵਾਦ ਦਾ ਪੱਖ ਪੂਰਿਆ।

"ਹਾਂ, ਹਾਂ!" ਨੇਰੂਦਾ ਨੇ ਹੌਲੀ ਜਿਹੀ ਕਿਹਾ, "ਇਥੋਂ ਤਕ ਤਾਂ ਮੈਂ ਸਹਿਮਤ ਹਾਂ।"

ਬਹੁਤ ਜਲਦੀ ਮੈਂ ਮਹਿਸੂਸ ਕੀਤਾ ਕਿ ਅਜਿਹੇ ਮੌਕੇ 'ਤੇ ਇਸ ਤਰ੍ਹਾਂ ਗੱਲਬਾਤ ਕਰਨਾ ਠੀਕ ਨਹੀਂ ਪਰ ਮਨ ਤਾਂ ਲਲਚਾ ਉਠਿਆ ਸੀ ਅਤੇ ਕੋਈ ਪਾਬੰਦੀ ਮੰਨਣ ਲਈ ਤਿਆਰ ਹੀ ਨਹੀਂ ਸੀ। ਇਕ-ਅੱਧ ਪਲ ਲਈ ਤਾਂ ਮੈਂ ਇਹ ਮਹਿਸੂਸ ਕੀਤਾ ਜਿਵੇਂ ਇਸ ਵੱਡੇ ਕਮਰੇ ਵਿਚ ਨੇਰੂਦਾ ਤੇ ਮੈਂ ਹੀ ਬੈਠੇ ਹੋਈਏ। ਫਿਰ ਚੌਂਕ ਕੇ ਮੈਂ ਜੋਸ਼ ਵੱਲ ਦੇਖਿਆ ਅਤੇ ਖਿਮਾ-ਯਾਚਨਾ ਕਰਦਿਆਂ ਕਹਿਣਾ ਚਾਹਿਆ- ਨਹੀਂ, ਨਹੀਂ ਆਪ ਵੀ ਤਾਂ ਹੋ ਸਾਡੇ ਨਾਲ; ਆਪ ਭਲਾ ਕਿਉਂ ਨਹੀਂ ਹੋਵੋਗੇ ਸਾਡੇ ਨਾਲ। ਉਸ ਸਮੇਂ ਮੈਂ ਜਿਵੇਂ ਦੋ ਮਹਾਂ-ਕਵੀਆਂ ਦੇ ਵਿਚਾਲੇ ਸੈਂਡਵਿਚ ਹੋਇਆ ਜਾ ਰਿਹਾ ਸੀ। ਜਿਵੇਂ ਮੇਰਾ ਅਹਿਮ ਇਕ ਪਲ ਲਈ ਸਿਰ ਉਠਾ ਕੇ ਕਹਿਣਾ ਚਾਹੁੰਦਾ ਸੀ- ਇਸ ਸਮਾਰੋਹ ਵਿਚ ਨੇਰੂਦਾ ਦਾ ਨਹੀਂ, ਮੇਰਾ ਸਨਮਾਨ ਕੀਤਾ ਜਾ ਰਿਹਾ ਹੈ। ਫਿਰ ਜਿਵੇਂ ਮੇਰੇ ਦਿਮਾਗ਼ ਦੇ ਇਕ ਕੋਨੇ ਵਿਚੋਂ ਕਿਸੇ ਅਗਾਂਹਵਧੂ ਸ਼ਕਤੀ ਨੇ ਮੈਨੂੰ ਝੰਜੋੜ ਕੇ ਕਿਹਾ- ਕਿਉਂ ਐਵੇਂ ਬਹਿਕ ਰਹੇ ਹੋ, ਨੇਰੂਦਾ ਵਰਗਾ ਕੰਮ ਕਰ ਦਿਖਾਓ ਤਾਂ ਇਕ ਦਿਨ ਤੁਹਾਡਾ ਵੀ ਇਸ ਤਰ੍ਹਾਂ ਸਨਮਾਨ ਕੀਤਾ ਜਾ ਸਕਦਾ ਹੈ; ਮਨੁੱਖਤਾ ਦੇ ਦਿਸਹੱਦੇ ਤੇ ਨਵੇਂ ਚਿੱਤਰ ਦੇਖਣ ਵਾਲੇ ਇਸ ਕਲਾਕਾਰ ਵਾਂਗ ਤੁਸੀਂ ਵੀ ਕਿਸੇ ਨਵੀਂ ਦਿਸ਼ਾ ਵੱਲ ਦੁਨੀਆਂ ਨੂੰ ਰਾਹ ਦਿਖਾਓ ਤਾਂ ਤੁਹਾਨੂੰ ਵੀ ਅਸੀਂ ਇਨ੍ਹਾਂ ਸ਼ਬਦਾਂ ਨਾਲ ਯਾਦ ਕਰ ਸਕਦੇ ਹਾਂ। ਮੈਂ ਸੋਚਿਆ, ਨੇਰੂਦਾ ਬਹੁਤ ਵੱਡਾ ਕਲਾਕਾਰ ਹੈ ਅਤੇ ਸ਼ਾਇਦ ਸਭ ਤੋਂ ਵੱਡੀ ਗੱਲ ਜਿਸ ਵੱਲ ਸਾਡਾ ਧਿਆਨ ਖਿੱਚਦਾ ਹੈ, ਇਹੋ ਹੈ ਕਿ ਦੇਸ-ਦੇਸ ਦੀ ਮਨੁੱਖਤਾ ਇਕ ਹੈ ਅਤੇ ਉਸ ਨੂੰ ਤੀਜੇ ਵਿਸ਼ਵ ਯੁੱਧ ਤੋਂ ਹਰ ਕੀਮਤ 'ਤੇ ਬਚਾਉਣਾ ਹੈ।

ਹੁਣ ਕਵੀ ਨੇਰੂਦਾ ਨੂੰ ਹਾਜ਼ਰੀਨ ਦੇ ਸਾਹਮਣੇ ਆਪਣੇ ਵਿਚਾਰ ਰੱਖਣ ਲਈ ਕਿਹਾ ਗਿਆ। ਉਹ ਝੱਟ ਖੜ੍ਹੇ ਹੋ ਗਏ। ਬੋਲਣ ਤੋਂ ਪਹਿਲਾਂ ਉਨ੍ਹਾਂ ਨੇ ਸ੍ਰੀਮਤੀ ਨੇਰੂਦਾ ਵੱਲ ਵੇਖਿਆ ਜੋ ਜੋਸ਼ ਦੇ ਸੱਜੇ ਪਾਸੇ ਬੈਠੇ ਸਨ। ਜਿਵੇਂ ਬੋਲਣ ਤੋਂ ਪਹਿਲਾਂ ਪੁੱਛਣਾ ਚਾਹੁੰਦੇ ਹੋਣ ਕਿ ਤੁਸੀਂ ਦੱਸੋ ਕਿ ਇਸ ਸਨੇਹ ਦਾ ਕੀ ਜਵਾਬ ਦਿਆਂ? ਆਖ਼ਰ ਨੇਰੂਦਾ ਨੇ ਭਾਸ਼ਣ ਇਸ ਤਰ੍ਹਾਂ ਸ਼ੁਰੂ ਕੀਤਾ, "ਮੈਨੂੰ ਅੰਗਰੇਜ਼ੀ ਨਹੀਂ ਆਉਂਦੀ। ਜਿਸ ਕਿਸੇ ਨੂੰ ਮੇਰੀ ਗੱਲ ਸਮਝ ਨਾ ਆਵੇ, ਉਹ ਉਠ ਕੇ ਮੈਨੂੰ ਟੋਕ ਦੇਵੇ। ਮੈਂ ਫਿਰ ਤੋਂ ਕੋਸ਼ਿਸ਼ ਕਰਾਂਗਾ ਕਿ ਦੁਬਾਰਾ ਆਪਣੀ ਗੱਲ ਦੱਸਾਂ ਤਾਂ ਕਿ ਹਰ ਕੋਈ ਉਸ ਨੂੰ ਸਮਝ ਸਕੇ।"

ਸੱਚ ਕਹਿੰਦਾ ਹਾਂ, ਇਨ੍ਹਾਂ ਸ਼ਬਦਾਂ ਨੇ ਨੇਰੂਦਾ ਦਾ ਸਿੱਕਾ ਜਮਾ ਦਿੱਤਾ। ਮੈਂ ਉਨ੍ਹਾਂ ਦੇ ਮੂੰਹੋਂ ਇਹ ਸੁਣ ਕੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਹੋਰ ਵੀ ਕਾਇਲ ਹੋ ਗਿਆ। ਮੈਂ ਜੋਸ਼ ਦੀਆਂ ਅੱਖਾਂ ਵਿਚ ਝਾਕਣ ਦੀ ਕੋਸ਼ਿਸ਼ ਕੀਤੀ। ਮੈਂ ਕਹਿਣਾ ਚਾਹੁੰਦਾ ਸੀ- ਜੋਸ਼ ਸਾਹਿਬ ਅਸੀਂ ਲੋਕ ਜਦੋਂ ਨੇਰੂਦਾ ਦੇ ਦੇਸ ਜਾਵਾਂਗੇ ਤਾਂ ਉਥੋਂ ਦੇ ਸਮਾਰੋਹ ਵਿਚ ਅਸੀਂ ਵੀ ਤਾਂ ਇਹੋ ਕਹਾਂਗੇ ਕਿ ਅੰਗਰੇਜ਼ੀ ਸਾਡੀ ਜ਼ਬਾਨ ਨਹੀਂ ਹੈ।

ਨੇਰੂਦਾ ਕਹਿ ਰਹੇ ਸਨ, "ਬਹੁਤ ਥੋੜ੍ਹੀ ਦੇਰ ਲਈ ਅਸੀਂ ਏਥੇ ਇਕੱਠੇ ਹੋਏ ਹਾਂ- ਬਹੁਤ ਥੋੜ੍ਹੀ ਦੇਰ ਲਈ। ਇਹ ਥੋੜ੍ਹਾ ਜਿਹਾ ਸਮਾਂ ਜਲਦੀ ਹੀ ਇਕ ਯਾਦ ਬਣ ਕੇ ਰਹਿ ਜਾਵੇਗਾ। ਹਿੰਦੁਸਤਾਨ ਇਕ ਮਹਾਨ ਦੇਸ ਹੈ। ਏਥੋਂ ਦੀ ਮਹਿਮਾਨ-ਨਵਾਜ਼ੀ ਮਹਾਨ ਹੈ। ਇਸ ਦੇਸ ਵਿਚ ਗੰਗਾ ਵਰਗੀਆਂ ਪਵਿਤਰ ਨਦੀਆਂ ਵਗਦੀਆਂ ਹਨ। ਸੰਨ 1927 ਵਿਚ ਮੈਨੂੰ ਇਕ ਵਾਰ ਗੰਗਾ ਨੂੰ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਹਿੰਦੁਸਤਾਨ ਦੀਆਂ ਇਨ੍ਹਾਂ ਪਵਿੱਤਰ ਨਦੀਆਂ ਬਾਰੇ ਪ੍ਰਸਿਧ ਹੈ ਕਿ ਜੋ ਵੀ ਇਕ ਵਾਰ ਇਨ੍ਹਾਂ ਵਿਚ ਇਸ਼ਨਾਨ ਕਰ ਲੈਂਦਾ ਹੈ, ਉਹ ਬਾਰ-ਬਾਰ ਆਉਂਦਾ ਹੈ।"

ਅੱਗੇ ਚਲ ਕੇ ਨੇਰੂਦਾ ਨੇ ਸਾਹਿਤਕਾਰ ਅਤੇ ਜਨਤਾ ਸਬੰਧੀ ਰੌਸ਼ਨੀ ਪਾਉਂਦਿਆਂ ਕਿਹਾ, "ਸਾਹਿਤਕਾਰ ਅਤੇ ਜਨਤਾ ਵਿਚ ਡੂੰਘਾ ਸਬੰਧ ਹੁੰਦਾ ਹੈ। ਏਥੇ ਮੈਂ ਆਪਣੀ ਗੱਲ ਦੱਸੇ ਬਗ਼ੈਰ ਨਹੀਂ ਰਹਿ ਸਕਦਾ। ਮੈਂ ਆਪਣੇ ਦੇਸ ਦੇ ਕਿਸਾਨਾਂ ਅਤੇ ਮਜ਼ਦੂਰਾਂ, ਤਾਂਬੇ ਦੀਆਂ ਖਦਾਨਾਂ ਵਿਚ ਕੰਮ ਕਰਨ ਵਾਲਿਆਂ ਅਤੇ ਸਮੁੰਦਰ ਵਿਚ ਕੰਮ ਕਰਨ ਵਾਲਿਆਂ- ਉਨ੍ਹਾਂ ਸਾਰਿਆਂ ਕੋਲ ਗਿਆ। ਇਹ ਸਾਰੇ ਅਨਪੜ੍ਹ ਸਨ। ਫਿਰ ਵੀ ਇਹ ਮੈਨੂੰ ਕਹਿੰਦੇ ਸਨ- ਸਾਨੂੰ ਆਪਣੀ ਕਵਿਤਾ ਸੁਣਾਓ। ਉਨ੍ਹਾਂ ਦੇ ਸੰਪਰਕ ਵਿਚ ਆ ਕੇ ਮੇਰੀ ਕਵਿਤਾ ਬਿਲਕੁਲ ਬਦਲ ਗਈ। ਮੈਂ ਦੇਖਿਆ ਕਿ ਮੇਰੀ ਕਵਿਤਾ ਸਾਦੀ ਅਤੇ ਸਿੱਧੀ ਹੋਣੀ ਚਾਹੀਦੀ ਹੈ। ਨਾਲ ਹੀ ਮੈਂ ਮਹਿਸੂਸ ਕੀਤਾ ਕਿ ਮੇਰੀ ਕਵਿਤਾ ਮੇਰੀ ਪੋਸ਼ਾਕ ਵਾਂਗ ਹੋਣੀ ਚਾਹੀਦੀ ਹੈ। ਇਕਦਮ ਮੇਰੀ, ਜਿਸ ਵਿਚ ਮੇਰੇ ਦੇਸ ਵਾਸੀ ਮੈਨੂੰ ਦੇਖ ਸਕਣ। ਮੈਂ ਇਹ ਵੀ ਮਹਿਸੂਸ ਕੀਤਾ ਕਿ ਮੇਰੀ ਕਵਿਤਾ ਵਿਚ ਮੇਰੀ ਆਤਮਾ ਦਾ ਕੁਝ ਹਿੱਸਾ ਵੀ ਜ਼ਰੂਰ ਹੋਣਾ ਚਾਹੀਦਾ ਹੈ। ਇਸ ਸਬੰਧੀ ਆਦਰਸ਼ ਦੇ ਰੂਪ ਵਿਚ ਅਸੀਂ ਟਾਲਸਟਾਇ ਅਤੇ ਮਹਾਤਮਾ ਗਾਂਧੀ ਦੇ ਨਾਮ ਲੈ ਸਕਦੇ ਹਾਂ, ਜਿਨ੍ਹਾਂ ਨੇ ਜਨਤਾ ਲਈ ਸਾਦੇ ਢੰਗ ਦੀ ਲੇਖਨ ਸ਼ੈਲੀ ਅਪਣਾ ਕੇ ਮਹਾਨਤਾ ਦਾ ਮਾਰਗ ਦਰਸਾਇਆ। ਏਥੇ ਮੇਰਾ ਆਪਣਾ ਅਨੁਭਵ ਇਹੋ ਹੈ ਕਿ ਆਪਣੀ ਜਨਤਾ ਨਾਲ ਰਹਿਣ ਬਾਅਦ ਮੈਂ ਅਲੰਕਾਰਾਂ ਵਾਲੀ ਕਾਵਿ-ਰਚਨਾ ਕਰ ਹੀ ਨਹੀਂ ਸਕਦਾ। ਮੇਰੀ ਜਨਤਾ ਮੇਰੇ ਕੋਲੋਂ ਅਭਿੰਨਤਾ ਚਾਹੁੰਦੀ ਸੀ। ਉਸ ਨੂੰ ਰਤਨ-ਮਣੀਆਂ ਜੜੇ ਗਹਿਣਿਆਂ ਪ੍ਰਤੀ ਕੋਈ ਮੋਹ ਨਹੀਂ ਸੀ। ਕਵਿਤਾ ਦੇ ਰੂਪ ਵਿਚ ਉਹ ਸਾਦਾ ਲਿਬਾਸ ਚਾਹੁੰਦੀ ਸੀ ਜਿਸ ਨਾਲ ਉਹ ਆਪਣੇ ਬਦਨ ਨੂੰ ਢਕ ਸਕੇ। ਤੇ ਜਿਸ ਵਿਚ ਉਸ ਨੂੰ ਮੇਰੀ ਆਤਮਾ ਦੀ ਆਵਾਜ਼ ਸੁਣਾਈ ਦੇ ਸਕੇ ਅਤੇ ਇਸ ਤਰ੍ਹਾਂ ਉਹ ਕਵੀ ਦੇ ਨਾਲ ਅਭਿੰਨਤਾ ਦਾ ਅਨੁਭਵ ਕਰ ਸਕੇ।"

ਨੇਰੂਦਾ ਦੀ ਆਵਾਜ਼ ਮੇਘ-ਗੰਭੀਰ ਸੀ ਅਤੇ ਵਿਚ-ਵਿਚਾਲੇ ਇਸ ਤਰ੍ਹਾਂ ਲੱਗਦਾ ਸੀ ਕਿ ਕੋਈ ਬਿਜਲੀ ਕੌਂਧ ਗਈ ਹੈ। ਹਾਲਾਂਕਿ ਡੇਵਿਕੋ ਦੇ ਉਸ ਹਾਲ ਵਿਚ ਰੌਸ਼ਨੀ ਦੀ ਘਾਟ ਨਹੀਂ ਸੀ। ਫਿਰ ਮੈਨੂੰ ਇਸ ਤਰ੍ਹਾਂ ਲੱਗਿਆ ਕਿ ਜਿਵੇਂ ਅਸੀਂ ਕਿਸੇ ਹਨੇਰੇ ਵਿਚ ਬੈਠੇ ਹੋਈਏ ਅਤੇ ਜੇ ਇਸ ਤਰ੍ਹਾਂ ਵਿਚ-ਵਿਚ ਬਿਜਲੀ ਨਾ ਕੌਂਧੇ ਤਾਂ ਸਾਡੇ ਲਈ ਇਹ ਵੀ ਸੰਭਵ ਨਾ ਹੋਵੇ ਕਿ ਇਕ ਦੂਜੇ ਦਾ ਮੂੰਹ ਵੀ ਦੇਖ ਸਕੀਏ। ਇਹ ਕਿਸੇ ਜਾਦੂਗਰ ਦਾ ਚਮਤਕਾਰ ਨਹੀਂ ਸੀ, ਇਹ ਇਕ ਅਜਿਹੇ ਆਦਮੀ ਦੀ ਆਵਾਜ਼ ਸੀ, ਜਿਸ ਨੂੰ ਲੋਕ ਸ਼ਕਤੀ 'ਤੇ ਪੂਰਾ ਭਰੋਸਾ ਸੀ ਅਤੇ ਜੋ ਮਨੁੱਖਤਾ ਦੀ ਹਰ ਬਿਮਾਰੀ ਦਾ ਇਲਾਜ ਇਸੇ ਵਿਚ ਸਮਝਦਾ ਸੀ ਕਿ ਜਨਤਾ ਨੂੰ ਗੂੰਗੀ ਤੇ ਬਹਿਰੀ ਸਮਝਣ ਦੀ ਭੁੱਲ ਨਾ ਕੀਤੀ ਜਾਏ ਅਤੇ ਜਿਸ ਦੀ ਰਾਏ ਵਿਚ ਸਭ ਤੋਂ ਜ਼ਿਆਦਾ ਜ਼ਿੰਮੇਵਾਰੀ ਸਾਹਿਤਕਾਰ 'ਤੇ ਹੀ ਆਉਂਦੀ ਸੀ। ਮੈਂ ਚਾਹੁੰਦਾ ਸੀ ਕਿ ਭਰੀ ਮਜਲਿਸ ਵਿਚ ਮੈਂ ਆਪਣੀ ਕੁਰਸੀ ਤੋਂ ਉਠ ਕੇ ਨੇਰੂਦਾ ਨੂੰ ਗਲਵੱਕੜੀ ਵਿਚ ਲੈ ਲਵਾਂ ਅਤੇ ਸਭ ਦੇ ਸਾਹਮਣੇ ਐਲਾਨ ਕਰ ਦਿਆਂ, "ਅੱਜ ਤੋਂ ਅਸੀਂ ਜੋ ਲਿਖਾਂਗੇ, ਜਨਤਾ ਲਈ ਹੀ ਹੋਵੇਗਾ ਅਤੇ ਜੇ ਸਾਡੀ ਆਵਾਜ਼ ਜਨਤਾ ਤਕ ਨਹੀਂ ਪਹੁੰਚਦੀ ਤਾਂ ਸਾਨੂੰ ਲਿਖਣਾ ਛੱਡ ਦੇਣਾ ਚਾਹੀਦਾ ਹੈ। ਜਨਤਾ ਕੀ ਚਾਹੁੰਦੀ ਹੈ, ਕੀ ਸੋਚਦੀ ਹੈ, ਉਸ ਦਾ ਭਵਿੱਖ ਕਿਸ ਦਿਸ਼ਾ ਵਿਚ ਅੰਗੜਾਈ ਲੈਣਾ ਚਾਹੁੰਦਾ ਹੈ- ਇਹ ਸਭ ਦੇਖਣ ਅਤੇ ਸਮਝਣ ਦੀ ਬਜਾਏ ਖੇਤਾਂ ਅਤੇ ਖਲਿਆਨਾਂ ਵਿਚ ਜਾਣਾ ਹੋਵੇਗਾ। ਮਜ਼ਦੂਰਾਂ ਦੀਆਂ ਝੌਂਪੜੀਆਂ ਵਿਚ ਨੰਗੀ ਜ਼ਮੀਨ 'ਤੇ ਬੈਠਣਾ ਹੋਵੇਗਾ ਅਤੇ ਸਾਨੂੰ ਇਹ ਖ਼ਿਆਲ ਛੱਡ ਦੇਣਾ ਹੋਵੇਗਾ ਕਿ ਜਨਤਾ ਦੇ ਸੰਪਰਕ ਵਿਚ ਸਾਡੀ ਆਤਮਾ ਕਿੰਨੀ ਉਜਲੀ ਹੋ ਰਹੀ ਹੈ।" ਇਹ ਸੀ ਉਹ ਵਿਚਾਰਧਾਰਾ ਜੋ ਮੇਰੀ ਆਤਮਾ ਨੂੰ ਛੂੰਹਦੀ ਚਲੀ ਜਾ ਰਹੀ ਸੀ। ਅਚਾਨਕ ਮੈਂ ਮਨ ਦੀਆਂ

*(ਬਾਕੀ ਅਗਲੇ ਸਫੇ 'ਤੇ)*

# ਲੁਫਥਾਨਜ਼ਾ ਦੀ ਉਡਾਣ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਇਸ ਵਾਰੀ ਭਾਰਤ ਜਾਣ ਦਾ ਪ੍ਰੋਗਰਾਮ ਬਣਿਆ ਤਾਂ ਫੈਸਲਾ ਕੀਤਾ ਕਿ ਜਰਮਨੀ ਦੀ ਵਿਮਾਨ ਕੰਪਨੀ 'ਲੁਫਥਾਨਜ਼ਾ ਏਅਰਲਾਈਨਜ਼' ਰਾਹੀਂ ਸਫਰ ਕੀਤਾ ਜਾਵੇ। ਇਸ ਫੈਸਲੇ ਦੀ ਸਭ ਤੋਂ ਵੱਡੀ ਵਜ੍ਹਾ ਭਾਵੇਂ ਇਹ ਸੀ ਕਿ ਮੈਂ ਕਦੇ ਇਸ ਏਅਰਲਾਈਨਜ਼ ਦਾ ਲੁਤਫ ਨਹੀਂ ਸੀ ਮਾਣਿਆ ਪਰ ਫੌਰੀ ਕਾਰਨ ਇਹ ਬਣੇ ਕਿ ਸਬੱਬੀ ਸਾਡੇ ਮਿਥੇ ਹੋਏ ਦਿਨ ਲਈ ਟਿਕਟ ਮੁਕਾਬਲਤਨ ਕਾਫੀ ਸਸਤੀ ਮਿਲ ਗਈ ਤੇ ਨਾਲ ਹੀ ਇਕ ਜਣੇ ਵਲੋਂ ਦੋ ਨਗ ਲਿਜਾਣ ਦੀ ਸਹੂਲਤ ਵੀ ਸੀ। ਇਹ ਗੱਲ ਵੱਖਰੀ ਹੈ ਕਿ ਆਉਂਦੇ ਹੋਏ ਪਤਨੀ ਨੇ ਚਹੁੰਆਂ ਅਟੈਚੀਆਂ ਨੂੰ ਏਨਾ ਤੂੜ ਲਿਆ ਕਿ ਡਿਟਰਾਇਟ ਏਅਰਪੋਰਟ 'ਤੇ ਅਸੀਂ ਕਸਟਮ ਅਧਿਕਾਰੀਆਂ ਦੀਆਂ ਨਜ਼ਰਾਂ ਵਿਚ ਚੜ੍ਹ ਗਏ ਤੇ ਪਹਿਲੀ ਵਾਰ ਹੋਇਆ ਕਿ ਡਿਊਟੀ ਵਜੋਂ ਚੋਖਾ ਸ਼ੁਲਕ ਲਵਾ ਬੈਠੇ।

ਜਰਮਨੀ ਦੇ ਸ਼ਹਿਰ ਫਰੈਂਕਫਰਟ ਤੋਂ ਜਹਾਜ ਬਦਲਨਾ ਸੀ। ਏਅਰਪੋਰਟ 'ਤੇ ਇਕੋ ਵੇਲੇ ਲੁਫਥਾਨਜ਼ਾ ਦੇ ਦਰਜਨਾਂ ਜਹਾਜ ਖੜ੍ਹੇ, ਉਡਾਣ ਭਰ ਰਹੇ ਅਤੇ ਉਤਰਦੇ ਦਿਖਾਈ ਦੇ ਰਹੇ ਸਨ। ਇਸ ਦ੍ਰਿਸ਼ ਵਿਚ ਸਭ ਤੋਂ ਉਘੜਵਾਂ ਨਕਸ਼ ਸੀ, ਜਹਾਜਾਂ ਦੇ ਪਤਵਾਰ ਤੇ ਝਾਕਦਾ ਲੁਫਥਾਨਜ਼ਾ ਦਾ ਲੋਗੋ (ਚਿੰਨ੍ਹ)। ਇਕਵਾਰਗੀ ਦਿਲ ਕਰੇ ਕਿੰਨੇ ਸਾਰੇ ਲੋਗੋ ਅਕਾਸ਼ 'ਤੇ ਉਡ ਰਹੀਆਂ ਕੂੰਜਾਂ ਦਾ ਝੌਲਾ ਦੇ ਰਹੇ ਸਨ। ਹਵਾਈ ਜਹਾਜ ਪੰਛੀਆਂ ਵਾਂਗ ਉਡਣ ਵਾਲਾ ਮਨੁੱਖ ਦਾ ਬਣਾਇਆ ਯੰਤ੍ਰਿਕ ਵਾਹਨ ਹੈ, ਇਸ ਲਈ ਅਨੇਕਾਂ ਜਹਾਜ ਕੰਪਨੀਆਂ ਦੇ ਨਾਂਵਾਂ, ਖਾਸ ਤੌਰ 'ਤੇ ਲੋਗੋਆਂ ਵਿਚ ਵੱਖੋ ਵੱਖਰੇ ਪੰਛੀਆਂ ਦੀ ਛਾਪ ਹੁੰਦੀ ਹੈ। ਸਭ ਤੋਂ ਉਘੜਵੀਂ ਮਿਸਾਲ ਹੈ, ਇੰਡੋਨੇਸ਼ੀਆ ਦੀ ਏਅਰਲਾਈਨਜ਼ 'ਇੰਡੋਨੇਸ਼ੀਆ ਗਰੁੜ।' ਇਸ ਦੇਸ਼ ਦਾ ਕੌਮੀ ਚਿੰਨ੍ਹ ਵੀ ਗਰੁੜ ਹੀ ਹੈ। ਯਾਦ ਰਹੇ, ਇੰਡੋਨੇਸ਼ੀਆ ਵਿਚਲਾ ਇੰਡੋ ਸ਼ਬਦ ਇੰਡੀਆ ਵਾਲਾ ਹੀ ਹੈ। ਅੱਠਵੀਂ ਸਦੀ ਦੌਰਾਨ ਭਾਰਤ-ਇੰਡੋਨੇਸ਼ੀਆ ਵਿਚਕਾਰ ਵਪਾਰ ਅਤੇ ਹਿੰਦੂ-ਬੁਧ ਧਰਮ ਦਾ ਬੋਲਬਾਲਾ ਹੋ ਗਿਆ ਸੀ।

ਬਹੁਤ ਸਾਰੀਆਂ ਜਹਾਜ ਕੰਪਨੀਆਂ ਦੇ ਲੋਗੋ ਸਾਰਸ ਜਾਂ ਇਸ ਵਰਗੇ ਪੰਛੀਆਂ ਵਾਲੇ ਹਨ ਜਿਵੇਂ ਜਾਪਾਨ ਏਅਰਲਾਈਨਜ਼, ਏਅਰ ਕੋਰੀਆ, ਏਅਰ ਲਿਥੂਏਨੀਆ, ਪੋਲਿਸ਼ ਏਅਰਲਾਈਨਜ਼, ਸਿੰਗਾਪੁਰ ਏਅਰਲਾਈਨਜ਼ ਆਦਿ। ਅਲਜੀਰੀਆ, ਚੀਨ, ਇਰਾਕ ਦੀਆਂ ਕੁਝ ਕੰਪਨੀਆਂ ਦੇ ਲੋਗੋਆਂ ਵਿਚ ਅਬਾਬੀਲ ਦਿਖਾਈ ਦਿੰਦੇ ਹਨ। ਅਮਰੀਕਨ ਏਅਰਲਾਈਜ਼ ਸਮੇਤ ਕੋਈ ਨੌਂ ਕੰਪਨੀਆਂ ਦੇ ਲੋਗੋਆਂ ਵਿਚ ਇੱਲ ਦੀ ਛਾਪ ਹੈ। ਹੋਰ ਕੰਪਨੀਆਂ ਦੇ ਜਹਾਜਾਂ ਦੇ ਲੋਗੋਆਂ ਵਿਚ ਗੰਗ-ਚਿੱਲੀ, ਬਾਜ਼, ਘੁੱਗੀ, ਹੰਸ, ਮੋਰ, ਗਿਰਝ, ਕਿੰਗਫਿਸ਼ਰ, ਬੱਤਖ, ਬਗਲਾ, ਤਿਤਲੀ ਆਦਿ ਜਿਹੇ ਪਰਿੰਦਿਆਂ ਦੇ ਖਾਕੇ ਮਿਲਦੇ ਹਨ। ਨਿਸ਼ਚੇ ਹੀ ਹਰ ਲੋਗੋ ਦੀ ਦੇਸ਼ ਵਿਦੇਸ਼ ਵਿਚ ਕੋਈ ਨਾ ਕੋਈ ਮਹੱਤਤਾ ਹੋਵੇਗੀ। ਵਿਚਾਰੇ ਕਾਂ, ਉਲੂ, ਤੋਤੇ ਆਦਿ ਅਜਿਹੇ ਸਨਮਾਨ ਤੋਂ ਵਿਰਵੇ ਰਹਿ ਗਏ ਹਨ, ਪਰ ਅੱਜ ਅਸੀਂ ਲੁਫਥਾਨਜ਼ਾ ਨਾਲ ਮੱਥਾ ਮਾਰਨਾ ਹੈ।

ਕੁਝ ਸਾਲ ਪਹਿਲਾਂ ਹਿੰਦੀ ਦੇ ਪ੍ਰਸਿੱਧ ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਨੇ 'ਲੁਫਥਾਨਜ਼ਾ ਏਅਰਲਾਈਨਜ਼' ਅਤੇ ਇਸ ਦੇ ਲੋਗੋ ਦਾ ਸਬੰਧ ਸੰਸਕ੍ਰਿਤ/ਹਿੰਦੀ ਸ਼ਬਦ ਹੰਸ ਨਾਲ ਜੋੜਿਆ ਸੀ। ਅੰਗਰੇਜ਼ੀ/ਜਰਮਨ ਵਿਚ ਲਿਖੇ Lufthansa ਸ਼ਬਦ ਵਿਚ Hansa (luft+hansa) ਦੇ ਰੂਪ ਵਿਚ ਹੰਸ ਸ਼ਬਦ ਸਪੱਸ਼ਟ ਝਲਕਦਾ ਹੈ। ਮੈਂ ਤੁਰੰਤ ਇਸ ਵਿਆਖਿਆ ਨੂੰ ਸੰਖੇਪ ਸ਼ਬਦਾਂ ਵਿਚ ਰੱਦ ਕੀਤਾ ਸੀ। ਅੱਜ ਕੁਝ ਵਿਸਥਾਰ ਦੇ ਕੇ ਕਰਦਾ ਹਾਂ।

ਪੰਜਾਬੀ ਪਾਠਕ ਹੰਸ ਬਾਰੇ ਖੂਬ ਜਾਣਦੇ ਹਨ, ਜੋ ਇਕ ਕਲਪਿਤ ਮਿਥਿਹਾਸਕ ਪੰਛੀ ਹੈ। ਇਹ ਦੁਧ ਦਾ ਦੁਧ ਅਤੇ ਪਾਣੀ ਦਾ ਪਾਣੀ ਨਿਖੇੜ ਦਿੰਦਾ ਹੈ, ਮੋਤੀਆਂ ਦੀ ਚੋਗ ਚੁਗਦਾ ਹੈ। ਪੰਜਾਬੀ ਦੇ ਪਹਿਲੇ ਆਲੋਚਕ ਬਾਵਾ ਬੁੱਧ ਸਿੰਘ ਨੇ 'ਹੰਸ-ਚੋਗ' ਨਾਮੀਂ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ/ਆਲੋਚਨਾ ਪੁਸਤਕ ਰਚੀ ਸੀ, ਜਿਸ ਵਿਚ ਆਪਣੇ ਵਲੋਂ ਮੋਤੀ ਰੂਪੀ ਚੰਗੇ ਕਵੀਆਂ ਤੇ ਕਵਿਤਾਵਾਂ ਚੁਗ ਚੁਗ ਕੇ ਉਨ੍ਹਾਂ ਦੀ ਵਿਆਖਿਆ ਕੀਤੀ ਸੀ।




ਸੰਸਕ੍ਰਿਤ ਨੂੰ ਸਭ ਭਾਸ਼ਾਵਾਂ ਦੀ ਜਣਨੀ ਮੰਨਣ ਵਾਲੇ ਕੁਝ ਲੋਕਾਂ ਦਾ ਦਾਅਵਾ ਹੈ ਕਿ ਲੁਫਥਾਨਜ਼ਾ ਸ਼ਬਦ F.A. Fischer ਵੌਨ ਫੋਟਰਡੇਨ ਨਾਮੀਂ ਲੇਖਕ ਨੇ ਘੜਿਆ, ਜਿਸ ਨੇ ਲੁਫਥਾਨਜ਼ਾ ਉਪਰ ਪੂਰੀ ਕਿਤਾਬ ਹੀ ਲਿਖੀ ਹੋਈ ਹੈ। ਇਸ ਦਾਅਵੇ ਅਨੁਸਾਰ ਲੁਫਥਾਨਜ਼ਾ ਸੰਸਕ੍ਰਿਤ ਦੇ ਦੋ ਸ਼ਬਦਾਂ 'ਲੁਪਤ' ਅਤੇ 'ਹੰਸ' ਦੇ ਜੋੜ (ਲੁਪਤ+ਹੰਸ) ਤੋਂ ਬਣਿਆ ਹੈ ਅਰਥਾਤ 'ਲੁਪਤ ਹੋ ਰਿਹਾ ਹੰਸ।' ਜਹਾਜ ਜਦ ਉਡਾਣ ਭਰਦਾ ਹੈ ਤਾਂ ਹੌਲੀ ਹੌਲੀ ਮਨੁੱਖ ਦੀਆਂ ਨਜ਼ਰਾਂ ਤੋਂ ਉਹਲੇ ਹੋ ਜਾਂਦਾ ਹੈ। ਜਹਾਜ ਦਾ ਲੋਗੋ ਵੀ ਅਜਿਹਾ ਹੀ ਭਰਮ ਪੈਦਾ ਕਰਦਾ ਹੈ। ਇਹ ਲੋਗੋ Dr. Otto Firle ਨੇ ਤਿਆਰ ਕੀਤਾ ਸੀ। ਲੋਗੋ ਦੀ ਕਲਪਨਾ ਕਰਦੇ ਸਮੇਂ ਉਸ ਦੇ ਦਿਮਾਗ ਵਿਚ ਸਾਰਸ ਜਿਹੇ ਆਜ਼ਾਦ ਪੰਛੀ ਦਾ ਖਿਆਲ ਆ ਰਿਹਾ ਸੀ। ਜਰਮਨੀ ਵਿਚ ਜਦ ਇਹ ਕੰਪਨੀ ਸ਼ੁਰੂ ਕੀਤੀ ਗਈ ਸੀ ਤਾਂ ਇਸ ਦੇ ਜਹਾਜ ਵੱਡੇ ਵੱਡੇ ਹੰਸਾਂ ਵਰਗੇ ਦੁਧ ਚਿੱਟੇ ਜਾਪਦੇ ਸਨ। ਉਡਾਣ ਭਰਨ ਪਿਛੋਂ ਇਹ ਛੋਟੇ ਤੋਂ ਛੋਟੇ ਜਾਪਦੇ ਹੌਲੀ ਹੌਲੀ ਅਕਾਸ਼ ਵਿਚ ਅਲੋਪ ਹੀ ਹੋ ਜਾਂਦੇ ਸਨ। ਇਸ ਲਈ ਇਸ ਦਾ ਜੋ ਨਾਂ ਧਰਿਆ ਗਿਆ, ਉਸ ਦਾ ਅਰਥ ਸੀ, ਅਲੋਪ ਹੁੰਦੇ ਹੰਸ!

ਪਰ ਲੁਫਥਾਨਜ਼ਾ ਕੰਪਨੀ ਖੁਦ ਆਪਣੇ ਨਾਂ ਦੀ ਵਿਆਖਿਆ ਕਿਵੇਂ ਕਰਦੀ ਹੈ? ਉਸ ਅਨੁਸਾਰ ਲੁਫਥਾਨਜ਼ਾ ਸ਼ਬਦ ਜਰਮਨ ਭਾਸ਼ਾ ਦੇ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ: ਪਹਿਲਾ ਹੈ, Luft ਜਿਸ ਦਾ ਜਰਮਨ ਵਿਚ ਅਰਥ 'ਹਵਾ' ਹੁੰਦਾ ਹੈ ਅਤੇ ਦੂਜਾ ਹੈ, ਹੰਸ ਜੋ ਮਧਯੁਗੀ ਸੌਦਾਗਰਾਂ ਦੇ ਇਕ ਸੰਘ ਦਾ ਨਾਂ ਹੈ, ਜਿਸ ਨੂੰ ਹੈਂਸਿਐਟਿਕ ਲੀਗ ਵੀ ਕਿਹਾ ਜਾਂਦਾ ਹੈ। ਕੰਪਨੀ ਵਲੋਂ ਆਪਣੇ ਨਾਂ ਦੀ ਵਿਆਖਿਆ 'ਤੇ ਕਿੰਤੂ ਕਰਨ ਦਾ ਕੋਈ ਕਾਰਨ ਨਹੀਂ ਹੈ। ਪਰ ਸੰਸਕ੍ਰਿਤਵਾਦੀ ਵਿਆਖਿਆ ਪਿਛੇ ਕੰਮ ਕਰਦੀ ਪ੍ਰੇਰਨਾ ਇਹ ਹੈ ਕਿ ਜਰਮਨ ਭਾਸ਼ਾ ਅਤੇ ਸੰਸਕ੍ਰਿਤ ਵਿਚ ਬਹੁਤ ਸਾਂਝਾਂ ਹਨ। ਇਹ ਸਾਂਝਾਂ ਪਹਿਲਾਂ ਪਹਿਲ ਜਰਮਨ ਵਿਦਵਾਨਾਂ ਅਤੇ ਭਾਸ਼ਾ ਵਿਗਿਆਨੀਆਂ ਨੇ ਹੀ ਲੱਭੀਆਂ ਸਨ। ਇਸ ਸਾਂਝ ਤੋਂ ਹੀ ਅੱਗੇ ਭਾਰੋਪੀ ਭਾਸ਼ਾਵਾਂ ਦੇ ਸਾਂਝੇ ਸ੍ਰੋਤ ਦੀ ਗੱਲ ਤੁਰੀ ਸੀ। ਅੱਜ ਜਰਮਨੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਅਜਿਹੀਆਂ ਸੰਸਥਾਵਾਂ ਹਨ, ਜੋ ਸੰਸਕ੍ਰਿਤ ਦੀ ਖੋਜ ਵਿਚ ਜੁੱਟੀਆਂ ਹੋਈਆਂ ਹਨ। ਪਰ ਹਥਲੇ ਪ੍ਰਸੰਗ ਤਹਿਤ ਇਹ ਭਾਵਨਾ ਗਲਤ ਤਰ੍ਹਾਂ ਕੰਮ ਕਰ ਰਹੀ ਹੈ।

ਅਸਲ ਵਿਚ 1926 ਵਿਚ 'ਡਿਊਸ਼ ਲੁਫਟ ਹੰਸਾ ਏ. ਜੀ.' ਨਾਂ ਦੀ ਹਵਾਈ ਜਹਾਜਾਂ ਦੀ ਇਕ ਕੰਪਨੀ ਚਲਾਈ ਗਈ ਸੀ, ਜੋ 1945 ਵਿਚ ਨਾਜ਼ੀਆਂ ਦੀ ਹਾਰ ਪਿਛੋਂ ਬੰਦ ਹੋ ਗਈ। ਬਾਅਦ ਵਿਚ 1953 ਵਿਚ 'ਡਿਊਸ਼ ਲੁਫਟ ਹੰਸ' ਨੂੰ ਸੁਰਜੀਤ ਕੀਤਾ ਗਿਆ ਤਾਂ ਇਸ ਦਾ ਨਾਂ ਅਤੇ ਲੋਗੋ ਵੀ ਉਹੋ ਰੱਖੇ ਗਏ। ਅਸਲ ਵਿਚ ਇਸ ਤੋਂ ਵੀ ਪਹਿਲਾਂ 1919 ਵਿਚ ਜਰਮਨੀ ਦੀ ਜਹਾਜਾਂ ਦੀ ਇਕ ਹੋਰ ਕੰਪਨੀ ਚਾਲੂ ਕੀਤੀ ਗਈ ਸੀ ਜਿਸ ਦਾ ਨਾਂ 'ਡਿਊਸ਼ ਲੁਫਟ ਰੀਡੇਰੀ' (ਡੀ. ਐਲ. ਆਰ.) ਸੀ। ਇਸ ਦਾ ਲੋਗੋ Otto Firle ਨੇ ਬਣਾਇਆ ਸੀ, ਜਿਸ ਵਿਚ ਉਡਦਾ ਸਾਰਸ ਵਿਖਾਇਆ ਗਿਆ ਸੀ। ਇਹੋ ਲੋਗੋ ਅਜੋਕੀ ਲੁਫਥਾਨਜ਼ਾ ਵਿਚ ਕਾਇਮ ਰੱਖਿਆ ਗਿਆ। ਯਾਦ ਰਹੇ, ਜਰਮਨੀ ਵਿਚ ਜਰਮਨ ਸ਼ਬਦ ਲਈ ਡਿਊਸ਼ ਸ਼ਬਦ ਚਲਦਾ ਹੈ।

ਸੰਖੇਪ ਵਿਚ ਇਹ ਵੀ ਜਾਣ ਲਈਏ ਕਿ ਲੁਫਥਾਨਜ਼ਾ ਸ਼ਬਦ ਵਿਚ ਲੁਪਤ ਹੰਸਾ ਕੀ ਹੈ? ਜਰਮਨ/ਅੰਗਰੇਜ਼ੀ ਵਿਚ ਇਸ ਸ਼ਬਦ ਦਾ ਉਚਾਰਣ ਹੈਂਸ ਜਿਹਾ ਹੈ, ਜੋ 'ਹੈਂਸਿਐਟਿਕ ਲੀਗ' ਦਾ ਹੀ ਸੂਚਕ ਹੈ। ਇਹ ਲੀਗ ਮਧਯੁਗੀ ਸੌਦਾਗਰਾਂ ਦਾ ਇਕ ਸੰਘ ਸੀ, ਜਿਸ ਵਿਚ ਕਈ ਸ਼ਹਿਰ ਵੀ ਸ਼ਾਮਲ ਸਨ। ਇਹ ਬਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਉਤਰੀ ਜਰਮਨੀ ਵਿਚ ਸਥਾਪਤ ਹੋਈ, ਜੋ ਵਿਸ਼ਾਲ ਹੁੰਦੀ ਹੁੰਦੀ ਬਾਲਟਿਕ ਸਾਗਰ ਅਤੇ ਨਾਰਥ ਸੀਜ਼ ਦੇ ਤਟਾਂ 'ਤੇ ਸਥਿਤ ਉਤਰੀ ਯੂਰਪ ਦੇ ਹੋਰ ਕਈ ਦੇਸ਼ਾਂ ਨੂੰ ਵੀ ਆਪਣੇ ਕਲੇਵਰ ਵਿਚ ਲੈ ਗਈ। ਇਹ ਸੰਘ ਸ਼ਾਮਿਲ ਵਣਜਾਰਿਆਂ ਦੇ ਆਰਥਕ ਅਤੇ ਕੂਟਨੀਤਕ ਹਿਤਾਂ ਦੀ ਰਾਖੀ ਲਈ ਬਣਾਇਆ ਗਿਆ ਸੀ। ਇਹ ਜ਼ਮੀਨੀ ਅਤੇ ਸਮੁੰਦਰੀ ਵਪਾਰਕ ਰਸਤਿਆਂ ਵਿਚ ਜਹਾਜਾਂ, ਕਾਫਲਿਆਂ ਆਦਿ ਦੇ ਜਾਨ ਮਾਲ ਦੀ ਲੁਟੇਰਿਆਂ ਅਤੇ ਡਾਕੂਆਂ ਤੋਂ ਰਾਖੀ ਲਈ ਬਣਾਈ ਇਕ ਗੈਰ-ਰਸਮੀ ਜਿਹੀ ਜਥੇਬੰਦੀ ਸੀ, ਇਸ ਦੀ ਆਪਣੀ ਸੈਨਾ ਤੇ ਕਾਨੂੰਨੀ ਢਾਂਚਾ ਸੀ। ਇਸ ਦੇ ਦਬਦਬੇ ਕਾਰਨ ਬਾਅਦ ਵਿਚ ਇਸ ਖੇਤਰ ਦੇ ਅਮੀਰ ਲੋਕਾਂ ਨੂੰ ਵੀ ਹੈਂਸਿਐਟਿਕ ਕਿਹਾ ਜਾਣ ਲੱਗਾ। ਪੰਦਰਵੀਂ ਸਦੀ ਦੇ ਅੱਧ ਵਿਚ ਇਸ ਦਾ ਨਿਘਾਰ ਹੋ ਗਿਆ।

ਜਿਵੇਂ ਪਹਿਲਾਂ ਦੱਸਿਆ ਜਾ ਚੁਕਾ ਹੈ, 'ਲੁਫਥਾਨਜ਼ਾ' ਸ਼ਬਦ ਵਿਚ ਇਹ ਹੈਂਸ/ਹੰਸ ਸ਼ਬਦ ਹੀ ਹੈ ਜੋ ਇਸ ਕੰਪਨੀ ਦੀ ਪੂਰਵਵਰਤੀ ਕੰਪਨੀ 'ਡਿਊਸ਼ ਲੁਫਟ ਹੈਂਸਾ ਏ. ਜੀ.' ਵਿਚ ਮੌਜੂਦ ਸੀ। ਇਸ ਸ਼ਬਦ ਨੂੰ ਸਮੁੰਦਰੀ ਜਹਾਜਾਂ ਜਾਂ ਜ਼ਮੀਨੀ ਵਾਹਨਾਂ ਦੇ ਪ੍ਰਸੰਗ ਤੋਂ ਚੁਕ ਕੇ ਹਵਾਈ ਸਫਰ ਦੇ ਯੁੱਗ ਵਿਚ ਹਵਾਈ ਜਹਾਜਾਂ 'ਤੇ ਲਾਗੂ ਕਰ ਦਿੱਤਾ ਗਿਆ ਪਰ ਇਸ ਤੋਂ ਪਹਿਲਾਂ ਹਵਾ ਦਾ ਅਰਥ ਦਿੰਦਾ ਲੁਫਟ ਸ਼ਬਦ ਲਾ ਕੇ, ਕੁਝ ਇੰਜ ਜਿਵੇਂ ਸਮੁੰਦਰੀ ਵਾਹਨ ਲਈ ਵਰਤੇ ਜਾਂਦੇ ਸ਼ਬਦ 'ਜਹਾਜ' ਅੱਗੇ ਹਵਾਈ ਸ਼ਬਦ ਲਾ ਕੇ ਉਡਣ ਵਾਲੇ ਵਾਹਨ ਲਈ 'ਹਵਾਈ ਜਹਾਜ' ਸ਼ਬਦ ਬਣਾ ਲਿਆ ਗਿਆ ਹੈ। ਤਨਜ਼ ਵਾਲੀ ਗੱਲ ਹੈ, ਅੱਜ ਜਹਾਜ ਸ਼ਬਦ ਸੁਣਦਿਆਂ ਕਲਪਨਾ ਵਿਚ ਹਵਾਈ ਜਹਾਜ ਹੀ ਆਉਂਦਾ ਹੈ, ਸਮੁੰਦਰੀ ਜਹਾਜ ਨਹੀਂ।

ਲੁਫਥਾਨਜ਼ਾ ਵਿਚਲਾ ਲੁਫਟ ਸ਼ਬਦ ਪ੍ਰਾਕ-ਜਰਮੈਨਿਕ ਸ਼ਬਦ ਹੈ, ਜਿਸ ਨਾਲ ਰਲਦੇ-ਮਿਲਦੇ ਸ਼ਬਦ ਡੈਨਿਸ਼, ਸਵੀਡਿਸ਼ ਤੇ ਨਾਰਵੇਜੀਅਨ ਭਾਸ਼ਾਵਾਂ ਵਿਚ ਮਿਲਦੇ ਹਨ। ਪੁਰਾਣੀ ਅੰਗਰੇਜ਼ੀ 'ਚ ਵੀ ਲਿਫਟ (Lyft) ਦਾ ਅਰਥ ਹਵਾ, ਅਸਮਾਨ ਆਦਿ ਹੁੰਦਾ ਸੀ। ਇਸ ਵਿਚ ਉਚਾਈ ਦਾ ਭਾਵ ਹੈ। ਅਜੋਕਾ Lift ਅਤੇ Loft ਸ਼ਬਦ ਇਸੇ ਦੇ ਸਕੇ ਹਨ। ਜਰਮਨ ਵਿਚ ਹੈਂਸ, ਜੋ ਪਿਛੋਂ ਹੰਸਅ ਬਣ ਗਿਆ, ਜਰਮਨ ਸ਼ਬਦ ਹੈ, ਜਿਸ ਦਾ ਮੁਢਲਾ ਅਰਥ ਕਾਫਲਾ, ਹੇੜ੍ਹ ਹੈ, ਜੋ ਉਪਰ ਦੱਸੇ ਅਨੁਸਾਰ ਸੌਦਾਗਰਾਂ, ਵਪਾਰੀਆਂ ਜਾਂ ਵਣਜਾਰਿਆਂ ਦੇ ਉਨ੍ਹਾਂ ਟੋਲਿਆਂ 'ਤੇ ਲਾਗੂ ਕੀਤਾ ਗਿਆ ਜੋ ਹੈਂਸਿਐਟਿਕ ਲੀਗ ਵਿਚ ਸ਼ਾਮਿਲ ਸ਼ਹਿਰਾਂ ਵਿਚਾਲੇ ਵਪਾਰ ਕਰਦੇ ਘੁੰਮਦੇ ਰਹਿੰਦੇ ਸਨ। ਇਸ ਸ਼ਬਦ ਦਾ ਅੰਤਿਮ ਸ੍ਰੋਤ ਗੌਥਿਕ ਸ਼ਬਦ 'ਹੰਸਅ' ਲੱਭਿਆ ਗਿਆ ਹੈ, ਜਿਸ ਦਾ ਅਰਥ ਫੌਜੀਆਂ ਦਾ ਦਸਤਾ, ਟੁਕੜੀ, ਟੋਲਾ ਹੈ। ਪੁਰਾਣੀ ਅੰਗਰੇਜ਼ੀ ਵਿਚ ਇਸ ਦਾ ਸਜਾਤੀ ਸ਼ਬਦ 'ਹੋਂਸ' ਸੀ, ਜਿਸ ਦਾ ਅਰਥ ਲਾਣਾ, ਲਾਰਾ, ਨੌਕਰ-ਚਾਕਰ ਜਿਹਾ ਸੀ। ਪ੍ਰਾਕ-ਜਰਮਨ ਦੇ 'ਹੰਸੋ' ਸ਼ਬਦ ਦਾ ਅਰਥ ਇਕੱਠ, ਗਠਜੋੜ, ਸੰਘ ਜਿਹਾ ਸੀ। ਕਹਾਣੀ ਤਾਂ ਸੰਸਕ੍ਰਿਤ ਤੱਕ ਵੀ ਲੈ ਜਾਈ ਗਈ ਹੈ, ਪਰ ਸ਼ੱਕੀ ਹੈ।

ਇਹ ਗੱਲ ਸਹੀ ਹੈ ਕਿ ਕੰਪਨੀ ਦੇ ਨਾਂ 'ਲੁਫਥਾਨਜ਼ਾ' ਅਤੇ 'ਉਡ ਰਿਹਾ ਸਾਰਸ' ਦਰਸਾਉਂਦੇ ਇਸ ਦੇ ਲੋਗੋ ਵਿਚਾਲੇ ਕੋਈ ਤਾਲ-ਮੇਲ ਨਹੀਂ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਵੇਂ ਕੁਝ ਸੰਸਕ੍ਰਿਤ ਉਤਸ਼ਾਹੀ ਵਿਅਕਤੀਆਂ ਨੇ ਇਕ ਲੋਗੋ ਵਿਚਲੇ ਪੰਛੀ, ਜੋ ਸਪੱਸ਼ਟ ਤੌਰ 'ਤੇ ਲੰਮੀ ਧੌਣ ਵਾਲਾ ਪੰਛੀ ਸਾਰਸ ਹੈ, ਨੂੰ ਹੰਸ ਬਣਾ ਕੇ ਇਸ ਦੇ ਲੋਗੋ ਅਤੇ ਕੰਪਨੀ ਦੀ ਮਨਘੜਤ ਵਿਆਖਿਆ ਕਰ ਮਾਰੀ ਹੈ।

ਮੈਨੂੰ ਯਾਦ ਹੈ, ਕਿਵੇਂ ਪੰਜਾਬ ਦੇ ਇਕ ਪ੍ਰਸਿੱਧ ਚਿੱਤਰਕਾਰ, ਜਿਸ ਦੀ ਕਲਾ-ਕੌਸ਼ਲਤਾ 'ਤੇ ਕੋਈ ਕਿੰਤੂ ਨਹੀਂ, ਨੇ ਗੁਰੂ ਨਾਨਕ ਦੇ ਬਾਰਾਮਾਹ ਵਿਚਲੇ ਸ਼ਬਦ 'ਅਸੁਨਿ' (ਅੱਸੂ) ਨੂੰ 'ਆ ਸੁਣ' ਬਣਾ ਕੇ ਅਜਿਹਾ ਚਿੱਤਰ ਬਣਾਇਆ ਜਿਸ ਵਿਚ ਇਕ ਔਰਤ ਕੁਝ ਸੁਣ ਰਹੀ ਪ੍ਰਤੀਤ ਹੁੰਦੀ ਹੈ। ਅੱਸੂ ਜਾਂ ਅਸੁਨਿ ਸ਼ਬਦ ਅਸ਼ਵ (ਘੋੜੇ) ਦਾ ਰੁਪਾਂਤਰ ਹੈ ਜਿਸ ਬਾਰੇ ਪਹਿਲਾਂ ਕੁਝ ਇਕ ਵਾਰੀ ਲਿਖਿਆ ਜਾ ਚੁਕਾ ਹੈ। ਵਿਉਤਪਤੀ ਕਪੋਲ ਕਲਪਨਾ ਦੀ ਖੇਡ ਨਹੀਂ ਹੈ।

# ਪਾਬਲੋ ਨੇਰੂਦਾ ਨਾਲ ਮੁਲਾਕਾਤ

(ਪਿਛਲੇ ਸਫੇ ਦੀ ਬਾਕੀ)

ਉਚਾਈਆਂ ਤੋਂ ਉਚਕ ਕੇ ਨੇਰੂਦਾ ਵੱਲ ਦੇਖਿਆ ਜੋ ਲਗਾਤਾਰ ਆਪਣੀ ਗੱਲ ਕਹੀ ਜਾ ਰਹੇ ਸਨ।

ਇਸ ਸਮੇਂ ਨੇਰੂਦਾ ਦੀ ਚਰਚਾ ਦਾ ਵਿਸ਼ੇ ਸੀ- ਯੁੱਧ ਅਤੇ ਉਸ ਦਾ ਖਤਰਾ। ਉਹ ਕਹਿ ਰਹੇ ਸਨ, "ਮੈਂ ਸਪੇਨ ਦੇ ਸਭ ਤੋਂ ਵੱਧ ਲੋਕ-ਪ੍ਰਿਯਾ ਕਵੀ ਮਾਰਸ਼ੀਆ ਲੋਰਕਾ ਨੂੰ ਫਰੈਂਕੋ ਦੇ ਸੈਨਿਕਾਂ ਹੱਥੋਂ ਕਤਲ ਕੀਤੇ ਜਾਣ ਵੱਲ ਜ਼ਰੂਰ ਸੰਕੇਤ ਕਰਨਾ ਚਾਹੁੰਦਾ ਹਾਂ। ਲੋਰਕਾ ਕੋਈ ਰਾਜਨੇਤਾ ਨਹੀਂ ਸੀ, ਨਾ ਕੋਈ ਲੜਾਕਾ। ਉਹ ਮੌਤ ਤੋਂ ਡਰਦਾ ਸੀ ਅਤੇ ਜ਼ਿੰਦਗੀ ਨਾਲ ਪਿਆਰ ਕਰਦਾ ਸੀ। ਉਸ ਨੂੰ ਵੀ ਮਾਰ ਦਿੱਤਾ ਗਿਆ। ਲੋਰਕਾ ਸਿਰਫ ਆਪਣੀ ਜਨਤਾ ਦੀ ਰੱਖਿਆ ਕਰਨਾ ਚਾਹੁੰਦਾ ਸੀ।"

ਮੈਂ ਦੇਖਿਆ ਕਿ ਨੇਰੂਦਾ ਦੀ ਆਵਾਜ਼ ਭਾਵੇਂ ਪਹਿਲਾਂ ਵਾਂਗ ਗਹਿਰੀ ਅਤੇ ਦ੍ਰਿੜ ਵੀ ਹੈ ਪਰ ਨਾਲ ਹੀ ਉਹ ਇਹ ਵੀ ਨਾ ਛੁਪਾ ਸਕਿਆ ਕਿ ਉਸ ਦੀ ਆਵਾਜ਼ ਵਿਚ ਇਕ ਖਾਸ ਕਿਸਮ ਦੀ ਕੰਬਣੀ ਆ ਗਈ ਹੈ। ਮੇਰੇ ਦਿਲ 'ਤੇ ਵੀ ਇਸ ਕੰਬਣੀ ਦਾ ਪ੍ਰਭਾਵ ਪਿਆ ਕਿਉਂਕਿ ਲੋਰਕਾ ਦੀਆਂ ਕੁਝ ਕਵਿਤਾਵਾਂ ਮੈਂ ਵੀ ਪੜ੍ਹ ਰੱਖੀਆਂ ਸਨ (ਅਨੁਵਾਦ ਵਿਚ ਹੀ ਸਹੀ) ਅਤੇ ਉਨ੍ਹਾਂ ਦਾ ਮੇਰੇ 'ਤੇ ਡੂੰਘਾ ਪ੍ਰਭਾਵ ਪਿਆ ਸੀ।

ਅੱਗੇ ਚੱਲ ਕੇ ਨੇਰੂਦਾ ਨੇ ਕਿਹਾ, "ਮੈਂ ਉਸ ਹਾਨੀ ਦਾ ਜ਼ਰੂਰ ਜ਼ਿਕਰ ਕਰਾਂਗਾ ਜੋ ਦੂਜੇ ਵਿਸ਼ਵ ਯੁੱਧ ਵਿਚ ਕਵੀਆਂ, ਲੇਖਕਾਂ ਤੇ ਕਲਾਕਾਰਾਂ ਨੂੰ ਉਠਾਉਣੀ ਪਈ ਅਤੇ ਨਾਲ ਹੀ ਮੈਂ ਹਿੰਦੁਸਤਾਨ ਦੀ ਜਨਤਾ ਨੂੰ ਅਪੀਲ ਕਰਦਾ ਹਾਂ ਕਿ ਉਹ ਵਿਸ਼ਵ ਅਮਨ ਦੀ ਹਮਾਇਤ ਕਰਦੀ ਰਹੇ। ਅੱਜ ਮੈਂ ਇਕ ਜਲਾਵਤਨ ਅਤੇ ਘਰ-ਘਾਟ ਤੋਂ ਵਾਂਝਾ ਵਿਅਕਤੀ ਹਾਂ। ਇਹ ਲੋਕ ਕਵੀ ਲਈ ਸਭ ਤੋਂ ਵੱਧ ਮਾਣ ਵਾਲੀ ਗੱਲ ਹੈ। ਕੋਈ ਵੀ ਆਦਮੀ ਉਦੋਂ ਤਕ ਅਮਨ ਨਹੀਂ ਪਾ ਸਕਦਾ, ਜਦੋਂ ਤਕ ਸਾਰੇ ਵਿਸ਼ਵ ਨੂੰ ਅਮਨ ਦੀ ਗਾਰੰਟੀ ਨਹੀਂ ਮਿਲ ਜਾਂਦੀ।"

ਭਾਸ਼ਣ ਤੋਂ ਬਾਅਦ ਨੇਰੂਦਾ ਨੇ ਕੁਝ ਦੋਸਤਾਂ ਦੇ ਕਹਿਣ 'ਤੇ ਸਪੇਨੀ ਭਾਸ਼ਾ ਵਿਚ ਆਪਣੀ ਇਕ ਕਵਿਤਾ ਦੇ ਕੁਝ ਅੰਸ਼ ਪੜ੍ਹ ਕੇ ਸੁਣਾਏ। ਨੇਰੂਦਾ ਦੀ ਆਵਾਜ਼ ਵਿਚ ਅਸਲ ਸ਼ਕਤੀ ਤਾਂ ਹੁਣ ਆਈ ਲੱਗਦੀ ਸੀ, ਕਿ ਹੁਣ ਤਕ ਉਸ ਨੇ ਜੋ ਕਿਹਾ, ਉਸ ਨੂੰ ਹੁਣ ਰੂਪ ਮਿਲਿਆ।

ਪਹਿਲਾਂ ਵਾਲੀ ਕਵਿਤਾ ਦਾ ਓਨਾ ਪ੍ਰਭਾਵ ਨਹੀਂ ਪਿਆ, ਜਿੰਨਾ ਇਸ ਕਵਿਤਾ ਦਾ, ਕਿਉਂਕਿ ਸਪੇਨੀ ਭਾਸ਼ਾ ਤੋਂ ਅਸੀਂ ਸਾਰੇ ਅਨਜਾਣ ਸਾਂ। ਕਦੇ ਲੱਗਦਾ, ਨੇਰੂਦਾ ਇਸ ਤਰ੍ਹਾਂ ਬੋਲ ਰਿਹਾ ਹੈ, ਜਿਵੇਂ ਲੱਕੜੀ 'ਚ ਵਰਮਾ ਸੁਰਾਖ ਕਰਦਾ ਹੈ, ਕਦੇ ਲੱਗਦਾ, ਲੱਕੜੀ 'ਤੇ ਰੰਦਾ ਚਲ ਰਿਹਾ ਹੈ।

ਜਦੋਂ ਨੇਰੂਦਾ ਨੇ ਕਵਿਤਾ ਪਾਠ ਖਤਮ ਕੀਤਾ ਤਾਂ ਉਰਦੂ ਕਵੀ ਅਲੀ ਸਰਦਾਰ ਜਾਫ਼ਰੀ ਦੇ ਕਹਿਣ 'ਤੇ ਸਭਾ ਵਿਚੋਂ ਇਕ ਵਿਅਕਤੀ ਨੇ ਉਠ ਕੇ 'ਰੈਜ਼ੀਡੈਂਸੀ ਆਨ ਅਰਥ' ਵਿਚੋਂ ਇਕ ਸਪੇਨੀ ਕਵਿਤਾ ਦਾ ਅੰਗਰੇਜ਼ੀ ਅਨੁਵਾਦ ਪੜ੍ਹ ਕੇ ਸੁਣਾਇਆ। ਉਸ ਕਵਿਤਾ ਦਾ ਕੁਝ ਅੰਸ਼ ਏਥੇ ਪੇਸ਼ ਕਰਨ ਦਾ ਮੋਹ ਨਹੀਂ ਛੱਡਿਆ ਜਾ ਸਕਦਾ:

ਤੁਸੀਂ ਪੁੱਛੋਗੇ ਬਕਾਇਨ ਕਿੱਥੇ ਹੈ?
ਖਸਖਸ ਨਾਲ ਗੁੰਨ੍ਹੀ ਆਤਮਾ ਵਿਧਾ ਕਿਥੇ ਹੈ?
ਟਪਟਪ ਵਰ੍ਹਨ ਵਾਲਾ ਮੀਂਹ ਕਿਥੇ ਹੈ?
ਜਿਸ ਤੋਂ ਰੁਕਾਵਟ ਭਰੇ ਸੁਰ ਨਿਕਲਦੇ ਹਨ
ਅਤੇ ਨਿਕਲਦੇ ਨੇ ਚਿੜੀਆਂ ਜਿਹੇ ਸੁਰ?
ਮੈਂ ਤੁਹਾਨੂੰ ਦੱਸਾਂਗਾ ਮੈਨੂੰ ਹੋ ਕੀ ਗਿਆ ਹੈ।...
ਹਥਿਆਰਾਂ ਤੇ ਹਵਾਈ ਜਹਾਜ਼ਾਂ ਵਾਲੇ ਕਾਤਿਲ
ਮਹੰਤਾਂ ਤੇ ਪੰਡਤਾਂ ਤੋਂ ਅਸੀਸ ਪ੍ਰਾਪਤ ਕਾਤਿਲ
ਉਹ ਬੱਚਿਆਂ ਨੂੰ ਕਤਲ ਕਰਨ ਲਈ ਹੇਠ ਉਤਰੇ
ਸੜਕਾਂ ਦੇ ਕੰਢੇ ਬੱਚਿਆਂ ਦਾ ਲਹੂ ਵਗਿਆ
ਜਿਵੇਂ ਬੱਚਿਆਂ ਦਾ ਲਹੂ ਵਗਦਾ ਹੈ!

ਨੇਰੂਦਾ ਦੇ ਬਾਅਦ ਜੋਸ਼ ਮਲੀਹਾਬਾਦੀ ਨੇ ਆਪਣੀਆਂ ਕੁਝ ਰੁਬਾਈਆਂ ਸੁਣਾਈਆਂ ਜਿਨ੍ਹਾਂ 'ਚੋਂ ਕੁਝ ਵਿਚੋਂ ਕਵੀ ਦੀ ਆਤਮ ਕਥਾ ਬੋਲ ਉਠੀ:

ਮਹਿਰੂਮੇ ਨਿਸ਼ਾਤ ਜ਼ਿੰਦਗੀ ਹੂੰ ਅਬ ਤਕ।
ਪਾਮਾਲੇ ਖ਼ਰਾਬੀ ਓ ਅਬਲਹੀ ਹੂੰ ਅਬ ਤਕ।
ਇਸ ਦਰਦ ਕਾ ਤੂ ਗਵਾਹ ਰਹਿਨਾ, ਐ ਵਕਤ!
ਮੈਂ ਅਪਨੇ ਵਕਤ ਮੇਂ ਅਜਨਬੀ ਹੂੰ ਅਬ ਤਕ।

ਇਸ ਰੁਬਾਈ ਦੀ ਦੂਜੀ ਪੰਕਤੀ ਵਿਚ ਸ਼ਾਇਰ ਨੇ ਇਹ ਦੱਸਣ ਦਾ ਜਤਨ ਕੀਤਾ ਹੈ ਕਿ ਉਹ ਹੁਣ ਤਕ ਗਧੇਪਨ ਅਤੇ ਬੇਵਕੂਫ਼ੀ ਦੇ ਹੇਠਾਂ ਰੌਂਦਿਆ ਜਾ ਰਿਹਾ ਹੈ।

ਫਿਰ ਅਲੀ ਸਰਦਾਰ ਜਾਫ਼ਰੀ ਨੇ 'ਏਸ਼ੀਆ ਜਾਗ ਉਠਾ' ਦੇ ਕੁਝ ਬੰਦ ਸੁਣਾਏ:

ਯਹ ਸ਼ਾਇਰੀ ਨਹੀਂ ਹੈ
ਰਜ਼ਮ ਕੀ ਆਵਾਜ਼, ਬਾਦਲੋਂ ਕੀ ਗਰਜ ਹੈ,
ਤੂਫ਼ਾਨ ਕੀ ਸਦਾ ਹੈ...

ਇਸ ਦੇ ਬਾਅਦ ਅਲੀ ਸਰਦਾਰ ਜਾਫ਼ਰੀ ਨੇ ਪਹਿਲਾਂ ਅੱਖਾਂ ਹੀ ਅੱਖਾਂ ਵਿਚ, ਫਿਰ ਜ਼ਬਾਨ 'ਤੇ ਆਏ ਸ਼ਬਦਾਂ ਰਾਹੀਂ ਮੈਨੂੰ ਵੀ ਕਿਹਾ ਕਿ ਮੈਂ ਵੀ ਇਕ ਕਵਿਤਾ ਸੁਣਾਵਾਂ। ਪਤਾ ਨਹੀਂ, ਕਿਵੇਂ ਮੈਂ ਝਿਪ ਕੇ ਰਹਿ ਗਿਆ। ਨੇਰੂਦਾ ਦੀ ਕਵਿਤਾ ਸੁਣਨ ਦੇ ਬਾਅਦ ਮੈਂ ਮਹਿਸੂਸ ਕਰ ਰਿਹਾ ਸੀ ਕਿ ਹੁਣ ਕੁਝ ਸੁਣਾਉਣ ਲਈ ਨਹੀਂ ਰਹਿ ਗਿਆ।

ਹੁਣ ਪੰਜਾਬੀ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਪ੍ਰਸਿੱਧ ਕਵਿਤਾ ਸੁਣਾਈ ਜੋ ਇਸ ਤਰ੍ਹਾਂ ਸ਼ੁਰੂ ਹੁੰਦੀ ਸੀ :

ਅੱਜ ਆਖਾਂ ਵਾਰਿਸਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ।

ਇਸ ਕਵਿਤਾ ਵਿਚ ਉਨ੍ਹਾਂ ਜ਼ੁਲਮਾਂ ਦਾ ਚਿੱਤਰ ਪੇਸ਼ ਕੀਤਾ ਗਿਆ ਸੀ ਜੋ ਦੇਸ਼ ਵੰਡ ਦੇ ਮੌਕੇ 'ਤੇ ਸਰਹੱਦ ਦੇ ਦੋਹੀਂ ਪਾਸੀਂ ਢਾਏ ਗਏ ਸਨ।

ਇਸ ਦੌਰਾਨ ਉਥੇ ਹੀ ਮੇਜ਼ 'ਤੇ ਬੈਠੇ-ਬੈਠੇ ਮੈਨੂੰ ਨੇਰੂਦਾ ਤੋਂ ਅੱਛਾ-ਖਾਸਾ ਪੁਰਸਕਾਰ ਮਿਲਿਆ। ਮੇਰਾ ਇਸ਼ਾਰਾ ਉਸ ਚਿੱਤਰ ਵੱਲ ਹੈ ਜਿਸ ਵਿਚ ਅਮਨ ਦੇ ਦੂਤ ਕਬੂਤਰ ਨੂੰ ਦਿਖਾਇਆ ਗਿਆ ਹੈ। ਪਿੱਠ-ਭੂਮੀ ਵਿਚ ਦੇਸ-ਦੇਸ ਦੇ ਅਖ਼ਬਾਰਾਂ ਦੇ ਪੰਨੇ ਦਿਖਾਏ ਗਏ ਸਨ ਜਿਨ੍ਹਾਂ ਵਿਚ ਵਿਸ਼ਵ ਅਮਨ ਦੀ ਅਪੀਲ ਕੀਤੀ ਗਈ ਸੀ।

ਮੈਂ ਇਹ ਪੁਰਸਕਾਰ ਪਾ ਕੇ ਧੰਨ ਹੋ ਉਠਿਆ। ਇਸ 'ਤੇ ਕਵੀ ਨੇਰੂਦਾ ਨੇ ਅੰਗਰੇਜ਼ੀ ਵਿਚ ਝੱਟ ਲਿਖ ਦਿੱਤਾ: ਟੂ ਦੇਵਿੰਦਰ ਸਤਿਆਰਥੀ- ਪਾਬਲੋ ਨੇਰੂਦਾ, ਡੇਹਲੀ, 1950।

ਇਸ ਦੇ ਇਲਾਵਾ ਉਸੇ ਸਮੇਂ ਕੋਲ ਬੈਠੇ ਫ਼ੋਟੋਗ੍ਰਾਫ਼ਰ ਮਿੱਤਰ ਤੋਂ ਨੇਰੂਦਾ ਦਾ ਪੋਰਟ੍ਰੇਟ ਖ਼ਰੀਦ ਕੇ ਮੈਂ ਉਸ 'ਤੇ ਵੀ ਪਾਬਲੋ ਨੇਰੂਦਾ ਤੋਂ ਹਸਤਾਖ਼ਰ ਲੈ ਲਏ। ਇੰਜ ਲੱਗਿਆ ਜਿਵੇਂ ਇਹ ਵੀ ਪੁਰਸਕਾਰ ਹੋਵੇ।

ਮੈਨੂੰ ਚਾਹ ਦੀ ਓਨੀ ਫ਼ਿਕਰ ਨਹੀਂ ਸੀ ਜਿੰਨੀ ਇਸ ਗੱਲ ਦੀ ਕਿ ਨੇਰੂਦਾ ਦੇ ਦਿਲ ਵਿਚ ਆਪਣੀ ਯਾਦ ਗਹਿਰੀ ਕਰ ਲਵਾਂ। ਚਾਹ ਪੀਦਿਆਂ ਮੈਂ ਪਹਿਲਾਂ ਨੇਰੂਦਾ ਨੂੰ ਆਪਣੀ ਕਵਿਤਾ 'ਗੁਲਮੋਹਰ ਦੇ ਫੁੱਲ' ਦਾ ਭਾਵਾਰਥ ਸਮਝਾਇਆ ਅਤੇ ਫਿਰ ਹੌਲੀ-ਹੌਲੀ ਮੂਲ ਕਵਿਤਾ ਸੁਣਾ ਦਿੱਤੀ:

ਗੁਲਮੋਹਰ ਦੇ ਫੁੱਲ ਵੀ ਕੀ ਫੁੱਲ ਹਨ
ਚਾਰ ਦਿਨ ਦੇ ਮਹਿਮਾਨ...

ਨੇਰੂਦਾ ਨੇ ਹੱਸ ਕੇ ਮੇਰੇ ਵੱਲ ਦੇਖਿਆ, ਜਿਵੇਂ ਪੁੱਛ ਰਹੇ ਹੋਣ- ਭਲੇ ਆਦਮੀ ਭਰੀ ਮਹਿਫ਼ਲ ਵਿਚ ਇਹ ਕਵਿਤਾ ਕਿਉਂ ਨਾ ਸੁਣਾਈ। ਮੈਂ ਖ਼ੁਸ਼ ਸੀ। ਬੱਸ ਇਹੋ ਖ਼ੁਸ਼ੀ ਮੇਰੇ ਲਈ ਕਾਫੀ ਸੀ ਕਿ ਮੈਂ ਨੇਰੂਦਾ ਨਾਲ ਕਵੀ ਦੇ ਤੌਰ 'ਤੇ ਮਿਲਿਆ। ਹਾਲਾਂਕਿ ਅਗਲੇ ਹੀ ਪਲ ਮੈਂ ਨੇਰੂਦਾ ਨੂੰ ਦੱਸ ਦਿੱਤਾ, "ਕਵਿਤਾ ਦੀ ਪ੍ਰੇਰਨਾ ਮੈਨੂੰ ਲੋਕ ਗੀਤ ਇਕੱਠੇ ਕਰਦਿਆਂ ਮਿਲੀ। ਮੈਂ ਛੰਦ-ਬੰਦੀ ਦੇ ਕਾਇਦੇ ਨਹੀਂ ਸਿੱਖੇ। ਮੈਂ ਆਲੋਚਨਾ ਦੇ ਵੱਡੇ-ਵੱਡੇ ਕਾਵਿ-ਗ੍ਰੰਥ ਵੀ ਨਹੀਂ ਪੜ੍ਹੇ। ਮੇਰਾ ਪ੍ਰੇਰਨਾ-ਸ੍ਰੋਤ ਅਲੱਗ ਹੈ, ਉਥੇ ਜਿਥੇ ਜਨਤਾ ਰਹਿੰਦੀ ਹੈ।

ਸਮਾਂ ਘੱਟ ਸੀ। ਨੇਰੂਦਾ ਨੇ ਜਲਦੀ-ਜਲਦੀ ਸਾਰਿਆਂ ਤੋਂ ਵਿਦਾ ਲਈ ਪਰ ਮੈਂ ਹੁਣ ਤਕ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਜਿਵੇਂ ਨੇਰੂਦਾ ਮੇਰੇ ਦਿਲ ਵਿਚ ਮੌਜੂਦ ਹੈ।

# ਮਦਰ'ਜ਼ ਡੇ ਨਿੱਤ ਹੋਵੇ!

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਨੇ ਆਪਣੇ ਲੇਖ ਵਿਚ ਬਜ਼ੁਰਗਾਂ ਦਾ ਆਦਰ ਮਾਣ ਕਰਨ ਦੀ ਨਸੀਹਤ ਦਿੰਦਿਆਂ ਕਿਹਾ ਸੀ ਕਿ ਬੱਚੇ ਜਦ ਬਜ਼ੁਰਗਾਂ ਦੇ ਚਾਅ ਮਨਾਉਂਦੇ ਨੇ ਤਾਂ ਮਾਪਿਆਂ ਦੀ ਉਮਰ ਵਧ ਜਾਂਦੀ ਏ ਅਤੇ ਉਨ੍ਹਾਂ ਦੇ ਸਾਹਾਂ ਵਿਚ ਰਵਾਨਗੀ ਤੇ ਜਿਉਣ ਦਾ ਚਾਅ ਮਿਉਂਦਾ ਨਹੀਂ। ਮਦਰ'ਜ਼ ਡੇ ਮੌਕੇ ਲਿਖੇ ਇਸ ਲੇਖ ਵਿਚ ਡਾ. ਭੰਡਾਲ ਨੇ ਮਾਂ ਦੀ ਮਮਤਾ ਦੀ ਗੱਲ ਕਰਦਿਆਂ ਮਾਂ ਦੀ ਕਦਰ ਪਾਉਣ ਦੀ ਨਸੀਹਤ ਕੀਤੀ ਹੈ ਕਿ ਮਦਰ'ਜ਼ ਡੇ ਕੋਈ ਰਸਮ ਨਹੀਂ, ਇਹ ਤਾਂ ਮਾਂ ਦੀਆਂ ਘਾਲਣਾਵਾਂ ਦੀ ਕਦਰ ਪਾਉਣ ਦਾ ਅਹਿਦ ਲੈਣ ਦਾ ਦਿਨ ਹੈ। -ਸੰਪਾਦਕ***

ਮਦਰ'ਜ਼ ਡੇ, ਮਾਂਵਾਂ ਦਾ ਦਿਨ। ਮਾਂ ਦੇ ਸੁਪਨਿਆਂ ਦੀ ਅਕੀਦਤ ਕਰਨ ਦਾ ਸਮਾਂ, ਉਸ ਦੀਆਂ ਇੱਛਾਵਾਂ ਤੇ ਸੱਧਰਾਂ ਨੂੰ ਨਮਸਕਾਰਨ, ਦੇਣਾਂ ਨੂੰ ਸਿਜਦਾ ਕਰਨ ਅਤੇ ਉਸ ਦੀ ਘਾਲਣਾ ਨੂੰ ਪ੍ਰਣਾਮ ਕਰਨ ਦਾ ਵੇਲਾ।

ਮਦਰ'ਜ਼ ਡੇ ਆਪਣੇ ਅਤੀਤ ਵੱਲ ਝਾਤੀ ਮਾਰਨ ਦਾ ਵਕਤ, ਮੂਲ ਨਾਲ ਜੁੜਨ ਦੀ ਬਿਰਤੀ ਤੇ ਆਪਣੇ ਪੁਰਖਿਆਂ ਨਾਲ ਰਿਸ਼ਤਾ ਨਿਭਾਉਣ ਦਾ ਪ੍ਰਣ। ਮਦਰ'ਜ਼ ਡੇ ਮਨਾਉਣਾ, ਹਰ ਇਕ ਦੇ ਵੱਸ ਨਹੀਂ। ਹਰੇਕ ਨਹੀਂ ਮਨਾ ਸਕਦਾ ਇਹ ਪਾਕ ਦਿਵਸ। ਸਭ ਖੁਸ਼ੀਆਂ ਭਲਾ ਸਭ ਨੂੰ ਕਦ ਮਿਲਦੀਆਂ ਨੇ?

ਸੋਚਦਾ ਹਾਂ! ਉਹ ਕਿੰਜ ਮਦਰ'ਜ਼ ਡੇ ਮਨਾਵੇ ਜਿਸ ਦੇ ਹਿੱਸੇ ਦੀ ਮਮਤਾ ਭਰੀ ਛਾਂ ਸਦਾ ਲਈ ਤੁਰ ਗਈ ਹੋਵੇ, ਅਸੀਸਾਂ ਦੀ ਰੁਸਵਾਈ ਦਾ ਸਾਹਮਣਾ ਕਰੇ ਅਤੇ ਮਾਂ-ਨਿਆਮਤ ਤੋਂ ਵਿਰਵਾ ਹੋਣਾ ਪਵੇ। ਉਹ ਲਾਡਲਾ ਕਿੰਜ ਇਹ ਦਿਨ ਕਿਆਸੇ ਜਿਸ ਨੂੰ ਪਰਵਾਸ ਰੂਪੀ ਬਣਵਾਸ ਮਿਲ ਜਾਵੇ, ਜਿਸ ਦੀਆਂ ਆਂਦਰਾਂ ਵਿਚ ਮਾਂ ਦੀ ਮਿਲਣੀ ਦਾ ਸੇਕ ਠੰਢਾ ਹੋ ਜਾਵੇ ਅਤੇ ਜਿਸ ਦੇ ਨੈਣਾਂ ਵਿਚ ਮਾਂ ਦੇ ਨਕਸ਼ ਹੀ ਧੁੰਧਲੇ ਹੋ ਗਏ ਹੋਣ।

ਭਲਾ! ਉਹ ਮਾਂ ਨੂੰ ਕਿਹੜੇ ਬੋਲਾਂ ਨਾਲ ਯਾਦ ਕਰੇ ਜਿਸ ਲਈ ਦਰ ਖੋਲ੍ਹਣ ਵਾਲੀ ਮਾਂ ਦਾ ਹੁੰਗਾਰਾ ਜਲਾਵਤਨ ਹੋ ਜਾਵੇ, ਜਿਸ ਦੀਆਂ ਸੁੱਖਾਂ ਮਨਾਉਣ ਵਾਲੀ ਅਤੇ ਘਰ ਵਾਪਸੀ ਦੀ ਸਲਾਮਤੀ ਲਈ ਦਰਾਂ 'ਤੇ ਪਾਣੀ ਡੋਲ੍ਹਣ ਵਾਲੀ ਮਾਂ ਸਿਵਿਆਂ ਦੀ ਰਾਖ ਬਣ ਗਈ ਹੋਵੇ। ਮਾਂਵਾਂ ਤੋਂ ਬਗੈਰ ਘਰ ਦੀ ਦੇਹਲੀ 'ਤੇ ਕੌਣ ਚੜ੍ਹਨ ਦਿੰਦਾ ਏ?

ਸੋਚਦਾਂ, ਕਿੰਜ ਉਸ ਬੱਚੀ ਨੂੰ ਮਾਂ ਦਾ ਚੇਤਾ ਭੁਲੇਗਾ ਜਿਸ ਦੇ ਸਾਹਵੇਂ ਹੀ ਮਾਂ ਦੇ ਜਿਸਮ ਦੀਆਂ ਲੀਰਾਂ ਨੂੰ ਹਵਾ ਵਿਚ ਉਛਾਲ ਦਿੱਤਾ ਗਿਆ ਹੋਵੇ, ਮਮਤਾ ਦਾ ਚੀਰ ਹਰਨ ਹੋਇਆ ਹੋਵੇ, ਕੁੱਖ ਨੂੰ ਕੋਹਿਆ ਗਿਆ ਹੋਵੇ ਅਤੇ ਜਿਹੜੀ ਸਾਰੀ ਰਾਤ ਆਪਣੀ ਮਾਂ ਦੀ ਲਾਸ਼ ਕੋਲ ਰੋਂਦੀ ਰਹੀ ਹੋਵੇ।

ਭਲਾ! ਉਸ ਬੱਚੇ ਲਈ ਮਦਰ'ਜ਼ ਡੇ ਦੇ ਕੀ ਮਾਅਨੇ ਨੇ ਜਿਸ ਦਾ ਪਿੰਡਾ ਧੁੱਪਾਂ ਵਿਚ ਲੂਸਿਆ ਹੋਵੇ, ਜਿਸ ਦੇ ਹਿੱਸੇ ਦਾ ਨਿੱਘ ਮੰਡੀ 'ਚ ਵੇਚ ਦਿੱਤਾ ਗਿਆ ਹੋਵੇ ਅਤੇ ਜਿਸ ਦੇ ਸੁਪਨਿਆਂ ਦੀ ਬੋਲੀ ਸ਼ੁੱਰੇ ਬਾਜ਼ਾਰ ਲਾਈ ਗਈ ਹੋਵੇ।

ਇਹ ਵੀ ਚਿੱਤਵਦਾ ਹਾਂ ਕਿ ਉਸ ਮਾਂ ਲਈ ਕੌਣ ਮਦਰ'ਜ਼ ਡੇ ਦਾ ਤੋਹਫਾ ਬਣੇਗਾ ਜਿਸ ਦੀ ਕੁੱਖ ਵਿਚ ਚੀਖਾਂ ਬੀਜ ਦਿੱਤੀ ਗਈਆਂ ਹੋਣ, ਜਿਸ ਦੀ ਹਿੱਕ ਵਿਚ ਕਬਰਾਂ ਉਗ ਆਉਣ ਅਤੇ ਜਿਸ ਦੇ ਸੁਪਨਿਆਂ ਵਿਚ ਤਿੜਕਣਾਂ ਦਾ ਵਣਜ ਹੁੰਦਾ ਹੋਵੇ। ਉਹ ਮਾਂ ਕਿਸ ਨੂੰ ਮਦਰ'ਜ਼ ਡੇ ਵਾਲੇ ਦਿਨ ਉਡੀਕੇਗੀ ਜਿਸ ਦੇ ਮਾਸੂਮ ਨੂੰ ਨੇਜ਼ੇ 'ਤੇ ਉਛਾਲਿਆ ਗਿਆ ਹੋਵੇ, ਜਿਸ ਦੀਆਂ ਲਾਡਲੀਆਂ ਦੀ ਮੰਡੀ ਵਿਚ ਬੋਲੀ ਲਾਈ ਗਈ ਹੋਵੇ, ਜਿਸ ਦੀ ਕੁੱਖ ਨੂੰ ਮਸ਼ੀਨਾਂ ਨਾਲ ਸਦਾ ਲਈ ਬਾਂਝ ਕਰ ਦਿੱਤਾ ਜਾਵੇ, ਸਮਾਜ ਵਲੋਂ ਨਾ-ਪੁੰਗਰਨ ਦਾ ਸਰਾਪ ਦਿੱਤਾ ਜਾਵੇ, ਜਿਸ ਕੋਲੋਂ ਉਸ ਦਾ ਖੂਨ ਖੋਹ ਕੇ ਹਉਕੇ ਦੀ ਜੂਨ ਜਿਊਣ ਲਈ ਮਜਬੂਰ ਕਰ ਦਿਤਾ ਜਾਵੇ ਜਾਂ ਜਿਸ ਦੀ ਸਾਰੀ ਹਯਾਤੀ ਹੰਝੂਆਂ 'ਚ ਖੁਰ ਗਈ ਹੋਵੇ।

ਭਲਾ! ਉਸ ਮਾਂ ਲਈ ਮਦਰ'ਜ਼ ਡੇ ਦੇ ਕੀ ਅਰਥ ਨੇ ਜੋ ਕੁੱਖੋਂ ਜਾਇਆਂ ਦੇ ਚੇਤਿਆਂ 'ਚੋਂ ਵਿਸਰ ਚੁਕੀ ਹੋਵੇ, ਜਿਸ ਦੀ ਉਡੀਕ ਵਿਚ ਆਪਣਿਆਂ ਦੇ ਘਰ ਪਰਤਣ ਦੀ ਆਸ ਦਮ ਤੋੜ ਚੁਕੀ ਹੋਵੇ, ਜਿਸ ਦੇ ਆਪਣੇ ਹੀ ਮੰਡੀ ਬਣ ਗਏ ਹੋਣ ਅਤੇ ਜਿਨ੍ਹਾਂ ਲਈ ਮਾਂ ਇਕ ਵਸਤ ਤੋਂ ਵੱਧ ਕੋਈ ਵੀ ਅਰਥ ਨਾ ਰੱਖਦੀ ਹੋਵੇ। ਉਨ੍ਹਾਂ ਲਈ ਮਾਂ ਨੂੰ ਭੁੱਲ ਜਾਣਾ ਹੀ ਸਭ ਤੋਂ ਵੱਡਾ ਮੁਨਾਫਾ ਹੁੰਦਾ ਹੈ।






ਮੇਰੇ ਮਨਾ! ਚੁੰਨੀਆਂ ਅੱਖਾਂ ਨਾਲ ਰਸਤਾ ਟੋਲਦੀ ਤੇ ਡੰਗੋਰੀ ਨਾਲ ਜਿੰਦ ਦਾ ਭਾਰ ਢੋਂਦੀ ਮਾਂ ਲਈ ਇਸ ਦਿਨ ਦੇ ਕੀ ਅਰਥ ਨੇ ਜਿਹੜੀ ਪੇਟ ਨੂੰ ਝੁਲਕਾ ਦੇਣ ਲਈ ਆਦਰਾਂ ਦੀ ਅੱਗ ਬਾਲਦੀ ਏ, ਤਨ ਤੰਦੂਰ ਤਪਾਉਂਦੀ ਏ ਅਤੇ ਮਾਤਮੀ ਰੋਟੀ ਨਾਲ ਜੀਅ ਰਿਝਾ ਕੇ, ਅੱਖਾਂ 'ਚ ਹੀ ਦਿਨ ਤੇ ਰਾਤ ਦਾ ਸਫਰ ਮੁਕਾਉਂਦੀ ਏ।

ਮਦਰ'ਜ਼ ਡੇ ਦੇ ਉਨ੍ਹਾਂ ਯਤੀਮਾਂ ਲਈ ਕੀ ਅਰਥ ਨੇ ਜਿਨ੍ਹਾਂ ਲਈ ਮਾਂ ਤੇ ਮਮਤਾ ਦਾ ਨਿੱਘ ਇਕ ਪਰਾਈ ਸ਼ੈਅ ਹੋਵੇ, ਜਿਨ੍ਹਾਂ ਨੇ ਝਿੜਕਾਂ ਵਿਚ ਆਪਣਾ ਬਚਪਨ ਗੁਆਇਆ ਹੋਵੇ, ਜਿਨ੍ਹਾਂ ਦੀਆਂ ਬਾਲ ਸ਼ਰਾਰਤਾਂ ਦਾ ਰੁਦਨ ਉਨ੍ਹਾਂ ਦੀ ਆਤਮਾ ਵਿਚ ਕੁੰਠਾ ਹੋਵੇ ਅਤੇ ਉਨ੍ਹਾਂ ਲਈ ਜਿਉਣ ਨਾਲੋਂ ਮਰਨਾ ਬਿਹਤਰ ਜਾਪਦਾ ਹੋਵੇ। ਕਦੇ ਹਰਫ ਵਿਹੂਣੇ, ਰੋਟੀ ਤੋਂ ਲਾਚਾਰ, ਪਿੰਡੇ 'ਤੇ ਲੀਰਾਂ ਉਕਰਾਈ, ਲੀਰਾਂ ਚੁਗਦੇ, ਲੀਰਾਂ ਵਰਗੇ ਬਚਪਨੇ ਵੰਨੀਂ ਝਾਕਣਾ, ਤੁਹਾਨੂੰ ਮਾਂ ਮਹਿਟਰ ਬੱਚੇ ਦੀ ਵੇਦਨਾ ਦੇ ਹੋਰ ਸਬੂਤ ਦੀ ਲੋੜ ਨਹੀਂ ਪਵੇਗਾ। ਉਨ੍ਹਾਂ ਦੇ ਜ਼ਿਹਨ ਤੇ ਸੋਚ 'ਤੇ ਉਕਰਿਆ ਹੁੰਦਾ ਏ ਮਾਂਵਾਂ, ਚਾਚੀਆਂ ਅਤੇ ਤਾਈਆਂ ਵਿਚਲਾ ਅਸਮਾਨੀ ਅੰਤਰ।

ਮਨਾ! ਜ਼ਰਾ ਦੱਸੀਂ ਕਿ ਉਹ ਕਿਵੇਂ ਮਦਰ'ਜ਼ ਡੇ ਮਨਾਉਣ ਜਿਹੜੀਆਂ ਮਾਂਵਾਂ ਬਣਨ ਦੀ ਰੁੱਤੇ, ਬਾਪ ਦੇ ਦਰਾਂ ਤੋਂ ਉਠਣ ਦੀ ਉਡੀਕ ਵਿਚ ਸਿਰਾਂ 'ਤੇ ਚਾਂਦੀ ਰੰਗੀਆਂ ਤਾਰਾਂ ਵਿਚ ਰੰਗੀਆਂ ਜਾ ਰਹੀਆਂ ਨੇ, ਹੱਥਾਂ 'ਤੇ ਮਹਿੰਦੀ ਦਾ ਰੰਗ ਚੜ੍ਹਨ ਤੋਂ ਮੁਨਕਰ ਏ, ਸੁਪਨਿਆਂ ਦਾ ਚਿਰਾਗ ਜਗਣ ਤੋਂ ਟਾਲਾ ਵੱਟ ਰਿਹਾ ਏ ਅਤੇ ਉਨ੍ਹਾਂ ਦੇ ਸੰਧੂਰ ਨੂੰ ਮੌਸਮੀ ਕਹਿਰਾਂ ਨੇ ਉਡਾ ਦਿਤਾ ਏ।

ਯਾਦ ਤਾਂ ਬਹੁਤ ਆਉਂਦੀ ਏ ਮਾਂ ਦੀ, ਜੋ ਜੀਵਨ ਦੇ ਹਰ ਮੋੜ 'ਤੇ ਨਿਸ਼ਾਨਦੇਹੀ ਕਰਦੀ ਮੈਨੂੰ ਰਸਤਾ ਦਿਖਾਉਂਦੀ ਏ। ਪਰ ਸੋਚਦਾਂ ਕਿ ਉਨ੍ਹਾਂ ਲਈ ਮਦਰ'ਜ਼ ਡੇ ਦੀ ਕੀ ਅਰਥ ਨੇ ਜਿਨ੍ਹਾਂ ਦੀਆਂ ਜਿੰਦਾਂ ਸੂਲੀ 'ਤੇ ਲਟਕੀਆਂ ਹੋਈਆਂ ਨੇ, ਮਸਤਕ 'ਤੇ ਸੁਪਨਾ ਉਗਣ ਤੋਂ ਕੰਨੀਂ ਕਤਰਾਉਂਦਾ ਏ ਅਤੇ ਜਿਹੜੇ ਆਪਣੇ ਸਾਹ ਦੀ ਵਿਰਲ 'ਚੋਂ ਹੀ ਆਪਣਾ ਜੀਵਨ ਕਿਆਸਦੇ ਨੇ।

ਬੜਾ ਸੋਚਦਾਂ! ਭਲਾ ਮਦਰ'ਜ਼ ਡੇ ਇਕ ਦਿਨ ਤੱਕ ਹੀ ਸੀਮਤ ਹੁੰਦਾ ਏ? ਕੀ ਮਦਰ'ਜ਼ ਡੇ 'ਤੇ ਮਮਤਾ ਨੂੰ ਵੇਚਣ ਅਤੇ ਇਸ 'ਚੋਂ ਕਮਾਈ ਕਰਨ ਦੀ ਬਿਰਤੀ ਨੇ ਮਦਰ'ਜ਼ ਡੇ ਦੀ ਮਹਾਨਤਾ ਨੂੰ ਮੰਡੀ ਬਣਾਇਆ ਏ? ਕੀ ਮਦਰ'ਜ਼ ਡੇ ਸਿਰਫ ਕਮਾਈ ਦਾ ਸਾਧਨ ਤਾਂ ਨਹੀਂ ਬਣ ਕੇ ਰਹਿ ਗਿਆ?

ਵੈਸੇ ਮਦਰ'ਜ਼ ਡੇ ਤਾਂ ਹਰ ਰੋਜ਼ ਹੁੰਦਾ ਏ। ਮਾਂ, ਚੇਤਿਆਂ ਵਿਚ ਵੱਸੀ ਅਕੀਦਤ ਦਾ ਨਾਂ। ਉਚੀ ਸੁੱਚੀ ਇਬਾਦਤ ਦੀ ਥਾਂ ਅਤੇ ਸੋਚਾਂ ਵਿਚ ਵੱਸਿਆ ਉਹ ਗਰਾਂ ਜਿਸ ਨੇ ਦਿੱਤਾ ਤੁਹਾਨੂੰ ਸਾਹਾਂ ਦਾ ਸਿਰਨਾਂਵਾਂ ਅਤੇ ਨਾਂ।

ਮਦਰ'ਜ਼ ਡੇ ਇਕ ਭਾਵਨਾ, ਮਾਨਸਿਕ ਹੁਲਾਰ, ਆਤਮਿਕ ਜੋਤ, ਰੂਹ ਦਾ ਸਕੂਨ, ਪੂਰਨ-ਅਪੂਰਨ ਸੁਪਨਿਆਂ ਦੀ ਆਰਤੀ ਅਤੇ ਕਦਮਾਂ ਨੂੰ ਮਿਲੀ ਸੇਧ ਦਾ ਸ਼ੁਕਰਾਨਾ।

ਦੁਆ ਕਰਦਾਂ! ਮਦਰ'ਜ਼ ਡੇ ਮਨਾਉਣ ਦਾ ਸ਼ਰਫ ਹਰੇਕ ਨੂੰ ਹਾਸਲ ਹੋਵੇ, ਕੋਈ ਵੀ ਮਾਂ ਤੋਂ ਵਿਰਵਾ ਨਾ ਹੋਵੇ, ਬੱਚੇ ਦੀ ਰਿਹਾੜ ਤੋਂ ਵਿਰਵੀ ਕੋਈ ਮਾਂ ਨਾ ਰਹੇ ਅਤੇ ਕਿਸੇ ਬੱਚੇ ਨੂੰ ਮਾਂ ਦੀਆਂ ਲੋਰੀਆਂ ਦਾ ਵਿਯੋਗ ਨਾ ਹੰਢਾਉਣਾ ਪਵੇ। ਹਰੇਕ ਨੂੰ ਮਾਂ ਦੀ ਗੋਦ ਦਾ ਨਿੱਘ ਅਤੇ ਸਕੂਨ ਮਿਲੇ। ਮਾਂ ਦੀ ਮਿੱਠੜੀ ਛਾਂ 'ਚ ਸੁਪਨੇ ਲੈਣ ਅਤੇ ਉਨ੍ਹਾਂ ਦੀ ਪੂਰਤੀ ਦਾ ਪੈਗਾਮ ਸੱਚ ਹੋਵੇ। ਮਾਂਵਾਂ ਆਪਣੇ ਬੱਚਿਆਂ ਦੇ ਸ਼ਗਨ ਮਨਾਉਣ ਅਤੇ ਆਪਣੇ ਬੱਚਿਆਂ ਦੀ ਤੰਦਰੁਸਤੀ ਦੀ ਦੁਆ ਬਣਨ।

ਬੱਚਿਆਂ ਨੂੰ ਸੁਮੱਤ ਮਿਲੇ ਕਿ ਉਹ ਮਾਂਵਾਂ ਦੇ ਧੁੰਧਲਕੇ ਨਾਲ ਭਰੇ ਨੈਣਾਂ ਵਿਚ ਚਾਨਣ ਤ੍ਰੌਂਕਣ, ਹਿਚਕੋਲੇ ਖਾਂਦੇ ਬੁੱਢੇ ਜਿਸਮ ਲਈ ਡੰਗੋਰੀ ਬਣਨ ਅਤੇ ਉਨ੍ਹਾਂ ਦੇ ਆਖਰੀ ਸਫਰ ਨੂੰ ਸੁਹਾਵਣਾ ਬਣਾਉਣ ਕਿਉਂਕਿ ਬੱਚੇ ਆਪਣੇ ਮਾਪਿਆਂ ਦੀ ਸੁੱਚੀ ਇਬਾਦਤ ਹੁੰਦੇ ਨੇ।

ਆਓ, ਲੋੜੀਏ ਕਿ ਹਰੇਕ ਸ਼ਖਸ ਮਦਰ'ਜ਼ ਡੇ ਮਨਾਵੇ, ਮਾਂ ਦੀਆਂ ਅਸੀਸਾਂ ਉਸ ਦੇ ਜੀਵਨ ਦੀ ਅਮੁੱਲ ਪ੍ਰਾਪਤੀ ਹੋਣ ਅਤੇ ਮਾਂ ਦੇ ਨਿੱਘ ਦੀ ਲਬਰੇਜ਼ਤਾ ਅਪਨਾਉਣ। ਸਦਾ ਹੀ ਮਦਰ'ਜ਼ ਡੇ ਮਨਾਈਏ, ਮਾਂ ਦੀ ਮਨ ਹੀ ਮਨ ਅਕੀਦਤ ਕਰੀਏ, ਉਸ ਦੀਆਂ ਰਹਿਮਤਾਂ ਨੂੰ ਨਤਮਸਤਕ ਹੋਈਏ ਅਤੇ ਮਾਂ ਦੇ ਸੁਪਨਿਆਂ ਨੂੰ ਸੱਚ ਕਰਨ ਲਈ ਨਵੇਂ ਦਿਸਹੱਦੇ ਦੀ ਤਲਾਸ਼ ਵਿਚ ਜੁੱਟ ਜਾਈਏ।

## ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

## ਰੁਬਾਈ

ਅੱਜ ਮੈਂ ਜਿਸ ਮੁਕਾਮ 'ਤੇ ਹਾਂ ਮਾਂ
ਉਹ ਤੇਰੀਆਂ ਦੁਆਵਾਂ ਦਾ ਅਸਰ ਲੱਗਦਾ ਹੈ।
ਜਦ ਤੂੰ ਮੇਰੇ ਨਾਲ ਤੁਰ ਰਹੀ ਏਂ ਮਾਂ
ਤਾਂ ਸੁਹਾਵਣਾ ਜ਼ਿੰਦਗੀ ਦਾ ਸਫਰ ਲਗਦਾ ਹੈ।
ਬਾਕੀ ਵੀ ਜੀਅ ਘਰ ਵਿਚ ਰਹਿੰਦੇ ਨੇ ਮਾਂ
ਪਰ ਇਹ ਘਰ ਤਾਂ ਤੇਰੇ ਨਾਲ ਘਰ ਲਗਦਾ ਹੈ।
'ਸੁਰਜੀਤ' ਤੂੰ ਕਈ ਰਾਤਾਂ ਸੁਤੀ ਨਹੀਂ ਸੀ
ਜਦ ਮੈਂ ਆਖਿਆ ਸੀ ਮਾਂ ਮੈਨੂੰ ਡਰ ਲਗਦਾ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਡਾ. ਗੁਰਬਖਸ਼ ਸਿੰਘ ਭੰਡਾਲ ਦਾ ਕਾਵਿ ਜਗਤ

### ਜਿੰਦ ਦਾ ਦੀਵਾ

ਜਿੰਦ ਦਾ ਦੀਵਾ
ਕੀਕਣ ਹੁਣ ਬਲੇ!
ਰੂਹ ਦੀ ਰਾਖੀ
ਚੀਖ ਬਿਠਾ 'ਤੀ
ਸਾਹ ਨੂੰ ਰੋਜ਼ ਛਲੇ!

ਰਾਤ ਵਿਗੁੱਤਾ
ਚਾਨਣ ਸੁੱਤਾ
ਨ੍ਹੇਰ ਹੀ ਰਾਹ ਵਲੇ!

ਧਰਮੀ ਧਰਤੀ
ਜਖਮੀ ਕਰ 'ਤੀ
ਅੰਬਰ ਪੈਰਾਂ ਤਲੇ!

ਸਦਮੇ ਰੋਏ
ਨੈਣੀਂ ਕੋਏ
ਹਿੰਝ ਦਾ ਹਲਟ ਚਲੇ!

ਟੁੱਟਿਆ ਤਾਰਾ
ਕਰਮਾਂ ਮਾਰਾ
ਅੰਬਰੀਂ ਪਲ ਕੁ ਜਲੇ!

ਸੁਪਨਾ ਤਿੜਕੇ
ਜਿੰਦੂ ਰਿੜਕੇ
ਹਿੱਕ 'ਚ ਗਮ ਪਲੇ!

ਪੀੜ ਪ੍ਰਾਹੁਣੀ
ਬੋਲ ਅਲਾਹੁਣੀ
ਆਪੂੰ ਵਿਚ ਰਲੇ!

ਸ਼ਬਦਾਂ ਜੂਹੇ
ਅਰਥਾਂ ਖੂਹੇ
ਖਾਲੀ ਮਾਅਲ ਚਲੇ!

ਦੀਵਾਖੀ ਗੁੰਮ
ਆਲ੍ਹੇ ਸੁੰਨ
ਚਰਬੀ ਕਿੰਜ ਢਲੇ!

ਸੂਰਜ ਦਾਗੀ
ਜੁਗਨੂੰ ਆਕੀ
'ਕੱਲੇ 'ਕੱਲੇ ਖਲੇ!

ਜਿੰਦ ਦਾ ਦੀਵਾ
ਕੀਕਣ ਹੁਣ ਬਲੇ!

### ਅੰਬਰ-ਆਲ੍ਹੇ 'ਚ ਦੀਵਾ

ਅੰਬਰ ਵਿਹੜਾ
ਹੰਝੂਆਂ ਲਿੱਪਿਆ
ਖਾਰਾ ਖਾਰਾ ਹੋਇਆ।
ਤਾਰਿਆਂ ਖਲਾਅ 'ਚ
ਕਿਣਕਾ ਹੋ ਕੇ
ਖੁਦ 'ਚੋਂ ਖੁਦ ਨੂੰ ਕੋਹਿਆ।
ਤਿੜਕਿਆ ਚਾਨਣ
ਰਿਸ਼ਮਾਂ ਲੱਭਦਾ
'ਨੇਰੀਂ ਛੁਪ ਖਲੋਇਆ।
ਨਿੱਘ ਦੀ ਨਗਰੀ
ਉਜੜੀ ਉਜੜੀ
ਪਾਲਾ ਪਲੀਂ ਸਮੋਇਆ।

ਹਾਸੇ ਖੇੜੇ
ਛੁਪ ਖਲੋਏ
ਆਸ ਦਾ ਜੁਗਨੂੰ ਮੋਇਆ।
ਰੀਝਾਂ ਪੱਲੇ
ਟੁੱਟੀਆਂ ਸੱਧਰਾਂ
ਸੋਚਾਂ ਗਮ ਸੰਜੋਇਆ।
ਸੁਪਨੇ ਨੈਣੀਂ
ਨੀਰ ਨਿਮਾਣਾ
ਤਿੱਪ ਤਿੱਪ ਕਰਕੇ ਚੋਇਆ।
ਬੱਜਰ ਕੁਰਹਿਤੀਂ
ਵੱਸਦਾ ਵਿਹੜਾ
ਉਜੜ-ਥੇਹ ਹੈ ਹੋਇਆ।
ਘੁੱਗ ਵਸਦੀ
ਨਗਰੀ ਦੇ ਵਿਚ
ਕਿਹੜਾ ਕਾਲ ਖਲੋਇਆ।
ਕਿ ਪਤਾਲ ਤੋਂ ਅੰਬਰ ਤੀਕ
ਹਰ ਜ਼ੱਰਾ ਹੀ
ਸੋਚੀਂ ਡੁੱਬ ਕੇ ਮੋਇਆ।

ਕਿਹੜਾ ਵਕਤ
ਕਿਹੜਾ ਪਲ
ਕਿਉਂ ਤੇ ਕੀ ਹੈ ਹੋਇਆ?
ਪਰ ਕਿਸੇ ਨਾ
ਖੁਦ ਸੰਗ ਬਹਿ ਕੇ
ਆਪਣਾ ਅੰਦਰ ਟੋਹਿਆ।
ਅਤੇ ਨਾ ਹੀ
ਟੁੱਟਦੇ ਤਾਰੇ ਦਾ
ਸਾਹੀਂ ਦਰਦ ਸਮੋਇਆ।
ਨਾ ਚਾਨਣ ਦੀ
ਬੇਵਕਤੀ ਮੌਤੇ
ਇਕ ਵੀ ਹੰਝੂ ਚੋਇਆ।
ਪਰ ਯਾਦ ਰਹੇ!
ਚਾਨਣ ਮਰੇ ਤਾਂ
ਸਭ ਕੁਝ ਮਰਦਾ
ਬਾਕੀ ਰਹਿੰਦਾ ਕੀ?
ਹੁਣ ਤਾਂ
ਖੁਦ ਦੀ ਅਰਥੀ ਚੁੱਕੀ
ਜਿਉਂਦਾ ਏ ਹਰ ਜੀਅ।
ਅਜੇ ਵੀ ਵੇਲਾ
ਵਕਤ-ਵੰਗਾਰ ਦਾ
ਭਰੀਏ ਸਭ ਹੁੰਗਾਰਾ।
ਕਿਤੇ ਨਾ
ਖਲਕਤ ਖਾਕ ਬਣਸੀ
ਦੇਂਦੀ ਦਰਦ ਕੁੰਵਾਰਾ।

ਖੁਦ 'ਚੋਂ ਖੁਦ ਨੂੰ
ਭਾਲਣ ਦੇ ਲਈ
ਖੁਦ ਨੂੰ ਖੁਦ ਜਗਾਵੋ।
ਸਿਸਕ ਰਹੀ
ਫਿਜ਼ਾ ਦੀ ਝੋਲੀ
ਸੁੱਚਾ ਸੁਪਨਾ ਪਾਓ।
ਅਤੇ ਅੰਬਰ ਦੇ ਆਲ੍ਹੇ
ਦੀਵਾ ਡੰਗ ਕੇ ਆਓ।

### ਧੂਣੀ

ਮੈਂ ਧੁੱਖਦੀ ਧੂਣੀ ਦਾ ਦੁੱਖੜਾ,
ਦੀਦਿਆਂ 'ਚੋਂ ਟਪਕ ਰਿਹਾ।
ਮੈਂ ਛਿੱਦੀ ਫੁੱਲਕਾਰੀ ਦਾ ਟੋਟਾ,
ਸਿਰੋਂ ਹੇਠਾਂ ਸਰਕ ਰਿਹਾ।
ਮੈਂ ਤਿੜਕੇ ਮਾਣ ਦਾ ਮਿਹਣਾ,
ਸੋਚਾਂ ਵਿਚ ਚਸਕ ਰਿਹਾ।
ਮੈਂ ਟੁੱਟੀ ਆਸ ਦਾ ਹਉਕਾ,
ਸੀਨੇ ਵਿਚ ਟਸਕ ਰਿਹਾ।
ਮੈਂ ਨਦੀ ਤੋਂ ਵਿਛੜਿਆ ਨੀਰ,
ਹੋਂਦ ਵੰਨੀਂ ਲਪਕ ਰਿਹਾ।
ਮੈਂ ਰੁੱਸੇ ਹਰਫਾਂ ਦਾ ਹੋਕਾ,
ਸ਼ਬਦਾਂ 'ਚ ਕਸਕ ਰਿਹਾ।
ਮੈਂ ਡਾਲੋਂ ਟੁੱਟੇ ਫੁੱਲ ਦਾ ਵਿਗੋਚਾ
ਚਮਨ 'ਚ ਮਟਕ ਰਿਹਾ।

ਚੁੱਪ ਦੇ ਰੂਬਰੂ
ਡੂੰਘੀ ਚੁੱਪ, ਜਿੰਦ ਬਨੇਰੀਂ,
ਕਬਰਾਂ ਬੋਲਣ ਲਾਵੇ।
ਟੋਟੇ ਹੋਈ ਜਿੰਦ ਬਣਨ ਲਈ,
ਸਾਹ ਨਾ ਬੋਲ ਪੁਗਾਵੇ।

ਹਾੜੇ ਵੇ ਇਸ ਚੁੱਪ ਦੀ ਵੱਖੀ,
ਸੂਲਾਂ ਸੰਗ ਪਰੋਈ,
ਕੋਈ ਤਾਂ ਬਹੁੜੇ ਪੀਰ-ਔਲੀਆ
ਗੁੰਗਾ ਦਰਦ ਮਿਟਾਵੇ।

ਚੁੱਪ ਉਮਰਾਂ ਦੀ ਭੁੱਖਣ-ਭਾਣੀ,
ਅੰਦਰ ਬਾਹਰ ਢੂੰਢੇਂਦੀ,
ਕੋਈ ਨਾ ਕਿਤਿਉਂ ਆ ਬਨੇਰੇ,
ਟੁੱਕ ਆਸ ਦਾ ਪਾਵੇ।

ਕਿਹੜੀ ਉਮਰੇ ਚੁੱਪ ਦਾ ਕੱਜਣ,
ਪੀਲੀ ਧੁੱਪ ਦਾ ਜਾਇਆ,
ਕਦੇ ਨਾ ਸੂਰਜ ਲਹਿ ਬਨੇਰੇ
ਸੱਦ ਸੰਧੂਰੀ ਲਾਵੇ।

ਕਿਹੜਾ ਪਲ ਕਿ ਚੁੱਪ ਦੀ ਬੀਹੀ,
ਗਮ ਨੇ ਝੂਮਰ ਪਾਈ,
ਕਦੇ ਨਾ ਮਨ ਦਾ ਮੋਰ ਕਲਹਿਰੀ
ਝਾਂਜਰ ਨੂੰ ਛਣਕਾਵੇ।

ਕਿਹੜਾ ਵਕਤ ਕਿ ਚੁੱਪ ਦੇ ਸਾਂਝੀ
ਸੁੰਨਾ ਵਿਹੜਾ, ਖਾਲੀ ਕਮਰਾ,
ਕੋਈ ਪਲ ਵੀ ਵਿਧਵਾ ਰੁੱਤੇ
ਚੀਸ ਨਾ ਬਣਨਾ ਚਾਹਵੇ।

ਐਂਵੇਂ ਨਾ ਚੁੱਪੇ ਦੀਦੇ ਗਾਲੀਂ
ਹਰ ਟਾਹਣੀ 'ਤੇ ਲੀਰਾਂ,
ਬਾਬੇ ਬ੍ਰਿਖ ਦੇ ਮੁੱਢ ਬਿਨ
ਕੋਈ ਨਾ ਗਲ ਨਾਲ ਲਾਵੇ।

ਚੰਦਰੀ ਚੁੱਪ ਕਦੇ ਨਾ ਸੌਂਦੀ
ਨਾ ਉਹ ਸੌਣਾ ਚਾਹਵੇ,
ਸੁੱਤੀ ਰਾਤੇ, ਢੋਈ ਢੁਡੇਂਦੀ
ਮੈਨੂੰ ਆਣ ਜਗਾਵੇ।

ਚਾਰੇ ਪਾਸੇ ਚੁੱਪ ਹੀ ਚੁੱਪ ਹੈ
ਚੁੱਪ ਦਾ ਪਹਿਰ ਪਸਾਰਾ,
ਮਰ ਜਾਣੀ ਮੋਹ ਸੰਗ ਲਬਰੇਜ਼ੀ
ਉਮਰਾ ਬਣਦੀ ਜਾਵੇ।

# ਸੰਸਾਰੀਕਰਨ ਦੇ ਦੌਰ ਵਿਚ ਧਰਮ ਆਧਾਰਤ ਸਿਨੇਮਾ

## ਪ੍ਰਸੰਗ 'ਓਹ ਮਾਈ ਗੌਡ' ਤੇ 'ਪੀ.ਕੇ.'

ਆਧੁਨਿਕ ਦੌਰ ਵਿਚ ਮਨੁੱਖੀ ਹੋਂਦ ਦਾ ਕੋਈ ਵੀ ਹਿੱਸਾ ਸੰਸਾਰੀਕਰਨ ਤੋਂ ਅਛੂਤਾ ਨਹੀਂ ਰਿਹਾ। ਸੰਸਾਰੀਕਰਨ ਵਿਚ ਸੰਚਾਰ ਸਾਧਨਾਂ ਜਿਵੇਂ ਅਖਬਾਰਾਂ, ਰੇਡੀਓ, ਟੀ.ਵੀ., ਸਿਨੇਮਾ ਅਤੇ ਇੰਟਰਨੈਟ ਨੇ ਫੈਸਲਾਕੁਨ ਭੂਮਿਕਾ ਅਦਾ ਕੀਤੀ ਹੈ। ਸੂਚਨਾ ਕ੍ਰਾਂਤੀ ਅਤੇ ਜਾਣਕਾਰੀ ਦੇ ਭੰਡਾਰਾਂ ਨੇ ਦੁਨੀਆਂ ਦੇ ਵੱਖ-ਵੱਖ ਖਿੱਤਿਆਂ, ਸਭਿਆਚਾਰਾਂ ਅਤੇ ਵਿਲੱਖਣਤਾਵਾਂ ਸਬੰਧੀ ਆਪਸੀ ਸਮਝ ਬਣਾਉਣ ਵਿਚ ਵੀ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇਸ ਦੇ ਨਾਲ ਹੀ ਸੰਸਾਰੀਕਰਨ ਨੇ ਮਨੁੱਖੀ ਸਮਾਜ ਦੇ ਮਹੱਤਵਪੂਰਨ ਪਹਿਲੂਆਂ ਜਿਵੇਂ ਫਲਸਫਾ, ਮਨੋਵਿਗਿਆਨ, ਧਰਮ ਤੇ ਤਰਕ ਸ਼ਾਸਤਰ ਦੀ ਪੇਸ਼ਕਾਰੀ ਅਤੇ ਵਿਆਖਿਆ ਨੂੰ ਵੀ ਨਵੇਂ ਅਰਥ ਦਿੱਤੇ ਹਨ। ਸਿਨੇਮਾ ਜਨ-ਸੰਚਾਰ ਦਾ ਜ਼ੋਰਦਾਰ ਮਾਧਿਅਮ ਹੋਣ ਦੇ ਨਾਲ ਨਾਲ ਸਮਾਜਿਕ-ਧਾਰਮਿਕ ਵਰਤਾਰਿਆਂ ਅਤੇ ਪਰੰਪਰਾਵਾਂ ਦੇ ਪ੍ਰਚਾਰ ਤੇ ਪ੍ਰਸਾਰ ਦਾ ਜ਼ਰੀਆ ਵੀ ਬਣਦਾ ਰਿਹਾ ਹੈ। ਸੰਸਾਰ ਪੱਧਰ 'ਤੇ ਸਿਨੇਮਾ ਦੀ ਸ਼ੁਰੂਆਤ ਤੋਂ ਹੀ, ਧਰਮ ਬਹੁਤ ਸਾਰੀਆਂ ਫਿਲਮਾਂ ਦਾ ਆਧਾਰ ਬਣਦਾ ਰਿਹਾ ਹੈ।

ਕੁਲਦੀਪ ਕੌਰ
ਫੋਨ: 91-98554-04330

ਭਾਰਤੀ ਸਿਨੇਮਾ ਦੀ ਪਹਿਲੀ ਫਿਲਮ 'ਰਾਜਾ ਹਰੀਸ਼ ਚੰਦਰ' (1913) ਤੋਂ ਲੈ ਕੇ ਅੱਜ ਤੱਕ ਧਰਮ ਅਤੇ ਮਿਥਿਹਾਸ ਸਿਨੇਮਾ ਵਿਚ ਬਹੁਤ ਸਾਰੀਆਂ ਫਿਲਮੀ ਪਟਕਥਾਵਾਂ ਦਾ ਆਧਾਰ ਬਣਦਾ ਰਿਹਾ ਹੈ। ਸੰਸਾਰ ਸਿਨੇਮਾ ਦੀ ਤਰਜ਼ 'ਤੇ ਹਿੰਦੀ ਸਿਨੇਮਾ ਵਿਚ ਵੀ ਧਰਮ ਨੂੰ ਕਈ ਫਿਲਮਾਂ ਦੇ ਕੇਂਦਰੀ ਧੁਰੇ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਸੰਸਾਰੀਕਰਨ ਦੇ ਦੌਰ ਨੇ ਧਰਮ ਦੇ ਸੰਸਥਾਈ ਰੂਪ 'ਤੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਹਨ। ਵੱਖ-ਵੱਖ ਅਧਿਐਨ ਇਹ ਸਾਬਿਤ ਕਰਦੇ ਹਨ ਕਿ ਧਰਮ ਦਾ ਮੌਜੂਦਾ ਸਰੂਪ ਵਪਾਰਕ ਅਤੇ ਸ਼ੋਸ਼ਣ ਕਰਨ ਵਾਲਾ ਹੈ। ਇਸ ਵਿਚਾਰ ਚਰਚਾ ਲਈ ਹਿੰਦੀ ਫਿਲਮਾਂ 'ਓਹ ਮਾਈ ਗੌਡ' ਅਤੇ 'ਪੀ.ਕੇ.' ਦੀ ਚੋਣ ਕੀਤੀ ਗਈ ਹੈ ਜਿਸ ਦਾ ਆਧਾਰ ਇਨ੍ਹਾਂ ਫਿਲਮਾਂ ਦੀ ਰਿਲੀਜ਼ ਸਮੇਂ ਹੋਏ ਵਿਵਾਦਾਂ ਅਤੇ 'ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ' ਦੇ ਇਲਜ਼ਾਮਾਂ ਦੀਆਂ ਖਬਰਾਂ ਨੂੰ ਬਣਾਇਆ ਗਿਆ ਹੈ। ਇਹ ਪਰਚਾ 2012 ਵਿਚ ਰਿਲੀਜ਼ ਹੋਈ ਫਿਲਮ 'ਓਹ ਮਾਈ ਗੌਡ' ਅਤੇ 2014 ਵਿਚ ਰਿਲੀਜ਼ ਹੋਈ ਫਿਲਮ 'ਪੀ.ਕੇ.' ਵਿਚ ਧਰਮ ਦੀ ਪੇਸ਼ਕਾਰੀ ਦੇ ਤਰੀਕਿਆਂ ਦੀ ਪੜਚੋਲ 'ਤੇ ਆਧਾਰਿਤ ਹੈ ਜਿਸ ਰਾਹੀਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਫਿਲਮਸਾਜ਼ਾਂ ਨੇ ਇਨ੍ਹਾਂ ਫਿਲਮਾਂ ਵਿਚ ਧਰਮ ਦੀ ਧਾਰਨਾ ਅਤੇ ਧਰਮ ਨੂੰ ਵਿਚਾਰਧਾਰਕ ਤੌਰ 'ਤੇ ਕਿਵੇਂ ਪੇਸ਼ ਕੀਤਾ। ਇਸ ਪੇਸ਼ਕਾਰੀ ਨਾਲ ਖੜ੍ਹੇ ਹੋਏ ਵਿਵਾਦਾਂ ਦਾ ਆਧਾਰ ਕੀ ਸੀ? ਇਸ ਧਾਰਨਾ ਦੀ ਪੇਸ਼ਕਾਰੀ ਨੂੰ ਸਮਝਣ ਲਈ ਨਿਰਧਾਰਤ ਫਿਲਮਾਂ 'ਓਹ ਮਾਈ ਗੌਡ' ਅਤੇ 'ਪੀ.ਕੇ.' ਦੇ ਵਿਸ਼ਾ-ਵਸਤੂ, ਕਹਾਣੀ, ਸੁਨੇਹੇ, ਕਿਰਦਾਰਾਂ ਅਤੇ ਪਟਕਥਾ ਨੂੰ ਘੋਖਿਆ ਗਿਆ ਹੈ।



ਫਿਲਮ 'ਰਾਜਾ ਹਰੀਸ਼ ਚੰਦਰ' ਦੀ ਇਕ ਝਲਕ।

ਦਸੰਬਰ 1895 ਨੂੰ ਜਦੋਂ ਲਿਊਮੀਅਰ ਭਰਾਵਾਂ ਨੇ ਆਪਣੀ ਪਹਿਲੀ ਫਿਲਮ ਦਾ ਪਹਿਲਾ ਸ਼ੋਅ ਦਿਖਾਇਆ ਤਾਂ ਦਰਸ਼ਕ ਜੀਸਸ ਕ੍ਰਾਈਸਟ ਨੂੰ ਪਰਦੇ 'ਤੇ ਚਲਦੇ-ਫਿਰਦੇ ਦੇਖ ਕੇ ਹੈਰਾਨ ਹੋ ਗਏ। ਉਸ ਸ਼ੋਅ ਤੋਂ ਬਾਅਦ ਸੰਸਾਰ ਸਿਨੇਮਾ ਵਿਚ ਧਰਮ ਨੂੰ ਆਧਾਰ ਬਣਾ ਕੇ ਹਜ਼ਾਰਾਂ ਫਿਲਮਾਂ ਬਣੀਆਂ ਹਨ। ਸਿਨੇਮਾ ਚਿੰਤਕ ਆਂਦਰੇ ਬਜ਼ੇਨ ਦੇ ਕਥਨ ਅਨੁਸਾਰ, "ਸਿਨੇਮਾ ਦੀ ਤਾਂ ਹਮੇਸ਼ਾ ਹੀ ਧਰਮ ਵਿਚ ਦਿਲਚਸਪੀ ਰਹੀ ਹੈ"। ਜੀਸਸ ਤੋਂ ਬਿਨਾਂ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਦੇ ਫਿਲਮਸਾਜ਼ਾਂ ਨੇ ਧਰਮ ਅਤੇ ਧਾਰਮਿਕ ਸ਼ਖਸੀਅਤਾਂ ਦੀ ਜ਼ਿੰਦਗੀ ਤੇ ਸਿੱਖਿਆਵਾਂ ਨੂੰ ਫਿਲਮਾਂ ਦੀ ਪਟਕਥਾ ਲਿਖਣ ਲਈ ਵਰਤਿਆ ਹੈ।




'ਓਹ ਮਾਈ ਗੌਡ' ਅਤੇ 'ਪੀ.ਕੇ.' ਫਿਲਮਾਂ ਦੇ ਪੋਸਟਰ।

ਸਿਨੇਮਾ ਅਤੇ ਧਰਮ ਦੇ ਆਪਸੀ ਰਿਸ਼ਤੇ ਨੂੰ ਸਮਝਣ ਲਈ ਤਿੰਨ ਧਾਰਨਾਵਾਂ ਮਹੱਤਵਪੂਰਨ ਮੰਨੀਆਂ ਜਾਂਦੀਆਂ ਹਨ। ਪਹਿਲੀ ਧਾਰਨਾ ਹੈ: 'ਫਿਲਮ ਵਿਚ ਧਰਮ' ਜਿਸ ਅਨੁਸਾਰ ਕਿਸੇ ਫਿਲਮ ਵਿਚ ਧਰਮ ਨਾਲ ਜੁੜੇ ਮੁੱਦਿਆਂ, ਵਿਸ਼ਵਾਸਾਂ, ਰਵਾਇਤਾਂ, ਕਰਮ-ਕਾਂਡਾਂ ਨੂੰ ਫਿਲਮ ਦੇ ਵਿਸ਼ਾ-ਵਸਤੂ ਵਿਚ ਕਿਵੇਂ ਫਿਲਮਾਇਆ ਜਾਂਦਾ ਹੈ, ਉਸ ਦਾ ਅਧਿਐਨ ਕਰਨਾ। ਦੂਜੀ ਧਾਰਨਾ ਹੈ: 'ਫਿਲਮ ਧਰਮ ਦੇ ਤੌਰ 'ਤੇ' ਜਿਸ ਅਨੁਸਾਰ ਫਿਲਮ ਅਤੇ ਧਰਮ ਵਿਚਕਾਰ ਪਾਈਆਂ ਜਾਂਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਦੀ ਘੋਖ ਕੀਤੀ ਜਾਂਦੀ ਹੈ। ਤੀਸਰੀ ਧਾਰਨਾ ਵਿਚ 'ਫਿਲਮ ਅਤੇ ਦਰਸ਼ਕ' ਦੇ ਆਪਸੀ ਰਿਸ਼ਤੇ ਦੀ ਪੜਚੋਲ ਕੀਤੀ ਜਾਂਦੀ ਹੈ।

ਭਾਰਤ ਵਿਚ ਸਿਨੇਮਾ ਬਸਤੀਵਾਦੀ ਦੌਰ ਵਿਚ ਸ਼ੁਰੂ ਹੋਇਆ ਪਰ ਇਸ ਵਿਚ ਸ਼ਾਮਿਲ ਫਿਲਮਾਂ ਦਾ ਵਿਸ਼ਾ-ਵਸਤੂ ਅਤੇ ਪਟਕਥਾ ਭਾਰਤੀ ਇਤਿਹਾਸ ਅਤੇ ਮਿਥਿਹਾਸ ਦੇ ਘੇਰਿਆਂ ਦੇ ਅੰਦਰ ਹੀ ਵਿਚਰਦੀ ਰਹੀ। ਭਾਰਤ ਵਿਚ ਸਿਨੇਮਾ ਨੇ ਮੂਲ ਰੂਪ ਵਿਚ ਭਾਰਤੀ ਜਨਤਾ ਦੇ ਦਿਲੋ-ਦਿਮਾਗਾਂ ਅੰਦਰ 'ਭਾਰਤੀ ਰਾਸ਼ਟਰ' ਅਤੇ 'ਭਾਰਤੀ ਧਰਮ' ਦੀਆਂ ਧਾਰਨਾਵਾਂ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਭਾਰਤੀ ਸਿਨੇਮਾ ਵਿਚ ਸਮੇਂ-ਸਮੇਂ ਅਜਿਹੀਆਂ ਅਨੇਕਾਂ ਫਿਲਮਾਂ ਬਣੀਆਂ ਹਨ ਜਿਨ੍ਹਾਂ ਵਿਚ ਧਾਰਮਿਕ ਰੀਤੀ-ਰਿਵਾਜਾਂ, ਧਾਰਮਿਕ ਭਾਈਚਾਰਾ, ਧਾਰਮਿਕ ਭਾਵਨਾਵਾਂ ਅਤੇ ਧਰਮ ਦੀ ਮਨੁੱਖੀ ਜੀਵਨ ਵਿਚ ਸਾਰਥਿਕਤਾ ਨੂੰ ਸੰਗੀਤ ਅਤੇ ਢੁਕਵੀਂ ਦ੍ਰਿਸ਼ਾਵਲੀ ਨਾਲ ਫਿਲਮਾਇਆ ਗਿਆ ਹੈ।

2013 ਵਿਚ ਰਿਲੀਜ਼ ਹੋਈ ਫਿਲਮ 'ਓਹ ਮਾਈ ਗੌਡ' ਧਰਮ ਦੀ ਸੰਸਥਾ 'ਤੇ ਤਿੱਖਾ ਵਿਅੰਗ ਕਰਦੀ ਹੈ। ਫਿਲਮ ਦੀ ਕਹਾਣੀ ਗੁਜਰਾਤੀ ਭਾਸ਼ਾ ਦੇ ਨਾਟਕ 'ਕਾਂਜੀ ਵਿਰੁਧ ਕਾਂਜੀ' ਉਤੇ ਆਧਾਰਿਤ ਹੈ। ਫਿਲਮ ਪੁਰਾਣੀਆਂ ਕਲਾਤਮਿਕ ਵਸਤਾਂ ਜਿਨ੍ਹਾਂ ਵਿਚ ਰੱਬ ਦੀਆਂ ਮੂਰਤੀਆਂ ਵੀ ਸ਼ਾਮਿਲ ਹਨ, ਦੇ ਸ਼ੌਕ ਦੇ ਵਪਾਰੀ ਕਾਂਜੀ ਲਾਲ ਮਹਿਤਾ ਦੀ ਧਰਮ ਦੇ ਵਪਾਰੀਕਰਨ ਅਤੇ ਗਲਤ ਵਿਆਖਿਆ ਨਾਲ ਟਕਰਾਉ 'ਤੇ ਆਧਾਰਿਤ ਹੈ। ਭੁਚਾਲ ਕਾਰਨ ਢਹਿ ਗਈ ਆਪਣੀ ਦੁਕਾਨ ਦੀ ਤਬਾਹੀ ਲਈ ਰੱਬ ਨੂੰ ਜ਼ਿੰਮੇਵਾਰ ਠਹਿਰਾ ਕੇ ਕਾਂਜੀ ਅਦਾਲਤ ਵਿਚ ਰੱਬ 'ਤੇ ਮੁਕੱਦਮਾ ਕਰ ਦਿੰਦਾ ਹੈ। ਉਸ ਦੀ ਦਲੀਲ ਬਿਲਕੁਲ ਸਪਸ਼ਟ ਹੈ ਕਿ ਉਸ ਦੀ ਦੁਕਾਨ ਦਾ ਮੁਆਵਜ਼ਾ ਥਾਂ-ਥਾਂ ਖੁੱਲ੍ਹੇ 'ਰੱਬ ਦੇ ਘਰਾਂ' ਨੂੰ ਅਦਾ ਕਰਨਾ ਚਾਹੀਦਾ ਹੈ, ਕਿਉਂਕਿ ਉਹ ਹੀ ਆਮ ਜਨਤਾ ਅਤੇ ਰੱਬ ਦੇ ਵਿਚਕਾਰ ਮਾਧਿਅਮ ਦਾ ਕੰਮ ਕਰਦੇ ਹਨ। ਇਸ ਮਾਧਿਅਮ ਦੀ ਆੜ ਵਿਚ ਐਸ਼ਪ੍ਰਸਤੀ ਵਾਲੀ ਜ਼ਿੰਦਗੀ ਜੀਅ ਰਹੇ ਅਤੇ ਰੱਬੀ ਗਿਆਨ ਤੋਂ ਕੋਰੇ ਪੰਡਿਤਾਂ ਤੇ ਉਨ੍ਹਾਂ ਦੇ ਚੇਲਿਆਂ ਨੂੰ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ। ਉਹ ਆਪਣੇ ਸਿਆਸੀ ਪ੍ਰਭੂਆਂ ਦੇ ਸਹਾਰੇ ਕਾਂਜੀ ਦੀ ਜ਼ਿੰਦਗੀ ਨਰਕ ਬਣਾ ਦਿੰਦੇ ਹਨ। ਅੰਤ ਤੋਂ ਬਾਅਦ ਫਿਲਮ ਕਮਜ਼ੋਰ ਪੈ ਕੇ ਰੱਬ ਦੀ ਮੌਜੂਦਗੀ ਦੀ ਤਸਦੀਕ ਕਰ ਦਿੰਦੀ ਹੈ। ਇਸ ਦੇ ਬਾਵਜੂਦ ਫਿਲਮ ਦੀ ਸਫਲਤਾ ਧਰਮ ਨੂੰ 'ਵਿਸ਼ਵਾਸ ਦੇ ਤੌਰ 'ਤੇ' ਅਤੇ ਧਰਮ ਨੂੰ 'ਉਪਰੀ ਬਾਣੇ ਦੇ ਤੌਰ 'ਤੇ' ਦਰਸ਼ਕਾਂ ਨਾਲ ਸੰਵਾਦ ਰਚਾਉਣ ਵਿਚ ਪਈ ਹੈ। ਫਿਲਮ ਦਾ ਕੇਂਦਰੀ ਧੁਰਾ ਧਰਮ ਨੂੰ ਵਿਅਕਤੀ ਦੇ ਨਿੱਜੀ ਮਸਲੇ ਦੇ ਤੌਰ 'ਤੇ ਸਥਾਪਿਤ ਕਰਨਾ ਹੈ। ਫਿਲਮ ਧਰਮ ਦੇ ਨਾਂ 'ਤੇ ਧਰਮ ਗੁਰੂਆਂ ਦੀ ਲਾਲਸਾ ਅਤੇ ਪਾਖੰਡ ਨੂੰ ਨੰਗਿਆ ਕਰਦੀ ਹੈ। ਫਿਲਮ ਵਿਚ ਹਰ ਧਰਮ ਦੀਆਂ ਖੋਖਲੀਆਂ ਰਸਮਾਂ ਤੇ ਸਵਾਲ ਚੁੱਕਿਆ ਗਿਆ ਹੈ ਜਿਵੇਂ:

ਧਰਮ ਅਸਥਾਨਾਂ ਦੀ ਆਮਦਨ ਦਾ ਕੋਈ ਵੇਰਵਾ ਜਨਤਕ ਕਿਉਂ ਨਹੀਂ ਕੀਤਾ ਜਾਂਦਾ ਜਦਕਿ ਹਰ ਸੰਸਥਾ ਵਾਂਗ ਧਾਰਮਿਕ ਸੰਸਥਾ ਵੀ ਆਰਥਿਕ ਸਿਧਾਂਤਾਂ 'ਤੇ ਹੀ ਕੰਮ ਕਰਦੀ ਹੈ।

ਜੇ ਧਰਮ ਅਸਥਾਨ ਰੱਬ ਦੇ ਘਰ ਹਨ ਤਾਂ ਉਥੇ ਕੁਝ ਲੋਕਾਂ ਲਈ ਉਚੇਚ ਕਿਉਂ ਕੀਤੀ ਜਾਂਦੀ ਹੈ, ਜਦਕਿ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਭੇਦਭਾਵ ਕੀਤਾ ਜਾਂਦਾ ਹੈ।

ਧਾਰਮਿਕ ਸੰਸਥਾਵਾਂ ਸਮਾਜਿਕ ਵੰਡੀਆਂ ਪ੍ਰਤੀ ਸੰਵੇਦਨਸ਼ੀਲ ਨਾ ਹੋ ਕੇ ਖੁਦ ਵੀ ਸ਼ੋਸ਼ਣ-ਕਰਤਾ ਦਾ ਰੂਪ ਧਾਰ ਲੈਂਦੀਆਂ ਹਨ।

ਕੀ ਧਾਰਮਿਕ ਸੰਸਥਾ ਤੋਂ ਨਿਰਾਸ਼ ਤੇ ਬੇਮੁਖ ਲੋਕਾਂ ਲਈ ਕੋਈ ਸਮਾਜਿਕ ਢਾਰਾ ਨਹੀਂ?

ਕੀ ਧਰਮ ਵੀ ਸੱਤਾ ਹੀ ਹੈ ਜੋ ਸਿਆਸੀ ਸੱਤਾ ਨੂੰ ਸਮਾਜਿਕ ਤੌਰ 'ਤੇ ਨੈਤਿਕ ਮਨਜ਼ੂਰੀ ਦਿਵਾਉਣ ਲਈ 'ਵਿਸ਼ਵਾਸ' ਦੇ ਸੰਦ ਦੀ ਸਹਾਇਤਾ ਲੈਂਦੀ ਹੈ।

ਫਿਲਮ ਵਿਚ ਫਿਲਮਸਾਜ਼ ਉਪਰੋਕਤ ਵਰਤਾਰਿਆਂ ਅਤੇ ਰਵਾਇਤਾਂ ਸਬੰਧੀ ਧਾਰਮਿਕ ਚਿੰਨ੍ਹਾਂ ਅਤੇ ਸੰਕੇਤਾਂ ਦੀ ਵਰਤੋਂ ਕਰਦਾ ਹੈ। ਉਹ ਕੈਮਰੇ ਦੀ ਅੱਖ ਰਾਹੀਂ ਅਤੇ ਧਾਰਮਿਕ ਆਗੂਆਂ ਦੇ ਵਿਹਾਰ ਰਾਹੀਂ ਉਪਰੋਕਤ ਸਵਾਲਾਂ ਦੇ ਜਵਾਬ ਤਲਾਸ਼ਦਾ ਹੈ। ਉਦਾਹਰਣ ਦੇ ਤੌਰ 'ਤੇ ਨਿਮਨਲਿਖਤ ਸੰਵਾਦ ਦੇਖੇ ਜਾ ਸਕਦੇ ਹਨ:

ਜਹਾਂ ਧਰਮ ਹੈ, ਵਹਾਂ ਸੱਤਿਆ ਕੀ ਜਗਹ ਨਹੀਂ ਹੈ; ਔਰ ਜਹਾਂ ਸੱਤਿਆ ਹੈ, ਵਹਾਂ ਧਰਮ ਕੀ ਜ਼ਰੂਰਤ ਹੀ ਨਹੀਂ।

ਹਨੂੰਮਾਨ ਇਤਨੀ ਚਿੱਲਰ ਕਾ ਕਿਆ ਕਰੇਗੇਂ?

ਯੇ ਲੋਗ ਮੁਝੇ ਭਗਵਦ ਗੀਤ ਸਿਖਾਏਗੇਂ? ਇਨ ਲੋਗੋਂ ਕੀ ਆਈ ਕਿਊ ਰੂਮ ਟੈਂਪਰੇਚਰ ਸੇ ਭੀ ਕਮ ਹੈ।

ਇਸ ਫਿਲਮ ਦਾ ਅੰਤ ਕਾਲਪਨਿਕ ਅਤੇ ਉਪਦੇਸ਼ ਵਾਲਾ ਹੋਣ ਦੇ ਬਾਵਜੂਦ ਫਿਲਮ ਦਰਸ਼ਕਾਂ ਨੂੰ ਇਹ ਸੁਨੇਹਾ ਦੇਣ ਵਿਚ ਕਾਮਯਾਬ ਰਹਿੰਦੀ ਹੈ ਕਿ ਸੰਸਾਰੀਕਰਨ ਦੇ ਮੌਜੂਦਾ ਦੌਰ ਵਿਚ ਧਰਮ ਦੀਆਂ ਵੇਲਾ ਵਿਹਾ ਚੁੱਕੀਆਂ ਰਸਮਾਂ ਅਤੇ ਧਾਰਨਾਵਾਂ ਨਾਲ ਸੰਵਾਦ ਰਚਾਉਣਾ ਜ਼ਰੂਰੀ ਹੈ। ਫਿਲਮ ਧਰਮ ਨੂੰ ਤਰਕ ਅਤੇ ਦਲੀਲ ਨਾਲ ਜੋੜਨ ਦੇ ਕੇਂਦਰੀ ਨੁਕਤੇ ਦੇ ਦੁਆਲੇ ਘੁੰਮਦੀ ਹੈ।

ਦੂਜੀ ਫਿਲਮ 'ਪੀ.ਕੇ.' ਸੰਨ 2014 ਵਿਚ ਰਿਲੀਜ਼ ਹੋਈ। ਇਸ ਫਿਲਮ ਨਾਲ ਜੁੜੇ ਹੋਏ ਵਿਵਾਦ ਜ਼ਿਆਦਾ ਤਿੱਖੇ ਸਨ। ਇਸ ਫਿਲਮ ਲਈ ਫਿਲਮਸਾਜ਼ ਨੇ ਬਿਲਕੁਲ ਵੱਖਰੀ ਤਰ੍ਹਾਂ ਦੀ ਪਟਕਥਾ ਦੀ ਚੋਣ ਕੀਤੀ। ਫਿਲਮ ਦੀ ਪਟਕਥਾ ਆਮ ਲੋਕਾਂ ਦੀ ਜੀਵਨ-ਜਾਚ ਵਿਚ ਗੁੰਨ੍ਹੀ ਤੇ ਪਰੋਈ ਧਾਰਮਿਕ ਚੇਤਨਾ ਨੂੰ ਆਲੋਚਨਾਤਮਕ ਢੰਗ ਨਾਲ ਸੰਬੋਧਿਤ ਹੁੰਦੀ ਹੈ। ਫਿਲਮਸਾਜ਼ ਇਸ ਫਿਲਮ ਲਈ ਇਕ ਅਨੋਖੇ ਕਿਰਦਾਰ ਦੀ ਰਚਨਾ ਕਰਦਾ ਹੈ ਜਿਸ ਦਾ ਨਾਮ ਪੀ.ਕੇ. ਹੈ ਅਤੇ ਜੋ ਗਲਤੀ ਨਾਲ ਆਪਣੇ ਗ੍ਰਹਿ ਤੋਂ ਵਿਛੜ ਕੇ ਧਰਤੀ 'ਤੇ ਆ ਗਿਆ ਹੈ। ਫਿਲਮਸਾਜ਼ ਉਸ ਨੂੰ ਕੋਰੀ ਸਲੇਟ ਵਾਂਗ ਪੇਸ਼ ਕਰਦਾ ਹੈ ਜਿਹੜਾ ਧਰਮ ਦੇ ਵਪਾਰੀਕਰਨ ਅਤੇ ਤਰਕਹੀਣਤਾ 'ਤੇ ਸਵਾਲ ਖੜ੍ਹੇ ਕਰਦਾ ਹੈ।



ਫਿਲਮ 'ਪੀ.ਕੇ.' ਦੇ ਇਕ ਦ੍ਰਿਸ਼ ਵਿਚ ਆਮਿਰ ਖਾਨ ਅਤੇ ਅਨੁਸ਼ਕਾ ਸ਼ਰਮਾ।

ਇਸ ਫਿਲਮ ਨੂੰ ਰਾਜੂ ਹਿਰਾਨੀ ਦੀ ਸੁਪਰਹਿਟ ਫਿਲਮ 'ਥ੍ਰੀ ਈਡੀਅਟਸ' ਨਾਲ ਜੋੜ ਕੇ ਵੀ ਵਿਚਾਰਿਆ ਜਾ ਸਕਦਾ ਹੈ। 'ਥ੍ਰੀ ਈਡੀਅਟਸ' ਦੇ ਇਕ ਦ੍ਰਿਸ਼ ਵਿਚ ਇੰਜਨੀਅਰਿੰਗ (ਆਧੁਨਿਕ ਗਿਆਨ) ਦਾ ਪੇਪਰ ਦੇਣ ਜਾ ਰਹੇ ਵਿਦਿਆਰਥੀਆਂ ਨੂੰ 'ਪਾਸ' ਹੋਣ ਲਈ ਰੱਬ ਨਾਲ ਡੀਲ ਕਰਦਿਆਂ ਦਿਖਾਇਆ ਗਿਆ ਹੈ। ਕੋਈ ਉਸ ਦੀ ਮੂਰਤੀ ਅੱਗੇ ਨਾਰੀਅਲ ਤੋੜਦਾ ਹੈ ਤੇ ਕੋਈ ਆਰਤੀ ਕਰਦਾ ਹੈ। ਇਉਂ ਫਿਲਮਸਾਜ਼ ਇਹ ਦਿਖਾਉਣ ਵਿਚ ਕਾਮਯਾਬ ਰਿਹਾ ਹੈ ਕਿ ਸੰਸਾਰੀਕਰਨ ਦੇ ਇਸ ਦੌਰ ਵਿਚ ਵੀ ਵਿਗਿਆਨਕ ਚੇਤਨਾ ਧਰਮ ਅੱਗੇ ਹਾਰ ਜਾਂਦੀ ਹੈ। ਇਸੇ ਦਲੀਲ ਨੂੰ ਉਹ 'ਪੀ.ਕੇ.' ਵਿਚ ਉਹ ਹੋਰ ਵਿਸਥਾਰ ਨਾਲ ਫਿਲਮਾਉਂਦਾ ਹੈ। ਦਿਲਚਸਪ ਤੱਥ ਇਹ ਹੈ ਕਿ ਜਿਥੇ 'ਥ੍ਰੀ ਈਡੀਅਟਸ' ਦੇ ਇਸ ਪੱਖ 'ਤੇ ਕਿਸੇ ਨੇ ਕੋਈ ਧਿਆਨ ਨਹੀਂ ਦਿੱਤਾ, 'ਪੀ.ਕੇ.' ਦਾ ਪੋਸਟਰ ਰਿਲੀਜ਼ ਹੁੰਦਿਆਂ ਹੀ ਖਬਰਾਂ ਵਿਚ ਛਾ ਗਈ। ਫਿਲਮ ਵਿਚ ਧਰਮ ਦੇ ਨਾਮ 'ਤੇ ਹੁੰਦੇ ਅੰਧਵਿਸ਼ਵਾਸਾਂ, ਕੁਰੀਤੀਆਂ ਅਤੇ ਸ਼ੋਸ਼ਣ ਦੇ ਆਮ ਵਿਅਕਤੀ ਨਾਲ ਹੁੰਦੇ ਪਾਖੰਡਾਂ ਅਤੇ ਧੋਖੇ ਦਾ ਸੰਵੇਦਨਸ਼ੀਲ ਚਿਤਰਨ ਕੀਤਾ ਗਿਆ ਹੈ।

ਫਿਲਮ ਆਪਣਾ ਸੁਨੇਹਾ ਦੇਣ ਲਈ ਦੂਜੇ ਗ੍ਰਹਿ ਤੋਂ ਆਏ ਅਜਿਹੇ ਇਕ ਅਜਿਹੇ ਕਿਰਦਾਰ ਦੀ ਵਰਤੋਂ ਕਰਦੀ ਹੈ ਜਿਸ ਦਾ ਕਦੇ ਧਰਮ ਅਤੇ ਇਸ ਦੀ ਵਿਸੰਗਤੀਆਂ ਨਾਲ ਵਾਹ ਨਹੀਂ ਪਿਆ, ਉਪਰੋਂ ਉਹ ਹਰ ਧਾਰਮਿਕ ਵਰਤਾਰੇ ਨੂੰ ਵਿਗਿਆਨਕ ਨਜ਼ਰੀਏ ਨਾਲ ਦੇਖਦਾ ਹੈ। ਆਪਣੇ ਵਾਪਸ ਜਾਣ ਵਾਲੇ ਰਿਮੋਟ ਨੂੰ ਪ੍ਰਾਪਤ ਕਰਨ ਦੀ ਜੱਦੋ-ਜਹਿਦ ਵਿਚ ਉਸ ਦਾ ਵਾਹ ਜਦੋਂ ਧਰਮ ਦੇ ਮੱਠਾਂ ਨਾਲ ਪੈਂਦਾ ਹੈ ਤਾਂ ਉਸ ਨੂੰ ਸਮਝ ਆਉਂਦੀ ਹੈ ਕਿ ਧਰਮ ਜੀਵਨ-ਜਾਚ ਸਿਖਾਉਣ ਦੀ ਬਜਾਏ ਵਪਾਰਕ ਸੰਗਠਨ ਬਣ ਚੁੱਕਾ ਹੈ। ਇਸ ਤਰ੍ਹਾਂ ਇਹ ਫਿਲਮ ਸੰਸਾਰੀਕਰਨ ਦੇ ਦੌਰ ਵਿਚ ਧਰਮ ਦੀ ਸਮਾਜਿਕ ਸਾਰਥਿਕਤਾ ਅਤੇ ਇਸ ਦੀਆਂ ਬਦਲ ਚੁੱਕੀਆਂ ਕਦਰਾਂ-ਕੀਮਤਾਂ 'ਤੇ ਵਿਅੰਗ ਕਰਦੀ ਹੈ।

ਇਨ੍ਹਾਂ ਦੋਵਾਂ ਫਿਲਮਾਂ ਦਾ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਕੁਝ ਮੁਸਲਿਮ ਸੰਗਠਨਾਂ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ। 'ਹਿੰਦੂ ਰਾਸ਼ਟਰ' ਦੀ ਧਾਰਨਾ ਦੇ ਆਧਾਰ 'ਤੇ ਸੱਤਾ ਵਿਚ ਆਈ ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਸਹਿਯੋਗੀ ਸੰਗਠਨਾਂ ਵੱਲੋਂ ਇਸ ਨੂੰ 'ਲਵ ਜਹਾਦ' ਨਾਲ ਜੋੜ ਕੇ ਭਾਰਤ-ਪਾਕਿਸਤਾਨ ਵਿਚਲੀ ਕੁੜੱਤਣ ਨੂੰ ਹਵਾ ਦੇਣ ਦੀ ਕੋਸ਼ਿਸ਼ ਕੀਤੀ ਗਈ। ਭਾਰਤ ਦੇ ਯੋਗ ਗੁਰੂ ਰਾਮਦੇਵ ਨੇ ਭਾਰਤੀ ਜਨਤਾ ਨੂੰ ਫਿਲਮ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ। ਦੂਜੇ ਪਾਸੇ ਭਾਰਤ ਦੀ ਸੁਪਰੀਮ ਕੋਰਟ ਨੇ ਫਿਲਮ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਭਾਰਤੀ ਨੌਜਵਾਨ ਇੰਨਾ ਬੇਵਕੂਫ ਨਹੀਂ ਕਿ ਉਹ ਇਕ ਫਿਲਮ ਨੂੰ ਆਪਣੇ ਧਰਮ ਲਈ ਖਤਰਾ ਮੰਨ ਲਵੇ।

ਇਨ੍ਹਾਂ ਦੋਵਾਂ ਫਿਲਮ ਦਾ ਤਿੱਖਾ ਵਿਰੋਧ ਇਹ ਦਰਸਾਉਂਦਾ ਹੈ ਕਿ ਜਿਥੇ ਸੰਸਾਰੀਕਰਨ ਨੇ ਮਨੁੱਖੀ ਸੋਚ ਅਤੇ ਸਮਝ ਦੇ ਸਾਰੇ ਪਹਿਲੂਆਂ ਨੂੰ ਨਵੇਂ ਸਿਰਿਉਂ ਘੜਨ ਦੀ ਕੋਸ਼ਿਸ਼ ਕੀਤੀ ਹੈ, ਉਥੇ ਧਰਮ ਨਾਲ ਜੁੜੇ ਵਰਤਾਰਿਆਂ ਦੀ ਜੜ੍ਹਤਾ ਨੂੰ ਇਹ ਕਿਸੇ ਵੀ ਪੱਧਰ 'ਤੇ ਸੰਬੋਧਿਤ ਹੋਣ ਵਿਚ ਕਾਮਯਾਬ ਨਹੀਂ ਰਿਹਾ। ਇਨ੍ਹਾਂ ਫਿਲਮਾਂ ਤੋਂ ਪਹਿਲਾਂ ਵੀ ਜਦੋਂ ਦੀਪਾ ਮਹਿਤਾ ਨੇ ਫਿਲਮ 'ਫਾਇਰ' ਅਤੇ 'ਵਾਟਰ' ਰਾਹੀਂ ਹਿੰਦੂ ਧਰਮ ਦੀ ਨਵੀਂ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਉਸ ਨੂੰ ਜਾਨੋਂ ਮਾਰਨ ਤੱਕ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ। ਦੂਜੇ ਪਾਸੇ ਵਿਰੋਧ ਕਰਨ ਵਾਲਿਆਂ ਦੀ ਸਿਆਸਤ ਦਾ ਮੁੱਖ ਧੁਰਾ ਵੀ ਧਰਮ ਹੀ ਹੈ। ਇਨ੍ਹਾਂ ਫਿਲਮਾਂ ਰਾਹੀਂ ਜਿਥੇ ਕਲਾਤਮਿਕ ਢੰਗ ਨਾਲ ਸਿਆਸਤ ਅਤੇ ਧਰਮ ਦੇ ਆਪਸੀ ਰਿਸ਼ਤਿਆਂ ਨੂੰ ਸੂਤਰਬੱਧ ਕੀਤਾ ਗਿਆ, ਉਥੇ ਸਿਨੇਮਾ ਵਰਗੇ ਸਮਰੱਥ ਸੰਚਾਰ ਮਾਧਿਅਮ ਦੁਆਰਾ ਧਰਮ ਦੀ ਵਿਆਖਿਆ ਦਾ ਯਤਨ ਵੀ ਅਕਾਰਥ ਨਹੀਂ ਗਿਆ।


PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-0290
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE,SOUTH RICHMOND HILL,NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 4/18/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.